## Start CDL TRAINING

**Become Professional Truck Driver**

www.cdlstart.com
startcdl@gmail.com

**(844) 227-2162**

We speak Hindi and English

START CDL TRAINING



**Singh Auto Group**

3983 ST RD 38E
Lafayette, IN 47905
Ph: 765-607-1300
www.singhautosgroup.com



**University Motors**

3312 Klondike Rd, West Lafayette, IN 47906
Ph: 765-497-1100
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151



ੴ

Regal Jewels
2025 W. Devon Ave. Chicago
22kt Gold, & Diamonds
Best Jewelry Selection in the Midwest



SEE HOW YOU CAN SECURE YOUR FUTURE.
ਕਿਸ ਦਾ ਇੰਤਜ਼ਾਰ ਕਰ ਰਹੇ ਹੁਣ
24KT GOLD
ਦੁਨੀਆ ਦੀ ਸਭ ਤੋਂ ਵਾਇਟੇਮੇਟ ਇਨਵੈਸਟਮੈਂਟ
TALK TO OUR GOLD SPECIALIST
Rajveer Singh Gill
847-907-1525
www.RegalJewels.com
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ



Twenty-Third Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 23, Issue 36, September 3, 2022 | 20451 N. Plum Grove Rd., Palatine, IL 60074 | Ph:847-359-0746, Fax:847-705-9388


# ਪੰਜਾਬ ’ਚ ਗੈਂਗਸਟਰਾਂ ਦੀ ਚੜ੍ਹਤ?

**ਚੰਡੀਗੜ੍ਹ:** ਪੰਜਾਬ ਵਿਚ ਗੈਂਗਸਟਰਾਂ ਦੀਆਂ ਸਰਗਰਮੀਆਂ ਨੇ ਵੱਡੀ ਅਨਹੋਣੀ ਦੇ ਸੰਕੇਤ ਦਿੱਤੇ ਹਨ। ਪਿਛਲੇ ਕੁਝ ਦਿਨਾਂ ਤੋਂ ਗੈਂਗਸਟਰਾਂ ਦੇ ਵੱਖ-ਵੱਖ ਗਰੁੱਪਾਂ ਵੱਲੋਂ ਇਕ-ਦੂਜੇ ਨੂੰ ਸਬਕ ਸਿਖਾਉਣ ਲਈ ਵੰਗਾਰਨ ਤੋਂ ਬਾਅਦ ਹੁਣ ਪੁਲਿਸ ਅਧਿਕਾਰੀਆਂ ਨੂੰ ਵੀ ਸਿੱਧੀਆਂ ਧਮਕੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ।



ਗੈਂਗਸਟਰਾਂ ਦੀਆਂ ਇਕਦਮ ਵਧੀਆਂ ਸਰਗਰਮੀਆਂ ਪਿੱਛੋਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਵੀ ਪੰਜਾਬ ਸਰਕਾਰ ਤੇ ਪੁਲਿਸ ਨੂੰ ਚੌਕਸ ਕੀਤਾ ਹੈ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਦੇ ਮੁੱਖ ਮੁਲਜ਼ਮ ਗੈਂਗਸਟਰ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਉਤੇ ਅਦਾਲਤ ਵਿਚ ਪੇਸ਼ੀ ਦੌਰਾਨ ਹਮਲਾ ਹੋਣ ਦੀ ਸੰਭਾਵਨਾ ਹੈ। ਇਸ ਸਬੰਧੀ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਪੱਤਰ ਲਿਖ ਕੇ ਚੌਕਸ ਕੀਤਾ ਹੈ। ਮੰਤਰਾਲੇ ਨੇ ਪੱਤਰ ਵਿਚ ਕਿਹਾ ਹੈ ਕਿ ਸਾਨੂੰ ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਗੈਂਗਸਟਰ ਗੈਂਗਸਟਰ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਉਤੇ ਅਦਾਲਤੀ ਸੁਣਵਾਈ ਦੌਰਾਨ ਜਾਨਲੇਵਾ ਹਮਲਾ ਕਰ ਸਕਦੇ ਹਨ।

ਪਿਛਲੇ ਕੁਝ ਦਿਨਾਂ ਤੋਂ ਗੈਂਗਸਟਰਾਂ ਵੱਲੋਂ ਲਗਾਤਾਰ ਪੁਲਿਸ ਅਧਿਕਾਰੀਆਂ ਨੂੰ ਵੀ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਕੈਨੇਡਾ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਪੰਜਾਬ ਦੇ ਜੇਲ੍ਹ ਮੰਤਰੀ ਨੂੰ ਧਮਕੀ ਦਿੱਤੀ ਹੈ। ਦੱਸਣਾ ਬਣਦਾ ਹੈ ਕਿ ਗੈਂਗਸਟਰ ਗੋਲਡੀ ਬਰਾੜ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਹੱਤਿਆ ਦੇ ਮਾਮਲੇ ਵਿਚ ਲੋੜੀਂਦਾ ਹੈ ਤੇ ਇਹ ਵੀ ਚਰਚਾ ਚੱਲ ਰਹੀ ਹੈ ਕਿ ਗੋਲਡੀ ਬਰਾੜ ਨੂੰ ਪੰਜਾਬ ਲਿਆਉਣ ਦੇ ਯਤਨ ਤੇਜ ਹੋ ਗਏ ਹਨ। ਗੋਲਡੀ ਬਰਾੜ ਨੇ ਫੇਸਬੁੱਕ ‘ਤੇ ਪੋਸਟ ਪਾ ਕੇ ਧਮਕੀ ਦਿੱਤੀ ਹੈ। ਉਸ ਨੇ ਪੰਜਾਬ ਪੁਲਿਸ ਨੂੰ ਕਿਹਾ ਕਿ ਕੇਂਦਰੀ ਜੇਲ੍ਹ ਬਠਿੰਡਾ ਦਾ ਇਕ ਸਹਾਇਕ ਸੁਪਰਡੈਂਟ ਬਠਿੰਡਾ ਜੇਲ੍ਹ ਵਿਚ ਬੰਦ ਉਨ੍ਹਾਂ ਦੇ ਸਾਥੀਆਂ ਨੂੰ ਤੰਗ ਪਰੇਸ਼ਾਨ ਕਰ ਰਿਹਾ ਹੈ। ਬਠਿੰਡਾ ‘ਚ ਸਾਰਜ ਸੰਧੂ, ਬੌਬੀ ਮਲਹੋਤਰਾ ਤੇ ਜਗਰੋਸ਼ਨ ਹੁੰਦਲ ਨੂੰ ਤੰਗ ਕੀਤਾ ਜਾ ਰਿਹਾ ਹੈ। ਉਸ ਨੇ ਡੀ.ਜੀ.ਪੀ. ਗੌਰਵ ਯਾਦਵ ਤੇ ਜੇਲ੍ਹ ਮੰਤਰੀ ਹਰਜੋਤ ਬੈਂਸ ਤੋਂ ਮੰਗ ਕੀਤੀ ਕਿ ਜੇਲ੍ਹ ਦੇ ਡਿਪਟੀ ਸੁਪਰਡੈਂਟ ਖਿਲਾਫ ਕਾਰਵਾਈ ਕੀਤੀ ਜਾਵੇ ਤੇ ਜੇ ਕਾਰਵਾਈ ਨਹੀਂ ਹੁੰਦੀ ਤਾਂ ਇਸ ਮਾਮਲੇ ਵਿਚ ਸਬਕ ਸਿਖਾਇਆ ਜਾਵੇਗਾ।

ਉਧਰ, ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਮਗਰੋਂ ਬੰਬੀਹਾ ਗਰੁੱਪ ਵੱਲੋਂ ਲਾਰੈਂਸ ਬਿਸ਼ਨੋਈ ਗੈਂਗ ਤੋਂ ਬਦਲਾ ਲੈਣ ਦੀ ਦਿੱਤੀ ਗਈ ਧਮਕੀ ਤੋਂ ਬਾਅਦ ਹੁਣ ਪੰਜਾਬ ਪੁਲਿਸ ਬੰਬੀਹਾ ਗੈਂਗ ਦੇ ਮਨਸੂਬਿਆਂ ਦੀ ਪੜਤਾਲ ਕਰਨ ਲੱਗੀ ਹੈ। ਪਤਾ ਲੱਗਿਆ ਹੈ ਕਿ ਮਾਮਲੇ ਸਬੰਧੀ ਮਾਨਸਾ ਪੁਲਿਸ ਵੱਲੋਂ ਸੁਖਪ੍ਰੀਤ ਬੁੱਢਾ ਨੂੰ ਬਠਿੰਡਾ ਜੇਲ੍ਹ ਤੋਂ ਪ੍ਰੋਡਕਸ਼ਨ ਵਾਰੰਟ ‘ਤੇ ਲਿਆ ਗਿਆ ਹੈ ਤਾਂ ਜੋ ਉਸ ਤੋਂ ਪੁੱਛ-ਪੜਤਾਲ ਕਰਕੇ ਨਵੇਂ ਸਿਰੇ ਤੋਂ ਜਾਣਕਾਰੀ ਇਕੱਤਰ ਕੀਤੀ ਜਾ ਸਕੇ।

ਇਸ ਤੋਂ ਪਹਿਲਾਂ ਪੁਲਿਸ ਦੇ ਇਕ ਸਬ ਇੰਸਪੈਕਟਰ ਦੀ ਕਾਰ ਹੇਠਾਂ ਬਾਰੂਦੀ ਸੁਰੰਗ (ਆਈ.ਈ.ਡੀ.) ਲਾਉਣ ਦੇ ਮਾਮਲੇ ਵਿਚ ਪਾਕਿਸਤਾਨ ਬੈਠੇ ਇਕ ਅਤਿਵਾਦੀ ਨੇ ਪੁਲਿਸ ਨੂੰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਹੈ। ਹਰਵਿੰਦਰ ਸਿੰਘ ਉਰਫ ਰਿੰਦਾ ਨਾਂ ਦੇ ਵਿਅਕਤੀ ਨੇ ਸੋਸ਼ਲ ਮੀਡੀਆ ‘ਤੇ ਪੋਸਟ ਵਿਚ ਪੁਲਿਸ ਕਰਮਚਾਰੀਆਂ ਨੂੰ ਚਿਤਾਵਨੀ ਦਿੰਦਿਆਂ ਦੋਸ਼ ਲਾਇਆ ਕਿ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਸ਼ੱਕੀ ਵਿਅਕਤੀਆਂ ਦੇ ਪਰਿਵਾਰਾਂ ‘ਤੇ ਦਬਾਅ ਪਾਇਆ ਅਤੇ ਉਨ੍ਹਾਂ ਨੂੰ ਡਰਾਇਆ ਧਮਕਾਇਆ ਜਾ ਰਿਹਾ ਹੈ। ਉਸ ਨੇ ਆਖਿਆ ਕਿ ਉਸ ਕੋਲ ਇਸ ਕੇਸ ਵਿਚ ਸ਼ਾਮਲ ਸਾਰੇ ਪੁਲਿਸ ਮੁਲਾਜ਼ਮਾਂ ਬਾਰੇ ਜਾਣਕਾਰੀ ਹੈ ਅਤੇ ਧਮਕੀ ਦਿੱਤੀ ਕਿ ਪੁਲਿਸ ਦੀ ਇਸ ਕਾਰਵਾਈ ਦਾ ਮੋੜਵਾਂ ਜਵਾਬ ਦਿੱਤਾ ਜਾਵੇਗਾ। ਉਸ ਨੇ ਐਸ.ਆਈ. ਦਿਲਬਾਗ ਸਿੰਘ ‘ਤੇ ਖਾੜਕੂਵਾਦ ਵੇਲੇ ਕਈ ਸਿੱਖਾਂ ਨੂੰ ਮਾਰਨ ਦਾ ਦੋਸ਼ ਲਾਇਆ ਹੈ।

ਗੈਂਗਸਟਰ ਦਵਿੰਦਰ ਬੰਬੀਹਾ ਗੈਂਗ ਵੱਲੋਂ ਲਾਰੈਂਸ ਬਿਸ਼ਨੋਈ, ਜੱਗੂ ਭਗਵਾਨਪੁਰੀਆ ਤੇ

**(ਬਾਕੀ ਸਫਾ 6 ‘ਤੇ)**

# ਭਾਜਪਾ ਨੇ ਸਰਗਰਮੀ ਵਧਾਈ

**ਚੰਡੀਗੜ੍ਹ:** ‘ਮਿਸ਼ਨ 2024’ ਲਈ ਭਾਜਪਾ ਨੇ ਪੰਜਾਬ ਵਿਚ ਸਰਗਰਮੀਆਂ ਵਧਾ ਦਿੱਤੀਆਂ ਹਨ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਸੂਬੇ ਵਿਚ ਗੇੜੇ ਉਤੇ ਗੇੜਾ ਬੰਨ੍ਹਿਆ ਹੋਇਆ ਹੈ। ਕੇਂਦਰੀ ਮੰਤਰੀ ਦਲਿਤ ਭਾਈਚਾਰੇ ਨਾਲ ਸਬੰਧਤ ਲੋਕਾਂ ਦੇ ਘਰ ਖਾਣਾ ਖਾਣ ਲਈ ਪਹੁੰਚ ਰਹੇ ਹਨ। ਕੇਂਦਰੀ ਰਾਜ ਮੰਤਰੀ ਤੇ ਭਾਜਪਾ ਨੇਤਾ ਮੀਨਾਕਸ਼ੀ ਲੇਖੀ ਅਤੇ ਗਜੇਂਦਰ ਸਿੰਘ ਸ਼ੇਖਾਵਤ ਨੇ ਸੂਬੇ ਵਿਚ ਮੀਟਿੰਗਾਂ ਦਾ ਦੌਰ ਸ਼ੁਰੂ ਕੀਤਾ ਹੋਇਆ ਹੈ।

ਭਾਜਪਾ ਵੱਲੋਂ ਪੰਜਾਬ ਵਿਚ 9 ਲੋਕ ਸਭਾ ਹਲਕੇ ਸ਼ਨਾਖ਼ਤ ਕੀਤੇ ਗਏ ਹਨ ਜਿਨ੍ਹਾਂ ਵਿਚ ਤਿੰਨ ਕੇਂਦਰੀ ਵਜ਼ੀਰਾਂ ਦੀ ਡਿਊਟੀ ਲਾਈ ਗਈ ਹੈ। ਇਹ ਵੀ ਸੰਕੇਤ ਮਿਲੇ ਹਨ ਕਿ ਭਾਜਪਾ ਵਿਚ ਧੜਾਧੜ ਸ਼ਾਮਲ ਹੋ ਰਹੇ ਵੱਖੋ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਨੂੰ 2024 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਮੌਕਾ ਮਿਲ ਸਕਦਾ ਹੈ। ਭਾਜਪਾ ਦੇ ਇਸ ਖੁੱਲ੍ਹੇ ‘ਆਫਰ’ ਪਿੱਛੋਂ ਆਉਣ ਵਾਲੇ ਦਿਨਾਂ ਵਿਚ ਕਾਂਗਰਸ ਤੇ ਅਕਾਲੀ ਦਲ ਵਿਚੋਂ ਵੱਡੀ ਗਿਣਤੀ ਆਗੂ ਭਗਵਾ ਧਿਰ ਦਾ ਹਿੱਸਾ ਬਣ ਸਕਦੇ

**(ਬਾਕੀ ਸਫਾ 6 ‘ਤੇ)**

## ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ ਦੇ ਕਬੱਡੀ ਮੇਲੇ ਦੀਆਂ ਤਿਆਰੀਆਂ ਮੁਕੰਮਲ

**ਸ਼ਿਕਾਗੋ:** ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ) ਵਲੋਂ ਲੇਬਰ ਡੇਅ ਵੀਕੈਂਡ ‘ਤੇ 4 ਸਤੰਬਰ, 2022 ਦਿਨ ਐਤਵਾਰ ਨੂੰ Busse Woods Forest Preserve South (Higgins & Arlington Heights) Elk Grove Village IL ਵਿਖੇ ਕਰਵਾਏ ਜਾ ਰਹੇ ਸ਼ਿਕਾਗੋ ਕਬੱਡੀ ਕੱਪ ਤੇ ਵਾਲੀਬਾਲ ਮੁਲਾਬਲੇ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ।




ਸ਼ੇਰ-ਏ-ਪੰਜਾਬ ਸਪੋਰਟਸ ਕਲੱਬ -ਸ਼ਿਕਾਗੋ (ਮਿਡਵੈਸਟ) ਦੇ ਪ੍ਰਧਾਨ ਸ. ਅੰਮ੍ਰਿਤਪਾਲ ਸਿੰਘ ਗਿੱਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਬੱਡੀ ਮੇਲੇ ਵਿਚ ਅੰਤਰਰਾਸ਼ਟਰੀ ਪੱਧਰ ਦੇ ਕਬੱਡੀ ਖਿਡਾਰੀ ਹਿੱਸਾ ਲੈਣਗੇ। ਇਹ ਖੇਡ ਮੇਲਾ ਸਵਰਗੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਨੂੰ ਸਮਰਪਿਤ ਹੋਵੇਗਾ ਤੇ ਮਸ਼ਹੂਰ ਪੰਜਾਬੀ ਗਾਇਕ ਰੌਸ਼ਨ ਪ੍ਰਿੰਸ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਇਸ ਮੌਕੇ ਬੱਚਿਆਂ ਦੀਆਂ ਮਨੋਰੰਜਕ ਖੇਡਾਂ ਵੀ ਕਰਵਾਈਆਂ ਜਾਣਗੀਆਂ।

ਉਨ੍ਹਾਂ ਨੇ ਮਿਡਵੈਸਟ ਦੇ ਸਾਰੇ ਖੇਡ ਪ੍ਰੇਮੀਆਂ ਨੂੰ ਪਰਿਵਾਰਾਂ ਸਣੇ ਕਬੱਡੀ ਮੇਲੇ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।

ਵਧੇਰੇ ਜਾਣਕਾਰੀ ਲਈ ਅੰਮ੍ਰਿਤਪਾਲ ਗਿੱਲ ਨਾਲ ਫੋਨ, 920-460-1001, ਦੀਪਾ ਬੰਦੇਸ਼ਾ ਨਾਲ 815-546-0525, ਅਜੈਬ ਲੱਖਣ ਨਾਲ 847-544-1788, ਅਮਰਦੇਵ ਸਿੰਘ ਬੰਦੇਸ਼ਾ ਨਾਲ 708-612-7963, ਬਲਵਿੰਦਰ ਚੱਠਾ ਨਾਲ 630-523-3412, ਰਾਜਾ ਤੱਲ੍ਹਣ ਨਾਲ 608-566-6655 ‘ਤੇ ਸੰਪਰਕ ਕੀਤਾ ਜਾ ਸਕਦਾ ਹੈ।




M Vivek Malik

**Law Office of M Vivek Malik**

Toll free no 866-424-4000

ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

ACCOMPLISHED
IMMIGRATION Attorneys
Help FAMILIES
REUNITE in the UNITED STATES
Our Global & Nationwide Services in the field of U.S. Immigration & Nationality law

Business immigration & worksite compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇੰਸ
Family & general immigration
ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
Naturalization & citizenship
ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
Removal defense & waivers

Our offices
432 S. Emerson Ave, Suite 220, Greenwood, IN 46143
Ph: 317 560 4777
1067 N Mason Rd, Suite 4, St Louis, Missouri 63141
Ph: 314-416-8000
2440 W Shaw Ave, Suite 205, Fresno, California 93711
Ph: 559-578-4344
www.usa.immigrationlaw.com





ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

ਪੰਜਾਬੀ ਭਰਾਵਾਂ ਦੀ ਸੇਵਾ ’ਚ ਹਰ ਪਲ ਹਾਜ਼ਰ

120-20 101 Ave. S. Richmond Hill, New York 11419


Tel.: 317-426-5410
Ext. 2001 & 2403
XPressCargo
100% ਓਨਰ ਆਪਰੇਟਰ ਕੰਪਨੀ
Pay Every Week
100% OWNER OPERATOR COMPANY
Pay Single 60 Cent + Team 70 Cent
IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)
ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।
• ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
• ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
• ਟਰੱਕ ਦੀ ਲਾਇਸੈਂਸ ਪਲੇਟ
• ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
• ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
• ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ
ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ
CA >> IN, OH, KY, PA, MD, VA
IN >> KS, TN, WI, MI, KY, IL, GA
ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ
ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ
Hiring Owner Operators and Drivers
ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।
2330 Enterprise Park Dr., Indianapolis, IN 46218
Online Application @ www.xpresscargoinc.com

# ਪੰਜਾਬ ਫੇਰੀ: ਪ੍ਰਧਾਨ ਮੰਤਰੀ ਨੇ ਪ੍ਰਾਹੁਣਚਾਰੀ ਦਾ ਮੁੱਲ ਵੀ ਨਾ ਪਾਇਆ

**ਚੰਡੀਗੜ੍ਹ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਨੇ ਸੂਬਾ ਵਾਸੀਆਂ ਨੂੰ ਨਿਰਾਸ਼ ਹੀ ਕੀਤਾ ਹੈ। ਇਸ ਮੌਕੇ 'ਸਪੈਸ਼ਲ ਪੈਕੇਜ' ਦੇ ਮਾਮਲੇ 'ਤੇ ਵੀ ਮੋਦੀ ਖਾਮੋਸ਼ ਹੀ ਰਹੇ। ਪ੍ਰਧਾਨ ਮੰਤਰੀ ਦੀ ਚੁੱਪ ਨੇ ਪੰਜਾਬ ਨੂੰ ਨਿਰਾਸ਼ ਕੀਤਾ ਹੈ। ਬੇਸ਼ੱਕ ਪ੍ਰਧਾਨ ਮੰਤਰੀ ਵੱਲੋਂ ਹੋਮੀ ਭਾਬਾ ਕੈਂਸਰ ਹਸਪਤਾਲ ਤੇ ਖੋਜ ਕੇਂਦਰ ਦੀ ਸੌਗਾਤ ਪੰਜਾਬ ਦੀ ਝੋਲੀ ਪਾਈ ਗਈ ਹੈ, ਪਰ ਉਨ੍ਹਾਂ ਪੰਜਾਬ ਦੀ ਕਿਸਾਨੀ ਤੇ ਜਵਾਨੀ 'ਤੇ ਕੋਈ ਚਰਚਾ ਨਹੀਂ ਕੀਤੀ। ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਦੀ ਪ੍ਰਾਹੁਣਚਾਰੀ ਲਈ ਕੋਈ ਕਸਰ ਬਾਕੀ ਨਹੀਂ ਛੱਡੀ, ਪਰ ਉਨ੍ਹਾਂ ਇਸ ਖ਼ਾਤਰਦਾਰੀ ਦਾ ਕੋਈ ਮੁੱਲ ਨਹੀਂ ਪਾਇਆ।



ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਨੂੰ ਪਈ ਕੈਂਸਰ ਦੀ ਮਾਰ ਪਿੱਛੇ ਹਰੀ ਕ੍ਰਾਂਤੀ ਦੀ ਭੂਮਿਕਾ ਵੀ ਦੱਸੀ। ਉਨ੍ਹਾਂ ਸਰਹੱਦੀ ਸੂਬਾ ਹੋਣ ਕਰਕੇ ਗੁਆਂਢੀ ਮੁਲਕ ਦੀਆਂ ਨਾਪਾਕ ਕੋਸ਼ਿਸ਼ਾਂ ਦਾ ਜ਼ਿਕਰ ਵੀ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਪੰਜਾਬ ਨਾਲ ਡੂੰਘਾ ਨਾਤਾ ਰਿਹਾ ਹੈ ਜਿਸ ਕਰਕੇ ਪ੍ਰਧਾਨ ਮੰਤਰੀ ਪੰਜਾਬ ਨੂੰ ਜ਼ਰੂਰ ਕਿਸੇ ਤੋਹਫ਼ੇ ਦਾ ਐਲਾਨ ਕਰਨਗੇ। ਪ੍ਰਧਾਨ ਮੰਤਰੀ ਮੋਦੀ ਨੇ ਸਟੇਜ ਤੋਂ ਪੰਜਾਬ ਸਰਕਾਰ ਪ੍ਰਤੀ ਕਿਧਰੇ ਬਹੁਤਾ ਅਪਣੱਤ ਨਹੀਂ ਦਿਖਾਇਆ, ਜਿਸ ਦਾ ਪੰਜਾਬੀਆਂ ਨੇ ਨੋਟਿਸ ਲਿਆ ਹੈ। ਪੰਜਾਬ ਦੀ ਘਾਲਣਾ 'ਤੇ ਕੋਈ ਚਰਚਾ ਨਹੀਂ ਕੀਤੀ। ਪੰਜਾਬ ਸਰਕਾਰ ਨੂੰ ਉਮੀਦ ਸੀ ਕਿ ਵਿੱਤੀ ਸੰਕਟ ਦੇ ਮੱਦੇਨਜ਼ਰ ਪ੍ਰਧਾਨ ਮੰਤਰੀ ਕੋਈ ਨਾ ਕੋਈ ਪੈਕੇਜ ਜ਼ਰੂਰ ਦੇਣਗੇ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੀ ਫ਼ਿਰੋਜ਼ਪੁਰ ਰੈਲੀ ਦੇ ਰਸਤੇ 'ਚੋਂ 5 ਜਨਵਰੀ ਨੂੰ ਹੋਈ ਵਾਪਸੀ 'ਤੇ ਅਫ਼ਸੋਸ ਜ਼ਾਹਿਰ ਵੀ ਕੀਤਾ। ਸਵਾਗਤ ਲਈ ਪੰਜਾਬ ਸਰਕਾਰ ਨੇ ਪ੍ਰਧਾਨ ਮੰਤਰੀ ਲਈ ਰੈੱਡ ਕਾਰਪੈੱਟ ਵਿਛਾਇਆ। ਪੰਡਾਲ ਵਿਚ ਭਰਵਾਂ ਇਕੱਠ ਕੀਤਾ। ਸੁਰੱਖਿਆ ਦੇ ਮਾਮਲੇ ਵਿਚ ਕੋਈ ਮੋਰੀ ਨਹੀਂ ਛੱਡੀ। ਦੂਜੇ ਬੰਨੇ ਪ੍ਰਧਾਨ ਮੰਤਰੀ ਨੇ ਸਟੇਜ ਤੋਂ ਪੰਜਾਬ ਨਾਲੋਂ ਹਿਮਾਚਲ ਪ੍ਰਦੇਸ਼ ਦੀ ਵੱਧ ਚਰਚਾ ਕੀਤੀ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿਚ ਚਾਰ ਦਫ਼ਾ ਹਿਮਾਚਲ ਪ੍ਰਦੇਸ਼ ਦੀ ਗੱਲ ਕੀਤੀ ਜਿਸ ਤੋਂ ਪ੍ਰਧਾਨ ਮੰਤਰੀ ਦੀ ਫੇਰੀ ਹਿਮਾਚਲ ਪ੍ਰਦੇਸ਼ ਚੋਣਾਂ ਵੱਲ ਸੇਧਿਤ ਦਿੱਸੀ। ਪ੍ਰਧਾਨ ਮੰਤਰੀ ਦਾ 2014 ਤੋਂ ਹੁਣ ਤੱਕ ਪੰਜਾਬ ਦਾ ਇਹ ਤੇਰ੍ਹਵਾਂ ਦੌਰਾ ਹੈ। ਉਨ੍ਹਾਂ ਹਰ ਦੌਰੇ ਸਮੇਂ ਪੰਜਾਬ ਦੀ ਕਿਸਾਨੀ ਨੂੰ ਜ਼ਰੂਰ ਛੋਹਿਆ ਪ੍ਰੰਤੂ ਹੁਣ ਪ੍ਰਧਾਨ ਮੰਤਰੀ ਨੇ ਪੂਰੀ ਤਰ੍ਹਾਂ ਕਿਸਾਨੀ ਨੂੰ ਨਜ਼ਰਅੰਦਾਜ਼ ਕੀਤਾ। 'ਹਰ ਘਰ ਤਿਰੰਗਾ' ਦੀ ਗੱਲ ਕਰਦਿਆਂ ਪੰਜਾਬ ਦੀ ਜਵਾਨੀ ਦਾ ਧੰਨਵਾਦ ਜ਼ਰੂਰ ਕੀਤਾ।

ਪ੍ਰਧਾਨ ਮੰਤਰੀ ਨੇ ਪੰਜਾਬ ਦੀ ਤਾਰੀਫ ਵਿਚ ਸਿਰਫ ਇੰਨਾ ਹੀ ਕਿਹਾ ਕਿ ਪੰਜਾਬ ਸੁਤੰਤਰਤਾ ਸੈਨਾਨੀਆਂ, ਕਰਾਂਤੀਵੀਰਾਂ ਅਤੇ ਰਾਸ਼ਟਰ ਭਗਤੀ ਵਾਲੀ ਧਰਤੀ ਹੈ। ਭਾਜਪਾ ਦੇ ਕੁਝ ਆਗੂਆਂ ਨੇ ਤਾਂ ਬੰਦੀ ਸਿੰਘਾਂ ਦੀ ਰਿਹਾਈ ਦੇ ਐਲਾਨ ਦੀ ਆਸ ਵੀ ਲਾਈ ਹੋਈ ਸੀ, ਪਰ ਪ੍ਰਧਾਨ ਮੰਤਰੀ ਨੇ ਸਿੱਖ ਭਾਈਚਾਰੇ ਦਾ ਜ਼ਿਕਰ ਤੱਕ ਨਹੀਂ ਕੀਤਾ ਜਦੋਂ ਕਿ ਪਹਿਲਾਂ ਹਰ ਪੰਜਾਬ ਫੇਰੀ ਦੌਰਾਨ ਉਹ ਆਪਣੇ ਭਾਸ਼ਣ ਵਿਚ ਗੁਰੂਆਂ ਦੀ ਗੱਲ ਜ਼ਰੂਰ ਕਰਦੇ ਰਹੇ ਹਨ। ਪ੍ਰਧਾਨ ਮੰਤਰੀ ਦਾ ਭਾਸ਼ਣ ਸਿਰਫ ਸਿਹਤ ਦੇ ਮੁੱਦੇ 'ਤੇ ਹੀ ਕੇਂਦਰਿਤ ਰਿਹਾ। ਮੁੱਖ ਮੰਤਰੀ ਭਗਵੰਤ ਮਾਨ ਨੇ ਸਟੇਜ ਤੋਂ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਦੇ ਸਵਾਗਤ ਲਈ ਲੋਕਾਂ ਨੇ ਅੱਖਾਂ ਵਿਛਾਈਆਂ ਹਨ। ਪ੍ਰਧਾਨ ਮੰਤਰੀ ਜ਼ਿਆਦਾ ਗੰਭੀਰ ਤੌਰ 'ਤੇ ਹੀ ਵਿਚਰੇ।

## ਫੇਰੀ ਦਾ ਲਾਹਾ ਖੱਟਣ 'ਚ ਨਾਕਾਮ ਰਹੇ ਭਗਵੰਤ: ਚੀਮਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਸਿੱਖਿਆ ਮੰਤਰੀ ਡਾ. ਦਲਜੀਤ ਸਿੰਘ ਚੀਮਾ ਨੇ ਵੱਖ-ਵੱਖ ਮੁੱਦਿਆਂ ਨੂੰ ਲੈ ਕੇ ਪੰਜਾਬ ਸਰਕਾਰ ਤੇ ਕਾਂਗਰਸ ਪਾਰਟੀ ਨੂੰ ਇਕ ਵਾਰ ਫਿਰ ਤੋਂ ਘੇਰਿਆ ਹੈ। ਪ੍ਰਧਾਨ ਮੰਤਰੀ ਦੀ ਮੁਹਾਲੀ ਫੇਰੀ ਨੂੰ ਲੈ ਕੇ ਇਕ ਟਵੀਟ ਕਰਦਿਆਂ ਡਾ. ਚੀਮਾ ਨੇ ਲਿਖਿਆ ਕਿ ਪ੍ਰਧਾਨ ਮੰਤਰੀ ਦੀ ਫੇਰੀ ਇਕ ਸੂਬੇ ਲਈ ਅਜਿਹਾ ਮੌਕਾ ਹੁੰਦਾ ਹੈ ਜਿਸ ਰਾਹੀਂ ਇਕ ਸੂਬਾ ਆਪਣਾ ਪੱਖ ਰੱਖ ਕੇ ਕੋਈ ਵਚਨਬੱਧਤਾ ਪ੍ਰਾਪਤ ਕਰ ਸਕਦਾ ਹੈ ਪਰ ਬਦਕਿਸਮਤੀ ਨਾਲ ਪ੍ਰਧਾਨ ਮੰਤਰੀ ਦੀ ਫਿਰੋਜ਼ਪੁਰ ਦੀ ਪਿਛਲੀ ਫੇਰੀ ਉਸ ਸਮੇਂ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਸੁਰੱਖਿਆ ਮੁੱਦਿਆਂ ਨੂੰ ਗਲਤ ਤਰੀਕੇ ਨਾਲ ਨਜਿੱਠਣ ਵਿਚ ਗਵਾ ਦਿੱਤੀ ਅਤੇ ਅੱਜ ਫਿਰ ਪੰਜਾਬ ਦੇ ਮੁੱਖ ਮੰਤਰੀ ਆਪਣੀ ਤਿਆਰੀ ਨਾ ਹੋਣ ਕਰਕੇ ਇਸ ਫੇਰੀ ਦਾ ਲਾਹਾ ਖੱਟਣ ਵਿਚ ਅਸਫਲ ਰਹੇ।

# ਹਰਸਿਮਰਤ ਬਾਦਲ ਵੱਲੋਂ ਕੇਂਦਰੀ ਸਿਹਤ ਮੰਤਰੀ ਨੂੰ ਪੱਤਰ

**ਬਠਿੰਡਾ:** ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਸਿਹਤ ਮੰਤਰੀ ਮਨਸੁੱਖ ਮਾਂਡਵੀਆ ਨੂੰ ਅਪੀਲ ਕੀਤੀ ਕਿ ਏਮਸ ਬਠਿੰਡਾ ਵਿਚ ਡਾਕਟਰਾਂ ਦੇ ਰਹਿਣ ਲਈ ਢੁਕਵੀਂ ਥਾਂ ਦੀ ਉਸਾਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਰਹਿਣ ਦੀ ਸਹੂਲਤ ਨਾ ਹੋਣ ਕਾਰਨ ਇੰਸਟੀਚਿਊਟ ਵਿਚ ਮੈਡੀਕਲ ਪ੍ਰੋਫੈਸ਼ਨਲ ਨੂੰ ਛੱਡ ਕੇ ਜਾਣ ਦੀ ਦਰ ਜ਼ਿਆਦਾ ਹੈ। ਸਿਹਤ ਮੰਤਰੀ ਨੂੰ ਲਿਖੇ ਪੱਤਰ ਵਿਚ ਸ੍ਰੀਮਤੀ ਬਾਦਲ ਨੇ ਕਿਹਾ ਕਿ ਡਾਕਟਰਾਂ ਦੇ ਰਹਿਣ ਲਈ 1120 ਇਕਾਈਆਂ ਦਾ ਨਿਰਮਾਣ ਕਾਫੀ ਦੇਰ ਤੋਂ ਲਟਕ ਰਿਹਾ ਹੈ ਤੇ ਇਸ ਕੰਮ ਵਿਚ ਤੇਜ਼ੀ ਲਿਆਉਣੀ ਚਾਹੀਦੀ ਹੈ।



ਉਨ੍ਹਾਂ ਕਿਹਾ ਕਿ ਸੰਸਥਾ ਕੋਲ ਫੰਡ ਪਹਿਲਾਂ ਹੀ ਉਪਲਬਧ ਹਨ। ਉਨ੍ਹਾਂ ਕਿਹਾ ਕਿ ਕੇਂਦਰੀ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਦਿੱਤੀ ਜਾਵੇ ਕਿ ਉਹ ਏਮਸ ਬਠਿੰਡਾ ਦਾ ਦੌਰਾ ਕਰਨ ਅਤੇ ਇੰਸਟੀਚਿਊਟ ਵਿਚ ਅਪਰੇਸ਼ਨ ਤੇ ਮੁਰੰਮਤ ਦਾ ਕੰਮ ਆਪਣੇ ਹੱਥ ਵਿਚ ਲੈਣ। ਉਨ੍ਹਾਂ ਕਿਹਾ ਕਿ 28 ਬੈੱਡਾਂ ਵਾਲੇ ਟਰੌਮਾ ਅਤੇ ਐਮਰਜੈਂਸੀ ਕੇਂਦਰ ਨੂੰ ਵਧਾ ਕੇ 300 ਬੈੱਡਾਂ ਵਾਲਾ ਕੀਤਾ ਜਾਵੇ। ਸ੍ਰੀਮਤੀ ਬਾਦਲ ਨੇ ਕਿਹਾ ਕਿ ਕਿਉਂਕਿ ਬਠਿੰਡਾ ਵਿਚੋਂ ਤਿੰਨ ਪ੍ਰਮੁੱਖ ਕੌਮੀ ਸ਼ਾਹ ਮਾਰਗ ਅਤੇ ਦੋ ਸੂਬਾਈ ਹਾਈਵੇਅ ਲੰਘਦੇ ਹਨ, ਇਸ ਲਈ ਇਥੇ ਹਾਦਸੇ ਬਹੁਤ ਵਾਪਰਦੇ ਹਨ। ਉਨ੍ਹਾਂ ਇਸ ਗੱਲ 'ਤੇ ਵੀ ਜ਼ੋਰ ਦਿੱਤਾ ਕਿ ਐਨ.ਐਚ. 54 ਤੋਂ ਇੰਸਟੀਚਿਊਟ ਤੱਕ ਫਲਾਈਓਵਰ ਬਣਾਇਆ ਜਾਵੇ

# ਟਾਟਾ ਗਰੁੱਪ ਨੇ ਪੰਜਾਬ ਵਿਚ ਪੈਰ ਧਰਿਆ, ਲੁਧਿਆਣਾ ਵਿਚ ਲੱਗੇਗਾ ਪਹਿਲਾ ਪਲਾਂਟ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਟਾਟਾ ਗਰੁੱਪ ਨੂੰ ਪਹਿਲੇ ਪੜਾਅ ਤਹਿਤ ਲੁਧਿਆਣਾ ਵਿਚ 2600 ਕਰੋੜ ਰੁਪਏ ਦੇ ਨਿਵੇਸ਼ ਨਾਲ ਸਕਰੈਪ ਆਧਾਰਿਤ ਸਟੀਲ ਪਲਾਂਟ ਸਥਾਪਤ ਕਰਨ ਲਈ ਜ਼ਮੀਨ ਅਲਾਟਮੈਂਟ ਦਾ ਪੱਤਰ ਸੌਂਪਿਆ ਹੈ। ਮੁੱਖ ਮੰਤਰੀ ਨੇ ਟਾਟਾ ਸਟੀਲ ਲਿਮਟਿਡ ਦੇ ਆਲਮੀ ਸੀ.ਈ.ਓ. ਤੇ ਮੈਨੇਜਿੰਗ ਡਾਇਰੈਕਟਰ ਟੀਵੀ ਨਰੇਂਦਰਨ ਦੀ ਅਗਵਾਈ ਹੇਠ ਆਏ ਵਫ਼ਦ ਨਾਲ ਮੁਲਾਕਾਤ ਕੀਤੀ ਤੇ ਇਹ ਪੱਤਰ ਸੌਂਪਿਆ।

ਮੁੱਖ ਮੰਤਰੀ ਨੇ ਕਿਹਾ ਕਿ ਵਿਸ਼ਵ ਪੱਧਰ ਦੀ ਇਸ ਮੋਹਰੀ ਕੰਪਨੀ ਦਾ ਸੂਬੇ ਵਿਚ ਇਹ ਪਹਿਲਾ ਨਿਵੇਸ਼ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਇਸ ਵੱਡੇ ਉਦਯੋਗਿਕ ਸਮੂਹ ਵੱਲੋਂ ਇਹ ਨਿਵੇਸ਼ ਕਰਨ ਨਾਲ ਸੂਬੇ ਦੇ ਉਦਯੋਗਿਕ ਵਿਕਾਸ ਦੀ ਗਤੀ ਹੋਰ ਤੇਜ਼ ਹੋਵੇਗੀ। ਉਨ੍ਹਾਂ ਕਿਹਾ ਕਿ ਟਾਟਾ ਗਰੁੱਪ ਪ੍ਰੋਜੈਕਟ ਦੇ ਪਹਿਲੇ ਪੜਾਅ ਤਹਿਤ ਲਗਪਗ 2600 ਕਰੋੜ ਰੁਪਏ ਦਾ ਨਿਵੇਸ਼ ਕਰਕੇ ਲੁਧਿਆਣਾ ਵਿਚ ਪੰਜਾਬ ਸਰਕਾਰ ਦੇ ਹਾਈ-ਟੈੱਕ ਵੈਲੀ ਇੰਡਸਟਰੀਅਲ ਪਾਰਕ ਨਾਲ ਸਟੀਲ ਪਲਾਂਟ ਸਥਾਪਤ ਕਰੇਗਾ। ਮੁੱਖ ਮੰਤਰੀ ਨੇ 'ਇਨਵੈਸਟ ਪੰਜਾਬ' ਦੀ ਟੀਮ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਇਸ ਪਲਾਂਟ ਦੀ



ਸਥਾਪਤੀ ਲਈ ਟਾਟਾ ਸਟੀਲ ਦੇ ਪ੍ਰਬੰਧਕਾਂ ਨਾਲ ਤਾਲਮੇਲ ਬਣਾਇਆ। ਉਨ੍ਹਾਂ ਕਿਹਾ ਕਿ ਬਿਜਲੀ 'ਤੇ ਚੱਲਣ ਵਾਲੀਆਂ ਆਰਕ ਭੱਠੀਆਂ 'ਤੇ ਆਧਾਰਤ ਇਹ ਪਲਾਂਟ 0.75 ਐੱਮ.ਟੀ.ਪੀ.ਏ. ਫਿਨਿਸ਼ਡ ਸਟੀਲ ਦਾ ਉਤਪਾਦਨ ਕਰੇਗਾ ਅਤੇ ਸਟੀਲ ਬਣਾਉਣ ਦੀ ਪ੍ਰਕਿਰਿਆ ਲਈ ਕੱਚਾ ਮਾਲ 100 ਫੀਸਦ ਸਕਰੈਪ ਹੋਵੇਗਾ। ਟਾਟਾ ਸਟੀਲ ਦੇ ਸੀ.ਈ.ਓ. ਅਤੇ ਮੈਨੇਜਿੰਗ ਡਾਇਰੈਕਟਰ ਨੇ ਪੰਜਾਬ ਸਰਕਾਰ ਦੇ ਨਿਰੰਤਰ ਸਹਿਯੋਗ ਲਈ ਧੰਨਵਾਦ ਕਰਦਿਆਂ ਕਿਹਾ ਕਿ ਹਰਿਆਣਾ ਵਿਚ ਬਾਜ਼ਾਰ ਤੇ ਸਕਰੈਪ ਪੈਦਾ ਕਰਨ ਵਾਲੇ ਆਟੋ ਹੱਬ ਨੇੜੇ ਹੋਣ ਕਾਰਨ ਪੰਜਾਬ ਇਲੈਕਟ੍ਰਿਕ ਆਰਕ ਫਰਨੇਸ ਲਈ ਢੁਕਵੀਂ ਥਾਂ ਹੈ।

## ਨ੍ਰਿਤ ਮਾਮਲਾ: ਸਰੂਪ ਹੋਰ ਗੁਰਦੁਆਰੇ ਵਿਚ ਤਬਦੀਲ

**ਅੰਮ੍ਰਿਤਸਰ:** ਜ਼ਿਲ੍ਹਾ ਊਧਮ ਸਿੰਘ ਨਗਰ (ਉੱਤਰਾਖੰਡ) ਦੇ ਪਿੰਡ ਬਲਰਾਮ ਨਗਰ ਵਿਚ ਜਨਮ ਅਸ਼ਟਮੀ ਮੌਕੇ ਗੁਰਦੁਆਰੇ ਅੰਦਰ ਨ੍ਰਿਤ ਕਰਵਾਉਣ ਦੀ ਘਟਨਾ ਨੂੰ ਮਰਿਆਦਾ ਦੀ ਉਲੰਘਣਾ ਕਰਾਰ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਜਾਂਚ ਟੀਮ ਨੇ ਇਸ ਗੁਰਦੁਆਰੇ ਵਿਚੋਂ ਪਾਵਨ ਸਰੂਪ ਕਿਸੇ ਹੋਰ ਗੁਰਦੁਆਰੇ ਵਿਚ ਤਬਦੀਲ ਕਰ ਦਿੱਤੇ ਹਨ।

ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਕਮੇਟੀ ਨੂੰ ਇਸ ਮਾਮਲੇ ਦੀ ਤੁਰਤ ਜਾਂਚ ਤੇ ਘਟਨਾ ਲਈ ਜ਼ਿੰਮੇਵਾਰ ਗੁਰਦੁਆਰਾ ਪ੍ਰਬੰਧਕਾਂ ਖ਼ਿਲਾਫ ਕਾਰਵਾਈ ਦੇ ਹੁਕਮ ਦਿੱਤੇ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉਕਤ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਮਿਸ਼ਨ ਉੱਤਰਾਖੰਡ ਦੇ ਪ੍ਰਚਾਰਕ ਉਕਤ ਸਥਾਨ 'ਤੇ ਭੇਜੇ ਗਏ ਸਨ, ਜਿਨ੍ਹਾਂ ਨੇ ਸਥਾਨਕ ਸੰਗਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸਹਿਯੋਗ ਨਾਲ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਇਸ ਅਸਥਾਨ ਤੋਂ ਤਬਦੀਲ ਕਰਕੇ ਗੁਰਦੁਆਰਾ ਗੁਰੂ ਸਿੰਘ ਸਭਾ ਗਦਰਪੁਰ ਪਹੁੰਚਾ ਦਿੱਤੇ ਹਨ।

# ਪੰਜਾਬ 'ਚ ਇਲੈਕਟ੍ਰਿਕ ਵਹੀਕਲ ਨੀਤੀ ਦੇ ਖਰੜੇ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਾਤਾਵਰਨ ਪ੍ਰਦੂਸ਼ਣ ਦੀ ਰੋਕਥਾਮ ਲਈ ਇਲੈਕਟ੍ਰਿਕ ਵਹੀਕਲ ਪਾਲਿਸੀ ਲਿਆਉਣ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਨਵੀਂ ਇਲੈਕਟ੍ਰਿਕ ਵਾਹਨ ਨੀਤੀ ਦੇ ਖਰੜੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ, ਜਿਸ ਵਿਚ ਪਿਛਲੇ ਸਾਲ ਦੇ ਮੁਕਾਬਲੇ 25 ਫੀਸਦ ਵੱਧ ਇਲੈਕਟ੍ਰਿਕ ਵਾਹਨਾਂ ਦੀ ਰਜਿਸਟ੍ਰੇਸ਼ਨ ਸਬੰਧੀ ਵਿਚਾਰ ਕੀਤਾ ਗਿਆ ਹੈ।

ਇਸ ਦਾ ਉਦੇਸ਼ ਇਲੈਕਟ੍ਰਿਕ ਵਾਹਨਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਦਿਆਂ ਦੂਸਰੇ ਵਾਹਨਾਂ ਤੋਂ ਹੁੰਦੀ ਕਾਰਬਨ ਨਿਕਾਸੀ ਨੂੰ ਠੱਲ੍ਹ ਕੇ ਵਾਤਾਵਰਨ ਪ੍ਰਦੂਸ਼ਣ ਨੂੰ ਘਟਾਉਣਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਲੈਕਟ੍ਰਿਕ ਵਹੀਕਲ ਪਾਲਸੀ ਨੂੰ ਪਹਿਲਾਂ ਲੁਧਿਆਣਾ, ਜਲੰਧਰ, ਪਟਿਆਲਾ, ਅੰਮ੍ਰਿਤਸਰ, ਮੁਹਾਲੀ ਤੇ ਬਠਿੰਡਾ ਵਰਗੇ ਵੱਡੇ ਸ਼ਹਿਰਾਂ ਵਿਚ ਲਾਗੂ ਕੀਤਾ ਜਾਵੇਗਾ। ਇਹ ਪਾਲਿਸੀ ਪੰਜ ਸਾਲਾਂ ਲਈ ਲਿਆਂਦੀ ਜਾ ਰਹੀ ਹੈ। ਸੂਬਾ ਸਰਕਾਰ ਦੇ ਨਵੀਂ ਇਲੈਕਟ੍ਰਿਕ ਵਹੀਕਲ ਪਾਲਿਸੀ ਅਨੁਸਾਰ ਸੂਬੇ ਵਿਚ ਨਿੱਜੀ ਅਤੇ ਜਨਤਕ ਇਲੈਕਟ੍ਰਿਕ ਵਾਹਨਾਂ ਨੂੰ ਚਾਰਜ ਕਰਨ ਲਈ ਹਰੇਕ 25 ਕਿਲੋਮੀਟਰ ਦੀ ਵਿੱਥ 'ਤੇ ਚਾਰਜਿੰਗ ਸਟੇਸ਼ਨ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰ ਵੱਲੋਂ ਇਲੈਕਟ੍ਰਿਕ ਵਹੀਕਲ ਪਾਲਿਸੀ ਨੂੰ ਉਤਸ਼ਾਹਿਤ ਕਰਨ ਲਈ ਵਾਹਨਾਂ 'ਤੇ ਭਾਰੀ ਛੋਟ ਦਿੱਤੀ ਜਾਵੇਗੀ। ਦੋ ਪਹੀਆ ਵਾਹਨਾਂ ਦੇ ਪਹਿਲੇ ਇਕ ਲੱਖ ਖਰੀਦਦਾਰਾਂ ਨੂੰ 10 ਹਜ਼ਾਰ ਰੁਪਏ ਤੱਕ ਦੀ ਵਿੱਤੀ ਰਿਆਇਤ ਅਤੇ ਇਲੈਕਟ੍ਰਿਕ ਆਟੋ ਰਿਕਸ਼ਾ ਤੇ ਈ-ਰਿਕਸ਼ਾ ਦੇ ਪਹਿਲੇ 10 ਹਜ਼ਾਰ ਖਰੀਦਦਾਰਾਂ ਨੂੰ 30 ਹਜ਼ਾਰ ਰੁਪਏ ਤੱਕ ਦੀ ਵਿੱਤੀ ਰਿਆਇਤ ਮਿਲੇਗੀ। ਇਸੇ ਤਰ੍ਹਾਂ ਪਹਿਲੇ 5 ਹਜ਼ਾਰ ਈ-ਕਾਰਟ ਖਰੀਦਦਾਰਾਂ ਨੂੰ 30 ਹਜ਼ਾਰ ਰੁਪਏ ਤੇ ਹਲਕੇ ਵਪਾਰਕ ਵਾਹਨਾਂ ਦੇ ਪਹਿਲੇ 5 ਹਜ਼ਾਰ ਖਰੀਦਦਾਰਾਂ ਨੂੰ 30 ਤੋਂ 50 ਹਜ਼ਾਰ ਰੁਪਏ ਤੱਕ ਦੀ ਰਿਆਇਤ ਮਿਲੇਗੀ।

## ਕਣਕ ਦੇ ਆਟੇ ਦੀ ਬਰਾਮਦ 'ਤੇ ਰੋਕ ਲਾਈ

**ਨਵੀਂ ਦਿੱਲੀ:** ਸਰਕਾਰ ਨੇ ਕਣਕ ਦੇ ਆਟੇ ਦੀਆਂ ਵਧਦੀਆਂ ਕੀਮਤਾਂ 'ਤੇ ਕਾਬੂ ਪਾਉਣ ਲਈ ਇਸ ਦੀ ਬਰਾਮਦ 'ਤੇ ਰੋਕ ਲਾ ਦਿੱਤੀ ਹੈ। ਇਹ ਫੈਸਲਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਆਰਥਿਕ ਮਾਮਲਿਆਂ ਬਾਰੇ ਕੈਬਨਿਟ ਕਮੇਟੀ ਦੀ ਮੀਟਿੰਗ ਵਿਚ ਲਿਆ ਗਿਆ ਹੈ। ਇਕ ਅਧਿਕਾਰਤ ਬਿਆਨ ਵਿਚ ਕਿਹਾ ਗਿਆ, "ਕੈਬਨਿਟ ਦੇ ਫੈਸਲੇ ਨਾਲ ਹੁਣ ਕਣਕ ਦੇ ਆਟੇ ਦੀ ਬਰਾਮਦ 'ਤੇ ਰੋਕ ਲੱਗੇਗੀ, ਜਿਸ ਨਾਲ ਇਸ ਦੀਆਂ ਵਧਦੀਆਂ ਕੀਮਤਾਂ 'ਤੇ ਕਾਬੂ ਪਾਉਣ ਅਤੇ ਸਮਾਜ ਦੇ ਦਬੇ ਕੁਚਲੇ/ਸਭ ਤੋਂ ਕਮਜ਼ੋਰ ਵਰਗ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਵਿਚ ਮਦਦ ਮਿਲੇਗੀ।"

ਵਿਦੇਸ਼ ਵਪਾਰ ਬਾਰੇ ਡਾਇਰੈਕਟਰੇਟ ਜਨਰਲ (ਡੀ.ਜੀ.ਐਫ.ਟੀ.) ਵੱਲੋਂ ਇਸ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ ਜਾਵੇਗਾ। ਕਾਬਲੇਗੌਰ ਹੈ ਕਿ ਰੂਸ ਤੇ ਯੂਕਰੇਨ ਕਣਕ ਦੇ ਪ੍ਰਮੁੱਖ ਬਰਾਮਦਕਾਰ ਹਨ ਤੇ ਉਹ ਆਲਮੀ ਪੱਧਰ 'ਤੇ ਕਣਕ ਦੇ ਵਪਾਰ ਵਿਚ ਇਕ-ਚੌਥਾਈ ਯੋਗਦਾਨ ਪਾਉਂਦੇ ਹਨ। ਦੋਵਾਂ ਮੁਲਕਾਂ ਦਰਮਿਆਨ ਜਾਰੀ ਜੰਗ ਕਰਕੇ ਆਲਮੀ ਪੱਧਰ 'ਤੇ ਕਣਕ ਦੀ ਬਰਾਮਦ ਅਸਰਅੰਦਾਜ਼ ਹੋਣ ਕਰਕੇ ਭਾਰਤੀ ਕਣਕ ਦੀ ਮੰਗ ਵਧੀ ਸੀ ਤੇ ਨਤੀਜੇ ਵਜੋਂ ਘਰੇਲੂ ਮਾਰਕੀਟ ਵਿਚ ਆਟੇ ਦੇ ਭਾਅ ਅਸਮਾਨੀ ਚੜ੍ਹ ਗਏ ਸਨ।

# ਯੂ.ਜੀ.ਸੀ. ਨੇ ਭਾਰਤ ਵਿਚ 21 ਯੂਨੀਵਰਸਿਟੀਆਂ ਫਰਜ਼ੀ ਐਲਾਨੀਆਂ

**ਨਵੀਂ ਦਿੱਲੀ:** ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਨੇ 21 ਯੂਨੀਵਰਸਿਟੀਆਂ ਨੂੰ 'ਫਰਜ਼ੀ' ਕਰਾਰ ਦਿੱਤਾ ਹੈ। ਇਹ ਯੂਨੀਵਰਸਿਟੀਆਂ ਡਿਗਰੀਆਂ ਨਹੀਂ ਦੇ ਸਕਦੀਆਂ। ਦਿੱਲੀ 'ਚ ਸਭ ਤੋਂ ਵੱਧ ਅੱਠ 'ਫਰਜ਼ੀ' ਯੂਨੀਵਰਸਿਟੀਆਂ ਹਨ, ਜਿਸ ਤੋਂ ਬਾਅਦ ਉੱਤਰ ਪ੍ਰਦੇਸ਼ ਦਾ ਨੰਬਰ ਆਉਂਦਾ ਹੈ।

ਕਮਿਸ਼ਨ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਯੂਨੀਵਰਸਿਟੀਆਂ ਵਿਚ ਦਾਖਲਾ ਨਾ ਲੈਣ ਦੀ ਅਪੀਲ ਕੀਤੀ ਹੈ। ਯੂ.ਜੀ.ਸੀ. ਦੇ ਸਕੱਤਰ ਰਜਨੀਸ਼ ਜੈਨ ਨੇ ਦੱਸਿਆ ਕਿ ਯੂ.ਜੀ.ਸੀ. ਐਕਟ ਦੀ ਉਲੰਘਣਾ ਕਰ ਰਹੀਆਂ ਘੱਟੋ-ਘੱਟ 21 ਗੈਰ-ਮਾਨਤਾ ਪ੍ਰਾਪਤ ਸੰਸਥਾਵਾਂ ਨੂੰ 'ਫਰਜ਼ੀ' ਯੂਨੀਵਰਸਿਟੀਆਂ ਐਲਾਨਿਆ ਗਿਆ ਹੈ। ਇਨ੍ਹਾਂ ਨੂੰ ਕੋਈ ਵੀ ਡਿਗਰੀ ਦੇਣ ਦਾ ਅਧਿਕਾਰ ਨਹੀਂ ਹੈ। 'ਫਰਜ਼ੀ' ਐਲਾਨੀਆਂ ਗਈਆਂ ਇਨ੍ਹਾਂ 21 ਵਿਦਿਅਕ ਸੰਸਥਾਵਾਂ 'ਚ ਦਿੱਲੀ ਦੀਆਂ ਆਲ ਇੰਡੀਆ ਇੰਸਟੀਚਿਊਟ ਆਫ ਪਬਲਿਕ ਐਂਡ ਫਿਜ਼ੀਕਲ ਹੈਲਥ ਸਾਇੰਸਜ, ਕਮਰਸ਼ੀਅਲ ਯੂਨੀਵਰਸਿਟੀ ਲਿਮਟਡ ਦਰਿਆਗੰਜ, ਯੂਨਾਈਟਡ ਨੇਸ਼ਨਜ ਯੂਨੀਵਰਸਿਟੀ, ਵੋਕੇਸ਼ਨਲ ਯੂਨੀਵਰਸਿਟੀ, ਏਡੀਆਰ-ਸੈਂਟਰਿਕ ਜੁਡੀਸ਼ੀਅਲ ਯੂਨੀਵਰਸਿਟੀ, ਇੰਡੀਅਨ ਇੰਸਟੀਚਿਊਟ ਆਫ ਸਾਇੰਸ ਐਂਡ ਇੰਜੀਨੀਅਰਿੰਗ, ਵਿਸ਼ਵਕਰਮਾ ਓਪਨ ਯੂਨੀਵਰਸਿਟੀ ਫਾਰ ਸੈਲਫ-ਐਂਪਲਾਈਮੈਂਟ ਅਤੇ ਅਧਿਆਤਮਕ ਵਿਸ਼ਵ ਵਿਦਿਆਲਿਆ ਸ਼ਾਮਲ ਹਨ।




ਇਸੇ ਤਰ੍ਹਾਂ ਉੱਤਰ ਪ੍ਰਦੇਸ਼ ਵਿਚ ਗਾਂਧੀ ਹਿੰਦੀ ਵਿੱਦਿਆਪੀਠ, ਨੈਸ਼ਨਲ ਯੂਨੀਵਰਸਿਟੀ ਆਫ ਇਲੈਕਟਰੋ ਕੰਪਲੈਕਸ ਹੋਮਿਓਪੈਥੀ, ਨੇਤਾਜੀ ਸੁਭਾਸ਼ ਚੰਦਰ ਬੋਸ ਯੂਨੀਵਰਸਿਟੀ (ਓਪਨ ਯੂਨੀਵਰਸਿਟੀ), ਭਾਰਤੀ ਸਿੱਖਿਆ ਪਰਿਸ਼ਦ ਸ਼ਾਮਲ ਹਨ। ਹੋਰ ਸੰਸਥਾਵਾਂ ਵਿਚ ਬਦਗਾਨਵੀ ਸਰਕਾਰ ਵਰਲਡ ਓਪਨ ਯੂਨੀਵਰਸਿਟੀ ਐਜੂਕੇਸ਼ਨ ਸੁਸਾਇਟੀ (ਕਰਨਾਟਕ), ਸੇਂਟ ਜੌਨ'ਜ ਯੂਨੀਵਰਸਿਟੀ (ਕੇਰਲਾ), ਰਾਜਾ ਅਰਬੇਕ ਯੂਨੀਵਰਸਿਟੀ (ਨਾਗਪੁਰ), ਇੰਡੀਅਨ ਇੰਸਟੀਚਿਊਟ ਆਫ ਅਲਟਰਨੇਟਿਵ ਮੈਡੀਸਨ ਅਤੇ ਇੰਸਟੀਚਿਊਟ ਆਫ ਅਲਟਰਨੇਟਿਵ ਮੈਡੀਸਨ ਐਂਡ ਰਿਸਰਚ (ਕੋਲਕਾਤਾ), ਨਵਭਾਰਤ ਸ਼ਿਕਸ਼ਾ ਪਰਿਸ਼ਦ ਅਤੇ ਨੌਰਥ ਉੜੀਸਾ ਯੂਨੀਵਰਸਿਟੀ ਆਫ ਐਗਰੀਕਲਚਰ ਐਂਡ ਟੈਕਨਾਲੋਜੀ (ਉੜੀਸਾ), ਸ੍ਰੀ ਬੋਧੀ ਅਕੈਡਮੀ ਆਫ ਹਾਇਰ ਐਜੂਕੇਸ਼ਨ (ਪੁੱਡੂਚੇਰੀ) ਅਤੇ ਕਰਾਈਸਟ ਨਿਊ ਟੈਸਟਾਮੈਂਟ ਡੀਮਡ ਯੂਨੀਵਰਸਿਟੀ (ਆਂਧਰਾ ਪ੍ਰਦੇਸ਼) ਸ਼ਾਮਲ ਹਨ।

# Matrimonials

## ਲੜਕੇ ਦੀ ਲੋੜ ਹੈ

Jatt Sikh family looking for a USA citizen equal qualification boy for their smart and beautiful girl, October 1990 born, 5' 4''. B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India 34-37

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166. 29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com 27-30

## ਲੜਕੀ ਦੀ ਲੋੜ ਹੈ

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com 33-36

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709 32-33

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or +1-630-464-9893. 31-34

Well settled Jatt Sikh family in USA looking for a suitable Sikh girl from USA for New Zealand citizen jatt sikh boy (currently in USA ) 32 years, 5'9". Bachelor in business. Also have a business in USA. Please Call us at 856-693-5401 or email rajdeepmann4u@yahoo.com 31-34

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 29-32

# ਕਾਂਗਰਸ ਪ੍ਰਧਾਨ ਦੀ ਚੋਣ ਕਰਵਾਉਣ ਦਾ ਐਲਾਨ

**ਨਵੀਂ ਦਿੱਲੀ:** ਕਾਂਗਰਸ ਨੇ ਕਿਆਸਰਾਈਆਂ ਦਾ ਅੰਤ ਕਰਦਿਆਂ 17 ਅਕਤੂਬਰ ਨੂੰ ਪਾਰਟੀ ਪ੍ਰਧਾਨ ਦੀ ਚੋਣ ਕਰਾਉਣ ਦਾ ਐਲਾਨ ਕੀਤਾ ਹੈ। ਪ੍ਰਧਾਨ ਦੀ ਚੋਣ ਜਿੱਤਣ ਵਾਲੇ ਬਾਰੇ ਐਲਾਨ ਦੋ ਦਿਨ ਬਾਅਦ ਕੀਤਾ ਜਾਵੇਗਾ। ਕਾਂਗਰਸ ਨੇ ਨਾਲ ਹੀ ਕਿਹਾ ਕਿ ਉਹ ਮੁਲਕ ਵਿਚ ਅਜਿਹੀ ਇਕੱਲੀ ਪਾਰਟੀ ਹੈ ਜੋ ਇਸ ਤਰ੍ਹਾਂ ਦੀ ਲੋਕਤੰਤਰਿਕ ਪ੍ਰਕਿਰਿਆ ਦਾ ਪਾਲਣ ਕਰਦੀ ਹੈ।

ਪਾਰਟੀ ਨੇ ਆਖਰੀ ਵਾਰ ਪ੍ਰਧਾਨ ਦੇ ਅਹੁਦੇ ਲਈ ਚੋਣ ਨਵੰਬਰ, 2000 ਵਿਚ ਕਰਵਾਈ ਸੀ। ਜ਼ਿਕਰਯੋਗ ਹੈ ਕਿ ਭਾਜਪਾ ਵੰਸ਼ਵਾਦ ਦੀ ਰਾਜਨੀਤੀ ਦੇ ਮੁੱਦੇ 'ਤੇ ਕਾਂਗਰਸ ਨੂੰ ਵਾਰ-ਵਾਰ ਘੇਰਦੀ ਰਹੀ ਹੈ। ਸੱਤਾਧਾਰੀ ਪਾਰਟੀ ਨੇ ਇਹ ਵੀ ਦੋਸ਼ ਲਾਇਆ ਹੈ ਕਿ ਪਾਰਟੀ ਦੇ ਮਾਮਲਿਆਂ 'ਚ ਗਾਂਧੀ ਪਰਿਵਾਰ ਦਾ ਦਖਲ ਹੈ। ਸੋਨੀਆ ਗਾਂਧੀ ਪਾਰਟੀ ਦੇ ਸਭ ਤੋਂ ਲੰਮਾ ਸਮਾਂ ਪ੍ਰਧਾਨ ਰਹੇ ਹਨ ਤੇ 2017-19 ਦੇ ਸਮੇਂ ਨੂੰ ਛੱਡ ਕੇ 1998 ਤੋਂ ਇਸ ਅਹੁਦੇ ਉਤੇ ਹਨ। ਇਨ੍ਹਾਂ ਦੋ ਸਾਲਾਂ ਦੌਰਾਨ ਪਾਰਟੀ ਦੀ ਕਮਾਨ ਰਾਹੁਲ ਗਾਂਧੀ ਨੂੰ ਸੌਂਪੀ ਗਈ ਸੀ।

ਚੋਣ ਤਰੀਕਾਂ ਬਾਰੇ ਫੈਸਲਾ ਕਾਂਗਰਸ ਵਰਕਿੰਗ ਕਮੇਟੀ (ਸੀ.ਡਬਲਿਊ.ਸੀ.) ਦੀ ਮੀਟਿੰਗ ਵਿਚ ਸਰਬਸੰਮਤੀ ਨਾਲ ਲਿਆ ਗਿਆ। ਜ਼ਿਕਰਯੋਗ ਹੈ ਕਿ ਸੀਨੀਅਰ ਪਾਰਟੀ ਆਗੂ ਗੁਲਾਮ ਨਬੀ ਆਜ਼ਾਦ ਵੱਲੋਂ ਦਿੱਤੇ ਅਸਤੀਫੇ ਕਾਰਨ ਪਾਰਟੀ ਅੰਦਰ ਹਲਚਲ ਵੀ ਹੈ ਕਿਉਂਕਿ ਉਨ੍ਹਾਂ ਆਪਣੇ ਅਸਤੀਫੇ ਵਿਚ ਰਾਹੁਲ ਗਾਂਧੀ 'ਤੇ ਤਿੱਖੀਆਂ ਟਿੱਪਣੀਆਂ ਕੀਤੀਆਂ ਸਨ। ਆਜ਼ਾਦ ਉਨ੍ਹਾਂ 23 ਆਗੂਆਂ ਦਾ ਵੀ ਹਿੱਸਾ ਸਨ ਜਿਨ੍ਹਾਂ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨੂੰ 2020 ਵਿਚ ਵਿਆਪਕ ਜਥੇਬੰਦਕ ਸੁਧਾਰਾਂ ਲਈ ਪੱਤਰ ਲਿਖਿਆ ਸੀ। ਉਨ੍ਹਾਂ ਉਸ ਵੇਲੇ ਚੋਣਾਂ ਕਰਾਉਣ ਲਈ ਵੀ ਕਿਹਾ ਸੀ। ਸੀ.ਡਬਲਿਊ.ਸੀ. ਦੀ ਮੀਟਿੰਗ ਆਨਲਾਈਨ ਹੋਈ। ਇਸ ਦੀ ਅਗਵਾਈ ਸੋਨੀਆ ਗਾਂਧੀ ਨੇ



ਕੀਤੀ ਜੋ ਕਿ ਮੈਡੀਕਲ ਜਾਂਚ ਲਈ ਵਿਦੇਸ਼ 'ਚ ਹਨ। ਇਸ ਮੌਕੇ ਸੋਨੀਆ ਦੇ ਨਾਲ ਰਾਹੁਲ ਤੇ ਪ੍ਰਿਯੰਕਾ ਗਾਂਧੀ ਵੀ ਸਨ। ਵਰਕਿੰਗ ਕਮੇਟੀ ਦੀ ਮੀਟਿੰਗ ਵਿਚ ਆਜ਼ਾਦ ਦੇ ਅਸਤੀਫੇ ਅਤੇ ਚੋਣ ਲਈ ਰਾਹੁਲ ਦੇ ਉਮੀਦਵਾਰ ਬਣਨ ਬਾਰੇ ਕੋਈ ਜਿਕਰ ਨਹੀਂ ਹੋਇਆ। ਜਿਕਰਯੋਗ ਹੈ ਕਿ ਪਾਰਟੀ ਪ੍ਰਧਾਨ ਦੇ ਅਹੁਦੇ ਲਈ ਪਿਛਲੇ ਕੁਝ ਸਮੇਂ ਤੋਂ ਅਸ਼ੋਕ ਗਹਿਲੋਤ ਦਾ ਨਾਂ ਵੀ ਚਰਚਾ ਵਿਚ ਰਿਹਾ ਹੈ। ਪਾਰਟੀ ਦੀ ਕੇਂਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਦੱਸਿਆ ਕਿ ਚੋਣ ਨੋਟੀਫਿਕੇਸ਼ਨ 22 ਸਤੰਬਰ ਨੂੰ ਜਾਰੀ ਕੀਤਾ ਜਾਵੇਗਾ ਤੇ ਨਾਮਜ਼ਦਗੀਆਂ ਦਾ ਦੌਰ 24 ਸਤੰਬਰ ਨੂੰ ਸ਼ੁਰੂ ਹੋਵੇਗਾ। ਨਾਮਜ਼ਦਗੀਆਂ 30 ਸਤੰਬਰ ਤੱਕ ਦਿੱਤੀਆਂ ਜਾ ਸਕਣਗੀਆਂ।

# ਜਸਟਿਸ ਯੂ ਯੂ ਲਲਿਤ ਨੇ 49ਵੇਂ ਚੀਫ ਜਸਟਿਸ ਵਜੋਂ ਹਲਫ ਲਿਆ


**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਸਭ ਤੋਂ ਸੀਨੀਅਰ ਜੱਜ ਜਸਟਿਸ ਉਦੈ ਉਮੇਸ਼ ਲਲਿਤ ਨੇ ਦੇਸ਼ ਦੇ 49ਵੇਂ ਚੀਫ ਜਸਟਿਸ ਵਜੋਂ ਹਲਫ਼ ਲਿਆ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਰਾਸ਼ਟਰਪਤੀ ਭਵਨ 'ਚ ਹੋਏ ਸੰਖੇਪ ਸਮਾਗਮ ਦੌਰਾਨ ਜਸਟਿਸ ਲਲਿਤ ਨੂੰ ਸਹੁੰ ਚੁਕਾਈ। ਜਸਟਿਸ ਲਲਿਤ ਦੂਜੇ ਚੀਫ ਜਸਟਿਸ ਬਣ ਗਏ ਹਨ ਜੋ ਸਿੱਧੇ ਬਾਰ ਤੋਂ ਸੁਪਰੀਮ ਕੋਰਟ ਪਹੁੰਚੇ ਹਨ। ਇਸ ਤੋਂ ਪਹਿਲਾਂ ਜਸਟਿਸ ਐਸ.ਐਮ ਸੀਕਰੀ, ਜੋ ਜਨਵਰੀ 1971 'ਚ 13ਵੇਂ ਚੀਫ ਜਸਟਿਸ ਬਣੇ ਸਨ, ਪਹਿਲੇ ਵਕੀਲ ਸਨ ਜਿਨ੍ਹਾਂ ਨੂੰ ਮਾਰਚ 1964 'ਚ ਸਿੱਧੇ ਸਿਖਰਲੀ ਅਦਾਲਤ 'ਚ ਤਰੱਕੀ ਮਿਲੀ ਸੀ। ਜਸਟਿਸ ਲਲਿਤ ਦਾ ਚੀਫ ਜਸਟਿਸ ਵਜੋਂ ਕਾਰਜਕਾਲ 74 ਦਿਨਾਂ ਦਾ ਹੋਵੇਗਾ ਕਿਉਂਕਿ 8 ਨਵੰਬਰ ਨੂੰ ਉਹ 65 ਸਾਲ ਦੀ ਉਮਰ 'ਚ ਸੇਵਾਮੁਕਤ ਹੋ ਜਾਣਗੇ। ਇਸ ਮਗਰੋਂ ਸਭ ਤੋਂ ਸੀਨੀਅਰ ਜਸਟਿਸ ਡੀ ਵਾਈ ਚੰਦਰਚੂੜ ਦੇ ਸੁਪਰੀਮ ਕੋਰਟ ਦਾ ਚੀਫ ਜਸਟਿਸ ਬਣਨ ਦੀ ਸੰਭਾਵਨਾ ਹੈ। ਜਸਟਿਸ ਲਲਿਤ ਨੇ



ਹਲਫ਼ ਮਗਰੋਂ ਜਦੋਂ ਰਜਿਸਟਰ 'ਤੇ ਦਸਤਖ਼ਤ ਕੀਤੇ ਤਾਂ ਰਾਸ਼ਟਰਪਤੀ ਮੁਰਮੂ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਹਲਫ਼ਦਾਰੀ ਸਮਾਗਮ 'ਚ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ, ਸਾਬਕਾ ਉਪ ਰਾਸ਼ਟਰਪਤੀ ਐੱਮ ਵੈਂਕਈਆ ਨਾਇਡੂ, ਕਾਨੂੰਨ ਅਤੇ ਨਿਆਂ ਮੰਤਰੀ ਕਿਰਨ ਰਿਜਿਜੂ ਸਮੇਤ ਹੋਰ ਹਸਤੀਆਂ ਹਾਜਰ ਸਨ। ਇਸ ਮੌਕੇ ਚੀਫ ਜਸਟਿਸ ਦੇ ਅਹੁਦੇ ਤੋਂ ਲਾਂਭੇ ਹੋਏ ਜਸਟਿਸ ਐੱਨ ਵੀ ਰਾਮੰਨਾ ਵੀ ਹਾਜਰ ਸਨ।

# ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਦੇ ਰੁਬਾਈ-ਸੰਗ੍ਰਹਿ "ਇਕ ਬੂੰਦ ਸਵਾਤੀ" ਦਾ ਲੋਕ ਅਰਪਣ 18 ਨੂੰ

**ਕੈਲੀਫੋਰਨੀਆ:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਵਿਪਸਾਅ) ਦੀ ਮਹੀਨੇਵਾਰ ਸਾਹਿਤਕ ਮਿਲਣੀ ਲੰਘੀ 18 ਸਤੰਬਰ ਦਿਨ ਐਤਵਾਰ ਨੂੰ ਸਵੇਰੇ 11:30 ਵਜੇ Mehran Restaurant 5774 Mowry Schiil Rd, Newark, CA ਵਿਖੇ ਹੋਣ ਜਾ ਰਹੀ ਹੈ, ਜਿਸ ਵਿਚ ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਦਾ ਰੁਬਾਈ ਸੰਗ੍ਰਹਿ "ਇਕ ਬੂੰਦ ਸਵਾਤੀ" ਲੋਕ ਅਰਪਣ ਕੀਤਾ ਜਾਵੇਗਾ। ਇਸ ਪ੍ਰੋਗਰਾਮ ਦਾ ਸਾਰਾ ਵੇਰਵਾ ਅਗਲੇ ਦਿਨਾਂ ਵਿਚ ਸਾਂਝਾ ਕਰ ਦਿੱਤਾ ਜਾਵੇਗਾ।




ਬੀਬੀ ਸੁਰਜੀਤ ਕੌਰ 'ਸੈਕਰਾਮੈਂਟੋ' ਅਤੇ ਉਨ੍ਹਾਂ ਦੇ ਪਰਿਵਾਰ ਨੇ ਸਾਰਿਆਂ ਨੂੰ ਇਸ ਪ੍ਰੋਗਰਾਮ ਵਿਚ ਆਉਣ ਦਾ ਸੱਦਾ ਦਿੱਤਾ ਹੈ। ਇਸ ਸਬੰਧੀ ਹੋਰ ਜਾਣਕਾਰੀ ਲੈਣ ਲਈ ਫ਼ੋਨ ਨੰਬਰ 1 916 687 3536 'ਤੇ ਸੰਪਰਕ ਕੀਤਾ ਜਾ ਸਕਦਾ ਹੈ।


## ਹੈੱਡ ਰਾਗੀ/ ਕੀਰਤਨੀ ਜਥੇ ਦੀ ਲੋੜ

*ਦਿ ਸਿੱਖ ਸੈਂਟਰ ਆਫ ਦਿ ਜੀਸੀਏ, 8819 ਪਰੇਰੀ ਡਰਾਈਵ ਹਿਊਸਟਨ, ਟੈਕਸਸ (77064) ਵਿਖੇ ਅਕਤੂਬਰ ਤੋਂ ਦਸੰਬਰ ਮਹੀਨੇ ਲਈ ਹੈੱਡ ਰਾਗੀ ਜਾਂ ਕੀਰਤਨੀ ਜਥੇ ਦੀ ਲੋੜ ਹੈ।*

**ਚਾਹਵਾਨ ਸੰਪਰਕ ਕਰਨ:**

**ਅਮਰੀਕ ਸਿੰਘ ਨਿੱਜਰ, ਫੋਨ: 832-724-2822**

## Wanted Head Ragi or Kirtan Jatha

The Sikh Center of the GCA, Inc. 8819 Prairie Drive Houston, Texas 77064 looking for Head Ragi or Kirtan Jatha from October to December 2022.

Please Contact: Amrik S Nijjar at


**832-724-2822**

LAW OFFICES OF
VIVEK MALIK

Follow us on :



ACCOMPLISHED
IMMIGRATION Attorneys
help FAMILIES
REUNITE in the



UNITED STATES

Our Global & Nationwide Services
in the field of
U.S. Immigration & Nationality Law

Come talk to an experienced immigration attorney

Toll Free No.
866-424-4000

OUR OFFICES
- 432 S Emerson Ave, Suite 220, Greenwood, IN 46143 Phone: 317.560.4777
- 1067 N Mason Rd., Suite 4, St Louis, Missouri 63141 Phone: 314.416.8000
- 2440 W Shaw Ave., Suite 205, Fresno, California 93711 Phone: 559.578.4344

www.usa-immigrationlaw.com

- Business Immigration & Worksite Compliance
  ਬਿੰਜਨੈਸ ਇੰਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
  ਫੈਮਿਲੀ ਐਂਡ ਜਨਰਲ ਇੰਮੀਗਰੇਸ਼ਨ
- Naturalization & Citizenship
  ਨੈਚੁਰਲਾਈਜੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
  ਰੀਮੁਵਲ ਡਿਫੈਂਸੀ ਐਂਡ ਵੇਵੇਰਸ

Languages SPOKEN Punjabi | Hindi | Urdu | Spanish & English

# AVEER TRAVEL SOLUTIONS LLC

## ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services

Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com

**ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।**

*For Airport Drop-Off and Pickup Indy to Chicago Please Contact AVI at: 847-226-2323*

*We provide the service all over AMERICA.*
*Located in INDIANAPOLIS (IN)*

*To Advertise with Punjab Times Call: 847-359-0746*
*Fax:847-705-9388, e-mail:punjabtimes1@sbcglobal.net*
*Visit us on the web:www.punjabtimesusa.com*

# ਸੀ. ਡੀ. ਐੱਲ. ਸਟਾਰ ਲਰਨਿੰਗ ਸਕੂਲ




ਕੀ ਤੁਸੀਂ ਆਪਣੀ ਜ਼ਿੰਦਗੀ ਨੂੰ ਉਚਾਈ 'ਤੇ ਲੈ ਕੇ ਜਾਣਾ ਚਾਹੁੰਦੇ ਹੋ? ਕੀ ਤੁਸੀਂ ਨਵੇਂ ਕੈਰੀਅਰ ਲਈ ਤਿਆਰ ਹੋ?
ਜੇ ਹਾਂ ਤਾਂ ਅੱਜ ਹੀ ਯੂ. ਐੱਸ. ਏ ਦੇ ਬਿਹਤਰੀਨ ਟਰੇਨਿੰਗ ਸਕੂਲ 'ਸੀ. ਡੀ. ਐੱਲ. ਸਟਾਰਟ' ਵਿਚ ਆਓ।

## ਸੀ. ਡੀ. ਐੱਲ. ਸਟਾਰਟ ਟਰੇਨਿੰਗ ਸਕੂਲ ਦੀਆਂ ਵਿਸ਼ੇਸ਼ਤਾਵਾਂ:

*ਵਧੀਆ ਤੇ ਮਦਦਗਾਰ ਸਟਾਫ, ਜੋ ਪੂਰੀ ਪ੍ਰਕਿਰਿਆ ਦੌਰਾਨ ਤੁਹਾਡਾ ਮਾਰਗਦਰਸ਼ਨ ਕਰੇਗਾ।
*ਹਰੇਕ ਵਿਦਿਆਰਥੀ ਨੂੰ ਨਿੱਜੀ ਸਮਾਂ ਦਿੱਤਾ ਜਾਂਦਾ ਹੈ।
*ਸਿਖਲਾਈ ਅੰਗਰੇਜ਼ੀ ਵਿਚ ਦਿੱਤੀ ਜਾਂਦੀ ਹੈ।
*ਦੋ ਤੋਂ ਤਿੰਨ ਹਫਤਿਆਂ ਵਿਚ ਤਿਆਰੀ।
*ਦੂਜੇ ਸੂਬਿਆਂ ਤੋਂ ਆਉਣ ਵਾਲੇ ਵਿਦਿਆਰਥੀਆਂ ਲਈ ਹੋਸਟਲ ਦੀ ਸੁਵਿਧਾ।

## ਲੋੜੀਂਦੇ ਦਸਤਾਵੇਜ਼:

*ਯੂ. ਐੱਸ. ਏ. ਦੀ ਨਾਗਰਿਕਤਾ, ਗਰੀਨ ਕਾਰਡ ਜਾਂ ਵਰਕ ਪਰਮਿਟ।
*ਡਰਾਈਵਿੰਗ ਲਾਇਸੈਂਸ (ਕਲਾਸ ਸੀ)
*ਮੈਡੀਕਲ ਕਾਰਡ (ਫਿਜ਼ੀਕਲ ਡੀ. ਓ. ਟੀ. ਕਾਰਡ)
*ਟਰੱਕ ਡਰਾਈਵਿੰਗ ਪਰਮਿਟ (ਲਰਨਿੰਗ)

## ਸਿਖਲਾਈ ਦੀਆਂ ਸੱਤ ਸਟੇਜਾਂ:

*ਪ੍ਰੀ-ਟਰਿੱਪ ਨਿਰੀਖਣ *ਬੈਕਿੰਗ
*ਖੱਬੇ ਤੋਂ ਸੱਜੇ ਅਤੇ ਸੱਜੇ ਤੋਂ ਖੱਬੇ ਦੋਵੇਂ ਪਾਸੇ ਪਾਰਕਿੰਗ
*ਐਲੇ ਡਾਕ ਪਾਰਕਿੰਗ (Alley Dock Parking)
*ਸ਼ਹਿਰ 'ਚ ਡਰਾਈਵਿੰਗ
*ਪ੍ਰੀ-ਟੈਸਟ (ਇੰਟਰਨਲ ਪ੍ਰੀਖਿਆ)
*ਡੀ. ਐੱਮ. ਵੀ. ਵਿਚ ਪ੍ਰੀਖਿਆ (ਫਾਈਨਲ ਪ੍ਰੀਖਿਆ)

## ਤਿੰਨ ਸਿਖਲਾਈ ਪ੍ਰੋਗਰਾਮ:

*ਆਟੋਮੈਟਿਕ ਗੇਅਰ ਬੌਕਸ
*ਮੈਨੂਅਲ ਗੇਅਰ ਬੌਕਸ
*ਘੰਟਾਬੱਧ ਕੋਰਸ

***ਸਫਲਤਾਪੂਰਵਕ ਸਿਖਲਾਈ ਪੂਰੀ ਹੋਣ 'ਤੇ ਸੌ ਫੀਸਦੀ ਨੌਕਰੀ ਦੀ ਗਾਰੰਟੀ।***

*ਵਿਦਿਆਰਥੀਆਂ ਲਈ: ਕੋਵਿਡ ਮਹਾਮਾਰੀ ਮਗਰੋਂ ਕੰਪਨੀਆਂ ਪ੍ਰੋਫੈਸ਼ਨਲ ਡਰਾਈਵਰਾਂ ਦੀ ਭਾਲ 'ਚ ਹਨ ਤੇ ਉਹ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀਆਂ ਹਨ।*

ਸੰਪਰਕ ਕਰੋ: 1-844-227-2162 (ਸਵੇਰੇ 9 ਤੋਂ ਸ਼ਾਮ 7 ਵਜੇ)
ਈ-ਮੇਲ: info@cdlstart.com / www.cdlstart.com

**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

## ਬੰਦੀ ਸਿੱਖਾਂ ਦੀ ਰਿਹਾਈ ਲਈ ਵੱਡਾ ਸੰਘਰਸ਼ ਸ਼ੁਰੂ ਕਰਨ ਦੀ ਤਿਆਰੀ

**ਅੰਮ੍ਰਿਤਸਰ:** ਬੰਦੀ ਸਿੱਖਾਂ ਦੀ ਰਿਹਾਈ ਦੇ ਮਾਮਲੇ ਵਿਚ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਜਲਦੀ ਹੀ ਕੋਈ ਵੱਡਾ ਸੰਘਰਸ਼ ਸ਼ੁਰੂ ਕਰਨ ਦੇ ਰੌਂਅ ਵਿਚ ਹੈ। ਇਸ ਸੰਘਰਸ਼ ਦੀ ਰੂਪ-ਰੇਖਾ ਉਲੀਕਣ ਵਾਸਤੇ ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਸੰਸਥਾ ਦੇ ਮੈਂਬਰਾਂ ਨਾਲ ਲਗਾਤਾਰ ਮੀਟਿੰਗਾਂ ਵੀ ਕੀਤੀਆਂ ਜਾ ਰਹੀਆਂ ਹਨ। ਸਥਾਨਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫਤਰ ਵਿਚ ਅੰਮ੍ਰਿਤਸਰ ਅਤੇ ਤਰਨ ਤਾਰਨ ਨਾਲ ਜ਼ਿਲ੍ਹਿਆਂ ਨਾਲ ਸਬੰਧਤ ਸ਼੍ਰੋਮਣੀ ਕਮੇਟੀ ਮੈਂਬਰਾਂ ਨਾਲ ਮੀਟਿੰਗ ਕਰਕੇ ਵਿਚਾਰ-ਵਟਾਂਦਰਾ ਕੀਤਾ ਗਿਆ। ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਯਤਨਾਂ ਤਹਿਤ ਸੰਘਰਸ਼ ਦੀ ਰੂਪ-ਰੇਖਾ ਉਲੀਕਣ ਲਈ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕੀਤਾ ਹੈ। ਸ੍ਰੀ ਧਾਮੀ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਸਿੱਖ ਕੌਮ ਲਈ ਅਹਿਮ ਹੈ।

# ਭਗਵੰਤ ਮਾਨ ਨੂੰ ਨਿਮਾਣੇ ਸਿੱਖ ਵਜੋਂ ਗੁਰੂ ਘਰ ਆਉਣ ਦੀ ਸਲਾਹ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਦੌਰਾਨ ਪ੍ਰਸ਼ਾਸਨ ਵੱਲੋਂ ਸੰਗਤ ਨੂੰ ਪਰੇਸ਼ਾਨ ਕਰਨਾ ਬੇਹੱਦ ਮੰਦਭਾਗਾ ਹੈ ਅਤੇ ਰਾਜਸੀ ਆਗੂਆਂ ਨੂੰ ਗੁਰੂ ਘਰ ਨਿਮਾਣੇ ਸਿੱਖ ਵਜੋਂ ਮੱਥਾ ਟੇਕਣ ਲਈ ਆਉਣਾ ਚਾਹੀਦਾ ਹੈ, ਨਾ ਕਿ ਤਾਨਾਸ਼ਾਹੀ ਢੰਗ ਨਾਲ।

ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੁੱਜਣ ਸਮੇਂ ਰਸਤਿਆਂ ਵਿਚ ਅਤੇ ਪਲਾਜ਼ਾ ਵਿਖੇ ਸੰਗਤ ਨੂੰ ਲੰਮਾਂ ਸਮਾਂ ਰੋਕਿਆ ਜਾਣਾ ਠੀਕ ਨਹੀਂ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸੰਗਤ ਲਈ ਅਹਿਮ ਦਿਹਾੜਾ ਹੁੰਦਾ ਹੈ, ਜਿਸ ਸਮੇਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਲੱਖਾਂ ਦੀ ਗਿਣਤੀ ਵਿਚ ਪੁੱਜ ਕੇ ਸੰਗਤ ਆਪਣੀ ਸ਼ਰਧਾ ਅਰਪਤ ਕਰਦੀ ਹੈ।

ਮੁੱਖ ਮੰਤਰੀ ਦਾ ਇਸ ਦੌਰਾਨ ਸ਼ਰਧਾ ਪ੍ਰਗਟਾਉਣਾ ਚੰਗੀ ਗੱਲ ਹੈ, ਪਰ ਪ੍ਰਸ਼ਾਸਨ ਵੱਲੋਂ ਸ਼ਰਧਾਲੂਆਂ ਨਾਲ ਕੀਤਾ ਗਿਆ ਵਿਹਾਰ ਉਨ੍ਹਾਂ ਦੀ ਸ਼ਰਧਾ ਨੂੰ ਠੇਸ ਪਹੁੰਚਾਉਣ ਵਾਲਾ ਹੈ। ਉਨ੍ਹਾਂ ਆਖਿਆ ਕਿ ਇਸ ਤੋਂ ਪਹਿਲਾਂ ਸੁਲਤਾਨਪੁਰ ਲੋਧੀ ਵਿਖੇ ਵੀ ਅਜਿਹਾ ਹੀ ਹੋਇਆ ਸੀ, ਜਿਸ ਨੂੰ ਦੇਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਫੈਸਲਾ ਕਰਕੇ ਰਾਜਸੀ ਆਗੂਆਂ ਨੂੰ ਅਪੀਲ ਕੀਤੀ ਗਈ ਸੀ ਕਿ ਉਹ ਗੁਰੂ ਘਰਾਂ ਵਿਚ ਨਤਮਸਤਕ ਹੋਣ ਮੌਕੇ ਸੰਗਤ ਲਈ ਪਰੇਸ਼ਾਨੀ ਦਾ ਸਬੱਬ ਨਾ ਬਣਨ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਨੂੰ ਸੰਗਤ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਰਕਤਾਂ ਨਹੀਂ ਕਰਨੀਆਂ ਚਾਹੀਦੀਆਂ।

## ਸਰਕਾਰ ਨੇ ਪੇਂਡੂ ਵਿਕਾਸ ਫੰਡਾਂ ਤੋਂ ਰੋਕ ਹਟਾਈ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੇਂਡੂ ਵਿਕਾਸ ਨਾਲ ਸਬੰਧਤ ਗਰਾਂਟਾਂ 'ਤੇ ਲਗਾਈ ਗਈ ਪਾਬੰਦੀ ਹਟਾ ਦਿੱਤੀ ਹੈ। ਹੁਣ ਸੈਂਕੜੇ ਪੰਚਾਇਤਾਂ ਪੇਂਡੂ ਵਿਕਾਸ ਲਈ ਮਿਲੇ ਫੰਡਾਂ ਨੂੰ ਵਰਤ ਸਕਣਗੀਆਂ। 'ਆਪ' ਸਰਕਾਰ ਨੇ 22 ਮਾਰਚ ਨੂੰ ਹੁਕਮ ਜਾਰੀ ਕਰਕੇ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ 11 ਤਰ੍ਹਾਂ ਦੇ ਫੰਡਾਂ ਦੀ ਵਰਤੋਂ 'ਤੇ ਰੋਕ ਲਗਾ ਦਿੱਤੀ ਸੀ। ਪੇਂਡੂ ਵਿਕਾਸ ਤੇ ਪੰਚਾਇਤ ਮਹਿਕਮੇ ਨੇ ਉਦੋਂ ਪਾਬੰਦੀ ਲਗਾਏ ਜਾਣ ਪਿੱਛੇ ਤਰਕ ਦਿੱਤਾ ਸੀ ਕਿ ਇਨ੍ਹਾਂ ਗਰਾਂਟਾਂ ਦੀ ਜਾਂਚ ਕਰਾਈ ਜਾਣੀ ਹੈ। ਚੰਨੀ ਸਰਕਾਰ ਵੱਲੋਂ ਵਿਧਾਨ ਸਭਾ ਚੋਣਾਂ ਤੋਂ ਐਨ ਪਹਿਲਾਂ ਇਹ ਫੰਡ ਜਾਰੀ ਕੀਤੇ ਗਏ ਸਨ। ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਵੀ ਪੰਚਾਇਤੀ ਫੰਡਾਂ 'ਤੇ ਲਾਈ ਰੋਕ ਦਾ ਰੌਲਾ ਪਿਆ ਸੀ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਿਸ਼ੇਸ਼ ਸਕੱਤਰ ਨੇ ਰਾਜ ਭਰ ਦੇ ਵਧੀਕ ਡਿਪਟੀ ਕਮਿਸ਼ਨਰਾਂ (ਵਿਕਾਸ) ਅਤੇ ਜ਼ਿਲ੍ਹਾ ਵਿਕਾਸ ਤੇ ਪੰਚਾਇਤਾਂ ਅਫਸਰਾਂ ਨੂੰ ਪੱਤਰ ਜਾਰੀ ਕਰ ਦਿੱਤਾ ਹੈ ਕਿ ਵਰ੍ਹਾ 2021-22 ਦੌਰਾਨ ਗਰਾਂਟਾਂ 'ਤੇ ਜੋ ਰੋਕ ਲਗਾਈ ਗਈ ਸੀ, ਉਹ ਹੁਣ ਹਟਾਈ ਜਾਂਦੀ ਹੈ।

# 2021 'ਚ 5318 ਕਿਸਾਨਾਂ ਤੇ 5563 ਖੇਤ ਮਜ਼ਦੂਰਾਂ ਨੇ ਖੁਦਕੁਸ਼ੀ ਕੀਤੀ

**ਨਵੀਂ ਦਿੱਲੀ:** ਦਿਹਾੜੀਦਾਰਾਂ, ਸਵੈ ਰੁਜ਼ਗਾਰ ਵਾਲੇ ਲੋਕਾਂ, ਬੇਰੁਜ਼ਗਾਰਾਂ ਅਤੇ ਖੇਤੀਬਾੜੀ ਖੇਤਰ ਨਾਲ ਜੁੜੇ ਲੋਕਾਂ ਨੇ 2021 ਵਿਚ ਸਭ ਤੋਂ ਵੱਧ ਖੁਦਕੁਸ਼ੀਆਂ ਕੀਤੀਆਂ ਹਨ। ਇਹ ਜਾਣਕਾਰੀ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨ.ਸੀ.ਆਰ.ਬੀ.) ਦੀ ਰਿਪੋਰਟ ਵਿਚ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ 2021 ਕੋਵਿਡ-19 ਮਹਾਮਾਰੀ ਦਾ ਸਾਲ ਸੀ। ਰਿਪੋਰਟ ਅਨੁਸਾਰ ਦੇਸ਼ ਭਰ ਵਿਚ 2021 ਵਿਚ ਕੁੱਲ 1,64,033 ਲੋਕਾਂ ਨੇ ਖੁਦਕੁਸ਼ੀ ਕੀਤੀ ਹੈ। ਰਿਪੋਰਟ ਅਨੁਸਾਰ 2021 ਵਿਚ 1,18,979 ਮਰਦਾਂ ਨੇ ਖੁਦਕੁਸ਼ੀ ਕੀਤੀ, ਜਿਨ੍ਹਾਂ ਵਿਚੋਂ 37,751 ਦਿਹਾੜੀਦਾਰ, 18,803 ਸਵੈ ਰੁਜ਼ਗਾਰ ਅਤੇ 11,724 ਬੇਰੁਜ਼ਗਾਰ ਸਨ। ਅੰਕੜਿਆਂ ਅਨੁਸਾਰ 2021 ਵਿਚ 45,026 ਔਰਤਾਂ ਨੇ ਖੁਦਕੁਸ਼ੀ ਕੀਤੀ। ਖੇਤੀਬਾੜੀ ਖੇਤਰ ਨਾਲ ਸਬੰਧਤ 10,881 ਲੋਕਾਂ ਨੇ ਖੁਦਕੁਸ਼ੀ ਕੀਤੀ, ਜਿਨ੍ਹਾਂ ਵਿਚੋਂ 5,318 ਕਿਸਾਨ ਅਤੇ 5,563 ਖੇਤ ਮਜ਼ਦੂਰ ਸਨ। 5,318 ਕਿਸਾਨਾਂ ਵਿਚੋਂ 5107 ਮਰਦ ਅਤੇ 211 ਔਰਤਾਂ ਸਨ। 5,563 ਖੇਤ ਮਜ਼ਦੂਰਾਂ ਵਿਚੋਂ 5,121 ਮਰਦ ਅਤੇ 442 ਔਰਤਾਂ ਸਨ।

# ਮੂਸੇਵਾਲਾ ਕੇਸ ਵਿਚ ਸਚਿਨ ਥਾਪਨ ਅਜਰਬਾਇਜਾਨ 'ਚ ਗ੍ਰਿਫਤਾਰ

**ਮਾਨਸਾ:** ਮਾਨਸਾ ਪੁਲਿਸ ਦੀ ਚਾਰਜਸ਼ੀਟ ਵਿਚ ਸਿੱਧੂ ਮੂਸੇਵਾਲਾ ਦੇ ਕਾਤਲ ਵਜੋਂ ਨਾਮਜ਼ਦ ਤੇ ਇਸ ਕਤਲ ਦੇ ਮਾਸਟਰ ਮਾਈਂਡ ਲਾਰੈਂਸ ਬਿਸ਼ਨੋਈ ਦੇ ਭਾਣਜੇ ਸਚਿਨ ਥਾਪਨ ਨੂੰ ਅਜਰਬਾਇਜਾਨ ਵਿਚ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਦੇ ਨਾਲ ਹੀ ਇਹ ਜਾਣਕਾਰੀ ਵੀ ਮਿਲੀ ਹੈ ਕਿ ਲਾਰੈਂਸ ਬਿਸਨੋਈ ਦਾ ਭਰਾ ਅਨਮੋਲ ਬਿਸਨੋਈ ਕੈਨੇਡਾ ਤੋਂ ਕੀਨੀਆ ਚਲਾ ਗਿਆ ਹੈ, ਜਿਸ ਦੀ ਲੁਕੇਸ਼ਨ ਪੁਲਿਸ ਨੂੰ ਪਤਾ ਚੱਲ ਗਈ ਹੈ। ਇਹ ਦੋਵੇਂ ਫਰਜ਼ੀ ਪਾਸਪੋਰਟ ਜਰੀਏ ਸਿੱਧੂ ਮੂਸੇਵਾਲਾ ਦੇ ਕਤਲ ਤੋਂ ਪਹਿਲਾਂ ਭਾਰਤ ਛੱਡ ਗਏ ਸਨ।

ਪੰਜਾਬ ਪੁਲਿਸ ਨੂੰ ਜਾਣਕਾਰੀ ਮਿਲਣ ਤੋਂ ਬਾਅਦ ਕੇਂਦਰੀ ਵਿਦੇਸ਼ ਮੰਤਰਾਲੇ ਦੇ ਉਪਰਾਲੇ ਨਾਲ ਇਨ੍ਹਾਂ ਨੂੰ ਭਾਰਤ ਲਿਆਉਣ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਸੀ। ਪੰਜਾਬ ਪੁਲਿਸ ਨੇ ਵਿਦੇਸ਼ ਮੰਤਰਾਲੇ ਨੂੰ ਉਨ੍ਹਾਂ ਦੀ ਅਪਰਾਧਕ ਹਿਸਟਰੀ ਭੇਜੀ ਸੀ। ਸਚਿਨ ਥਾਪਨ ਨੇ ਸਿੱਧੂ ਮੂਸੇਵਾਲਾ ਦੇ ਕਤਲ ਦੀ ਜ਼ਿੰਮੇਵਾਰੀ ਵੀ ਟੀਵੀ ਚੈਨਲ ਰਾਹੀਂ ਲਈ ਸੀ।

ਪੁਲਿਸ ਦੇ ਅਧਿਕਾਰੀ ਨੇ ਦੱਸਿਆ ਕਿ ਮਾਨਸਾ ਪੁਲਿਸ ਵੱਲੋਂ ਸਿੱਧੂ ਮੂਸੇਵਾਲਾ ਦੀ ਚਾਰਜਸ਼ੀਟ ਵਿਚ ਸ਼ਾਮਲ ਵਿਦੇਸ਼ ਵਿਚ ਰਹਿੰਦੇ ਚਾਰੇ ਮੁਲਜ਼ਮਾਂ ਨੂੰ ਭਾਰਤ ਲਿਆਉਣ ਲਈ ਉਪਰਾਲੇ ਕੀਤੇ ਜਾ ਰਹੇ ਹਨ।

## ਪੰਜਾਬੀ ਨੌਜਵਾਨ ਕੈਨੇਡਾ ਹਾਦਸੇ 'ਚ ਹਲਾਕ

**ਮੋਗਾ:** ਬ੍ਰਿਟਿਸ਼ ਕੋਲੰਬੀਆ ਵਿਚ ਹੋਏ ਹਾਦਸੇ ਵਿਚ ਟਰੱਕ ਨੂੰ ਅੱਗ ਲੱਗਣ ਕਾਰਨ ਮੋਗਾ ਜ਼ਿਲ੍ਹੇ ਦੇ ਪਿੰਡ ਘੋਲੀਆ ਖੁਰਦ ਦੇ ਜਗਸੀਰ ਸਿੰਘ ਸੋਨੀ ਦੀ ਮੌਤ ਹੋ ਗਈ। ਜਗਸੀਰ ਸਿੰਘ ਉਰਫ ਸੋਨੀ (28) ਪੁੱਤਰ ਕੁਲਵੰਤ ਸਿੰਘ ਨੰਬਰਦਾਰ ਪਰਿਵਾਰ ਸਮੇਤ ਕਈ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਸੀ। ਜਾਣਕਾਰੀ ਅਨੁਸਾਰ ਪਸ਼ੂਆਂ ਨਾਲ ਭਰਿਆ ਟਰੱਕ ਗਲਤ ਪਾਸੇ ਤੋਂ ਆ ਕੇ ਜਗਸੀਰ ਸਿੰਘ ਦੇ ਟਰੱਕ ਵਿਚ ਵੱਜ ਗਿਆ ਅਤੇ ਟਰੱਕ ਨੂੰ ਅੱਗ ਲੱਗ ਗਈ ਜਿਸ ਕਾਰਨ ਜਗਸੀਰ ਸਿੰਘ ਦੀ ਮੌਤ ਹੋ ਗਈ। ਜਗਸੀਰ ਦੇ ਪਿੱਛੇ ਪਰਿਵਾਰ 'ਚ ਦੋ ਨਾਬਾਲਗ ਬੱਚੇ ਹਨ। ਹਾਦਸੇ ਦਾ ਪਤਾ ਲੱਗਦਿਆਂ ਹੀ ਪਿੰਡ ਤੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਪੱਤਰ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਸੇਵਾਮੁਕਤ ਕਰਮਚਾਰੀਆਂ 'ਤੇ ਅਧਾਰਿਤ ਸੇਵਾਮੁਕਤ ਕਰਮਚਾਰੀ ਵੈਲਫੇਅਰ ਐਸੋਸੀਏਸ਼ਨ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਕਮਿਸ਼ਨ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਕਰਵਾਉਣ ਲਈ ਭਾਰਤ ਸਰਕਾਰ ਨਾਲ ਆਪਣੇ ਅਸਰ ਰਸੂਖ ਦੀ ਵਰਤੋਂ ਕਰੇ।

ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ ਨੇ ਕਿਹਾ ਕਿ ਇਹ ਚੋਣਾਂ ਕਰਵਾਉਣ ਦਾ ਕੰਮ ਕੇਂਦਰ ਸਰਕਾਰ ਕੋਲ ਹੈ ਜਿਸ ਦੀ ਇਹ ਚੋਣਾਂ ਕਰਵਾਉਣ 'ਚ ਕੋਈ ਦਿਲਚਸਪੀ ਨਹੀਂ ਜਾਪਦੀ। ਉਨ੍ਹਾਂ ਅਪੀਲ ਕੀਤੀ ਕਿ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਸ਼੍ਰੋਮਣੀ ਕਮੇਟੀ ਦੀ ਚੋਣਾਂ ਕਰਵਾਉਣ ਦੇ ਉਪਰਾਲੇ ਕਰਨ।

# ਭਾਜਪਾ ਨੇ ਸਰਗਰਮੀ ਵਧਾਈ

*(ਪਹਿਲੇ ਸਫੇ ਦੀ ਬਾਕੀ)*

ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਜੇ ਪਿਛਲੇ ਹਫਤੇ ਹੀ ਪੰਜਾਬ ਦੀ ਫੇਰੀ ਲਾ ਕੇ ਗਏ ਹਨ ਤੇ ਸੂਤਰ ਦੱਸਦੇ ਹਨ ਕਿ ਸਤੰਬਰ ਮਹੀਨੇ 'ਚ ਮੁੜ ਪੰਜਾਬ ਦੌਰੇ 'ਤੇ ਆਉਣਗੇ। ਉਨ੍ਹਾਂ ਨੇ ਫ਼ਿਰੋਜ਼ਪੁਰ ਅਤੇ ਬਠਿੰਡਾ ਦੀ ਫੇਰੀ ਦੇ ਚਰਚੇ ਹਨ। ਭਾਜਪਾ ਦੀ ਕੋਸ਼ਿਸ਼ ਹੈ ਕਿ ਕਿਸਾਨ ਅੰਦੋਲਨ ਪਿੱਛੋਂ ਪਾਰਟੀ ਪ੍ਰਤੀ ਪੰਜਾਬੀਆਂ ਦੇ ਵਧੇ ਰੋਸ ਨੂੰ ਚੋਣਾਂ ਤੋਂ ਪਹਿਲਾਂ ਸ਼ਾਂਤ ਕੀਤਾ ਜਾਵੇ। ਦੂਜੇ ਪਾਸੇ ਭਗਵਾ ਧਿਰ ਮੁਲਕ ਵਿਚ ਆਮ ਆਦਮੀ ਪਾਰਟੀ ਦੀਆਂ ਵਧ ਰਹੀਆਂ ਸਰਗਰਮੀਆਂ ਤੋਂ ਵੀ ਫਿਕਰਮੰਦ ਹੈ। ਆਪ ਵੱਲੋਂ ਕੌਮੀ ਪਾਰਟੀ ਬਣਨ ਦਾ ਦਾਅਵਾ ਕੀਤਾ ਜਾ ਰਿਹਾ ਹੈ। ਇਸੇ ਸਾਲ ਦੇ ਅੰਤ ਵਿਚ ਭਾਜਪਾ ਸੱਤਾ ਵਾਲੇ ਸੂਬਿਆਂ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਵਿਚ ਵਿਧਾਨ ਸਭਾ ਚੋਣਾਂ ਹਨ।

ਆਪ ਨੇ ਇਨ੍ਹਾਂ ਸੂਬਿਆਂ ਵਿਚ ਸਰਗਰਮੀਆਂ ਵਧਾਈਆਂ ਹੋਈਆਂ ਹਨ ਤੇ ਇਹ ਚਰਚਾ ਹੈ ਕਿ ਜੇਕਰ ਪਾਰਟੀ ਨੂੰ ਚੰਗਾ ਹੁੰਗਾਰਾ ਮਿਲਦਾ ਹੈ ਤਾਂ 2024 ਦੀਆਂ ਲੋਕ ਸਭਾ ਚੋਣਾਂ ਵਿਚ ਭਗਵਾ ਧਿਰ ਲਈ ਵੱਡੀ ਚੁਣੌਤੀ ਖੜ੍ਹੀ ਹੋ ਸਕਦੀ ਹੈ। ਆਪ ਵੱਲੋਂ ਇਸ ਸਮੇਂ ਆਪਣੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਪ੍ਰਧਾਨ ਮੰਤਰੀ ਅਹੁਦੇ ਲਈ ਉਮੀਦਵਾਰ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬ ਤੇ ਦਿੱਲੀ ਵਿਚ ਆਪ ਦੀ ਸੱਤਾ ਹੈ। ਇਸ ਲਈ ਭਾਜਪਾ ਇਨ੍ਹਾਂ ਸੂਬਿਆਂ ਬਾਰੇ ਖਾਸ ਰਣਨੀਤੀ ਬਣਾ ਰਹੀ ਹੈ।

ਪ੍ਰਧਾਨ ਮੰਤਰੀ ਇਸ ਗੱਲ ਤੋਂ ਜਾਣੂ ਹਨ ਕਿ ਪੰਜਾਬ ਅਤੇ ਖ਼ਾਸਕਰ ਸਿੱਖ ਭਾਈਚਾਰੇ ਦੀ ਨਾਰਾਜ਼ਗੀ ਹਾਲੇ ਦੂਰ ਨਹੀਂ ਹੋਈ ਹੈ। ਪੇਂਡੂ ਪੰਜਾਬ ਦੇ ਮਨਾਂ ਵਿਚ ਪਈ ਦਰਾੜ ਭਰਨੀ ਭਾਜਪਾ ਲਈ ਸੌਖੀ ਨਹੀਂ ਹੈ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਚੱਲੇ ਸੰਘਰਸ਼ ਵਿਚ ਵੱਧ ਸ਼ਹਾਦਤਾਂ ਪੰਜਾਬ ਦੇ ਕਿਸਾਨਾਂ ਤੇ ਕਿਸਾਨਾਂ ਤੇ ਮਜ਼ਦੂਰਾਂ ਨੇ ਦਿੱਤੀਆਂ ਹਨ। ਪੰਜਾਬੀਆਂ ਦੇ ਗਿਲੇ ਦੂਰ ਕਰਨ ਲਈ ਕੇਂਦਰੀ ਵਜ਼ੀਰ ਮੀਨਾਕਸ਼ੀ ਲੇਖੀ ਨੇ ਗੁਰਦਾਸਪੁਰ ਹਲਕੇ ਦਾ ਦੌਰਾ ਕੀਤਾ ਹੈ ਜਦਕਿ ਪੰਜਾਬ ਭਾਜਪਾ ਦੇ ਇੰਚਾਰਜ ਅਤੇ ਕੇਂਦਰੀ ਮੰਤਰੀ ਗਜੇਂਦਰ ਸ਼ੇਖਾਵਤ ਨੇ ਸ੍ਰੀ ਆਨੰਦਪੁਰ ਸਾਹਿਬ ਲੋਕ ਸਭਾ ਹਲਕੇ ਦਾ ਦੌਰਾ ਕੀਤਾ। ਸਭ ਕੇਂਦਰੀ ਵਜ਼ੀਰਾਂ ਨੂੰ ਇਹ ਵੀ ਹਦਾਇਤ ਹੈ ਕਿ ਉਹ ਹਰ ਮਹੀਨੇ ਦੌਰੇ ਦੌਰਾਨ ਗੁਰੂ ਘਰਾਂ ਵਿਚ ਦਰਸ਼ਨਾਂ ਲਈ ਜ਼ਰੂਰ ਜਾਣ। ਸਟੇਜਾਂ 'ਤੇ ਸਿੱਖ ਚਿਹਰਿਆਂ ਨੂੰ ਅੱਗੇ ਰੱਖਣ ਦੀ ਵੀ ਹਦਾਇਤ ਹੈ।

# ਪੰਜਾਬ 'ਚ ਗੈਂਗਸਟਰਾਂ ਦੀ ਚੜ੍ਹਤ?

*(ਪਹਿਲੇ ਸਫੇ ਦੀ ਬਾਕੀ)*

ਗਾਇਕ ਮਨਕੀਰਤ ਔਲਖ ਨੂੰ ਹਰ ਹੀਲੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਦਵਿੰਦਰ ਬੰਬੀਹਾ ਦੇ ਸੋਸ਼ਲ ਮੀਡੀਆ ਅਕਾਊਂਟ ਰਾਹੀਂ ਦਿੱਤੀ ਗਈ ਇਸ ਧਮਕੀ ਵਿਚ ਕਿਹਾ ਗਿਆ ਹੈ ਕਿ ਉਕਤ ਤਿੰਨਾਂ ਨੂੰ ਮਾਰੇ ਬਿਨਾਂ ਉਸ ਦੀ ਆਤਮਾ ਨੂੰ ਸ਼ਾਂਤੀ ਨਹੀਂ ਮਿਲੇਗੀ। ਇਹ ਵੀ ਕਿਹਾ ਪੰਜਾਬੀ ਗਾਇਕ ਮਨਕੀਰਤ ਔਲਖ ਚਾਹੇ ਕਿਤੇ ਵੀ ਜਾ ਕੇ ਲੁਕ ਜਾਵੇ, ਉਸ ਨੂੰ ਮਾਰ ਦਿੱਤਾ ਜਾਵੇਗਾ। ਸਿੱਧੂ ਮੂਸੇਵਾਲਾ ਕਤਲ ਕੇਸ ਵਿਚ ਪੁੱਛ-ਗਿੱਛ ਲਈ ਦਿੱਲੀ ਤੋਂ ਲਿਆਂਦੇ ਲਾਰੈਂਸ ਬਿਸ਼ਨੋਈ ਤੇ ਜੱਗੂ ਭਗਵਾਨਪੁਰੀਆ ਨੂੰ ਪੇਸ਼ 'ਤੇ ਲਿਜਾਣ ਮੌਕੇ ਪੰਜਾਬ ਪੁਲਿਸ ਵੱਲੋਂ ਬੁਲੇਟ ਪਰੂਫ ਗੱਡੀਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਪਰ ਬੰਬੀਹਾ ਗੈਂਗ ਵੱਲੋਂ ਦਿੱਤੀ ਗਈ ਧਮਕੀ ਮਗਰੋਂ ਪੰਜਾਬ ਪੁਲਿਸ ਨੇ ਦੋਵੇਂ ਗੈਂਗਸਟਰਾਂ ਦੀ ਸੁਰੱਖਿਆ ਹੋਰ ਵਧਾ ਦਿੱਤੀ ਹੈ। ਪੁਲਿਸ ਨੂੰ ਇਹ ਵੀ ਜਾਣਕਾਰੀ ਮਿਲੀ ਹੈ ਕਿ ਬੰਬੀਹਾ ਗੈਂਗ ਅਦਾਲਤੀ ਸਟਾਫ ਸਣੇ ਵਕੀਲਾਂ ਦੀ ਆੜ ਹੇਠ ਵੀ ਹਮਲਾ ਕਰ ਸਕਦਾ ਹੈ। ਫਿਲਹਾਲ ਕੇਂਦਰੀ ਗ੍ਰਹਿ ਮੰਤਰਾਲੇ ਵੱਲੋਂ ਚੌਕਸ ਕੀਤੇ ਜਾਣ ਪਿੱਛੋਂ ਪੰਜਾਬ ਪੁਲਿਸ ਦੀ ਸਿਰਦਰਦੀ ਵਧ ਗਈ ਹੈ। ਕਿਉਂਕਿ ਅਦਾਲਤ ਨੇ ਸੁਰੱਖਿਆ ਦਾ ਭਰੋਸਾ ਲੈ ਕੇ ਦਿੱਲੀ ਦੀ ਜੇਲ੍ਹ ਵਿਚ ਬੈਠੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਪੰਜਾਬ ਪੁਲਿਸ ਹਵਾਲੇ ਕੀਤਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਬੇਅਦਬੀ ਕਾਂਡ: ਕੈਬਨਿਟ ਮੰਤਰੀ ਨੇ ਸੁਖਬੀਰ 'ਤੇ ਨਿਸ਼ਾਨਾ ਸਾਧਿਆ



**ਚੰਡੀਗੜ੍ਹ:** ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸਾਬਕਾ ਉਪ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਬੇਅਦਬੀ ਤੇ ਗੋਲੀ ਕਾਂਡ ਦੀਆਂ ਘਟਨਾਵਾਂ ਵਿਚ ਸਿੱਖ ਸੰਗਤ ਨੂੰ ਛੇਤੀ ਇਨਸਾਫ ਦੇਵੇਗੀ।

ਇਨ੍ਹਾਂ ਘਟਨਾਵਾਂ ਦੀ ਪਿਛਲੇ ਸਮੇਂ ਦੌਰਾਨ ਨਿਰਪੱਖ ਜਾਂਚ ਨਹੀਂ ਹੋ ਸਕੀ ਕਿਉਂਕਿ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਆਪਣੇ ਸਵਾਰਥਾਂ ਲਈ ਘਿਉ ਖਿਚੜੀ ਸਨ।

ਸ੍ਰੀ ਧਾਲੀਵਾਲ ਨੇ ਕਿਹਾ ਕਿ ਕਾਂਗਰਸ ਤੇ ਅਕਾਲੀ ਸਰਕਾਰਾਂ ਦੇ ਨਾਪਾਕ ਇਰਾਦਿਆਂ ਕਾਰਨ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲੇ ਅਤੇ ਉਸ ਤੋਂ ਬਾਅਦ ਗੋਲੀ ਕਾਂਡ ਵਿਚ ਸ਼ਹੀਦ ਹੋਏ ਲੋਕਾਂ ਨੂੰ ਹਾਲੇ ਤੱਕ ਨਿਆਂ ਨਹੀਂ ਮਿਲ ਸਕਿਆ। ਸ੍ਰੀ ਧਾਲੀਵਾਲ ਨੇ ਸੁਖਬੀਰ ਬਾਦਲ ਵੱਲੋਂ ਗੋਲੀ ਚਲਾਉਣ ਦੇ ਹੁਕਮਾਂ ਤੋਂ ਇਨਕਾਰ ਕਰਨ ਦੇ ਸੁਆਲ 'ਤੇ ਕਿਹਾ ਕਿ ਸੁਖਬੀਰ ਬਾਦਲ ਝੂਠ ਬੋਲ ਰਹੇ ਹਨ ਕਿਉਂਕਿ ਕੋਈ ਵੀ ਪੁਲਿਸ ਅਧਿਕਾਰੀ ਮੁੱਖ ਮੰਤਰੀ ਜਾਂ ਗ੍ਰਹਿ ਮੰਤਰੀ ਦੀ ਇਜਾਜ਼ਤ ਤੋਂ ਬਿਨਾਂ ਗੋਲੀ ਨਹੀਂ ਚਲਾ ਸਕਦਾ। ਹੁਣ 'ਸਿਟ' (ਵਿਸ਼ੇਸ਼ ਜਾਂਚ ਟੀਮ) ਨੇ ਸ੍ਰੀ ਬਾਦਲ ਨੂੰ ਤਲਬ ਕੀਤਾ ਹੈ ਅਤੇ ਨਿਰਪੱਖ ਜਾਂਚ ਦੌਰਾਨ ਸਾਰੇ ਤੱਥ ਸਾਹਮਣੇ ਆ ਜਾਣਗੇ।

ਉਨ੍ਹਾਂ ਨੇ ਸੁਖਬੀਰ ਬਾਦਲ ਨੂੰ ਇਹ ਸਪੱਸ਼ਟ ਕਰਨ ਦੀ ਚੁਣੌਤੀ ਦਿੱਤੀ ਕਿ ਕੀ ਗੋਲੀਬਾਰੀ ਵਾਲੇ ਦਿਨ ਕੋਟਕਪੂਰਾ ਵਿਚ ਮੌਜੂਦ ਅਧਿਕਾਰੀ ਉਨ੍ਹਾਂ ਦੇ ਸੰਪਰਕ ਵਿਚ ਸਨ। ਕਿਸ ਦੇ ਹੁਕਮ 'ਤੇ ਅਫਸਰਾਂ ਨੇ ਗੋਲੀ ਚਲਾਈ, ਕੀ ਉਸ ਨੇ ਅਫਸਰਾਂ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਗ੍ਰਹਿ ਮੰਤਰੀ ਹੋਣ ਦੇ ਨਾਤੇ, ਕੀ ਅਧਿਕਾਰੀਆਂ ਨੇ ਉਨ੍ਹਾਂ ਨੂੰ ਸੂਚਿਤ ਕੀਤਾ। ਜੇ ਅਫਸਰਾਂ ਨੇ ਖ਼ੁਦ ਹੀ ਗੋਲੀ ਚਲਾਈ ਤਾਂ ਬਤੌਰ ਗ੍ਰਹਿ ਮੰਤਰੀ ਸੁਖਬੀਰ ਨੇ ਉਨ੍ਹਾਂ ਖ਼ਿਲਾਫ਼ ਕੀ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਛੇਤੀ ਕਾਨੂੰਨ ਅਨੁਸਾਰ ਮੁਲਜ਼ਮਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

### ਬੇਅਦਬੀ ਮਾਮਲਾ ਹੱਲ ਕਰਨਾ ਨਹੀਂ ਚਾਹੁੰਦੀ 'ਆਪ' ਸਰਕਾਰ: ਮੰਡ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਆਖਿਆ ਕਿ ਬੇਅਦਬੀ ਮਾਮਲੇ ਵਿਚ ਇਨਸਾਫ ਪ੍ਰਾਪਤ ਕਰਨ ਅਤੇ ਸਿੱਖ ਕੌਮ ਦੇ ਬਿਹਤਰ ਭਵਿੱਖ ਵਾਸਤੇ ਅਗਲੀ ਰਣਨੀਤੀ ਉਲੀਕਣ ਲਈ 2 ਅਕਤੂਬਰ ਨੂੰ ਮੋਗਾ ਵਿਚ ਸਿੱਖ ਜਥੇਬੰਦੀਆਂ ਦੀ ਇਕ ਵੱਡੀ ਮੀਟਿੰਗ ਸੱਦੀ ਹੈ। ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਭਾਈ ਮੰਡ ਨੇ ਦੋਸ਼ ਲਾਇਆ ਇਸ ਮਾਮਲੇ ਵਿਚ ਹੁਣ ਤੱਕ ਕੋਈ ਵੀ ਸਰਕਾਰ ਸੁਹਿਰਦ ਸਾਬਤ ਨਹੀਂ ਹੋਈ ਅਤੇ 'ਆਪ' ਸਰਕਾਰ ਵੀ ਇਹ ਮਾਮਲਾ ਹੱਲ ਕਰਨਾ ਹੀ ਨਹੀਂ ਚਾਹੁੰਦੀ।

### ਸੁਖਬੀਰ 'ਤੇ ਮੁਲਜ਼ਮਾਂ ਦੀ ਸਰਪ੍ਰਸਤੀ ਕਰਨ ਦੇ ਦੋਸ਼

**ਚੰਡੀਗੜ੍ਹ:** 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ 'ਤੇ ਬੇਅਦਬੀ ਅਤੇ ਗੋਲੀ ਕਾਂਡ ਦੇ ਮੁਲਜ਼ਮਾਂ ਦੀ ਕਥਿਤ ਸਰਪ੍ਰਸਤੀ ਕਰਨ ਦੇ ਦੋਸ਼ ਲਗਾਏ ਹਨ। ਸ੍ਰੀ ਕੰਗ ਨੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਵਾਲੀ ਘਟਨਾ ਮਗਰੋਂ 2015 'ਚ ਵਾਪਰੇ ਕੋਟਕਪੂਰਾ ਗੋਲੀਬਾਰੀ ਮਾਮਲੇ ਵਿਚ ਚੱਲ ਰਹੀ ਜਾਂਚ 'ਚ ਸੁਖਬੀਰ ਬਾਦਲ ਦਾ ਨਾਮ ਆ ਰਿਹਾ ਹੈ, ਜਿਸ ਲਈ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੂੰ ਪੁੱਛ-ਪੜਤਾਲ ਲਈ ਤਲਬ ਕੀਤਾ ਹੈ। ਉਨ੍ਹਾਂ ਆਸ ਜਤਾਈ ਕਿ ਸਿੱਟ ਦੇ ਸੰਮਨ ਤੋਂ ਬਾਅਦ ਸੁਖਬੀਰ ਬਾਦਲ ਸਪੱਸ਼ਟ ਕਰਨਗੇ ਕਿ ਸ਼ਾਂਤਮਈ ਪ੍ਰਦਰਸ਼ਨ ਕਰ ਰਹੀ ਸਿੱਖ ਸੰਗਤ 'ਤੇ ਗੋਲੀ ਚਲਾਉਣ ਦਾ ਹੁਕਮ ਕਿਸ ਨੇ ਦਿੱਤਾ ਸੀ ਤੇ ਕਿਸ ਨੇ ਡੇਰਾ ਮੁਖੀ ਨਾਲ ਮਿਲ ਕੇ ਸਾਜ਼ਿਸ਼ ਰਚੀ ਸੀ।

## ਹਜ਼ੂਰ ਸਾਹਿਬ ਤੇ ਪਟਨਾ ਲਈ ਘਰੇਲੂ ਉਡਾਣਾਂ ਮੁੜ ਸ਼ੁਰੂ ਕਰਨ ਦੀ ਮੰਗ

**ਫਗਵਾੜਾ:** ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕੇਂਦਰੀ ਹਵਾਬਾਜ਼ੀ ਮੰਤਰੀ ਜੋਤਿਰਾਦਿੱਤਿਆ ਸਿੰਧੀਆ ਨੂੰ ਪੱਤਰ ਲਿਖ ਕੇ ਮੰਗ ਕੀਤੀ ਨਾਂਦੇੜ ਸਥਿਤ ਗੁਰਦੁਆਰਾ ਹਜ਼ੂਰ ਸਾਹਿਬ (ਮਹਾਰਾਸ਼ਟਰ) ਤੇ ਤਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਲਈ ਘਰੇਲੂ ਉਡਾਣਾਂ ਸ਼ੁਰੂ ਕੀਤੀਆਂ ਜਾਣ।

ਉਨ੍ਹਾਂ ਕਿਹਾ ਕਿ ਕੋਵਿਡ-19 ਵੇਲੇ ਭਾਰਤ ਸਰਕਾਰ ਵੱਲੋਂ ਹਜ਼ੂਰ ਸਾਹਿਬ ਤੇ ਪਟਨਾ ਸਾਹਿਬ ਨੂੰ ਵੱਖ-ਵੱਖ ਸ਼ਹਿਰਾਂ ਤੋਂ ਜਾਣ ਵਾਲੀਆਂ ਹਵਾਈ



ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਜੇਕਰ ਉਡਾਣਾਂ ਚਾਲੂ ਨਾ ਕੀਤੀਆਂ ਗਈਆਂ ਤਾਂ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਇਸ ਮਾਮਲੇ ਨੂੰ ਨਾਲ ਉਠਾਇਆ ਜਾਵੇਗਾ। ਸੰਤ ਸੀਚੇਵਾਲ ਨੇ ਪੱਤਰ 'ਚ ਕਿਹਾ ਕਿ ਪੰਜਾਬ ਵਾਸੀਆਂ ਤੇ ਸਿੱਖ ਕੌਮ ਦੀ ਮੰਗ ਨੂੰ ਧਿਆਨ 'ਚ ਰੱਖਦੇ ਹੋਏ ਅੰਮ੍ਰਿਤਸਰ, ਆਦਮਪੁਰ ਤੇ ਚੰਡੀਗੜ੍ਹ ਦੇ ਹਵਾਈ ਅੱਡਿਆਂ ਤੋਂ ਇਨ੍ਹਾਂ ਉਡਾਣਾਂ ਨੂੰ ਚਾਲੂ ਕਰਵਾਇਆ ਜਾਵੇ।

## ਝੂਠਾ ਮੁਕਾਬਲਾ: ਤਿੰਨ ਦਹਾਕਿਆਂ ਪਿੱਛੋਂ ਮਿਲਿਆ ਨਿਆਂ

**ਚੰਡੀਗੜ੍ਹ:** ਸੀ.ਬੀ.ਆਈ. ਦੀ ਇਸ ਵਿਸ਼ੇਸ਼ ਅਦਾਲਤ ਨੇ ਲਗਭਗ ਤਿੰਨ ਦਹਾਕੇ ਪਹਿਲਾਂ ਝੂਠੇ ਪੁਲਿਸ ਮੁਕਾਬਲੇ ਦੇ ਕੇਸ ਵਿਚ ਪੰਜਾਬ ਪੁਲਿਸ ਦੇ ਡੀ.ਐਸ.ਪੀ (ਸੇਵਾਮੁਕਤ) ਕ੍ਰਿਸ਼ਨ ਸਿੰਘ ਅਤੇ ਸਬ ਇੰਸਪੈਕਟਰ (ਸੇਵਾਮੁਕਤ) ਤਰਸੇਮ ਲਾਲ ਨੂੰ ਦੋਸ਼ੀ ਕਰਾਰ ਦਿੰਦਿਆਂ ਉਮਰ ਕੈਦ ਦੀ ਸਜ਼ਾ ਅਤੇ 2-2 ਲੱਖ ਰੁਪਏ ਜੁਰਮਾਨਾ ਕੀਤਾ ਹੈ। ਮੁਹਾਲੀ ਦੀ ਵਿਸ਼ੇਸ਼ ਅਦਾਲਤ ਦੇ ਫੈਸਲੇ ਨੇ ਪੰਜਾਬ ਅੰਦਰ ਖਾੜਕੂਵਾਦ ਦੇ ਦੌਰ ਦੇ ਹਾਲਾਤ ਮੁੜ ਯਾਦ ਕਰਵਾ ਦਿੱਤੇ ਹਨ।

ਮਾਮਲਾ 90ਵਿਆਂ ਦਾ ਹੈ ਜਦੋਂ ਮੱਧ ਪ੍ਰਦੇਸ਼ ਪੁਲਿਸ ਨੇ ਸੱਤ ਸਿੱਖ ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਸੀ। ਇਨ੍ਹਾਂ ਵਿਚੋਂ ਪੰਜ ਨੌਜਵਾਨਾਂ ਨੂੰ ਅੰਮ੍ਰਿਤਸਰ ਪੁਲਿਸ ਪੰਜਾਬ ਲੈ ਆਈ ਸੀ। ਪੁਲਿਸ ਅਨੁਸਾਰ 13 ਦਸੰਬਰ 1992 ਵਾਲੇ ਦਿਨ ਨੌਜਵਾਨਾਂ ਨੂੰ ਹਥਿਆਰ ਬਰਾਮਦ ਕਰਨ ਲਈ ਲਿਜਾਇਆ ਜਾ ਰਿਹਾ ਸੀ ਤਾਂ ਅੰਮ੍ਰਿਤਸਰ ਜ਼ਿਲ੍ਹੇ ਦੇ ਧਰਦਿਓ ਪਿੰਡ ਨੇੜੇ ਖਾੜਕੂਆਂ ਨੇ ਫਾਇਰਿੰਗ ਕਰ ਦਿੱਤੀ ਜਿਸ ਵਿਚ ਸਾਹਿਬ ਸਿੰਘ, ਬਲਵਿੰਦਰ ਸਿੰਘ ਅਤੇ ਦਲਬੀਰ ਸਿੰਘ ਸਮੇਤ ਇਕ ਹੋਰ



ਅਣਪਛਾਤੇ ਵਿਅਕਤੀ (ਖਾੜਕੂ) ਦੀ ਮੌਤ ਹੋ ਗਈ।

ਪੀੜਤ ਪਰਿਵਾਰ ਪੁਲਿਸ ਦੀ ਕਹਾਣੀ ਨਾਲ ਸਹਿਮਤ ਨਹੀਂ ਹੋਏ। ਉਨ੍ਹਾਂ ਹਰ ਥਾਂ ਚਾਰਾਜੋਈ ਕੀਤੀ। ਪੀੜਤ ਪਰਿਵਾਰ ਇਨਸਾਫ ਲਈ ਅਪੀਲ ਕਰਦੇ ਰਹੇ ਪਰ ਉਨ੍ਹਾਂ ਦੀ ਸੁਣੀ ਨਹੀਂ ਗਈ। ਬਾਅਦ ਵਿਚ ਉਨ੍ਹਾਂ ਨੇ ਇਨਸਾਫ ਲਈ ਸੁਪਰੀਮ ਕੋਰਟ ਦਾ ਬੂਹਾ ਖੜਕਾਇਆ। ਇਸ ਸਬੰਧੀ ਮ੍ਰਿਤਕ ਸਾਹਿਬ ਸਿੰਘ ਵਾਸੀ ਪਿੰਡ ਚੁੱਗ (ਅੰਮ੍ਰਿਤਸਰ) ਦੇ ਪਿਤਾ ਕਾਹਨ ਸਿੰਘ ਦੀ ਸ਼ਿਕਾਇਤ 'ਤੇ ਸੁਪਰੀਮ ਕੋਰਟ ਨੇ ਸਾਲ 1995 ਵਿਚ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਸੀ। ਸੀ.ਬੀ.ਆਈ. ਨੇ ਮੁਢਲੀ ਜਾਂਚ ਵਿਚ ਉਕਤ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਦੋਵੇਂ ਪੁਲਿਸ ਅਫਸਰਾਂ ਨੂੰ ਇਸ ਮੁਕਾਬਲੇ ਲਈ ਜ਼ਿੰਮੇਵਾਰ ਮੰਨਦੇ ਹੋਏ ਉਨ੍ਹਾਂ ਖ਼ਿਲਾਫ਼ ਕੇਸ ਦਰਜ ਕੀਤਾ ਸੀ। ਇਸ ਕੇਸ ਦੀ ਸੁਣਵਾਈ ਮੁਹਾਲੀ ਸਥਿਤ ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਆਰ ਕੇ ਗੁਪਤਾ ਦੀ ਅਦਾਲਤ ਵਿਚ ਚੱਲ ਰਹੀ ਸੀ। ਅਦਾਲਤ ਨੇ 16 ਅਗਸਤ ਨੂੰ ਸਾਬਕਾ ਡੀ.ਐਸ.ਪੀ. ਕ੍ਰਿਸ਼ਨ ਸਿੰਘ ਅਤੇ ਸਾਬਕਾ ਸਬ ਇੰਸਪੈਕਟਰ ਤਰਸੇਮ ਲਾਲ ਖ਼ਿਲਾਫ਼ ਦੋਸ਼ ਤੈਅ ਕੀਤੇ ਸਨ। ਮ੍ਰਿਤਕ ਨੌਜਵਾਨ ਸਾਹਿਬ ਸਿੰਘ ਦੇ ਵੱਡੇ ਭਰਾ ਸਰਤਾਜ ਸਿੰਘ ਅਤੇ ਮ੍ਰਿਤਕ ਬਲਵਿੰਦਰ ਸਿੰਘ ਦੇ ਭਤੀਜੇ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰਾਂ ਨੂੰ ਤਿੰਨ ਦਹਾਕੇ ਬਾਅਦ ਇਨਸਾਫ ਮਿਲਿਆ ਹੈ।

## ਮਦਰੱਸਿਆਂ ਦੀ ਤਰਜ਼ 'ਤੇ ਸਿੱਖ ਵਿਦਿਅਕ ਅਦਾਰਿਆਂ ਲਈ ਵਿੱਤੀ ਮਦਦ ਮੰਗੀ

**ਅੰਮ੍ਰਿਤਸਰ:** ਭਾਜਪਾ ਦੇ ਸਿੱਖ ਆਗੂ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਕੇਂਦਰ ਸਰਕਾਰ ਨੂੰ ਇਸਲਾਮਿਕ ਵਿਦਿਅਕ ਅਦਾਰੇ 'ਮਦਰੱਸਿਆਂ' ਦੀ ਤਰਜ਼ 'ਤੇ ਸਿੱਖ ਵਿਦਿਅਕ ਅਦਾਰਿਆਂ ਨੂੰ ਵਿੱਤੀ ਸਹਾਇਤਾ ਦੇਣ ਦੀ ਅਪੀਲ ਕੀਤੀ ਹੈ। ਇਹ ਅਪੀਲ ਉਨ੍ਹਾਂ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਭਾਜਪਾ ਸੰਸਦੀ ਕਮੇਟੀ ਤੇ ਕੇਂਦਰੀ ਚੋਣ ਕਮੇਟੀ ਦੇ ਮੈਂਬਰ ਇਕਬਾਲ ਸਿੰਘ ਲਾਲਪੁਰਾ ਨਾਲ ਮੁਲਾਕਾਤ ਸਮੇਂ ਕੀਤੀ। ਉਨ੍ਹਾਂ ਕਿਹਾ ਕਿ ਇਸ ਕਮਿਸ਼ਨ ਨੇ ਮੁਸਲਿਮ ਅਤੇ ਈਸਾਈ ਭਾਈਚਾਰੇ ਵੱਲ ਵਿਸ਼ੇਸ਼ ਧਿਆਨ ਦਿੱਤਾ ਹੈ ਜਦਕਿ ਸਿੱਖ ਕੌਮ ਦੀਆਂ ਸਮੱਸਿਆਵਾਂ ਅਤੇ ਲੋੜਾਂ ਨੂੰ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੁਸਲਿਮ ਭਾਈਚਾਰੇ ਦੇ ਲੋਕਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਕਮਿਸ਼ਨ ਵੱਲੋਂ ਇਕ ਨਵੀਂ ਪਹਿਲਕਦਮੀ ਵਜੋਂ ਇਸਲਾਮੀ ਸਿੱਖਿਆ ਪ੍ਰਣਾਲੀ ਦੇ ਅਨਿੱਖੜਵੇਂ ਅੰਗ ਮਦਰੱਸਿਆਂ ਨੂੰ ਵੱਡੀ ਵਿੱਤੀ ਸਹਾਇਤਾ ਦਿੱਤੀ ਜਾ ਰਹੀ ਹੈ।

## ਦੋ ਸੰਵਿਧਾਨ ਕੇਸ: ਸੁਣਵਾਈ ਫਿਰ ਟਲੀ

**ਹੁਸ਼ਿਆਰਪੁਰ:** ਸ਼੍ਰੋਮਣੀ ਅਕਾਲੀ ਦਲ ਵੱਲੋਂ ਦੋ ਸੰਵਿਧਾਨ ਰੱਖਣ ਦੇ ਮਾਮਲੇ ਵਿਚ ਹੁਸ਼ਿਆਰਪੁਰ ਦੇ ਵਧੀਕ ਚੀਫ ਜੁਡੀਸ਼ਲ ਮੈਜਿਸਟਰੇਟ ਰੁਪਿੰਦਰ ਸਿੰਘ ਦੀ ਅਦਾਲਤ ਵਿਚ ਅਕਾਲੀ ਦਲ ਦੇ ਸਕੱਤਰ ਜਨਰਲ ਦਲਜੀਤ ਸਿੰਘ ਚੀਮਾ ਪੇਸ਼ ਹੋਏ ਜਦਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਹੁਣ ਵੀ ਅਦਾਲਤ ਵਿਚ ਹਾਜ਼ਰ ਨਹੀਂ ਹੋਏ।

ਸ਼੍ਰੋਮਣੀ ਅਕਾਲੀ ਦਲ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਦੇ ਪੇਸ਼ ਨਾ ਹੋਣ ਕਾਰਨ ਬਹਿਸ ਵੀ ਮੁਲਤਵੀ ਕਰ ਦਿੱਤੀ ਗਈ ਅਤੇ ਅਗਲੀ ਸੁਣਵਾਈ 3 ਸਤੰਬਰ ਤੈਅ ਕੀਤੀ ਗਈ। ਸ਼ਿਕਾਇਤਕਰਤਾ ਬਲਵੰਤ ਸਿੰਘ ਖੇੜਾ ਦੇ ਵਕੀਲਾਂ ਐਡਵੋਕੇਟ ਬੀ.ਐਸ. ਰਿਆੜ ਅਤੇ ਐਡਵੋਕੇਟ ਹਿਤੇਸ਼ ਪੁਰੀ ਨੇ ਦੱਸਿਆ ਕਿ ਦੂਜੀ ਧਿਰ ਵੱਲੋਂ ਮਾਮਲਾ ਲਟਕਾਉਣ ਲਈ ਜਾਣ-ਬੁੱਝ ਕੇ ਅਜਿਹਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 12 ਸਾਲਾਂ ਬਾਅਦ ਜਦੋਂ ਇਹ ਕੇਸ ਅਹਿਮ ਪੜਾਅ 'ਤੇ ਪਹੁੰਚ ਚੁੱਕਿਆ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਕੇਸ ਨੂੰ ਲਟਕਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਮਾਮਲੇ 'ਚ ਮੁਲਜ਼ਮ ਕਰਾਰ ਦਿੱਤੇ ਗਏ ਅਕਾਲੀ ਦਲ ਦੇ ਸਰਪ੍ਰਸਤ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸਕੱਤਰ ਜਨਰਲ ਦਲਜੀਤ ਸਿੰਘ ਚੀਮਾ ਪਿਛਲੀਆਂ ਤਰੀਕਾਂ 'ਤੇ ਅਦਾਲਤ 'ਚ ਪੇਸ਼ ਹੋ ਕੇ ਆਪਣੀਆਂ ਜ਼ਮਾਨਤਾਂ ਕਰਵਾ ਚੁੱਕੇ ਹਨ। ਐਡਵੋਕੇਟ ਬੀ.ਐਸ. ਰਿਆੜ ਅਤੇ ਐਡਵੋਕੇਟ ਹਿਤੇਸ਼ ਪੁਰੀ ਨੇ ਦੱਸਿਆ ਕਿ ਬਲਵੰਤ ਸਿੰਘ ਖੇੜਾ ਤੇ ਓਮ ਸਿੰਘ ਸਟਿਆਣਾ ਵੱਲੋਂ ਸਾਲ 2009 'ਚ ਕੀਤੀ ਗਈ ਸ਼ਿਕਾਇਤ 'ਤੇ ਉਕਤ ਆਗੂਆਂ ਖਿਲਾਫ਼ ਸਾਜ਼ਿਸ਼ ਕਰਨ, ਧੋਖਾਧੜੀ ਤੇ ਜਾਅਲਸਾਜ਼ੀ ਦਾ ਕੇਸ ਚੱਲ ਰਿਹਾ ਹੈ।

## ਬੰਦੀ ਸਿੰਘਾਂ ਦੀ ਰਿਹਾਈ ਲਈ ਵਫ਼ਦ ਕੇਂਦਰ ਸਰਕਾਰ ਦੇ ਨੁਮਾਇੰਦਿਆਂ ਨੂੰ ਮਿਲੇਗਾ

**ਪਟਿਆਲਾ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਲਵੇ ਵਿਚ ਧਰਮ ਪ੍ਰਚਾਰ ਤੇਜ ਕਰਨ ਤੇ ਕਈ ਦਹਾਕਿਆਂ ਤੋਂ ਦੇਸ਼ ਦੀਆਂ ਵੱਖੋ-ਵੱਖਰੀਆਂ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਪਟਿਆਲਾ ਵਿਖੇ ਵੱਡਾ ਇਕੱਠ ਕੀਤਾ ਗਿਆ।

ਇਕੱਠ ਨੂੰ ਸੰਬੋਧਨ ਕਰਦਿਆਂ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਜਦੋਂ ਵੀ ਧਰਮ ਉਤੇ ਸੰਕਟ ਦੇ ਬੱਦਲ ਮੰਡਰਾਏ, ਉਦੋਂ ਕੌਮ ਦੇ ਜੁਝਾਰੂ ਸਿੱਖਾਂ ਨੇ ਸੁਚੱਜੇ ਢੰਗ ਨਾਲ ਕਮਾਨ ਸੰਭਾਲੀ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ ਉਤੇ ਉਹ ਲਗਾਤਾਰ ਕੇਂਦਰ ਸਰਕਾਰ ਨਾਲ ਸੰਪਰਕ ਕਰ ਕਾਨੂੰਨੀ ਪ੍ਰਕਿਰਿਆ ਪੂਰੀ ਕਰਨ ਦੇ ਯਤਨ ਕਰ ਰਹੇ ਹਨ। ਜਲਦੀ ਵੱਡੇ ਪੰਥਕ ਵਫ਼ਦ ਨਾਲ ਭਾਰਤ ਸਰਕਾਰ ਦੇ ਨੁਮਾਇੰਦਿਆਂ ਨੂੰ ਮਿਲਣਗੇ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਜਿਸ ਤਰ੍ਹਾਂ 2022 ਦੀਆਂ ਵਿਧਾਨ ਸਭਾਈ ਚੋਣਾਂ ਦੌਰਾਨ ਸੂਬਾ ਵਾਸੀਆਂ ਨੇ ਪੰਜਾਬ ਵਿਰੋਧੀ ਤਾਕਤਾਂ ਦੀ ਪਛਾਣ ਕਰ ਘਰ ਬਿਠਾਇਆ, ਉਨ੍ਹਾਂ ਨੂੰ ਹੁਣ ਤਿਆਰ ਹੁੰਦੀ ਨਵੀਂ ਪੰਥਕ ਸਫ ਸਿਰ ਨਹੀਂ ਚੁੱਕਣ ਦੇਵੇਗੀ। ਚੇਅਰਮੈਨ ਭਾਈ ਮਨਜੀਤ ਸਿੰਘ ਭੋਮਾ ਮੁਤਾਬਕ ਧਰਮ ਪ੍ਰਚਾਰ ਵਿਚ ਆਈ ਖੜੋਤ ਨੂੰ ਪਿੰਡ ਪੱਧਰ ਤੱਕ ਪਹੁੰਚਾਉਣ ਲਈ ਗੁਰੂ ਸਾਹਿਬਾਨ ਵੱਲੋਂ ਦਰਸਾਏ ਮਾਰਗ ਉਤੇ ਪਹਿਰੇਦਾਰੀ ਕਰਨ ਲਈ ਪੂਰੀ ਵਾਹ ਲਾਉਣਗੇ।

## ਪੰਜਾਬੀ ਯੂਨੀਵਰਸਿਟੀ ਨੇ ਧਾਰਮਿਕ ਪੁਸਤਕਾਂ ਦੀ ਬੇਅਦਬੀ ਦੇ ਦੋਸ਼ ਨਕਾਰੇ

**ਪਟਿਆਲਾ:** ਪੰਜਾਬੀ ਯੂਨੀਵਰਸਿਟੀ ਵਿਚਲੀ 'ਡਾ. ਗੰਡਾ ਸਿੰਘ ਰੈਂਫਰੈਂਸ ਲਾਇਬ੍ਰੇਰੀ' ਵਿਚ ਧਾਰਮਿਕ ਪੁਸਤਕਾਂ ਦੀ ਕਥਿਤ ਬੇਅਦਬੀ ਹੋਣ ਦੇ ਦੋਸ਼ ਲਾਉਂਦਿਆਂ 'ਸੈਫੀ' ਨਾਮ ਦੀ ਵਿਦਿਆਰਥੀ ਜਥੇਬੰਦੀ ਵੱਲੋਂ ਉਠਾਏ ਗਏ ਮਾਮਲੇ 'ਤੇ ਪੰਜਾਬੀ ਯੂਨੀਵਰਸਿਟੀ ਵੀ ਸਾਹਮਣੇ ਆ ਗਈ ਹੈ। ਸੈਫੀ ਵੱਲੋਂ ਲਾਏ ਦੋਸ਼ਾਂ ਅਤੇ ਦਾਅਵਿਆਂ ਨੂੰ ਨਕਾਰਦਿਆਂ ਯੂਨੀਵਰਸਿਟੀ ਨੇ ਬੇਅਦਬੀ ਸਬੰਧੀ ਵਿਵਾਦ ਨੂੰ ਬੇਲੋੜਾ ਅਤੇ ਨਿਰਮੂਲ ਕਰਾਰ ਦਿੱਤਾ ਹੈ।

ਦੱਸਣਯੋਗ ਹੈ ਕਿ ਧਾਰਮਿਕ ਪੁਸਤਕਾਂ ਦੀ ਬੇਅਦਬੀ ਦੇ ਦੋਸ਼ ਲਾਉਣ ਵਾਲੀ 'ਸੈਫੀ' ਨੇ ਦੋਸ਼ੀਆਂ ਖਿਲਾਫ਼ ਕਾਰਵਾਈ ਦੀ ਮੰਗ ਨੂੰ ਲੈ ਕੇ ਉਪ ਕੁਲਪਤੀ ਦਫਤਰ ਅੱਗੇ ਸੈਫੀ ਦੇ ਇਕਾਈ ਪ੍ਰਧਾਨ ਯਾਦਵਿੰਦਰ ਸਿੰਘ ਯਾਦੂ ਦੀ ਅਗਵਾਈ ਹੇਠ ਪੱਕਾ ਮੋਰਚਾ ਲਾਇਆ ਹੋਇਆ ਹੈ। ਸੈਫੀ ਦੀ ਸ਼ਿਕਾਇਤ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਿੰਨ ਮੈਂਬਰਾਂ ਜਰਨੈਲ ਸਿੰਘ ਕਰਤਾਰਪੁਰੀ, ਡਾ. ਚਮਕੌਰ ਸਿੰਘ ਤੇ ਪ੍ਰੋ. ਪਰਮਵੀਰ ਸਿੰਘ ਨੇ ਲਾਇਬ੍ਰੇਰੀ ਦਾ ਦੌਰਾ ਕੀਤਾ, ਜਿਸ ਦੌਰਾਨ ਵਾਈਸ ਚਾਂਸਲਰ ਪ੍ਰੋ. ਅਰਵਿੰਦ ਵੀ ਮੌਜੂਦ ਸਨ। ਦੂਜੇ ਪਾਸੇ ਮੀਡੀਆ ਦੇ ਨਾਂ ਜਾਰੀ ਬਿਆਨ 'ਚ ਯੂਨੀਵਰਸਿਟੀ ਦੇ ਬੁਲਾਰੇ ਨੇ ਕਿਹਾ ਕਿ ਲਾਇਬ੍ਰੇਰੀ ਵਿਚ ਦੁਰਲੱਭ ਕਿਤਾਬਾਂ ਵਾਲੀ ਡਾ. ਗੰਡਾ ਸਿੰਘ



ਪੰਜਾਬੀ ਰੈਂਫਰੈਂਸ ਲਾਈਬਰੇਰੀ ਦਾ ਬਾਰੀਕੀ ਨਾਲ ਜਾਇਜ਼ਾ ਲਿਆ ਗਿਆ ਸੀ, ਜਿਸ ਦੌਰਾਨ ਵਾਲੰਟੀਅਰ ਵਜੋਂ ਸ਼ਾਮਲ ਕਿਸੇ ਵਿਦਿਆਰਥੀ ਨੇ ਕੁਝ ਅਕਾਦਮਿਕ ਕਿਤਾਬਾਂ ਦੀਆਂ ਤਸਵੀਰਾਂ ਖਿੱਚ ਕੇ ਸੋਸ਼ਲ ਮੀਡੀਆ ਉੱਤੇ ਪਾ ਦਿੱਤੀਆਂ ਸਨ। ਇਨ੍ਹਾਂ ਤਸਵੀਰਾਂ ਨੂੰ ਹੀ 'ਬੇਅਦਬੀ' ਦੇ ਸਬੂਤ ਵਜੋਂ ਪ੍ਰਚਾਰ ਕੇ ਯੂਨੀਵਰਸਿਟੀ ਨੂੰ ਕਮਜ਼ੋਰ ਕਰਨ ਦੀ ਵਿਉਂਤਬੰਦੀ ਉਲੀਕੀ ਜਾ ਰਹੀ ਹੈ।

ਰਜਿਸਟਰਾਰ ਪ੍ਰੋ. ਨਵਜੋਤ ਕੌਰ ਨੇ ਕਿਹਾ ਕਿ ਯੂਨੀਵਰਸਿਟੀ ਹਰ ਧਰਮ ਅਤੇ ਉਸ ਦੇ ਮੁਕੱਦਸ ਗ੍ਰੰਥਾਂ ਦਾ ਸਤਿਕਾਰ ਕਰਦੀ ਹੈ ਤੇ ਇਸੇ ਮਕਸਦ ਨਾਲ ਮਰਿਆਦਾ ਮੁਤਾਬਕ ਲੋੜੀਂਦਾ ਆਚਾਰ-ਵਿਹਾਰ ਤੈਅ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਥੇ ਅਜਿਹਾ ਕੁਝ ਵੀ ਨਹੀਂ ਹੋ ਰਿਹਾ, ਜਿਸ ਨੂੰ 'ਬੇਅਦਬੀ' ਕਰਾਰ ਦਿੱਤਾ ਜਾ ਸਕੇ। ਲਾਇਬ੍ਰੇਰੀ ਇੰਚਾਰਜ ਡਾ. ਗਿਆਨ ਸਿੰਘ ਨੇ ਕਿਹਾ ਕਿ ਇਸ ਲਾਇਬ੍ਰੇਰੀ ਵਿਚ ਕਦੇ ਵੀ ਕਿਸੇ ਵੀ ਧਾਰਮਿਕ ਪੁਸਤਕ ਜਾਂ ਪੋਥੀ ਆਦਿ ਵੀ ਬੇਅਦਬੀ ਜਾਂ ਨਿਰਾਦਰ ਨਹੀਂ ਹੋਇਆ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਵਿਚ ਨਾ ਸਿਰਫ ਧਾਰਮਿਕ ਪੁਸਤਕਾਂ, ਬਲਕਿ ਪਵਿੱਤਰ ਧਾਰਮਿਕ ਗ੍ਰੰਥ ਵੀ ਮੌਜੂਦ ਹਨ, ਜਿਨ੍ਹਾਂ ਨੂੰ ਵਿਸ਼ੇਸ਼ ਕਮਰੇ ਵਿਚ ਪੂਰੀ ਰਹਿਤ ਮਰਿਆਦਾ ਨਾਲ ਰੱਖਿਆ ਜਾਂਦਾ ਹੈ। ਰਜਿਸਟਰਾਰ ਦਾ ਕਹਿਣਾ ਹੈ ਕਿ ਲੋਕਾਂ ਨੂੰ ਗੁੰਮਰਾਹਕੁਨ ਪ੍ਰਚਾਰ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਅਤੇ ਅਦਾਰੇ ਨੂੰ ਬਿਹਤਰ ਬਣਾਉਣ ਲਈ ਯੂਨੀਵਰਸਿਟੀ ਢੁਕਵੇਂ ਸੁਝਾਵਾਂ ਦਾ ਸਦਾ ਸਤਿਕਾਰ ਕਰਦੀ ਹੈ।

# ਯਾਦਗਾਰੀ ਹੋ ਨਿੱਬੜੀਆਂ 'ਧੀਆਂ ਦੀਆਂ ਤੀਆਂ'

**ਸ਼ਿਕਾਗੋ:** ਧੀਆਂ ਦੀਆਂ ਤੀਆਂ, ਸਹੇਲੀਆਂ ਦਾ ਸੰਗ, ਗਿੱਧੇ ਦਾ ਪਿੜ, ਬੱਦਲਾਂ ਦੀ ਛਾਂ, ਰੁਮਕਦੀ ਪੌਣ, ਖੂਹ ਦੀ ਮੌਣ, ਪੀਂਘ ਦੇ ਹੁਲਾਰੇ, ਪੱਖੀਆਂ ਦੀ ਝੱਲ, ਟਿੱਕਿਆਂ ਦੇ ਲਿਸ਼ਕਾਰੇ, ਵੰਗਾਂ ਦੀ ਛਣਕਾਰ, ਫੁਲਕਾਰੀ ਦੇ ਰੰਗ, ਮਹਿੰਦੀ ਦੀ ਖੁਸ਼ਬੋ, ਖਾਣੇ ਦੀ ਮਹਿਕ, ਘੱਗਰੇ ਦੀ ਸੂਕ ਤੇ ਤਾੜੀਆਂ ਦੀ ਗੂੰਜ ਦੌਰਾਨ ਸੰਸਥਾ ਸਵੇਰਾ (ਸਿੱਖ ਵਿਮੈਨ ਏਰਾ) ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ 'ਧੀਆਂ ਦੀਆਂ ਤੀਆਂ' ਇੱਥੋਂ ਦੇ ਡੀਅਰ ਗਰੂਵ ਫਾਰੈਸਟ ਪ੍ਰੀਜ਼ਰਵ ਦੀ ਪਾਰਕ ਵਿਚ ਲਾਈਆਂ ਗਈਆਂ।

ਸੰਸਥਾ ਸਵੇਰਾ ਦੇ ਬਾਨੀ ਬੀਬੀ ਜਸਬੀਰ ਕੌਰ ਮਾਨ ਨੇ ਸਵੇਰਾ ਟੀਮ ਦੇ ਮੈਂਬਰਾਂ ਸਮੇਤ ਪਰਮਾਤਮਾ ਦੇ ਸ਼ੁਕਰਾਨੇ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਤੇ ਸਵੇਰਾ ਸੰਸਥਾ ਵਲੋਂ ਲਗਾਤਾਰ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਚਾਨਣਾ ਪਾਇਆ। ਉਨ੍ਹਾਂ ਦੱਸਿਆ ਕਿ ਸਿੱਖ ਵਿਮੈਨ ਏਰਾ ਇਕੋ ਇਕ ਅਜਿਹੀ ਸੰਸਥਾ ਹੈ ਜੋ ਜ਼ਰੂਰਤਮੰਦ ਲੜਕੀਆਂ ਦੀ ਮੁਫਤ ਸਹਾਇਤਾ ਕਰਦੀ ਹੈ।

ਇਸ ਵਾਰ ਦੀਆਂ ਤੀਆਂ ਪਿਛਲੀ ਵਾਰ ਨਾਲੋਂ ਵਧੇਰੇ ਭਰੀਆਂ ਹੋਈਆਂ ਸਨ ਤੇ ਹਰ ਉਮਰ ਦੀਆਂ







ਔਰਤਾਂ ਨੇ ਵੱਡੀ ਗਿਣਤੀ ਵਿਚ ਪਹੁੰਚ ਕੇ ਆਪਣੀ ਹਾਜ਼ਰੀ ਲਵਾਈ। ਨਿੱਕੀ ਸੇਖੋਂ, ਕ੍ਰਿਸਟਲ ਕੌਰ ਤੇ ਅੰਮ੍ਰਿਤ ਕੌਰ ਥਿੰਦ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਕਹਿਣ ਦੀ ਜ਼ਿੰਮੇਵਾਰੀ ਬਾਖੂਬੀ ਨਿਭਾਈ। ਬੀਬੀ ਕਿਰਪਾਲ ਕੌਰ ਲਾਲ ਨੇ ਤੀਆਂ



ਵਿਚ ਸਟਾਲਾਂ, ਬੱਚਿਆਂ ਦੀਆਂ ਖੇਡਾਂ ਅਤੇ ਖਾਣੇ ਦੇ ਇੰਤਜ਼ਾਮ ਵਿਚ ਖੂਬ ਤਾਲਮੇਲ ਬਣਾ ਕੇ ਰੱਖਿਆ।

ਡੀਅਰ ਗਰੂਵ ਫਾਰੈਸਟ ਪ੍ਰੀਜ਼ਰਵ ਦੀ ਪਾਰਕ ਦੇ ਖੁੱਲ੍ਹੇ ਮੈਦਾਨ ਵਿਚ ਦਰੱਖਤਾਂ ਦੀ ਛਾਂ ਹੇਠ ਲੱਗੀਆਂ ਤੀਆਂ ਵਿਚ ਬੀਬੀਆਂ ਰੰਗ-ਬਿਰੰਗੀਆਂ ਵਿਰਾਸਤੀ ਪੌਸ਼ਾਕਾਂ ਤੇ ਗਹਿਣੇ ਪਾ ਕੇ ਪਹੁੰਚੀਆਂ। ਮੇਲੇ ਵਿਚ ਬਹੁਤ ਸਾਰੇ ਬੂਥ ਲੱਗੇ ਹੋਏ ਸਨ, ਜਿੱਥੋਂ ਬੀਬੀਆਂ ਨੇ ਕੱਪੜੇ, ਪੰਜਾਬੀ ਜੁੱਤੀਆਂ, ਗਹਿਣੇ, ਪਰਾਂਦੇ, ਫੁਲਕਾਰੀਆਂ ਆਦਿ ਦੀ ਖਰੀਦੋ-ਫਰੋਖਤ ਕੀਤੀ। ਖਰੀਦੋ-ਫਰੋਖਤ ਕਰਨ ਮਗਰੋਂ ਬੀਬੀਆਂ ਖੁਸ਼ ਨਜ਼ਰ ਆ ਰਹੀਆਂ ਸਨ। ਖਾਣ-ਪੀਣ ਦੇ ਸਟਾਲਾਂ 'ਤੇ ਵੀ ਬੀਬੀਆਂ ਦੀਆਂ ਲੰਮੀਆਂ ਲਾਈਨਾਂ ਦੇਖਣ ਨੂੰ ਮਿਲੀਆਂ।

ਪੰਜਾਬ ਵਾਂਗ ਇੱਥੇ ਦਰੱਖਤਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਵੱਖਰਾ ਨਜ਼ਾਰਾ ਪੇਸ਼ ਕਰ ਰਹੀਆਂ ਸਨ। ਤੀਆਂ 'ਚ ਆਈਆਂ ਬੀਬੀਆਂ ਨੇ ਰਜ਼ੀਆ ਤੇ ਰਾਜਵਿੰਦਰ ਕੌਰ ਤੋਂ ਹੱਥਾਂ 'ਤੇ ਮਹਿੰਦੀ ਲਗਵਾ ਕੇ ਆਪਣੇ ਮਨ ਦੇ ਚਾਅ ਪੂਰੇ ਕੀਤੇ।

ਪ੍ਰੋਗਰਾਮ ਦੀ ਸ਼ੁਰੂਆਤ ਮੇਲੇ ਦੀ ਰੂਹ-ਏ-ਰਵਾਂ ਬੀਬੀ ਜਸਬੀਰ ਕੌਰ ਮਾਨ ਨੇ ਹੁਮ-ਹੁਮਾ ਕੇ ਪੁੱਜੀਆਂ ਬੀਬੀਆਂ ਨੂੰ ਜੀ ਆਇਆਂ ਆਖ ਕੇ ਕੀਤੀ। ਉਨ੍ਹਾਂ ਨੇ ਇਸ ਵਾਰ ਨਵੀਂ ਸੇਧ ਦਿੰਦਿਆਂ ਬੱਚੀਆਂ ਤੇ ਮੁਟਿਆਰਾਂ ਨੂੰ ਤੀਆਂ ਦੀ ਵਾਗਡੋਰ ਸੰਭਾਲਣ ਦਾ ਮੌਕਾ ਦਿੱਤਾ ਤਾਂ ਜੋ ਭਵਿੱਖ ਵਿਚ ਇਹ ਕੁੜੀਆਂ ਆਪਣੇ ਸੱਭਿਆਚਾਰ ਨਾਲ ਜੁੜ ਕੇ ਇਸ ਦੀ ਸੇਵਾ ਕਰ ਸਕਣ। ਸੀਰਤ ਕੌਰ ਕਲੇਰ, ਮਿਹਰ ਕੌਰ ਪਰਮਾਰ ਤੇ ਅਮਨੀਤ ਕੌਰ ਨੇ ਸਟੇਜ ਸੰਭਾਲੀ ਅਤੇ ਉਨ੍ਹਾਂ ਦੇ ਹੁਨਰ ਨੇ ਸਭਨਾਂ ਦਾ ਦਿਲ ਜਿੱਤ ਲਿਆ। ਸਵੇਰਾ ਸੰਸਥਾ ਦਾ ਇਹ ਉਪਰਾਲਾ ਨਵੀਂ ਪੀੜ੍ਹੀ ਨੂੰ ਅੱਗੇ ਆਉਣ ਲਈ ਉਤਸ਼ਾਹਿਤ ਕਰੇਗਾ।

ਇਸ ਮੌਕੇ ਨਿੱਕੀਆਂ ਨਿੱਕੀਆਂ 'ਰੰਗ ਬਿਰੰਗੀਆਂ ਤਿਤਲੀਆਂ' 'ਚ ਸ਼ਾਮਲ ਅਸੀਸ ਕੌਰ, ਅਜੂਨੀ ਕੌਰ, ਸ਼ਰਲੀਨ, ਪਰਮਲੀਨ ਕੌਰ ਭੰਗੂ, ਰਿਸ਼ਵੀਨ ਕੌਰ, ਅਰਸ਼ੀਨ ਕੌਰ, ਜਪਜੀਤ ਲਿੱਧਰ, ਸਿਮਰਤ ਕੌਰ ਤੇ ਗੁਰਨੂਰ ਕੌਰ ਨੇ ਆਪਣੇ ਹਾਣ ਦੀ ਕੁੜੀ 'ਕਿਸ਼ਤੂ ਕੇ' ਦੀਆਂ ਬੋਲੀਆਂ 'ਤੇ ਖੂਬ ਗਿੱਧਾ ਪਾਇਆ। ਗਿੱਧੇ ਦੇ ਮਾਹਿਰ ਵਿਪਨ ਕਲੇਰ ਤੇ ਉਨ੍ਹਾਂ ਦੇ ਸਹਿਯੋਗੀ ਅਨੂਪ੍ਰੀਤ ਢਿੱਲੋਂ, ਸਰਬਜੀਤ ਭੰਗੂ ਤੇ ਸੁਖਵੀਰ ਕੌਰ ਵਲੋਂ ਤਿਆਰ ਕਰਵਾਈ ਗਿੱਧੇ ਦੀ ਇਸ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰ ਕੇ ਖੂਬ ਵਾਹ-ਵਾਹ ਖੱਟੀ।

ਉਨ੍ਹਾਂ ਤੋਂ ਬਾਅਦ ਡਿੰਪੀ ਕੌਰ ਵਲੋਂ ਤਿਆਰ ਕਰਵਾਈ ਗਈ ਵੱਡੀਆਂ ਕੁੜੀਆਂ ਦੀ ਟੀਮ 'ਸੁਨਹਿਰੀ ਪਿੱਪਲ ਪੱਤੀਆਂ' ਵਿਚ ਸ਼ਾਮਲ ਅਵਨੀਤ ਕੌਰ ਔਜਲਾ, ਏਕਮ ਕੌਰ ਜੁਨੇਜਾ, ਜਸਮੀਨ ਕੌਰ, ਮਨਜੋਤ ਕੌਰ, ਨਿਮਰ ਕੌਰ, ਗੁਰਲੀਨ ਕੌਰ ਔਜਲਾ, ਗੁਰਲੀਨ ਕੌਰ ਭੰਗੂ, ਗੁਰਮਨ ਕੌਰ, ਸਮਰੀਤ ਧਾਮੀ, ਸ਼ੁਭਲੀਨ ਕੌਰ ਨਾਗਰਾ, ਸਿਮਰਨ ਕੌਰ ਸਹੋਤਾ, ਸਿਮਰਜੀਤ ਕੌਰ ਸਹੋਤਾ, ਦਿਲਪ੍ਰੀਤ ਕੌਰ ਸਿੱਧੂ ਤੇ ਜਸਲੀਨ ਕੌਰ ਨੇ ਬੋਲੀਆਂ 'ਤੇ ਫੁਲਕਾਰੀਆਂ, ਘੜਾ, ਪੱਖੀਆਂ, ਛੱਜ, ਮੰਜੇ, ਪਰਾਤ, ਗਾਗਰ ਆਦਿ ਵਿਰਾਸਤੀ ਚੀਜ਼ਾਂ ਦੀ ਵਰਤੋਂ ਕਰ ਕੇ ਖੂਬ ਗਿੱਧਾ ਪਾਇਆ ਤੇ ਵੱਖਰਾ ਹੀ ਨਜ਼ਾਰਾ ਪੇਸ਼ ਕੀਤਾ। ਉਨ੍ਹਾਂ ਨੇ 'ਮਾਂ ਦਿਆ ਸੂਰਜਨਾ', 'ਤੈਨੂੰ ਝੱਲ ਪੱਖੀਆਂ ਦੀ ਮਾਰਾਂ ਵੇ ਗੱਭਰੂ ਸ਼ੌਕੀਨ ਮੁੰਡਿਆ' ਤੇ ਹੋਰਨਾਂ ਬੋਲੀਆਂ 'ਤੇ ਅਜਿਹਾ ਗਿੱਧਾ ਪਾਇਆ ਕਿ ਅੰਬਰ ਝੂਮਣ ਲਦ ਦਿੱਤਾ। ਉਨ੍ਹਾਂ ਤੋਂ ਬਾਅਦ ਅਨੂ ਤੇ ਕਿਰਨ ਦੀ ਜੋੜੀ ਨੇ ਵੱਖੋ-ਵੱਖ ਗੀਤਾਂ 'ਤੇ ਖੂਬਸੂਰਤ ਡਾਂਸ ਦੀ ਪੇਸ਼ਕਾਰੀ ਕੀਤੀ। ਜਦੋਂ ਹਰਮੀਤ ਕੌਰ ਘੱਗਰਾ ਪਾ ਕੇ ਪਿੜ ਵਿਚ ਆਈ ਤਾਂ ਉਸ ਨੇ ਆਪਣੇ ਸੋਹਣੇ ਭੰਗੜੇ ਨਾਲ ਖੂਬ ਤਾੜੀਆਂ ਖੱਟੀਆਂ। ਹਰ ਕੋਈ ਉਸ ਦੇ ਡਾਂਸ ਦੀ ਤਾਰੀਫ ਦੇ ਪੁਲ ਬੰਨ੍ਹ ਰਿਹਾ ਸੀ।

ਰੰਗ-ਬਿਰੰਗੇ ਘੱਗਰਿਆਂ, ਫੁਲਕਾਰੀਆਂ 'ਚ ਸਜੀ 'ਸਵੇਰਾ' ਸੰਸਥਾ ਦੀ ਗਿੱਧੇ ਦੀ ਟੀਮ 'ਚ ਸ਼ਾਮਲ ਹਰਮਨ ਕੌਰ, ਰਿੰਪਲ ਕੌਰ, ਅਨੂ ਕੌਰ, ਗੁਰਪ੍ਰੀਤ ਕੌਰ, ਰਾਜਵਿੰਦਰ ਕੌਰ, ਕਿਰਨ, ਹਰਮੀਤ ਕੌਰ ਤੇ ਜੈਸਮੀਨ ਕੌਰ, ਜਿਨ੍ਹਾਂ ਨੂੰ ਗਿੱਧੇ ਦੀ ਸ਼ੌਕੀਨ ਸੁਖਵੀਰ ਕੌਰ ਢਿੱਲੋਂ ਨੇ ਤਿਆਰੀ ਕਰਵਾਈ ਸੀ, ਨੇ ਜਾਗੋ ਦਾ ਨਜ਼ਾਰਾ ਪੇਸ਼ ਕੀਤਾ ਤੇ ਬੋਲੀਆਂ 'ਤੇ ਗਿੱਧਾ ਪਾ ਕੇ ਧਰਤ ਹਿਲਾ ਦਿੱਤੀ। ਉਨ੍ਹਾਂ ਨੇ 'ਬੋਲੇ ਨੀਂ ਬੰਬੀਹਾ ਬੋਲੇ' ਨਾਲ ਅਜਿਹਾ ਬੰਬੀਹਾ ਬੁਲਾਇਆ ਕਿ ਦਰਸ਼ਕਾਂ ਨੇ ਤਾੜੀਆਂ ਤੇ ਕਿਲਕਾਰੀਆਂ ਮਾਰ ਕੇ ਉਨ੍ਹਾਂ ਦੀ ਖੂਬ ਹੌਸਲਾ









ਅਫਜ਼ਾਈ ਕੀਤੀ।

ਰਾਜ ਧਾਲੀਵਾਲ ਤੇ ਜੀਤੂ ਕੌਰ ਨੇ ਸਾਊਂਡ ਤੇ ਡੀ ਜੇ ਦੀ ਕਮਾਨ ਸੰਭਾਲ ਕੇ ਬੀਬੀਆਂ ਨੂੰ ਪੱਬਾਂ ਭਾਰ ਨੱਚਣ ਲਾ ਦਿੱਤਾ। ਪ੍ਰੋਗਰਾਮ ਦੀਆਂ ਸਾਰੀਆਂ ਆਈਟਮਾਂ ਦੇਖਣ ਤੋਂ ਬਾਅਦ ਬੀਬੀਆਂ ਵਿਚ ਇੰਨਾ ਉਤਸ਼ਾਹ ਪੈਦਾ ਹੋ ਗਿਆ ਕਿ ਉਹ ਪਿੜ ਖਾਲੀ ਹੋਣ ਦੀ ਉਡੀਕ ਕਰਨ ਲੱਗੀਆਂ ਤੇ







ਜਿਵੇਂ ਹੀ ਸਾਰਿਆਂ ਨੂੰ ਗਿੱਧੇ ਵਾਸਤੇ ਖੁੱਲ੍ਹਾ ਸੱਦਾ ਦਿੱਤਾ ਗਿਆ, ਸਾਰੀਆਂ ਹੁਮ-ਹੁਮਾ ਕੇ ਪਿੜ ਵਿਚ ਪੁੱਜ ਗਈਆਂ ਤੇ ਨੱਚ-ਨੱਚ ਕੇ ਖੂਬ ਧਮਾਲਾਂ ਪਾਈਆਂ।

ਤੀਆਂ ਵਿਚ ਖਾਸ ਤੌਰ 'ਤੇ ਸਵੇਰਾ ਸੰਸਥਾ ਦੇ ਸੱਦੇ 'ਤੇ ਆਪਣੀ ਮਾਂ ਸਮੇਤ ਪੁੱਜੇ ਡੁਪੇਜ ਕਾਊਂਟੀ ਦੇ ਸਰਕਟ ਕੋਰਟ ਜੱਜ ਕਵਿਤਾ







ਅਥੰਕੀਆਰ (Kavita Athankiar) ਨੂੰ ਸਵੇਰਾ ਟੀਮ ਦੇ ਮੈਂਬਰ ਜਸਬੀਰ ਕੌਰ ਵਲੋਂ ਸਟੇਜ 'ਤੇ ਲੈ ਕੇ ਆਉਣ ਉਪਰੰਤ ਅਮਨੀਤ ਕੌਰ ਨੇ ਦਰਸ਼ਕਾਂ ਨਾਲ ਉਨ੍ਹਾਂ ਦੀ ਜਾਣ-ਪਛਾਣ ਕਰਵਾਈ। ਸਵੇਰਾ ਟੀਮ ਵਲੋਂ ਉਨ੍ਹਾਂ ਨੂੰ ਫੁਲਕਾਰੀ ਦੇ ਕੇ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੇ ਫੁਲਕਾਰੀ ਦੀ ਮਹੱਤਤਾ ਬਾਰੇ ਜਾਣਨ ਤੋਂ ਬਾਅਦ ਟੀਮ ਸਵੇਰਾ ਦਾ ਇਸ ਸਨਮਾਨ ਲਈ ਖਾਸ ਧੰਨਵਾਦ ਕੀਤਾ ਤੇ ਟੀਮ ਸਵੇਰਾ, ਯੂ ਐੱਸ ਏ ਦੇ ਇਸ ਉਪਰਾਲੇ ਦੀ



ਖੂਬ ਸ਼ਲਾਘਾ ਕੀਤੀ।

ਜੌਲੀ ਡੰਡੋਨਾ ਨੇ ਪਰਿਵਾਰ ਸਮੇਤ ਬੱਚਿਆਂ ਦੇ ਮਨੋਰੰਜਨ ਲਈ ਖੇਡਾਂ ਦਾ ਇੰਤਜ਼ਾਮ ਕਰਵਾਇਆ ਤੇ ਸਾਰੇ ਭਾਗ ਲੈਣ ਵਾਲੇ ਬੱਚਿਆਂ ਨੂੰ ਤੋਹਫੇ ਦੇ ਕੇ ਖੁਸ਼ ਕੀਤਾ।

ਮੇਲੇ ਦੌਰਾਨ ਪ੍ਰਬੰਧਕਾਂ ਵੱਲੋਂ ਬੀਬੀਆਂ ਦੇ ਮਨੋਰੰਜਨ ਲਈ ਖਾਸ ਪ੍ਰਬੰਧ ਕੀਤਾ ਗਿਆ ਸੀ।

ਇਸ ਮੌਕੇ ਜਿੱਥੇ ਬੀਬੀਆਂ ਤੇ ਬੱਚੇ ਪੀਂਘਾਂ ਝੂਟ ਕੇ ਮੇਲੇ ਦਾ ਆਨੰਦ ਮਾਣ ਰਹੇ ਸਨ, ਉਥੇ ਹੀ ਜਤਿੰਦਰ ਸਿੰਘ ਸਿੱਧੂ ਦੇ ਬਣਾਏ ਖੂਹ ਨੇ ਖੂਬ ਵਾਹ-ਵਾਹ ਖੱਟੀ। ਤਕਰੀਬਨ ਸਾਰੀਆਂ ਹੀ ਮੁਟਿਆਰਾਂ ਨੇ ਖੂਹ ਤੋਂ ਪਾਣੀ ਭਰਨ ਦੇ ਪੋਜ਼ ਬਣਾ ਬਣਾ ਕੇ ਤਸਵੀਰਾਂ ਖਿਚਵਾਈਆਂ। ਪ੍ਰੋਗਰਾਮ ਦੇ ਅਖੀਰ ਵਿੱਚ ਪ੍ਰਬੰਧਕਾਂ ਨੇ ਸਭ ਤੋਂ ਛੋਟੀ ਉਮਰ ਦੀ ਬੱਚੀ ਰੂਹਾਨੀ (20 ਮਹੀਨਿਆਂ ਦੀ) ਤੇ ਸਭ ਤੋਂ ਵੱਡੀ ਉਮਰ ਦੀ ਬੇਬੇ ਕਰਮਜੀਤ ਕੌਰ (90 ਸਾਲ ਤੋਂ ਵੱਧ) ਦਾ ਸਨਮਾਨ ਕੀਤਾ। ਮਗਰੋਂ ਲੱਕੀ ਡਰਾਅ ਵੀ ਕੱਢੇ ਗਏ, ਜਿਨ੍ਹਾਂ ਦੇ ਜੇਤੂਆਂ ਨੂੰ ਇਨਾਮ ਵੰਡੇ ਗਏ। ਇਸ ਮੌਕੇ ਤਕਰੀਬਨ ਸਾਰੇ ਸਬਰਬਾਂ ਅਤੇ ਵੱਖ-ਵੱਖ ਭਾਈਚਾਰਿਆਂ ਨਾਲ ਸੰਬੰਧਤ ਬੀਬੀਆਂ ਹਾਜ਼ਰ ਸਨ। ਪਾਕਿਸਤਾਨ ਦੀ ਨਾਹਿਦ ਬੱਬਰ ਨੇ ''ਦਿਲ ਦੇਣਾ ਤੇ ਦਿਲ ਮੰਗਣਾ'' ਗੀਤ ਗਾ ਕੇ ਹਾਜ਼ਰੀ ਲਵਾਈ। ਇੱਥੋਂ ਤਕ ਕਿ ਬੀਬੀ ਸੁਰਜੀਤ ਕੌਰ ਗਿੱਲ ਵਰਗੀਆਂ ਵਡੇਰੀ ਉਮਰ ਦੀਆਂ ਬੀਬੀਆਂ ਨੇ ਬੋਲੀਆਂ ਪਾ ਕੇ ਤੇ ਕਵਿਤਾਵਾਂ ਗਾ ਕੇ ਤੀਆਂ 'ਚ ਰੰਗ ਬੰਨ੍ਹਿਆ।

ਮਰਹੂਮ ਗਾਇਕ ਸ਼ੁਭਦੀਪ ਸਿੰਘ (ਸਿੱਧੂ ਮੂਸੇਵਾਲਾ) ਨੂੰ ਯਾਦ ਕਰਦਿਆਂ ਬੀਬੀ ਜਸਬੀਰ ਕੌਰ ਮਾਨ ਨੇ ਆਪਣੇ ਗੀਤ ਦੀਆਂ ਸਤਰਾਂ 'ਮੁਸੀਬਤ ਤਾਂ ਔਰਤਾਂ 'ਤੇ ਪੈਂਦੀ ਰਹਿੰਦੀ ਐ, ਦਬੀਂ ਨਾ ਤੂੰ ਦੁਨੀਆ ਸਵਾਦ ਲੈਂਦੀ ਐ, ਪਰ ਜਿਹੜੇ ਰਸਤੇ 'ਤੇ ਤੂੰ ਤੁਰੀ ਐਂ, ਧੁੱਪ ਛਾਂ ਤਾਂ ਜ਼ਿੰਦਗੀ 'ਚ ਆਉਂਦੀ ਰਹਿੰਦੀ ਐ, ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਉਨ੍ਹਾਂ ਦੇ ਇਨ੍ਹਾਂ ਬੋਲਾਂ ਨੇ ਮਾਹੌਲ ਨੂੰ ਭਾਵੁਕ ਕਰ ਦਿੱਤਾ ਤੇ ਸਾਰਿਆਂ ਦੀਆਂ ਅੱਖਾਂ ਨਮ ਹੋ ਗਈਆਂ।

ਕਮਲ ਸਹੋਤਾ ਨੇ ਹਮੇਸ਼ਾ ਦੀ ਤਰ੍ਹਾਂ ਵਧ ਚੜ੍ਹ ਕੇ ਯੋਗਦਾਨ ਪਾਇਆ। ਉਸ ਤੋਂ ਇਲਾਵਾ ਦੀਪ ਵਾਲੀਆ, ਹਰਮੇਸ਼ ਬੈਂਸ, ਮਨਪ੍ਰੀਤ ਬੈਂਸ, ਸੁਖਵਿੰਦਰ ਸਿੱਧੂ, ਮਨਜੀਤ ਸਿੱਧੂ, ਲਾਡੀ ਕੌਰ, ਮਿਸਿਜ਼ ਭੱਠਲ, ਕਮਲ ਸਿੱਧੂ, ਰਾਜ ਧਾਲੀਵਾਲ,



ਸੁਖਵੀਰ ਢਿਲੋਂ, ਜੀਤੂ ਕੌਰ, ਬਲਵਿੰਦਰ ਕੌਰ ਔਲਖ, ਅਮਰਜੀਤ ਕੌਰ, ਜੀਤੀ ਮਿੱਢਾ, ਸੁਖ ਕਾਹਲੋਂ, ਮਨਜੀਤ ਕੌਰ ਸਿੱਧੂ, ਪੰਮੀ ਵੋਹਰਾ, ਵਿਪਿਨ ਕਲੇਰ, ਜੀਵਨ ਧਾਮੀ, ਰੁਬੀਨਾ ਤਾਹਿਰ, ਸ਼ਲਵਿੰਦਰ ਸੰਧੂ, ਅਤੇ ਜੋਤੀ ਖਹਿਰਾ, ਸ਼ਰਨਵੀਰ ਕਾਹਲੋਂ, ਚਰਨਜੀਤ ਕਾਹਲੋਂ, ਬੇਅੰਤ ਕੌਰ ਵਿਰਕ, ਅਮਨ ਢਿਲੋਂ, ਪਰਮਜੀਤ ਭੱਠਲ, ਬਲਜੀਤ ਦਿਓਲ, ਅੰਮ੍ਰਿਤ ਕੌਰ, ਰਾਜਵੀਰ ਕੁਲਾਰ, ਪਿੰਕੀ ਵਾਲੀਆ, ਅਨੁਰੀਤ ਢਿੱਲੋਂ, ਪ੍ਰਭ ਖਹਿਰਾ, ਸੁਖਜੀਤ ਕਾਹਲੋਂ, ਭੁਪਿੰਦਰ ਧਨੋਆ, ਗੁਰਪ੍ਰੀਤ ਕੇ ਸਿੰਘ, ਲਾਡੀ ਕੌਰ ਸਿੰਘ, ਕਾਂਤੀ ਪਰਮਾਰ, ਅਮਨ ਢਿੱਲੋਂ, ਰੀਤੂ ਕੌਰ, ਸਲਵਿੰਦਰ ਸੰਧੂ ਨੇ ਵੀ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਮਦਦ ਕੀਤੀ।





ਸਤਵੰਤ ਕੌਰ, ਮਿਸਿਜ਼ ਭਟਨੂਰਾ, ਲਖਬੀਰ ਸੰਧੂ, ਸਰਬਜੀਤ ਰੰਧਾਵਾ, ਬਲਜਿੰਦਰ ਲੈਲ, ਪੰਮੀ ਸੰਘਾ, ਡਾ. ਨਵਦੀਪ ਸੰਧੂ, ਨੈਨਾ ਬਾਤਿਸ਼, ਨੀਨਾ ਵਾਲੀਆ, ਰੂਬੀ ਗਿੱਲ, ਸ਼ਰਨਜੀਤ ਬੈਂਸ ਲਵਲੀਨ ਦਿਓਲ, ਡਾ. ਅਮਰਜੀਤ ਸਿੰਘ, ਜੌਲੀ ਕੌਰ, ਮਨਜੀਤ ਮਾਂਗਟ, ਕੁਲਵੰਤ ਪਰਮਾਰ, ਭੁਪਿੰਦਰ ਝੱਜ, ਪਰਮਜੀਤ ਭੱਠਲ, ਸੁਖਜੀਤ ਕਾਹਲੋਂ, ਗਿੰਨੀ ਜੌਲੀ, ਹਰਬੰਸ ਕੌਰ, ਭੋਲਾ ਬਰਾੜ, ਰਾਕਿੰਦ ਕੌਰ, ਰਾਜਾ ਤੱਲ੍ਹਣ, ਦੀਪਕ ਗਿੱਲ, ਸ਼ਰਨਵੀਰ ਕਾਹਲੋਂ, ਰੂਪੀ ਔਜਲਾ, ਰਵਿੰਦਰ ਨੱਤ, ਹਰਭਜਨ ਕੌਰ ਨੇ ਵੀ ਤੀਆਂ ਵਿਚ ਵਧ-ਚੜ੍ਹ ਕੇ ਯੋਗਦਾਨ ਪਾਇਆ।

ਮਹਿਮਾਨਾਂ ਦੇ ਖਾਣ-ਪੀਣ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ ਸੀ। ਮਹਿਮਾਨਾਂ ਲਈ ਛੋਲੇ-ਪੂਰੀਆਂ, ਚੌਲ ਤੇ ਜਲੇਬੀਆਂ ਦਾ ਪ੍ਰਬੰਧ ਟੱਚ ਆਫ ਸਪਾਈਸ ਵਾਲੇ ਕੇ ਕੇ ਪੰਮਾ ਵਲੋਂ ਕੀਤਾ ਗਿਆ ਸੀ। ਮਹਿਮਾਨਾਂ ਨੇ ਦਿਲ ਖੋਲ੍ਹ ਕੇ ਜਲੇਬੀਆਂ ਦਾ ਨਜ਼ਾਰਾ ਲਿਆ ਤੇ ਇਕ ਬੀਬੀ ਨੇ ਜਲੇਬੀ ਖਾਂਦਿਆਂ 'ਟੁੱਟ ਪੈਣੇ ਨੇ ਜਲੇਬੀ ਮਾਰੀ, ਅੱਖ ਵਿਚ ਤੇਲ ਪੈ ਗਿਆ', ਪਾ ਕੇ ਸਾਰੇ ਪਾਸੇ ਹਾਸਾ ਬਿਖੇਰ ਦਿੱਤਾ। ਸਵੇਰਾ ਸੰਸਥਾ ਦੀਆਂ ਮੁਟਿਆਰਾਂ ਨੇ ਕੁਰਸੀਆਂ 'ਤੇ ਬੈਠੀਆਂ ਬਜ਼ੁਰਗ ਬੀਬੀਆਂ ਨੂੰ ਆਪ ਚਾਹ ਵਰਤਾਈ, ਜਿਨ੍ਹਾਂ ਦੇ ਇਸ ਭਲੇ ਕਾਰਜ ਨੂੰ ਬੀਬੀਆਂ ਨੇ ਖੂਬ ਸਲਾਹਿਆ। ਮੇਲੇ ਤੋਂ ਔਰਤਾਂ ਇੰਨੀਆਂ ਉਤਸ਼ਾਹਿਤ ਸਨ ਕਿ ਉਨ੍ਹਾਂ ਨੇ ਟੀਮ ਸਵੇਰਾ ਨੂੰ ਅਗਲੇ ਵਰ੍ਹੇ ਇਹ ਮੇਲਾ ਹੋਰ ਵੀ ਵੱਡੇ ਪੱਧਰ 'ਤੇ ਲਾਉਣ ਦੀ ਅਪੀਲ ਕੀਤੀ ਤਾਂ ਜੋ, ਔਰਤਾਂ ਇਕੱਠੀਆਂ ਹੋ ਕੇ ਆਪਣੇ ਪੰਜਾਬੀ ਵਿਰਸੇ ਤੇ ਪਿੰਡਾਂ ਵਾਲੇ ਮਾਹੌਲ ਨਾਲ ਜੁੜੀਆਂ ਰਹਿਣ।





ਬੀਬੀ ਮਾਨ ਨੇ ਦੱਸਿਆ ਕਿ ਟੀਮ ਸਵੇਰਾ ਵਲੋਂ ਹੁਣ ਅਗਲਾ ਲੋਹੜੀ ਦਾ ਪ੍ਰੋਗਰਾਮ ਵੱਡੇ ਪੱਧਰ 'ਤੇ ਕਰਵਾਇਆ ਜਾਵੇਗਾ, ਜਿਸ ਬਾਰੇ ਜਲਦ ਹੀ ਸਾਰਿਆਂ ਨੂੰ ਜਾਣਕਾਰੀ ਦੇ ਦਿੱਤੀ ਜਾਵੇਗੀ। ਉਨ੍ਹਾਂ ਨੇ ਤੀਆਂ ਵਿਚ ਭਾਗ ਲੈਣ ਵਾਲਿਆਂ ਤੇ ਇਸ ਦੇ ਸਮਰਥਕਾਂ ਸਟਾਰ ਫੂਡਜ਼, ਮੀਡੀਆ, ਸਪੋਰਟਸ ਕਲੱਬ, ਮੇਘਨਾ ਜਿਊਲਰਜ਼, ਪਾਲਖੀ, ਪਨਾਛ, ਚਿਰਾਗ ਸ਼ਾਹ, ਸਟਾਈਲ ਐਂਡ ਸ਼ਾਈਨ,



ਸੁਗਾ ਬਿਲਡਰਜ਼, ਪਰਪਲ ਕਲਾਜ਼ਟ ਤੋਂ ਇਲਾਵਾ ਭਾਈ ਹਰਜੀਤ ਸਿੰਘ ਜੀ, ਢਿੱਲੋਂ ਪਰਿਵਾਰ, ਗੁਰਦੁਆਰਾ ਮੈਨੇਜਮੈਂਟ ਤੇ ਕਾਰ ਸੇਵਾ ਗਰੁੱਪ, ਭਾਈ ਗੁਰਮੀਤ ਸਿੰਘ ਜੀ ਤੇ ਰਾਜਵਿੰਦਰ ਕੌਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਮੂਸੇਵਾਲਾ ਕਤਲ: ਸੰਗੀਤ ਜਗਤ ਵੱਲ ਵਧਣ ਲੱਗਾ ਪੜਤਾਲ ਦਾ ਘੇਰਾ

**ਚੰਡੀਗੜ੍ਹ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਕਤਲ ਕੇਸ ਵਿਚ ਪੁਲਿਸ ਵੱਲੋਂ ਕੀਤੀ ਜਾ ਰਹੀ ਪੜਤਾਲ ਦਾ ਘੇਰਾ ਹੁਣ ਸੰਗੀਤ ਜਗਤ ਵੱਲ ਵਧਣ ਲੱਗਾ ਹੈ। ਮਾਨਸਾ ਪੁਲਿਸ ਵੱਲੋਂ ਜਿਨ੍ਹਾਂ ਪੰਜ ਜਣਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ, ਉਨ੍ਹਾਂ ਵਿਚ ਸੰਗੀਤ ਜਗਤ ਨਾਲ ਜੁੜੀਆਂ ਦੋ ਹਸਤੀਆਂ ਵੀ ਸ਼ਾਮਲ ਹਨ ਜਿਨ੍ਹਾਂ ਦੀ ਪਛਾਣ ਕੰਵਰਪਾਲ ਗਰੇਵਾਲ ਅਤੇ ਜੋਤੀ ਪੰਧੇਰ ਵਜੋਂ ਹੋਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਕੰਵਰਪਾਲ ਗਰੇਵਾਲ ਤੇ ਜੋਤੀ ਪੰਧੇਰ ਕ੍ਰਮਵਾਰ 'ਫੋਕ ਮਾਫੀਆ' ਅਤੇ 'ਜੱਟ ਲਾਈਫ ਸਟੂਡੀਓ' ਚਲਾਉਂਦੇ ਹਨ। ਦੋਵੇਂ ਮੁਲਜ਼ਮਾਂ 'ਤੇ ਸਿੱਧੂ ਦੇ ਕਤਲ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਹਾਲਾਂਕਿ ਇਸ ਮਾਮਲੇ ਦਾਖਲ ਕੀਤੀ ਗਈ ਚਾਰਜਸ਼ੀਟ ਵਿਚ ਸੰਗੀਤ ਜਗਤ ਨਾਲ ਜੁੜੇ ਕਿਸੇ ਵੀ ਵਿਅਕਤੀ ਦੇ ਨਾਮ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਮਾਨਸਾ ਦੇ ਐਸ.ਐਸ.ਪੀ. ਗੌਰਵ ਤੂਰਾ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਗਰੇਵਾਲ ਤੇ ਜੋਤੀ ਦੋਵੇਂ ਹੀ ਸਿੱਧੂ ਮੂਸੇਵਾਲਾ ਦੇ ਸ਼ੁਰੂਆਤੀ ਦਿਨਾਂ ਦੇ



ਉਸ ਦੇ ਦੋਸਤ ਸਨ ਤੇ ਦੋਵਾਂ ਨਾਲ ਸਿੱਧੂ ਦੀਆਂ ਕਾਫੀ ਤਸਵੀਰਾਂ ਵੀ ਸਾਹਮਣੇ ਆਈਆਂ ਹਨ। ਖਦਸ਼ਾ ਹੈ ਕਿ ਇਸ ਕੇਸ ਦੀ ਜਾਂਚ ਦੌਰਾਨ ਸੰਗੀਤ ਜਗਤ ਨਾਲ ਜੁੜੇ ਕੁਝ ਹੋਰ ਲੋਕ ਵੀ ਸਾਹਮਣੇ ਆ ਸਕਦੇ ਹਨ। ਨਾਮਜ਼ਦ ਕੀਤੇ ਗਏ ਪੰਜ ਵਿਅਕਤੀਆਂ ਵਿਚ ਦੋ ਸਿੱਧੂ ਦੇ ਗੁਆਂਢੀ ਹਨ ਜਿਨ੍ਹਾਂ ਦਾ ਨਾਂ ਜਗਤਾਰ ਸਿੰਘ ਤੇ ਅਵਤਾਰ ਸਿੰਘ ਹੈ। ਜਗਤਾਰ ਨੇ ਹੀ ਸਿੱਧੂ ਦੀ ਮੁਲਾਕਾਤ ਕੰਵਰਪਾਲ ਤੇ ਜੋਤੀ ਪੰਧੇਰ ਨਾਲ ਕਰਵਾਈ ਸੀ। ਜ਼ਿਕਰਯੋਗ ਹੈ ਕਿ ਜਗਤਾਰ ਪਹਿਲਾਂ ਸਿੱਧੂ ਦਾ ਨਜ਼ਦੀਕੀ ਰਿਹਾ ਹੈ ਤੇ ਉਸ ਦੇ ਗੀਤਾਂ ਦੀ ਪ੍ਰਮੋਸ਼ਨ ਵੀ ਕਰਦਾ ਰਿਹਾ ਹੈ। ਮਗਰੋਂ ਕਿਸੇ ਗੱਲ ਨੂੰ ਲੈ ਕੇ ਦੋਵਾਂ ਵਿਚਾਲੇ ਅਣਬਣ ਹੋ ਗਈ ਸੀ।

### ਮਾਨਸਾ ਪੁਲਿਸ ਵੱਲੋਂ 36 ਖਿਲਾਫ ਚਾਰਜਸ਼ੀਟ ਦਾਖਲ

**ਮਾਨਸਾ:** ਮਾਨਸਾ ਪੁਲਿਸ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕੇਸ ਵਿਚ 1850 ਪੰਨਿਆਂ ਦੀ ਚਾਰਜਸ਼ੀਟ ਦਾਇਰ ਕੀਤੀ ਹੈ, ਜਿਸ ਵਿਚ ਕੁਲ 36 ਮੁਲਜ਼ਮਾਂ 'ਚੋਂ 24 ਕਾਤਲਾਂ ਦੇ ਨਾਂ ਦਿੱਤੇ ਗਏ ਹਨ ਤੇ ਗੈਂਗਸਟਰ ਲਾਰੈਂਸ ਬਿਸ਼ਨੋਈ ਨੂੰ ਮਾਸਟਰਮਾਈਂਡ ਦੱਸਿਆ ਗਿਆ ਹੈ। ਇਸ ਤੋਂ ਇਲਾਵਾ ਵਿਦੇਸ਼ ਬੈਠੇ 4 ਗੈਂਗਸਟਰ- ਗੋਲਡੀ ਬਰਾੜ, ਲਿਪਿਨ ਨਹਿਰਾ, ਸਚਿਨ ਥਾਪਨ ਤੇ ਅਨਮੋਲ ਹਨ ਦੇ ਨਾਂ ਵੀ ਸ਼ਾਮਲ ਹਨ। ਚਾਰਜਸ਼ੀਟ ਵਿਚ 122 ਗਵਾਹ ਸ਼ਾਮਲ ਕੀਤੇ ਗਏ ਹਨ, ਜਿਸ ਵਿਚ ਚਸ਼ਮਦੀਦ ਗਵਾਹ, ਮੂਸੇਵਾਲਾ ਦੇ ਕਤਲ ਸਮੇਂ ਉਸ ਨਾਲ ਮੌਜੂਦ ਦੋਸਤ, ਪੋਸਟਮਾਰਟਮ ਕਰਨ ਵਾਲੇ ਮਾਨਸਾ ਦੇ ਡਾਕਟਰ, ਗੋਲੀਬਾਰੀ ਕਰਨ ਵਾਲੇ ਹੋਟਲ ਸਟਾਫ ਸਣੇ ਕਈ ਲੋਕ ਸ਼ਾਮਲ ਹਨ। ਇਸ ਮਾਮਲੇ ਵਿਚ ਹੁਣ ਤੱਕ 20 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਦਕਿ ਦੋ ਨਿਸ਼ਾਨੇਬਾਜ਼ ਮਨਪ੍ਰੀਤ ਮੰਨੂ ਤੇ ਜਗਰੂਪ ਸਿੰਘ ਰੂਪਾ ਮੁਕਾਬਲੇ ਦੌਰਾਨ ਮਾਰੇ ਗਏ ਹਨ।

ਜਗਤਾਰ ਖਿਲਾਫ ਇਹ ਵੀ ਸ਼ਿਕਾਇਤ ਕੀਤੀ ਗਈ ਸੀ ਕਿ ਉਸ ਦੇ ਘਰ ਵਿਚ ਲਗਾਏ ਗਏ ਸੀ.ਸੀ.ਟੀ.ਵੀ. ਕੈਮਰੇ ਅਸਲ ਵਿਚ ਸਿੱਧੂ ਮੂਸੇਵਾਲਾ ਦੇ ਘਰ ਵੱਲ ਮੂੰਹ ਕਰਕੇ ਲਗਾਏ ਗਏ ਸਨ, ਜਿਸ ਰਾਹੀਂ ਉਹ ਸਿੱਧੂ 'ਤੇ ਨਜ਼ਰ ਰੱਖ ਰਿਹਾ ਸੀ। ਜ਼ਿਕਰਯੋਗ ਹੈ ਕਿ 2020 ਵਿਚ ਸਿੱਧੂ ਦੇ ਪਿਤਾ ਬਲਕੌਰ ਸਿੰਘ ਵੱਲੋਂ ਕੰਵਰਪਾਲ ਸਿੰਘ ਤੇ ਜੋਤੀ ਪੰਧੇਰ ਖਿਲਾਫ ਸਿੱਧੂ ਦਾ ਇਕ ਗੀਤ ਲੀਕ ਕਰਨ ਸਬੰਧੀ ਇਕ ਐਫ.ਆਈ.ਆਰ. ਵੀ ਦਰਜ ਕਰਵਾਈ ਗਈ ਸੀ। ਗੌਰਤਲਬ ਹੈ ਕਿ ਬੀਤੇ ਦਿਨੀਂ ਵੀ ਬਲਕੌਰ ਸਿੰਘ ਵੱਲੋਂ ਸਿੱਧੂ ਦੇ ਕਤਲ ਲਈ ਉਸ ਦੇ ਕੁਝ ਦੋਸਤਾਂ ਅਤੇ ਨੇੜਲਿਆਂ ਦੇ ਸ਼ਾਮਲ ਹੋਣ ਦੀ ਵੀ ਗੱਲ ਕਹੀ ਗਈ ਸੀ ਤੇ ਇਸੇ ਸ਼ਿਕਾਇਤ ਦੇ ਆਧਾਰ 'ਤੇ ਹੀ ਮਗਰੋਂ ਪੰਜ ਜਣਿਆਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ।

## ਪੰਜਾਬ ਤੇ ਚੰਡੀਗੜ੍ਹ ਦੇ ਤਿੰਨ ਅਧਿਆਪਕਾਂ ਨੂੰ ਮਿਲੇਗਾ ਕੌਮੀ ਪੁਰਸਕਾਰ

**ਚੰਡੀਗੜ੍ਹ:** ਕੇਂਦਰੀ ਸਿੱਖਿਆ ਮੰਤਰਾਲੇ ਨੇ ਇਸ ਸਾਲ ਦੇ ਕੌਮੀ ਐਵਾਰਡਾਂ ਦਾ ਐਲਾਨ ਕਰ ਦਿੱਤਾ ਹੈ। ਇਸ ਵਾਰ ਚੰਡੀਗੜ੍ਹ ਦੇ ਇਕ ਅਧਿਆਪਕ ਅਤੇ ਪੰਜਾਬ ਦੇ ਦੋ ਅਧਿਆਪਕਾਂ ਨੂੰ ਵੀ ਕੌਮੀ ਪੁਰਸਕਾਰ ਲਈ ਚੁਣਿਆ ਗਿਆ ਹੈ। ਐਤਕੀਂ ਚੰਡੀਗੜ੍ਹ ਨੂੰ ਚਾਰ ਸਾਲਾਂ ਬਾਅਦ ਐਵਾਰਡ ਲਈ ਚੁਣਿਆ ਗਿਆ ਹੈ। ਕੇਂਦਰੀ ਸਿੱਖਿਆ ਮੰਤਰਾਲੇ ਨੇ ਦੇਸ਼ ਭਰ ਦੇ 46 ਅਧਿਆਪਕਾਂ ਦੀ ਐਵਾਰਡ ਲਈ ਚੋਣ ਕੀਤੀ ਹੈ। ਇਸ ਵਾਰ ਦਮਨ ਤੇ ਦਿਓ ਅਤੇ ਲਕਸ਼ਦੀਪ ਵਿਚੋਂ ਕਿਸੇ ਅਧਿਆਪਕ ਨੂੰ ਕੌਮੀ ਐਵਾਰਡ ਲਈ ਨਹੀਂ ਚੁਣਿਆ ਗਿਆ। ਕੇਂਦਰੀ ਮੰਤਰਾਲੇ ਨੇ ਪੰਜਾਬ ਦੇ 2 ਅਧਿਆਪਕਾਂ ਦੀ ਚੋਣ ਕੀਤੀ ਹੈ। ਇਹ ਐਵਾਰਡ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਬੀਹਲਾ ਬਰਨਾਲਾ ਦੇ ਹੈੱਡ ਟੀਚਰ ਹਰਪ੍ਰੀਤ ਸਿੰਘ ਤੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਦਾਤੇਵਾਸ ਮਾਨਸਾ ਦੇ ਪ੍ਰਿੰਸੀਪਲ ਅਰੁਣ ਕੁਮਾਰ ਗਰਗ ਨੂੰ ਦਿੱਤਾ ਜਾਵੇਗਾ।

ਇਸ ਤੋਂ ਇਲਾਵਾ ਚੰਡੀਗੜ੍ਹ ਦੇ ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਧਨਾਸ ਦੀ ਪ੍ਰਿੰਸੀਪਲ ਸੀਮਾ ਰਾਣੀ ਨੂੰ ਐਵਾਰਡ ਲਈ ਚੁਣਿਆ ਗਿਆ ਹੈ। ਚੰਡੀਗੜ੍ਹ ਦੇ ਡਾਇਰੈਕਟਰ ਸਕੂਲ ਐਜੂਕੇਸ਼ਨ ਹਰਸੁਹਿੰਦਰਪਾਲ ਸਿੰਘ ਬਰਾੜ ਨੇ ਦੱਸਿਆ ਕਿ ਚੰਡੀਗੜ੍ਹ ਦੇ ਅਧਿਆਪਕ ਨੂੰ ਐਵਾਰਡ ਮਿਲਣਾ ਮਾਣ ਵਾਲੀ ਗੱਲ ਹੈ। ਕੌਮੀ ਐਵਾਰਡ 5 ਸਤੰਬਰ ਨੂੰ ਦਿੱਲੀ ਦੇ ਵਿਗਿਆਨ ਭਵਨ ਵਿਚ ਦਿੱਤੇ ਜਾਣਗੇ ਜਿਸ ਵਿਚ ਸਰਟੀਫਿਕੇਟ ਆਫ ਮੈਰਿਟ, ਪੰਜਾਹ ਹਜ਼ਾਰ ਰੁਪਏ ਦਾ ਨਗਦ ਐਵਾਰਡ ਤੇ ਸਿਲਵਰ ਮੈਡਲ ਦਿੱਤਾ ਜਾਵੇਗਾ।

## ਮੂਸੇਵਾਲਾ ਦੇ ਮਾਪੇ ਸਰਕਾਰ ਦੀ ਕਾਰਵਾਈ ਤੋਂ ਨਾਖੁਸ਼

**ਚੰਡੀਗੜ੍ਹ:** ਸਿੱਧੂ ਮੂਸੇਵਾਲਾ ਦੇ ਕਤਲ ਮਾਮਲੇ ਵਿਚ ਹੁਣ ਤੱਕ ਸਰਕਾਰ ਵੱਲੋਂ ਕੀਤੀ ਗਈ ਕਾਰਵਾਈ ਤੋਂ ਮਰਹੂਮ ਗਾਇਕ ਦੇ ਮਾਪੇ ਸੰਤੁਸ਼ਟ ਨਹੀਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਗੋਲੀ ਚਲਾਉਣ ਵਾਲੇ ਤਾਂ ਪੁਲਿਸ ਨੇ ਫੜ ਲਏ, ਪਰ ਸਾਰੀ ਸਾਜ਼ਿਸ਼ ਰਚਣ ਵਾਲੇ ਹਾਲੇ ਵੀ ਬਾਹਰ ਹਨ। ਮੂਸੇਵਾਲਾ ਦੀ ਸੁਰੱਖਿਆ 'ਚ ਕਟੌਤੀ ਕਰਨ ਵਾਲੇ ਅਧਿਕਾਰੀ 'ਤੇ ਕੋਈ ਕਾਰਵਾਈ ਨਹੀਂ ਹੋਈ ਅਤੇ ਨਾ ਹੀ ਕਿਸੇ ਨੇ ਆਪਣੀ ਗਲਤੀ ਮੰਨੀ ਹੈ, ਜਿਸ ਕਾਰਨ ਉਹ ਇਨਸਾਫ ਦੀ ਮੰਗ ਕਰਦਿਆਂ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਏ ਹਨ।

ਮਰਹੂਮ ਗਾਇਕ ਦੇ ਘਰ ਪਿੰਡ ਮੂਸਾ ਵਿਚ ਵੱਡੀ ਗਿਣਤੀ ਵਿਚ ਪੰਜਾਬ ਦੇ ਨਾਲ-ਨਾਲ ਗੁਆਂਢੀ ਰਾਜਾਂ ਵਿਚੋਂ ਪ੍ਰਸ਼ੰਸਕਾਂ ਦਾ ਆਉਣਾ ਜਾਰੀ ਹੈ। ਇਕੱਠ ਨੂੰ ਸੰਬੋਧਨ ਹੁੰਦਿਆਂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਸਿੱਧੂ ਹੱਤਿਆ ਮਾਮਲੇ ਵਿਚ ਬਾਹਰੀ ਸੂਬਿਆਂ



ਅਤੇ ਵਿਦੇਸ਼ਾਂ ਵਿਚ ਬੈਠੇ ਲੋਕਾਂ ਦੀ ਸ਼ਮੂਲੀਅਤ ਹੋਣ ਕਾਰਨ ਇਨਸਾਫ ਦੀ ਲੜਾਈ ਲੰਬੀ ਜ਼ਰੂਰ ਹੈ ਪਰ ਉਹ ਇਨਸਾਫ ਪ੍ਰਾਪਤ ਕਰ ਕੇ ਹੀ ਦਮ ਲੈਣਗੇ। ਲੰਘੀ 25 ਅਗਸਤ ਨੂੰ ਕੱਢੇ ਕੈਂਡਲ ਮਾਰਚ ਵਿਚ ਸਾਥ ਦੇਣ ਲਈ ਲੋਕਾਂ ਦਾ ਧੰਨਵਾਦ ਕਰਦਿਆਂ ਅਪੀਲ ਕੀਤੀ ਇਨਸਾਫ ਲੈਣ ਲਈ ਉਹ ਉਨ੍ਹਾਂ ਦਾ ਸਾਥ ਦੇਣ।

ਪਿੰਡ ਮੂਸਾ ਦੀ ਸਰਪੰਚ ਅਤੇ ਸਿੱਧੂ ਮੂਸੇਵਾਲਾ ਦੀ ਮਾਤਾ ਚਰਨ ਕੌਰ ਨੇ ਕਿਹਾ ਕਿ ਜਿਉਂਦੇ ਜੀਅ ਬਹੁਤੇ ਗਾਇਕਾਂ ਨੇ ਸਿੱਧੂ ਦੀਆਂ ਲੱਤਾਂ ਖਿੱਚੀਆਂ ਅਤੇ ਹੁਣ ਉਸ ਦੇ ਨਾਂ ਉਤੇ ਸਟੇਜਾਂ ਉਤੇ ਥਾਪੀ ਮਾਰ ਰਹੇ ਹਨ। ਉਨ੍ਹਾਂ ਕਿਹਾ ਕਿ ਪੜ੍ਹਾਈ ਵਿਚ ਮੱਲ੍ਹਾਂ ਮਾਰਨ ਵਾਲੇ ਥਾਪੀ ਮਾਰਦੇ ਹਨ ਜਾਂ ਫਿਰ ਕਬੱਡੀ ਦੇ ਖਿਡਾਰੀ। ਥਾਪੀ ਸਿੱਧੂ ਦੀ ਸੀ ਤੇ ਹਮੇਸ਼ਾ ਰਹੇਗੀ ਕਿਉਂਕਿ ਉਸ ਨੇ ਵੀ ਆਪਣੀ ਮਿਹਨਤ ਅਤੇ ਲਗਨ ਨਾਲ ਗਾਇਕੀ ਦੇ ਖੇਤਰ ਵਿਚ ਆਪਣਾ ਨਾਂ ਬਣਾਇਆ ਸੀ। ਉਨ੍ਹਾਂ ਲੋਕਾਈ ਨੂੰ ਅਪੀਲ ਕੀਤੀ ਕਿ ਸਿੱਧੂ ਦੇ ਨਾਂ ਉਤੇ ਟਰੱਸਟ ਆਦਿ ਨਾ ਬਣਾਏ ਜਾਣ ਪਰ ਕਲੱਬ ਬਣਾ ਕੇ ਸਮਾਜ ਸੇਵਾ ਦਾ ਕੰਮ ਜ਼ਰੂਰ ਕੀਤਾ ਜਾ ਸਕਦਾ ਹੈ।

## ਪੰਜਾਬ ਦੇ ਕਈ ਪਿੰਡ 'ਅਫਰੀਕੀ ਫੀਵਰ' ਦੇ ਅਸਰ ਹੇਠ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਜ਼ਿਲ੍ਹਾ ਪਟਿਆਲਾ ਦੇ ਇਕ ਹੋਰ ਪਿੰਡ ਬੜੂੰਗਰ ਅਤੇ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪਿੰਡ ਮੰਡੋਫਲ ਨੂੰ 'ਅਫਰੀਕਨ ਸਵਾਈਨ ਫੀਵਰ' ਨਾਲ ਪ੍ਰਭਾਵਿਤ ਜ਼ੋਨ ਐਲਾਨ ਦਿੱਤਾ ਹੈ। ਪਸ਼ੂ ਪਾਲਣ ਤੇ ਡੇਅਰੀ ਵਿਕਾਸ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਭਾਰਤੀ ਖੇਤੀਬਾੜੀ ਖੋਜ ਕੌਂਸਲ (ਆਈ.ਸੀ.ਏ.ਆਰ.) ਕੌਮੀ ਉੱਚ ਸੁਰੱਖਿਆ ਪਸ਼ੂ ਰੋਗ ਸੰਸਥਾ ਭੋਪਾਲ ਨੇ ਦੋਵਾਂ ਪਿੰਡਾਂ ਤੋਂ ਸੂਰਾਂ ਦੇ ਸੈਂਪਲਾਂ ਵਿਚ ਅਫਰੀਕਨ ਸਵਾਈਨ ਫੀਵਰ ਦੀ ਪੁਸ਼ਟੀ ਕੀਤੀ ਹੈ।



ਉਨ੍ਹਾਂ ਦੱਸਿਆ ਕਿ ਇਨ੍ਹਾਂ ਪਿੰਡਾਂ ਵਿਚ ਬਿਮਾਰੀ ਦੀ ਰੋਕਥਾਮ ਲਈ 'ਜਾਨਵਰਾਂ ਵਿਚ ਛੂਤ ਦੀਆਂ ਬਿਮਾਰੀਆਂ ਦੀ ਰੋਕਥਾਮ ਤੇ ਕੰਟਰੋਲ ਐਕਟ 2009' ਅਤੇ 'ਅਫਰੀਕਨ ਸਵਾਈਨ ਫੀਵਰ ਦੇ ਕੰਟਰੋਲ ਤੇ ਖਾਤਮੇ ਲਈ ਕੌਮੀ ਕਾਰਜ ਯੋਜਨਾ (ਜੂਨ 2020)' ਤਹਿਤ ਪਾਬੰਦੀਆਂ ਲਾ ਕੇ ਇਨ੍ਹਾਂ ਦੀ ਪਾਲਣਾ ਯਕੀਨੀ ਬਣਾਈ ਜਾ ਰਹੀ ਹੈ। ਵਿਭਾਗ ਦੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਸਥਿਤੀ 'ਤੇ ਨਜ਼ਰ ਰੱਖਣ ਦੇ ਨਿਰਦੇਸ਼ ਦਿੱਤੇ ਗਏ ਹਨ।

ਸ੍ਰੀ ਭੁੱਲਰ ਨੇ ਦੱਸਿਆ ਕਿ ਇਨ੍ਹਾਂ ਪਿੰਡਾਂ ਦੇ ਇਕ ਕਿਲੋਮੀਟਰ ਤੱਕ ਦੇ ਖੇਤਰ 'ਸੰਕ੍ਰਮਿਤ ਜ਼ੋਨ' ਅਤੇ ਇਕ ਤੋਂ 10 ਕਿਲੋਮੀਟਰ (9 ਕਿਲੋਮੀਟਰ) ਤੱਕ ਦੇ ਖੇਤਰ 'ਨਿਗਰਾਨੀ ਜ਼ੋਨ' ਹੋਣਗੇ। ਉਨ੍ਹਾਂ ਕਿਹਾ ਕਿ ਕੋਈ ਵੀ ਸੂਰ, ਨਾਨ-ਪ੍ਰੋਸੈਸਡ ਸੂਰ ਦਾ ਮੀਟ, ਸੂਰ ਪਾਲਣ ਫਾਰਮ ਜਾਂ ਬੈਕਯਾਰਡ ਸੂਰ ਪਾਲਣ ਤੋਂ ਕੋਈ ਵੀ ਫੀਡ ਜਾਂ ਸਮੱਗਰੀ ਪ੍ਰਭਾਵਿਤ ਜ਼ੋਨ ਤੋਂ ਬਾਹਰ ਨਾ ਲਿਜਾਈ ਜਾਵੇ ਅਤੇ ਨਾ ਹੀ ਜ਼ੋਨ ਵਿਚ ਲਿਆਂਦਾ ਜਾਵੇ।

## ਮੰਤਰੀਆਂ ਦੇ ਦਫਤਰਾਂ ਅਤੇ ਘਰਾਂ ਅੱਗੇ ਧਰਨੇ ਲਾਉਣਗੇ ਕਿਸਾਨ

**ਫਗਵਾੜਾ:** ਸੰਯੁਕਤ ਕਿਸਾਨ ਮੋਰਚੇ ਦੀਆਂ 31 ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ 'ਚ 5 ਸਤੰਬਰ ਨੂੰ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀਆਂ ਦੇ ਦਫਤਰਾਂ ਤੇ ਰਿਹਾਇਸ਼ਾਂ ਅੱਗੇ ਸੂਬਾ ਪੱਧਰੀ ਧਰਨੇ ਦਿੱਤੇ ਜਾਣਗੇ। ਇਹ ਐਲਾਨ ਜਥੇਬੰਦੀਆਂ ਵੱਲੋਂ ਗੁਰਦੁਆਰਾ ਸੁਖਚੈਨਆਣਾ ਸਾਹਿਬ ਵਿਖੇ ਕੀਤੀ ਮੀਟਿੰਗ ਦੌਰਾਨ ਕੀਤਾ ਗਿਆ।

ਮੀਟਿੰਗ ਦੀ ਪ੍ਰਧਾਨਗੀ ਬੂਟਾ ਸਿੰਘ ਬੁਰਜਗਿੱਲ ਨੇ ਕੀਤੀ।

ਇਸ ਮੌਕੇ ਨਿਰਭੈ ਸਿੰਘ ਢੁੱਡੀਕੇ, ਅਵਤਾਰ ਸਿੰਘ ਮੇਹਲੋਂ, ਬਖਤਾਵਰ ਸਿੰਘ, ਭਾਰਤੀ ਕਿਸਾਨ ਯੂਨੀਅਨ ਦੋਆਬਾ ਦੇ ਪ੍ਰਧਾਨ ਮਨਜੀਤ ਸਿੰਘ ਰਾਏ, ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਨੇ ਕਿਹਾ ਕਿ ਪੰਜਾਬ ਸਰਕਾਰ ਗੰਨਾ ਕਿਸਾਨਾਂ ਦੀ ਬਕਾਇਆ ਰਾਸ਼ੀ ਤੇ ਹੋਰ ਕਿਸਾਨੀ ਮਸਲਿਆਂ 'ਤੇ ਟਾਲਮਟੋਲ ਦੀ ਨੀਤੀ ਅਪਣਾ ਰਹੀ ਹੈ। ਉਨ੍ਹਾਂ ਮੰਗ ਕਰਦਿਆਂ ਕਿਹਾ ਕਿ ਗੰਨਾ ਕਿਸਾਨਾਂ ਦੀ ਬਕਾਇਆ ਰਾਸ਼ੀ ਤੇ ਲੰਪੀ ਸਕਿਨ ਬਿਮਾਰੀ ਨਾਲ ਮਰ ਰਹੇ ਪਸ਼ੂਆਂ ਦਾ ਮੁਆਵਜ਼ਾ, ਬਿਮਾਰ ਪਸ਼ੂਆਂ ਦਾ ਇਲਾਜ, ਅਵਾਰਾ ਪਸ਼ੂਆਂ ਦੀ ਵੈਕਸੀਨ ਤੇ ਉਨ੍ਹਾਂ ਦੀ ਸੰਭਾਲ ਦੀ ਸਮੱਸਿਆ, ਦੁੱਧ ਦੇ ਰੇਟਾਂ 'ਚ ਵਾਧਾ ਤੇ ਹੜ੍ਹ ਕਾਰਨ ਖਰਾਬ ਹੋਈਆਂ ਫਸਲਾਂ ਦੇ ਮੁਆਵਜ਼ੇ ਲਈ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੀਆਂ ਜਥੇਬੰਦੀਆਂ ਵੱਲੋਂ ਸੂਬਾ ਪੱਧਰੀ ਧਰਨੇ ਦਿੱਤੇ ਜਾਣਗੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਇਨ੍ਹਾਂ ਮਸਲਿਆਂ ਦਾ ਹੱਲ ਨਾ ਕੱਢਿਆ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ।

## ਲੇਬਰ ਤੇ ਅਨਾਜ ਟਰਾਂਸਪੋਰਟ ਸੋਧ ਨੀਤੀ ਨੂੰ ਪ੍ਰਵਾਨਗੀ ਸਣੇ ਅਹਿਮ ਫੈਸਲੇ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਨੇ ਖੇਤੀਬਾੜੀ ਵਿਭਾਗ ਵਿਚ 359 ਅਸਾਮੀਆਂ ਅਤੇ ਸਿਵਲ ਜੱਜਾਂ ਦੀਆਂ 80 ਅਸਾਮੀਆਂ ਭਰਨ ਸਣੇ ਕਈ ਅਹਿਮ ਫੈਸਲੇ ਲਏ ਹਨ। ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਮੰਤਰੀ ਮੰਡਲ ਵੱਲੋਂ ਸਾਲ 2022 ਲਈ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ ਦੇਣ, 497 ਵੈਟਰਨਰੀ ਫਾਰਮਾਸਿਸਟਾਂ ਅਤੇ 498 ਕਲਾਸ-4/ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਵਿਚ ਵਾਧਾ ਕਰਨ ਆਦਿ ਕਈ ਫੈਸਲੇ ਲਏ ਗਏ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੱਸਿਆ ਕਿ ਵਜ਼ਾਰਤ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਤਕਨੀਕੀ ਵਿੰਗ ਵਿਚ ਵੱਖ-ਵੱਖ ਕਾਡਰ ਦੀਆਂ 359 ਅਸਾਮੀਆਂ ਸਿੱਧੀ ਭਰਤੀ ਰਾਹੀਂ ਭਰਨ ਨੂੰ ਪ੍ਰਵਾਨਗੀ ਦੇ ਦਿੱਤੀ। ਇਨ੍ਹਾਂ ਵਿਚ ਖੇਤੀਬਾੜੀ ਵਿਕਾਸ ਅਫਸਰ ਦੀਆਂ 200, ਖੇਤੀਬਾੜੀ ਸਬ ਇੰਸਪੈਕਟਰਾਂ ਦੀਆਂ 150 ਅਤੇ ਲੈਬਾਰਟਰੀ ਸਹਾਇਕਾਂ ਦੀਆਂ ਨੌਂ ਅਸਾਮੀਆਂ ਸ਼ਾਮਲ ਹਨ। ਮੰਤਰੀ ਮੰਡਲ ਵੱਲੋਂ ਸਿਵਲ ਜੱਜ (ਜੂਨੀਅਰ ਡਿਵੀਜ਼ਨ) ਦੀਆਂ 80 ਅਸਾਮੀਆਂ ਨੂੰ ਪੰਜਾਬ ਸਿਵਲ ਸਰਵਿਸ ਕਮਿਸ਼ਨ, ਪਟਿਆਲਾ ਦੇ ਦਾਇਰੇ ਵਿਚੋਂ ਕੱਢ ਕੇ ਪੰਜਾਬ ਹਰਿਆਣਾ ਹਾਈ ਕੋਰਟ ਰਾਹੀਂ ਭਰਨ ਦਾ ਫੈਸਲਾ ਕੀਤਾ ਗਿਆ ਹੈ। ਮੰਤਰੀ ਮੰਡਲ ਨੇ ਨਵੀਂ 'ਪੰਜਾਬ ਅਨਾਜ ਲੇਬਰ ਨੀਤੀ' ਅਤੇ ਸੋਧੀ ਹੋਈ 'ਪੰਜਾਬ ਅਨਾਜ ਟਰਾਂਸਪੋਰਟ ਨੀਤੀ' ਨੂੰ ਪ੍ਰਵਾਨਗੀ ਦਿੱਤੀ ਹੈ ਜਿਸ ਦਾ ਉਦੇਸ਼ ਪਾਰਦਰਸ਼ਿਤਾ ਨੂੰ ਹੋਰ ਯਕੀਨੀ



ਬਣਾਉਣ ਲਈ ਵਿਆਪਕ ਭਾਈਵਾਲੀ ਵਧਾਉਣ ਦੇ ਨਾਲ-ਨਾਲ ਬੇਲੋੜੀ ਮੁਕੱਦਮੇਬਾਜ਼ੀ ਨੂੰ ਘਟਾਉਣਾ ਹੈ। ਸੋਧੀ ਹੋਈ ਟਰਾਂਸਪੋਰਟ ਨੀਤੀ ਹੁਣ ਝੋਨੇ ਦੀ ਖਰੀਦ ਅਤੇ ਮਿਲਿੰਗ ਲਈ ਕਸਟਮ ਮਿਲਿੰਗ ਨੀਤੀ ਨਾਲ ਮੇਲ ਖਾਂਦੀ ਹੈ। ਸੋਧੀ ਹੋਈ ਟਰਾਂਸਪੋਰਟ ਨੀਤੀ ਵਿਚ ਸਰਕਾਰ ਦੁਆਰਾ ਖਰੀਦੇ ਗਏ ਅਨਾਜ ਦੀ ਢੋਆ-ਢੁਆਈ ਲਈ ਵਰਤੇ ਜਾਣ ਵਾਲੇ ਹਰੇਕ ਵਾਹਨ ਵਿਚ ਟਰੈਕਿੰਗ ਸਿਸਟਮ ਲਾਉਣ ਦੀ ਵਿਵਸਥਾ ਲਾਜ਼ਮੀ ਬਣਾਈ ਗਈ ਹੈ। ਟਰੱਕਾਂ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਅਤੇ ਮਜ਼ਦੂਰਾਂ ਦੇ ਆਧਾਰ ਨੰਬਰਾਂ ਦੇ ਵੇਰਵਿਆਂ ਨੂੰ ਜਮ੍ਹਾਂ ਕਰਾਉਣ ਦੀ ਜ਼ਰੂਰਤ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਇਸ ਨੀਤੀ ਨੇ ਟੈਂਡਰ ਕੀਤੇ ਕਲੱਸਟਰ ਦਾ ਆਕਾਰ 50 ਹਜ਼ਾਰ ਮੀਟਰਕ ਟਨ ਤੱਕ ਸੀਮਤ ਕਰ ਦਿੱਤਾ ਹੈ। ਇਸ ਕਾਰਨ ਇਕ ਕਲੱਸਟਰ ਵਿਚ ਵਾਹਨਾਂ ਅਤੇ ਮਜ਼ਦੂਰਾਂ ਦੀ ਲੋੜ ਘਟਣ ਦੀ ਆਸ ਹੈ ਜਿਸ ਨਾਲ ਮੁਕਾਬਲਾ ਵਧਦਾ ਹੈ। ਦੋਵਾਂ ਨੀਤੀਆਂ ਨੇ ਹੁਣ ਡਿਪਟੀ ਕਮਿਸ਼ਨਰ ਨੂੰ ਟੈਂਡਰ ਕਮੇਟੀ ਦਾ ਚੇਅਰਮੈਨ ਬਣਾ ਦਿੱਤਾ ਹੈ। ਪੰਜਾਬ ਭਰ ਦੇ 582 ਵੈਟਰਨਰੀ ਹਸਪਤਾਲਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਪਹਿਲਾਂ ਹੀ ਠੇਕੇ ਦੇ ਆਧਾਰ ਉਤੇ ਕੰਮ ਕਰਦੇ 497 ਵੈਟਰਨਰੀ ਫਾਰਮਾਸਿਸਟਾਂ ਅਤੇ 498 ਕਲਾਸ-4/ਸਫ਼ਾਈ ਸੇਵਕਾਂ ਦੀਆਂ ਸੇਵਾਵਾਂ ਨੂੰ ਪਹਿਲੀ ਅਪਰੈਲ 2022 ਤੋਂ 31 ਮਾਰਚ 2023 ਤੱਕ ਵਧਾਉਣ ਵਾਸਤੇ ਕਾਰਜ ਬਾਅਦ ਪ੍ਰਵਾਨਗੀ ਦੇ ਦਿੱਤੀ ਗਈ ਹੈ। ਸਰਕਾਰ ਨੇ 582 ਸਿਵਲ ਵੈਟਰਨਰੀ ਹਸਪਤਾਲਾਂ ਨੂੰ ਪਹਿਲਾਂ ਹੀ ਪੇਂਡੂ ਵੈਟਰਨਰੀ ਅਫ਼ਸਰਾਂ ਦੀਆਂ ਪ੍ਰਵਾਨਿਤ 582 ਅਸਾਮੀਆਂ ਸਮੇਤ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਤੋਂ ਪਸ਼ੂ ਪਾਲਣ ਵਿਭਾਗ ਨੂੰ ਵਾਪਸ ਤਬਦੀਲ ਕਰ ਦਿੱਤਾ ਹੈ।

# ਖੁਰਾਕ ਤੇ ਸਪਲਾਈ ਵਿਭਾਗ 'ਚ ਬੇਨੇਮੀਆਂ ਦੀਆਂ ਪਰਤਾਂ ਖੁੱਲ੍ਹਣ ਲੱਗੀਆਂ

**ਚੰਡੀਗੜ੍ਹ:** ਖੁਰਾਕ ਤੇ ਸਪਲਾਈ ਵਿਭਾਗ 'ਚ ਹੋਈਆਂ ਬੇਨੇਮੀਆਂ ਦੀਆਂ ਨਵੀਆਂ ਪਰਤਾਂ ਖੁੱਲ੍ਹਣ ਲੱਗੀਆਂ ਹਨ। ਟੈਂਡਰ ਮਾਮਲੇ ਦਾ ਘੇਰਾ ਹੁਣ ਦਰਜਨ ਜ਼ਿਲ੍ਹਿਆਂ ਤੱਕ ਵਧ ਗਿਆ ਹੈ। ਵਿਜੀਲੈਂਸ ਬਿਊਰੋ ਨੂੰ ਇਸ ਮਾਮਲੇ ਬਾਰੇ 19 ਨਵੀਆਂ ਸ਼ਿਕਾਇਤਾਂ ਪ੍ਰਾਪਤ ਹੋ ਚੁੱਕੀਆਂ ਹਨ ਜਿਨ੍ਹਾਂ ਦੀ ਪੜਤਾਲ ਕਰਵਾਈ ਜਾ ਰਹੀ ਹੈ।

ਵਿਜੀਲੈਂਸ ਨੇ ਇਨ੍ਹਾਂ 'ਚੋਂ ਤਿੰਨ ਨਵੇਂ ਮੁਕੱਦਮੇ ਦਰਜ ਕਰਨ ਦੀ ਤਿਆਰੀ ਕਰ ਲਈ ਹੈ। ਸਾਬਕਾ ਖੁਰਾਕ ਤੇ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਗ੍ਰਿਫਤਾਰੀ ਮਗਰੋਂ ਵਿਜੀਲੈਂਸ ਨੇ ਟੈਂਡਰ ਮਾਮਲੇ ਦੀ ਜਾਂਚ ਤੇਜ਼ੀ ਨਾਲ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਅਨੁਸਾਰ ਵਿਜੀਲੈਂਸ ਨੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਖਿਲਾਫ ਮਿਲੀ ਸ਼ਿਕਾਇਤ ਦੀ ਪੜਤਾਲ ਕਰਨ ਲਈ ਕਿਹਾ ਹੈ। ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ ਨੇ ਮਨਪ੍ਰੀਤ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾਈ ਹੈ। ਮੁਹਾਲੀ ਦੇ ਡੀ.ਐੱਸ.ਪੀ. ਗਿੱਲ ਨੇ ਵਿਜੀਲੈਂਸ ਨੂੰ ਸ਼ਿਕਾਇਤ ਦਿੱਤੀ ਹੈ ਕਿ ਉਸ ਦਾ ਲੁਧਿਆਣਾ ਵਿਚ ਫਾਰਮ ਹਾਊਸ ਢਾਹ ਦਿੱਤਾ ਗਿਆ ਸੀ ਜਿਸ 'ਚ ਸਾਬਕਾ ਮੰਤਰੀ ਆਸ਼ੂ ਦਾ ਹੱਥ ਹੋਣ ਦਾ ਸ਼ੱਕ ਹੈ। ਵਿਜੀਲੈਂਸ ਲੁਧਿਆਣਾ ਨੇ ਇਸ ਦੀ ਪੜਤਾਲ ਵਿੱਢੀ ਹੋਈ ਹੈ। ਬਿਊਰੋ ਨੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਫ਼ਰੀਦਕੋਟ, ਮੋਗਾ, ਫ਼ਿਰੋਜ਼ਪੁਰ, ਮਾਨਸਾ, ਸੰਗਰੂਰ, ਬਰਨਾਲਾ, ਤਰਨ ਤਾਰਨ, ਬਠਿੰਡਾ ਅਤੇ ਪਟਿਆਲਾ 'ਚ ਟੈਂਡਰ ਮਾਮਲੇ ਦੀ ਜਾਂਚ ਵੱਖ-ਵੱਖ ਵਿਜੀਲੈਂਸ ਰੇਂਜਾਂ ਨੂੰ ਸੌਂਪੀ ਹੈ। ਸ਼ਿਕਾਇਤਾਂ 'ਚ ਹੈਰਾਨ ਕਰਨ ਵਾਲੇ



ਤੱਥ ਹਨ ਕਿ ਢੋਆ-ਢੁਆਈ ਲਈ ਜਿਹੜੇ ਵਾਹਨਾਂ ਦੀ ਰਜਿਸਟਰੇਸ਼ਨ ਮਹਿਕਮੇ ਕੋਲ ਜਮ੍ਹਾਂ ਕਰਾਈ ਗਈ ਹੈ, ਉਹ ਵੱਖ-ਵੱਖ ਜ਼ਿਲ੍ਹਿਆਂ ਵਿਚ ਇਕ ਹੀ ਸਨ। ਸੂਤਰਾਂ ਨੇ ਕਿਹਾ ਕਿ ਇਕੋ ਤਰ੍ਹਾਂ ਦੇ ਨੰਬਰਾਂ ਵਾਲੇ ਟਰੱਕਾਂ ਨੇ ਇਕੋ ਸਮੇਂ ਕਈ ਕਈ ਜ਼ਿਲ੍ਹਿਆਂ ਵਿਚ ਢੋਆ-ਢੁਆਈ ਕੀਤੀ ਹੈ। ਨਵਾਂਸ਼ਹਿਰ ਜ਼ਿਲ੍ਹੇ ਦੇ ਰੋਸ਼ਨ ਲਾਲ ਅਤੇ ਸੁਰਜੀਤ ਕੁਮਾਰ ਨੇ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਚ ਹੋਏ ਘੁਟਾਲੇ ਦੀ ਸ਼ਿਕਾਇਤ ਦਰਜ ਕਰਵਾਈ ਹੈ ਜਿਸ ਦੀ ਜਾਂਚ ਵਿਜੀਲੈਂਸ ਰੇਂਜ ਰੋਪੜ ਵੱਲੋਂ ਕੀਤੀ ਜਾ ਰਹੀ ਹੈ। ਇਸ 'ਚ ਟੈਂਡਰਾਂ ਨਾਲ ਵਾਹਨਾਂ ਦੀਆਂ ਆਰਸੀ'ਜ ਨੱਥੀ ਨਹੀਂ ਕੀਤੀਆਂ ਗਈਆਂ ਜਿਨ੍ਹਾਂ 'ਤੇ ਅਨਾਜ ਢੋਇਆ ਗਿਆ। ਮਦਨ ਲਾਲ ਵੱਲੋਂ ਦਿੱਤੀ ਗਈ ਸ਼ਿਕਾਇਤ ਅਨੁਸਾਰ ਠੇਕੇਦਾਰ ਨੇ ਬਨੂੜ ਕਲੱਸਟਰ ਵਿਚ ਵਾਹਨਾਂ ਦੇ ਗ਼ਲਤ ਨੰਬਰ ਦਿੱਤੇ ਹਨ। ਲੁਧਿਆਣਾ ਦੇ ਬਰਿੰਦਰ ਕੁਮਾਰ ਨੇ ਸ਼ਿਕਾਇਤ ਦਿੱਤੀ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਸਾਰੇ ਟੈਂਡਰ ਪ੍ਰੇਮ ਗੁਪਤਾ ਅਤੇ ਯੋਗੇਸ਼ ਗੁਪਤਾ ਨੂੰ ਦਿੱਤੇ ਗਏ।

ਹੁਸ਼ਿਆਰਪੁਰ ਵਿਚ ਇਕ ਬਲੈਕ ਲਿਸਟਡ ਠੇਕੇਦਾਰ ਨੂੰ ਟੈਂਡਰ ਅਲਾਟ ਕੀਤੇ ਜਾਣ ਦੀ ਗੱਲ ਆਖੀ ਗਈ ਹੈ ਅਤੇ ਜਲੰਧਰ ਦੇ ਐਸ.ਐਸ.ਪੀ. ਇਸ ਦੀ ਪੜਤਾਲ ਕਰ ਰਹੇ ਹਨ। ਸਚਿਨ ਕੁਮਾਰ ਨੇ ਨਵਾਂਸ਼ਹਿਰ ਵਿਚ ਟੈਂਡਰ ਮਾਮਲੇ 'ਚ ਬੇਨੇਮੀਆਂ ਹੋਣ ਦੀ ਗੱਲ ਰੱਖੀ ਹੈ। ਫ਼ਰੀਦਕੋਟ ਦੇ ਪਿੰਡ ਮੱਤਾ ਦੇ ਜਸਪਾਲ ਸਿੰਘ ਨੇ ਸ਼ਿਕਾਇਤ ਵਿਚ ਕਿਹਾ ਹੈ ਕਿ ਫ਼ਰੀਦਕੋਟ ਅਤੇ ਕੋਟਕਪੂਰਾ ਵਿਚ ਜੋ ਟੈਂਡਰ ਹੋਏ ਸਨ, ਉਨ੍ਹਾਂ ਵਿਚ ਜਿਹੜੇ ਵਾਹਨਾਂ ਦੀ ਸੂਚੀ ਲਾਈ ਗਈ ਹੈ, ਉਹੀ ਵਾਹਨਾਂ ਦੀ ਸੂਚੀ ਦੂਸਰੇ ਜ਼ਿਲ੍ਹਿਆਂ ਵਿਚ ਵੀ ਲਾਈ ਗਈ ਹੈ। ਫ਼ਿਰੋਜ਼ਪੁਰ ਰੇਂਜ ਦੇ ਐਸ.ਐਸ.ਪੀ. ਇਸ ਮਾਮਲੇ ਦੀ ਜਾਂਚ ਕਰ ਰਹੇ ਹਨ। ਇਸੇ ਤਰ੍ਹਾਂ ਮਨੋਜ ਕੁਮਾਰ ਨੇ ਆਪਣੀ ਸ਼ਿਕਾਇਤ ਵਿਚ ਮੋਗਾ ਜ਼ਿਲ੍ਹੇ ਵਿਚ ਲੰਘੇ ਤਿੰਨ ਵਰ੍ਹਿਆਂ ਤੋਂ ਉੱਚੇ ਰੇਟਾਂ 'ਤੇ ਟੈਂਡਰ ਅਲਾਟ ਕੀਤੇ ਜਾਣ ਦੀ ਗੱਲ ਆਖੀ ਹੈ।

ਮੁਦਕੀ ਦੇ ਰਾਕੇਸ਼ ਕੁਮਾਰ ਨੇ ਫ਼ਿਰੋਜ਼ਪੁਰ 'ਚ ਪਨਗਰੇਨ ਦੇ ਤਤਕਾਲੀ ਡਿਪਟੀ ਡਾਇਰੈਕਟਰ ਨੂੰ ਕਟਹਿਰੇ ਵਿਚ ਖੜ੍ਹਾ ਕੀਤਾ ਹੈ। ਸਾਰੇ ਠੇਕੇਦਾਰਾਂ ਦਾ ਇਹੋ ਕਹਿਣਾ ਹੈ ਕਿ ਉਨ੍ਹਾਂ ਦੇ ਟੈਂਡਰ ਬਿਨਾਂ ਆਧਾਰ ਤੋਂ ਰੱਦ ਕੀਤੇ ਜਾਂਦੇ ਸਨ। ਮੁਹਾਲੀ ਦੇ ਜਸਕਰਨ ਸਿੰਘ ਨੇ ਸ਼ਿਕਾਇਤ ਵਿਚ ਕਿਹਾ ਹੈ ਕਿ ਜਿਨ੍ਹਾਂ ਨੂੰ ਟੈਂਡਰ ਅਲਾਟ ਕੀਤੇ ਗਏ, ਉਨ੍ਹਾਂ ਨੇ ਵੱਖ ਵੱਖ ਸ਼ਹਿਰਾਂ ਵਿਚ ਇਕੋ ਵਾਹਨਾਂ ਦੇ ਨੰਬਰ ਦਿੱਤੇ ਹੋਏ ਹਨ।

## ਡਰਨ ਵਾਲੇ ਨਹੀਂ ਕਾਂਗਰਸੀ ਵਰਕਰ: ਵੜਿੰਗ



**ਮਾਨਸਾ:** ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ 'ਆਪ' ਵੱਲੋਂ ਕਾਂਗਰਸੀ ਵਰਕਰਾਂ ਦਾ ਮਨੋਬਲ ਡੇਗਣ ਲਈ ਸੂਬੇ ਦੇ ਸਾਬਕਾ ਵਜ਼ੀਰਾਂ ਤੇ ਕਾਂਗਰਸੀ ਆਗੂਆਂ ਖਿਲਾਫ਼ ਕਾਰਵਾਈਆਂ ਕਰ ਰਹੀ ਹੈ, ਪਰ ਕਾਂਗਰਸੀ ਵਰਕਰ ਇਸ ਤੋਂ ਡਰਨ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬਾ ਵਾਸੀਆਂ ਨੂੰ ਚੰਗੀਆਂ ਸੇਵਾਵਾਂ ਦੇਣ ਦੀ ਥਾਂ ਸਾਬਕਾ ਵਜ਼ੀਰਾਂ ਖਿਲਾਫ਼ ਕਾਰਵਾਈਆਂ ਕਰਕੇ ਉਨ੍ਹਾਂ ਦਾ ਧਿਆਨ ਹੋਰ ਪਾਸੇ ਲਾਉਣ ਦਾ ਯਤਨ ਕਰ ਰਹੀ ਹੈ।

## ਕੈਪਟਨ ਦੇ ਘਰ ਵੀ ਵਿਜੀਲੈਂਸ ਭੇਜੇ ਭਗਵੰਤ ਮਾਨ: ਬਾਜਵਾ



**ਪਟਿਆਲਾ:** ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਤੇ ਸੀਨੀਅਰ ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੰਗਾਰਦਿਆਂ ਕਿਹਾ ਕਿ ਜੇਕਰ ਉਹ ਸਹੀ ਮਾਅਨਿਆਂ ਵਿਚ ਇਮਾਨਦਾਰ ਹਨ ਤਾਂ ਉਹ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਾਰਜਕਾਲ ਦੌਰਾਨ ਹੋਏ 3400 ਕਰੋੜ ਰੁਪਏ ਦੇ ਕਥਿਤ ਘੁਟਾਲੇ ਦੀ ਜਾਂਚ ਕਰਵਾਉਣ। ਉਨ੍ਹਾਂ ਕਿਹਾ ਕਿ ਮੋਤੀ ਮਹਿਲ 'ਚ ਵਿਜੀਲੈਂਸ ਭੇਜ ਕੇ ਇਸ ਕਥਿਤ ਗਬਨ ਤੋਂ ਪਰਦਾ ਚੁੱਕਿਆ ਜਾਵੇ। ਉਂਜ ਬਾਜਵਾ ਨੇ ਦਿੱਲੀ ਦੀ ਆਬਕਾਰੀ ਨੀਤੀ ਨੂੰ ਲੈ ਕੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖਿਲਾਫ ਦਰਜ ਸੀ.ਬੀ.ਆਈ. ਕੇਸ ਦੇ ਹਵਾਲੇ ਨਾਲ ਪੰਜਾਬ ਦੀ 'ਆਪ' ਸਰਕਾਰ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਦੀ ਸਲਾਹ ਵੀ ਦਿੱਤੀ।

## ਗੁਰਦੁਆਰੇ ਮੱਥਾ ਟੇਕਣ ਜਾ ਰਹੇ ਛੇ ਸ਼ਰਧਾਲੂ ਹਾਦਸੇ ਵਿਚ ਹਲਾਕ

**ਰੁਦਰਪੁਰ (ਉਤਰਾਖੰਡ):** ਇਥੋਂ ਦੇ ਊਧਮ ਸਿੰਘ ਨਗਰ ਜ਼ਿਲ੍ਹੇ ਦੇ ਗੁਰਦੁਆਰੇ 'ਚ ਮੱਥਾ ਟੇਕਣ ਜਾ ਰਹੇ ਸ਼ਰਧਾਲੂਆਂ ਨਾਲ ਭਰੀ ਟਰੈਕਟਰ-ਟਰਾਲੀ ਦੇ ਹਾਦਸਾਗ੍ਰਸਤ ਹੋਣ ਕਾਰਨ ਛੇ ਵਿਅਕਤੀਆਂ ਦੀ ਮੌਤ ਹੋ ਗਈ। ਹਾਦਸੇ 'ਚ 34 ਹੋਰ ਵਿਅਕਤੀ ਜ਼ਖਮੀ ਹੋਏ ਹਨ। ਪੁਲਿਸ ਮੁਤਾਬਕ ਸਿਰਸਾ ਚੌਕੀ ਨੇੜੇ ਯੂ-ਟਰਨ ਲੈਂਦੇ ਸਮੇਂ ਪੁਲਭੱਟਾ ਵੱਲੋਂ ਆ ਰਹੇ ਟਰੱਕ ਨੇ ਟਰੈਕਟਰ-ਟਰਾਲੀ ਨੂੰ ਪਿੱਛਿਓਂ ਟੱਕਰ ਮਾਰ ਦਿੱਤੀ। ਟਰੈਕਟਰ-ਟਰਾਲੀ 'ਚ 40 ਵਿਅਕਤੀ ਸਵਾਰ ਸਨ। ਪੁਲਿਸ ਨੇ ਦੱਸਿਆ ਕਿ ਜ਼ਖਮੀਆਂ ਨੂੰ ਤੁਰਤ ਕਿੱਚਾ (ਉਤਰਾਖੰਡ) ਅਤੇ ਬਹੇੜੀ (ਬਰੇਲੀ) ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ। ਕਿੱਚਾ ਵਿਚ ਡਾਕਟਰਾਂ ਨੇ ਇਕ ਜ਼ਖਮੀ ਨੂੰ ਮ੍ਰਿਤਕ ਐਲਾਨ ਦਿੱਤਾ ਜਦਕਿ ਬਹੇੜੀ ਸੀ.ਐਚ.ਸੀ. ਵਿਚ ਪੰਜ ਵਿਅਕਤੀਆਂ ਦੀ ਮੌਤ ਹੋਣ ਦੀ ਪੁਸ਼ਟੀ ਹੋਈ ਹੈ। ਬਹੇੜੀ ਥਾਣੇ ਦੇ ਇੰਚਾਰਜ ਇੰਸਪੈਕਟਰ ਸਤੇਂਦਰ ਨੇ ਦੱਸਿਆ ਕਿ ਹਾਦਸਾ ਸਵੇਰੇ ਕਰੀਬ 10 ਵਜੇ ਵਾਪਰਿਆ। ਉਨ੍ਹਾਂ ਦੱਸਿਆ ਕਿ ਕਿੱਚਾ ਵਿਚ ਡਾਕਟਰਾਂ ਨੇ ਬਕਸਰ ਸ਼ਕਤੀ ਫਾਰਮ ਵਾਸੀ ਭਜਨ ਸਿੰਘ (36) ਨੂੰ ਮ੍ਰਿਤਕ ਐਲਾਨਿਆ ਜਦੋਂਕਿ ਬਹੇੜੀ ਸੀ.ਐਚ.ਸੀ. ਵਿਚ ਸੁਮਨ ਕੌਰ (15), ਗੁਰਨਾਮ ਕੌਰ (30), ਅਕਾਸ਼ਦੀਪ (8), ਰਾਜਾ (6) ਅਤੇ ਜੱਸੀ (35) ਨੂੰ ਮ੍ਰਿਤਕ ਐਲਾਨਿਆ ਗਿਆ ਹੈ।

# ਜੰਗਲਾਤ ਘੁਟਾਲੇ ਦਾ ਸੇਕ ਸਾਬਕਾ ਵਿਧਾਇਕ ਸੰਦੋਆ ਤੱਕ ਪੁੱਜਿਆ

**ਰੂਪਨਗਰ:** ਪਿੰਡ ਕਰੂਰਾਂ ਵਿਚ ਤਕਰੀਬਨ ਦੋ ਮਹੀਨੇ ਪਹਿਲਾਂ ਜੰਗਲਾਤ ਵਿਭਾਗ ਦੀ ਜ਼ਮੀਨ ਕੁਲੈਕਟਰ ਰੇਟ ਤੋਂ ਦਸ ਗੁਣਾ ਵੱਧ ਕੀਮਤ 'ਤੇ ਵੇਚਣ ਸਬੰਧੀ ਹੋਏ ਕਰੋੜਾਂ ਰੁਪਏ ਦੇ ਘੁਟਾਲੇ ਦਾ ਸੇਕ ਆਮ ਆਦਮੀ ਪਾਰਟੀ ਦੇ ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ ਤੱਕ ਪੁੱਜ ਗਿਆ ਹੈ। ਇਸੇ ਦੌਰਾਨ ਸ੍ਰੀ ਸੰਦੋਆ ਵੱਲੋਂ ਵਰਤੀ ਜਾ ਰਹੀ ਇਨੋਵਾ ਕ੍ਰਿਸਟਾ ਕਾਰ ਵੀ ਵਿਜੀਲੈਂਸ ਦੀ ਜਾਂਚ ਦੇ ਘੇਰੇ ਵਿਚ ਆ ਗਈ ਹੈ। ਵਿਜੀਲੈਂਸ ਦੀ ਜਾਂਚ ਵਿਚ ਖੁਲਾਸਾ ਹੋਇਆ ਹੈ ਕਿ ਇਹ ਕਾਰ ਸ੍ਰੀ ਸੰਦੋਆ ਦੇ ਇਕ ਰਿਸ਼ਤੇਦਾਰ ਨੇ ਖਰੀਦੀ ਸੀ ਅਤੇ ਇਸ ਦੀ ਅਦਾਇਗੀ ਇਸ ਘੁਟਾਲੇ ਦੇ ਇਕ ਮੁਲਜ਼ਮ ਵੱਲੋਂ ਸਿੱਧੀ ਕਾਰ ਡੀਲਰ ਨੂੰ ਕੀਤੀ ਗਈ ਸੀ। ਵਿਜੀਲੈਂਸ ਨੇ ਬੈਂਕ ਖਾਤੇ ਘੋਖਣ 'ਤੇ ਪਤਾ ਲਗਾਇਆ ਹੈ ਕਿ ਮਾਮਲੇ ਵਿਚ ਨਾਮਜ਼ਦ ਭਿੰਡਰ ਭਰਾਵਾਂ ਨੇ ਜਲੰਧਰ ਜ਼ਿਲ੍ਹੇ ਨਾਲ ਸਬੰਧਤ ਇਕ ਮਹਿਲਾ ਦੇ ਖਾਤੇ ਵਿਚ ਲਗਭਗ 2 ਕਰੋੜ ਰੁਪਏ ਪਾਏ ਸਨ ਜਿਸ ਵਿਚੋਂ ਕਾਫੀ ਰਕਮ ਮਹਿਲਾ ਨੇ ਆਪਣੇ ਪਤੀ ਬਰਿੰਦਰ ਕੁਮਾਰ ਦੇ ਖਾਤੇ ਵਿਚ ਪਾ ਦਿੱਤੀ ਸੀ। ਬਰਿੰਦਰ ਕੁਮਾਰ ਨੇ 16 ਅਕਤੂਬਰ, 2020 ਨੂੰ ਇਕ ਕਾਰ ਡੀਲਰ ਦੇ ਖਾਤੇ ਵਿਚ ਇਨੋਵਾ ਕ੍ਰਿਸਟਾ ਕਾਰ ਬਦਲੇ ਕਰੀਬ 19 ਲੱਖ ਰੁਪਏ ਪਾਏ। ਗੱਡੀ ਦੀ ਰਜਿਸਟਰੇਸ਼ਨ ਪਿੰਡ ਘੜੀਸਪੁਰ ਦੇ ਵਸਨੀਕ ਮੋਹਨ ਸਿੰਘ ਦੇ ਨਾਮ 'ਤੇ ਕਰਵਾਈ ਗਈ ਜੋ ਅਮਰਜੀਤ ਸਿੰਘ ਸੰਦੋਆ ਦਾ ਸਹੁਰਾ ਹੈ। ਵਿਜੀਲੈਂਸ ਬਿਊਰੋ ਨੇ



ਐਸ.ਡੀ.ਐਮ. ਰੂਪਨਗਰ ਨੂੰ ਪੱਤਰ ਲਿਖ ਕੇ ਗੱਡੀ ਦੀ ਰਜਿਸਟਰੇਸ਼ਨ ਜ਼ਬਤ ਕਰਨ ਲਈ ਕਿਹਾ ਹੈ, ਜਿਸ ਦੀ ਪੁਸ਼ਟੀ ਕਰਦਿਆਂ ਐਸ.ਡੀ.ਐਮ. ਰੂਪਨਗਰ ਹਰਬੰਸ ਸਿੰਘ ਨੇ ਦੱਸਿਆ ਕਿ ਉਨ੍ਹਾਂ ਇਸ ਸਬੰਧੀ 26 ਅਗਸਤ ਨੂੰ ਪ੍ਰਾਪਤ ਹੋਏ ਪੱਤਰ ਅਨੁਸਾਰ ਬਣਦੀ ਕਾਰਵਾਈ ਕਰ ਦਿੱਤੀ ਹੈ। ਉਧਰ, ਅਮਰਜੀਤ ਸਿੰਘ ਸੰਦੋਆ ਨੇ ਦੱਸਿਆ ਕਿ ਇਹ ਸਭ ਉਨ੍ਹਾਂ ਦੇ ਵਿਰੋਧੀਆਂ ਦੀ ਸਾਜ਼ਿਸ਼ ਹੈ ਅਤੇ ਉਹ ਬੇਕਸੂਰ ਹਨ।

## ਵਿਜੀਲੈਂਸ ਦਫਤਰ 'ਚ ਮੱਛਰਾਂ ਤੋਂ ਪਰੇਸ਼ਾਨ ਹੋਏ ਆਸ਼ੂ

**ਲੁਧਿਆਣਾ:** ਦਾਣਾ ਮੰਡੀ ਟਰਾਂਸਪੋਰਟੇਸ਼ਨ ਟੈਂਡਰ ਘੁਟਾਲੇ 'ਚ ਗ੍ਰਿਫਤਾਰ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਮੱਛਰਾਂ ਤੋਂ ਪਰੇਸ਼ਾਨ ਹੋ ਗਏ ਹਨ। ਉਨ੍ਹਾਂ ਇਸ ਦੀ ਸ਼ਿਕਾਇਤ ਵਿਜੀਲੈਂਸ ਅਧਿਕਾਰੀਆਂ ਕੋਲ ਕੀਤੀ ਸੀ, ਜਿਸ ਮਗਰੋਂ ਵਿਜੀਲੈਂਸ ਅਧਿਕਾਰੀਆਂ ਦੇ ਕਹਿਣ 'ਤੇ ਦਫਤਰ ਦੇ ਅੰਦਰ ਤੇ ਆਸ-ਪਾਸ ਫੌਗਿੰਗ ਕਰਵਾਈ ਗਈ ਤਾਂ ਕਿ ਮੱਛਰਾਂ ਤੋਂ ਰਾਹਤ ਮਿਲ ਸਕੇ। ਇਸ ਦੇ ਨਾਲ-ਨਾਲ ਦਫਤਰ ਦੇ ਆਲੇ ਦੁਆਲੇ ਮੱਛਰ ਮਾਰਨ ਵਾਲਾ ਸਪਰੇਅ ਵੀ ਕੀਤਾ ਗਿਆ। ਹਾਲਾਂਕਿ ਪਹਿਲਾਂ ਵੀ ਦੋਸ਼ ਲੱਗ ਚੁੱਕੇ ਹਨ ਕਿ 'ਆਪ' ਸਰਕਾਰ ਵਿਚ ਵੀ ਸਾਬਕਾ ਮੰਤਰੀ ਨੂੰ ਰਿਆਇਤ ਦਿੱਤੀ ਜਾ ਰਹੀ ਹੈ। ਵਿਜੀਲੈਂਸ ਦੀ ਟੀਮ ਨੇ 22 ਅਗਸਤ ਰਾਤ ਨੂੰ ਸਾਬਕਾ ਮੰਤਰੀ ਆਸ਼ੂ ਨੂੰ ਇਕ ਸੈਲੂਨ ਤੋਂ ਕਾਬੂ ਕੀਤਾ ਸੀ।

# ਪੰਜਾਬ ਪੁਲਿਸ ਵੱਲੋਂ 38 ਕਿਲੋ ਹੈਰੋਇਨ ਸਣੇ ਦੋ ਗ੍ਰਿਫਤਾਰ

**ਨਵਾਂਸ਼ਹਿਰ:** ਨਵਾਂ ਸ਼ਹਿਰ ਪੁਲਿਸ ਨੇ ਦੋ ਮੁਲਜ਼ਮਾਂ ਨੂੰ 38 ਕਿਲੋ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਸ਼ਹੀਦ ਭਗਤ ਸਿੰਘ ਨਗਰ ਦੇ ਐਸ.ਐਸ.ਪੀ. ਭਾਗੀਰਥ ਸਿੰਘ ਮੀਨਾ ਨੇ ਦੱਸਿਆ ਕਿ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਪੁਲਿਸ ਨੂੰ ਲੋੜੀਂਦਾ ਰਾਜੇਸ਼ ਕੁਮਾਰ ਉਰਫ ਸੋਨੂ ਵਾਸੀ ਰੱਕੜਾਂ (ਬਲਾਚੌਰ) ਆਪਣੇ ਸਾਥੀਆਂ ਕੁਲਵਿੰਦਰ ਰਾਮ ਉਰਫ ਕਿੰਦਾ ਵਾਸੀ ਮਹਿੰਦਪੁਰ, ਬਿੱਟੂ ਤੇ ਸੋਮ ਨਾਥ ਉਰਫ ਬਿੱਕੋ ਵਾਸੀ ਕਰਾਵਰ (ਬਲਾਚੌਰ) ਨਾਲ ਮਿਲ ਕੇ ਬਾਹਰਲੇ ਰਾਜਾਂ ਤੋਂ ਹੈਰੋਇਨ ਲਿਆ ਕੇ ਪੰਜਾਬ 'ਚ ਸਪਲਾਈ ਕਰਦਾ ਹੈ।

ਸੂਚਨਾ ਦੇ ਆਧਾਰ 'ਤੇ ਐਸ.ਆਈ. ਸੁਰਿੰਦਰ ਸਿੰਘ ਨੇ ਪਿੰਡ ਮਹਾਲੋਂ ਨੇੜੇ ਨਾਕਾ ਲਾ ਲਿਆ। ਇਸ ਦੌਰਾਨ ਜਦੋਂ ਉਨ੍ਹਾਂ ਟਰੱਕ ਨੰਬਰ ਪੀਬੀ 04 ਵੀ 6366) ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਡਰਾਈਵਰ ਕੁਲਵਿੰਦਰ ਰਾਮ ਉਰਫ ਕਿੰਦਾ ਅਤੇ ਉਸ ਦੇ ਸਾਥੀ ਬਿੱਟੂ ਨੇ ਟਰੱਕ ਉਥੇ ਹੀ ਰੋਕ ਕੇ ਭੱਜਣ ਦੀ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਕਾਬੂ ਕਰ ਲਿਆ। ਪੁਲਿਸ ਨੂੰ ਟਰੱਕ ਦੀ ਟੂਲਕਿਟ 'ਚੋਂ 38 ਕਿਲੋ ਹੈਰੋਇਨ ਬਰਾਮਦ ਹੋਈ। ਟਰੱਕ ਡਰਾਈਵਰ ਕੁਲਵਿੰਦਰ ਰਾਮ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਰਾਜੇਸ਼ ਕੁਮਾਰ ਉਰਫ ਸੋਨੂ ਨੇ ਟੈਲੀਗ੍ਰਾਮ ਐਪ ਰਾਹੀਂ ਭੁਜ (ਗੁਜਰਾਤ) ਤੋਂ ਹੈਰੋਇਨ ਲਿਆਉਣ ਲਈ ਕਿਹਾ ਸੀ ਅਤੇ ਇਹ ਖੇਪ ਉਸ ਨੇ ਸੋਨੂ ਵੱਲੋਂ ਦੱਸੇ ਵਿਅਕਤੀ ਕੋਲ ਪਹੁੰਚਾਉਣੀ ਸੀ। ਪ੍ਰਾਪਤ ਜਾਣਕਾਰੀ ਅਨੁਸਾਰ ਸੋਨੂ ਖਿਲਾਫ 19 ਕੇਸ ਦਰਜ ਹਨ।

# ਜੰਗਲਾਤ ਘੁਟਾਲਾ: ਈ.ਡੀ. ਵੱਲੋਂ ਸਾਬਕਾ ਮੰਤਰੀਆਂ ਨੂੰ ਲਪੇਟੇ 'ਚ ਲੈਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀਆਂ ਦੇ ਜੰਗਲਾਤ ਘੁਟਾਲੇ ਦੇ ਮਾਮਲੇ ਦੀ ਮੁਕੰਮਲ ਜਾਣਕਾਰੀ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਮੰਗੇ ਜਾਣ ਕਾਰਨ ਸਾਧੂ ਸਿੰਘ ਧਰਮਸੋਤ, ਸੰਗਤ ਸਿੰਘ ਗਿਲਜੀਆਂ ਤੇ ਉਨ੍ਹਾਂ ਦੇ ਭਤੀਜੇ ਦਲਜੀਤ ਸਿੰਘ ਗਿਲਜੀਆਂ ਅਤੇ ਜੰਗਲਾਤ ਵਿਭਾਗ ਦੇ ਕਈ ਅਧਿਕਾਰੀਆਂ ਦੀਆਂ ਮੁਸ਼ਕਲਾਂ ਵਧਦੀਆਂ ਦਿਖਾਈ ਦੇ ਰਹੀਆਂ ਹਨ।

ਵਿਜੀਲੈਂਸ ਅਧਿਕਾਰੀਆਂ ਨੇ ਦੱਸਿਆ ਕਿ ਈ.ਡੀ. ਨੇ ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਸੰਗਤ ਸਿੰਘ ਗਿਲਜੀਆਂ ਖਿਲਾਫ ਦਰਜ ਐਫ.ਆਈ.ਆਰ. ਦੀ ਕਾਪੀ ਅਤੇ ਤਫਤੀਸ਼ ਦੀ ਮੁਕੰਮਲ ਜਾਣਕਾਰੀ ਮੰਗੀ ਹੈ। ਈਡੀ ਵੱਲੋਂ ਇਸ ਮਾਮਲੇ ਵਿਚ ਪੈਸਿਆਂ ਦੇ ਲੈਣ-ਦੇਣ ਦੀ ਜਾਂਚ ਕੀਤੀ ਜਾਵੇਗੀ। ਕੈਪਟਨ ਸਰਕਾਰ ਵਿਚ ਸਾਧੂ ਸਿੰਘ ਧਰਮਸੋਤ ਜੰਗਲਾਤ ਮੰਤਰੀ ਸਨ।



ਕੈਪਟਨ ਦੇ ਅਸਤੀਫੇ ਮਗਰੋਂ ਚੰਨੀ ਸਰਕਾਰ ਵੇਲੇ ਧਰਮਸੋਤ ਦੀ ਥਾਂ ਸੰਗਤ ਸਿੰਘ ਗਿਲਜੀਆਂ ਜੰਗਲਾਤ ਮੰਤਰੀ ਬਣੇ ਸਨ। ਵਿਜੀਲੈਂਸ ਦਾ ਦੋਸ਼ ਕਿ ਗਿਲਜੀਆਂ ਦੇ ਸਮੇਂ ਵੀ ਵਿਭਾਗ ਵਿਚ ਭ੍ਰਿਸ਼ਟਾਚਾਰ ਹੋਇਆ ਸੀ। ਵਿਜੀਲੈਂਸ ਨੇ ਸੰਗਤ ਸਿੰਘ ਗਿਲਜ਼ੀਆਂ ਦੇ ਨਾਲ-ਨਾਲ ਉਸ ਦੇ ਭਤੀਜੇ ਦਲਜੀਤ ਸਿੰਘ ਗਿਲਜੀਆਂ ਨੂੰ ਵੀ ਇਸ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਸੀ ਜੋ ਇਸ ਸਮੇਂ ਜੇਲ੍ਹ ਵਿਚ ਹੈ। ਵਿਜੀਲੈਂਸ ਵੱਲੋਂ ਦੋਵਾਂ ਮੰਤਰੀਆਂ ਦੀ ਜਾਇਦਾਦ ਦੀ ਜਾਂਚ ਵੀ ਕੀਤੀ ਗਈ ਹੈ ਤੇ ਇਹ ਸਾਰੀ ਜਾਣਕਾਰੀ ਈ.ਡੀ. ਨੂੰ ਮੁਹੱਈਆ ਕਰਾਈ ਜਾਵੇਗੀ। ਸੂਤਰਾਂ ਮੁਤਾਬਕ ਈ.ਡੀ. ਵੱਲੋਂ ਅਜਿਹੇ ਮਾਮਲਿਆਂ, ਜਿਨ੍ਹਾਂ ਵਿਚ ਕਾਂਗਰਸ ਦੇ ਆਗੂਆਂ ਦੀ ਸ਼ਮੂਲੀਅਤ ਹੈ, ਬਾਰੇ ਵੀ ਜਾਣਕਾਰੀ ਮੰਗਣ ਦੇ ਆਸਾਰ ਹਨ। ਵਿਜੀਲੈਂਸ ਨੇ 7 ਜੂਨ ਨੂੰ ਧਰਮਸੋਤ ਨੂੰ ਗ੍ਰਿਫਤਾਰ ਕੀਤਾ ਸੀ। ਵਿਜੀਲੈਂਸ ਦੀ ਮੁੱਢਲੀ ਤਫਤੀਸ਼ ਮੁਤਾਬਕ ਸਾਧੂ ਸਿੰਘ ਧਰਮਸੋਤ ਵੱਲੋਂ ਜੰਗਲਾਤ ਮੰਤਰੀ ਹੁੰਦਿਆਂ 500 ਰੁਪਏ ਪ੍ਰਤੀ ਰੁੱਖ ਰਿਸ਼ਵਤ ਹਾਸਲ ਕੀਤੀ ਜਾਂਦੀ ਸੀ। ਵਿਜੀਲੈਂਸ ਦਾ ਦਾਅਵਾ ਹੈ ਕਿ ਧਰਮਸੋਤ ਨੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਕਰੋੜਾਂ ਰੁਪਏ ਇਕੱਠੇ ਕੀਤੇ। ਇਸ ਤੋਂ ਇਲਾਵਾ ਧਰਮਸੋਤ ਉਤੇ ਆਪਣੇ ਨੇੜਲਿਆਂ ਰਾਹੀਂ ਨਾਜਾਇਜ਼ ਮਾਈਨਿੰਗ ਸਮੇਤ ਜੰਗਲਾਤ ਜ਼ਮੀਨਾਂ 'ਤੇ ਲਾਂਘੇ ਦੇ ਬਦਲੇ ਐਨ.ਓ.ਸੀ. ਜਾਰੀ ਕਰਨ ਲਈ ਕਲੋਨਾਈਜ਼ਰਾਂ, ਨਵੇਂ ਬਣੇ ਫਿਲਿੰਗ ਸਟੇਸ਼ਨਾਂ, ਨਵੇਂ ਪ੍ਰੋਜੈਕਟਾਂ ਦੇ ਮਾਲਕਾਂ ਅਤੇ ਹੋਟਲਾਂ ਅਤੇ ਰੈਸਟੋਰੈਂਟਾਂ ਤੋਂ ਰਿਸ਼ਵਤ ਲੈਣ ਦੇ ਦੋਸ਼ ਲੱਗੇ ਸਨ। ਇਸੇ ਤਰ੍ਹਾਂ ਵਿਜੀਲੈਂਸ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਵੀ ਆਪਣੇ ਕਾਰਜਕਾਲ ਦੌਰਾਨ ਟ੍ਰੀ-ਗਾਰਡਾਂ ਦੀ ਖਰੀਦ ਰਾਹੀਂ 6,40,00,000 ਰਿਸ਼ਵਤ ਵਜੋਂ ਇਕੱਠੇ ਕੀਤੇ। ਵਿਜੀਲੈਂਸ ਨੇ ਸੰਗਤ ਸਿੰਘ ਗਿਲਜੀਆਂ 'ਤੇ ਰੋਪੜ ਜ਼ਿਲ੍ਹੇ ਵਿਚ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਵੀ ਲਾਏ ਸਨ।

## ਕਾਂਗਰਸ ਦੇ ਸਾਰੇ ਸਾਬਕਾ ਮੰਤਰੀ ਬੇਦਾਗ: ਹਰੀਸ਼ ਚੌਧਰੀ

**ਲੁਧਿਆਣਾ:** ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਚੌਧਰੀ ਨੇ ਕਿਹਾ ਹੈ ਕਿ 'ਆਪ' ਸਰਕਾਰ ਵੱਲੋਂ ਜਿਨ੍ਹਾਂ ਸਾਬਕਾ ਕਾਂਗਰਸੀ ਮੰਤਰੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਉਹ ਸਾਰੇ ਬੇਦਾਗ ਹਨ ਤੇ ਬਾਇੱਜ਼ਤ ਬਰੀ ਹੋ ਕੇ ਬਾਹਰ ਨਿਕਲਣਗੇ। ਉਨ੍ਹਾਂ ਕਿਹਾ ਕਿ ਕਾਂਗਰਸ ਇਕੱਲੇ ਭਾਰਤ ਭੂਸ਼ਣ ਆਸ਼ੂ ਦੇ ਨਾਲ ਨਹੀਂ ਬਲਕਿ ਸਾਰੇ ਮੰਤਰੀਆਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਇਸ ਦੌਰਾਨ ਸ੍ਰੀ ਚੌਧਰੀ ਨੇ 'ਆਪ' ਸਰਕਾਰ 'ਤੇ ਵੀ ਨਿਸ਼ਾਨੇ ਵਿੰਨ੍ਹੇ। ਉਨ੍ਹਾਂ ਕਿਹਾ ਕਿ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਕਹਿਣੀ ਤੇ ਕਰਨੀ 'ਚ ਕਾਫੀ ਅੰਤਰ ਹੈ। ਉਨ੍ਹਾਂ ਕਿਹਾ ਕਿ ਆਸ਼ੂ ਨੇ ਆਪਣਾ ਮੰਤਰਾਲਾ ਪੂਰੀ ਇਮਾਨਦਾਰੀ ਨਾਲ ਚਲਾਇਆ, ਜਿਸ ਦਾ ਬੱਚਾ ਬੱਚਾ ਗਵਾਹ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 3 ਸਤੰਬਰ 2022*

# ਮੋਦੀ ਦੇ ਪੰਜਾਬ ਦੌਰੇ

ਇਸ ਸਾਲ ਦੇ ਆਰੰਭ ਵਿਚ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਦੌਰੇ 'ਤੇ ਆਏ ਸਨ ਤਾਂ ਉਸ ਬਾਰੇ ਖੂਬ ਚਰਚਾ ਹੋਈ ਸੀ। ਹੁਣ ਵੀ ਜਦੋਂ ਪੰਜਾਬ ਦੌਰੇ 'ਤੇ ਆਏ ਤਾਂ ਵੀ ਖੂਬ ਚਰਚਾ ਹੋਈ ਹੈ। ਉਂਞ, ਇਨ੍ਹਾਂ ਦੋਹਾਂ ਚਰਚਾਵਾਂ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਜਦੋਂ ਉਹ ਫਿਰੋਜ਼ਪੁਰ ਰੈਲੀ ਲਈ ਪੰਜਾਬ ਆਏ ਸਨ ਤਾਂ ਕਿਸਾਨ ਆਪਣਾ ਲੰਮਾ ਅੰਦੋਲਨ ਜਿੱਤ ਚੁੱਕੇ ਸਨ। ਮੋਦੀ ਨੇ ਪਿਛਲੇ ਸਾਲ ਨਵੰਬਰ ਮਹੀਨੇ ਖੁਦ ਤਿੰਨ ਖੇਤੀ ਕਾਨੂੰਨ ਵਾਪਸ ਲੈਣ ਦਾ ਐਲਾਨ ਕੀਤਾ ਸੀ। ਯਾਦ ਰਹੇ ਕਿ ਮੋਦੀ ਸਰਕਾਰ ਦੀਆਂ ਦੀਆਂ ਵਧੀਕੀਆਂ ਖਿਲਾਫ ਕਿਸਾਨ ਦਿੱਲੀ ਦੀਆਂ ਬਰੂਹਾਂ ਉਤੇ ਸਾਲ ਭਰ ਡਟੇ ਰਹੇ ਸਨ। ਇਸ ਦੌਰਾਨ ਪੰਜਾਬ ਅਤੇ ਭਾਰਤ ਦੀ ਸਿਆਸਤ ਵਿਚ ਬੜਾ ਕੁਝ ਬਦਲਿਆ। ਉਸ ਵਕਤ ਕਿਸਾਨਾਂ ਨੇ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਘਰਾਂ ਵਿਚੋਂ ਬਾਹਰ ਨਿੱਕਲਣਾ ਵੀ ਬੰਦ ਕਰ ਦਿੱਤਾ ਸੀ। ਪਾਰਟੀ ਦੇ ਕਈ ਆਗੂਆਂ ਦੇ ਘਰਾਂ ਦੇ ਬਾਹਰ ਤਾਂ ਪੱਕੇ ਧਰਨੇ ਲਾਏ ਗਏ ਸਨ। ਮੋਦੀ ਸਰਕਾਰ ਵੱਲੋਂ ਕਰੋਨਾ ਦੀ ਅਫਰਾ-ਤਫਰੀ ਦੌਰਾਨ ਲਿਆਂਦੇ ਖੇਤੀ ਆਰਡੀਨੈਂਸਾਂ ਦਾ ਵਿਰੋਧ ਪੰਜਾਬ ਦੇ ਕਿਸਾਨਾਂ ਨੇ ਆਰੰਭ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਉਸ ਵਕਤ ਭਾਰਤੀ ਜਨਤਾ ਪਾਰਟੀ ਦਾ ਭਾਈਵਾਲ ਸ਼੍ਰੋਮਣੀ ਅਕਾਲੀ ਦਲ ਵੀ ਇਨ੍ਹਾਂ ਆਰਡੀਨੈਂਸਾਂ ਦੇ ਹੱਕ ਵਿਚ ਲਗਾਤਾਰ ਪ੍ਰਚਾਰ ਕਰਦਾ ਰਿਹਾ। ਫਿਰ ਮੋਦੀ ਸਰਕਾਰ ਨੇ ਇਹ ਆਰਡੀਨੈਂਸ ਸੰਸਦ ਵਿਚੋਂ ਪਾਸ ਕਰਵਾ ਕੇ ਕਾਨੂੰਨ ਬਣਵਾ ਲਏ ਪਰ ਕਿਸਾਨਾਂ ਨੇ ਇਨ੍ਹਾਂ ਦਾ ਵਿਰੋਧ ਜਾਰੀ ਰੱਖਿਆ।

ਪਹਿਲਾਂ-ਪਹਿਲ ਵੱਖ-ਵੱਖ ਕਿਸਾਨ ਜਥੇਬੰਦੀਆਂ ਨੇ ਇਨ੍ਹਾਂ ਕਾਨੂੰਨਾਂ ਦਾ ਵਿਰੋਧ ਆਪੋ-ਆਪਣੇ ਪੱਧਰ 'ਤੇ ਅਤੇ ਆਪੋ-ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿਚ ਸ਼ੁਰੂ ਕੀਤਾ ਸੀ ਪਰ ਹੌਲੀ-ਹੌਲੀ ਇਹ ਜਥੇਬੰਦੀਆਂ ਇਕ ਮੁੱਦੇ ਉਤੇ ਸਹਿਮਤ ਹੋ ਗਈਆਂ ਅਤੇ ਕਾਨੂੰਨ ਰੱਦ ਕਰਵਾਉਣ ਨੂੰ ਮੁੱਖ ਏਜੰਡਾ ਬਣਾ ਕੇ ਸਾਂਝੀਆਂ ਸਰਗਰਮੀਆਂ ਵਿੱਢ ਦਿੱਤੀਆਂ ਗਈਆਂ। ਉਸ ਵਕਤ ਪੰਜਾਬ ਵਿਚ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਸੀ। ਉਦੋਂ ਅਮਰਿੰਦਰ ਸਰਕਾਰ ਨੇ ਵੀ ਇਸ ਕਿਸਾਨ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਜਥੇਬੰਦੀਆਂ ਦੇ ਏਕੇ ਨੇ ਅਜਿਹਾ ਪ੍ਰਭਾਵ ਛੱਡਿਆ ਕਿ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਦੀ ਹਾਂ ਵਿਚ ਹਾਂ ਮਿਲਾਉਣੀ ਪਈ। ਹੋਰ ਤਾਂ ਹੋਰ, ਸ਼੍ਰੋਮਣੀ ਅਕਾਲੀ ਦਲ ਜੋ ਪਹਿਲਾਂ ਖੇਤੀ ਕਾਨੂੰਨਾਂ ਦੇ ਹੱਕ ਵਿਚ ਇਹ ਪ੍ਰਚਾਰ ਕਰਦਾ ਸੀ ਕਿ ਇਹ ਕਾਨੂੰਨ ਕਿਸਾਨਾਂ ਦੇ ਫਾਇਦੇ ਲਈ ਹਨ, ਨੇ ਵੀ ਕਾਨੂੰਨਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਬਾਅਦ ਵਿਚ ਅਕਾਲੀ ਵਜ਼ੀਰ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਵਜ਼ਾਰਤ ਤੋਂ ਅਸਤੀਫਾ ਦੇਣ ਲਈ ਮਜਬੂਰ ਹੋਣਾ ਪਿਆ ਅਤੇ ਫਿਰ ਕਿਸਾਨ ਅੰਦੋਲਨ ਦੇ ਦਬਾਅ ਕਰਕੇ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਢਾਈ ਦਹਾਕਿਆਂ ਦੀ ਸਿਆਸੀ ਸਾਂਝ ਦਾ ਵੀ ਭੋਗ ਪੈ ਗਿਆ। ਅਜਿਹੇ ਹਾਲਾਤ ਵਿਚ ਜਦੋਂ ਪ੍ਰਧਾਨ ਮੰਤਰੀ ਫਿਰੋਜ਼ਪੁਰ ਰੈਲੀ ਲਈ ਆਏ ਤਾਂ ਕਿਸਾਨਾਂ ਦੇ ਵਿਰੋਧ ਕਾਰਨ ਉਥੇ ਲੋਕਾਂ ਦਾ ਇਕੱਠ ਹੀ ਨਾ ਹੋਇਆ ਅਤੇ ਪ੍ਰਧਾਨ ਮੰਤਰੀ ਨੇ ਆਪਣੀ ਹੇਠੀ ਤੋਂ ਬਚਣ ਲਈ ਇਹ ਕਹਿ ਕੇ ਉਹ ਰੈਲੀ ਰੱਦ ਕਰਵਾ ਦਿੱਤੀ ਕਿ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ।

ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹਾਲੀਆ ਪੰਜਾਬ ਦੌਰੇ ਮੌਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਉਨ੍ਹਾਂ ਦਾ ਰੱਜ ਕੇ ਸਵਾਗਤ ਕੀਤਾ। ਪ੍ਰੋਟੋਕੋਲ ਦੇ ਹਿਸਾਬ ਨਾਲ ਕਿਸੇ ਵੀ ਸੂਬੇ ਦੇ ਮੁੱਖ ਮੰਤਰੀ ਦਾ ਅਜਿਹਾ ਕਰਨਾ ਬਣਦਾ ਵੀ ਹੈ ਪਰ ਆਪਣੇ ਭਾਸ਼ਣ ਦੌਰਾਨ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਦੀ ਤਾਰੀਫ ਕਰਦਿਆਂ-ਕਰਦਿਆਂ ਫਿਰੋਜ਼ਪੁਰ ਰੈਲੀ ਦੌਰਾਨ ਹੋਈ ਕਥਿਤ ਕੋਤਾਹੀ ਦੀ ਗੱਲ ਵੀ ਛੇੜ ਲਈ। ਲੋਕ ਤਾਂ ਆਸ ਕਰ ਰਹੇ ਸਨ ਕਿ ਮੁੱਖ ਮੰਤਰੀ ਭਗਵੰਤ ਮਾਨ ਪ੍ਰਧਾਨ ਮੰਤਰੀ ਅੱਗੇ ਪੰਜਾਬ ਦੇ ਉਹ ਮੁੱਦੇ ਰੱਖਣਗੇ ਜਿਸ ਕਾਰਨ ਪੰਜਾਬ ਸੰਕਟ ਵਿਚੋਂ ਗੁਜ਼ਰ ਰਿਹਾ ਹੈ ਅਤੇ ਇਹ ਸੰਕਟ ਪੰਜਾਬ ਦੇ ਆਪਣੇ ਸਹੇੜੇ ਹੋਏ ਨਹੀਂ ਸਗੋਂ ਇਹ ਸੰਕਟ ਕੇਂਦਰ ਸਰਕਾਰ ਦੀਆਂ ਮਾੜੀਆਂ ਨੀਤੀਆਂ ਕਾਰਨ ਪੰਜਾਬ ਦੇ ਸਿਰ ਪਏ ਹੋਏ ਹਨ ਪਰ ਉਨ੍ਹਾਂ ਨੇ ਪ੍ਰਧਾਨ ਮੰਤਰੀ ਅੱਗੇ ਇਕ ਵੀ ਮੁੱਦਾ ਨਹੀਂ ਰੱਖਿਆ ਸਗੋਂ ਚਾਪਲੂਸੀ ਦੇ ਹੱਦਾਂ-ਬੰਨੇ ਟੱਪਦਿਆਂ ਫਿਰੋਜ਼ ਰੈਲੀ ਨਾ ਹੋਣ ਬਾਰੇ ਅਫਸੋਸ ਕਰਨ ਤੱਕ ਚਲੇ ਗਏ।

ਅਸਲ ਵਿਚ ਜਦੋਂ ਤੋਂ ਪੰਜਾਬ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਹੈ ਅਤੇ ਭਗਵੰਤ ਮਾਨ ਨੇ ਮੁੱਖ ਮੰਤਰੀ ਦਾ ਅਹੁਦਾ ਸੰਭਾਲਿਆ ਹੈ, ਲੋਕ ਉਨ੍ਹਾਂ ਦੇ ਹੱਥਾਂ ਵੱਲ ਦੇਖ ਰਹੇ ਹਨ। ਉਹ ਦੇਖ ਰਹੇ ਹਨ ਕਿ ਮੁੱਖ ਮੰਤਰੀ ਆਪਣੇ ਕੀਤੇ ਵਾਅਦੇ ਕਦੋਂ ਪੂਰੇ ਕਰਨਗੇ ਪਰ ਸਰਕਾਰ ਬਣੀ ਨੂੰ ਛੇ ਮਹੀਨੇ ਲੰਘਣ ਦੇ ਬਾਵਜੂਦ ਅਜੇ ਤੱਕ ਇਕ ਵੀ ਮਸਲਾ ਹੱਲ ਨਹੀਂ ਕੀਤਾ ਗਿਆ ਹੈ। ਵੱਖ-ਵੱਖ ਵਰਗਾਂ ਦੇ ਲੋਕਾਂ ਨੂੰ ਪਹਿਲਾਂ ਵਾਂਗ ਹੀ ਧਰਨੇ-ਮੁਜ਼ਾਹਰੇ ਕਰਨੇ ਪੈ ਰਹੇ ਹਨ। ਸਿੱਖਿਆ ਅਤੇ ਸਿਹਤ ਦੇ ਖੇਤਰਾਂ ਵਿਚ ਕੁਝ ਵੀ ਨਵਾਂ ਨਹੀਂ ਕੀਤਾ ਜਾ ਰਿਹਾ ਸਗੋਂ ਪਹਿਲੇ ਢਾਂਚੇ ਨੂੰ ਬਰਬਾਦ ਕੀਤਾ ਜਾ ਰਿਹਾ ਹੈ। ਹੋਰ ਤਾਂ ਹੋਰ, ਇਸ਼ਤਿਹਾਰਾਂ ਦੇ ਜ਼ੋਰ ਨਾਲ ਮੀਡੀਆ ਨੂੰ ਸਰਕਾਰ ਦੀ ਨੁਕਤਾਚੀਨੀ ਕਰਨ ਤੋਂ ਵੀ ਰੋਕਿਆ ਜਾ ਰਿਹਾ ਹੈ। ਮੀਡੀਆ ਮੰਚਾਂ ਰਾਹੀਂ ਸਾਰਾ ਜ਼ੋਰ ਇਸ਼ਤਿਹਾਰਬਾਜ਼ੀ 'ਤੇ ਲਾਇਆ ਜਾ ਰਿਹਾ ਹੈ। ਜ਼ਾਹਿਰ ਹੈ ਭਗਵੰਤ ਮਾਨ ਸਰਕਾਰ ਨਾ ਤਾਂ ਖੁਦ ਕੀਤੇ ਜਾਣ ਵਾਲੇ ਕੰਮਾਂ ਨੂੰ ਹੱਥ ਪਾ ਰਹੀ ਹੈ ਅਤੇ ਨਾ ਹੀ ਕੇਂਦਰ ਸਰਕਾਰ ਨਾਲ ਉਸ ਪੱਧਰ 'ਤੇ ਗੱਲਬਾਤ ਚਲਾਈ ਗਈ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਪੰਜਾਬ ਫੇਰੀ ਦੌਰਾਨ ਹਿਮਾਚਲ ਪ੍ਰਦੇਸ਼ ਦੀਆਂ ਆ ਰਹੀਆਂ ਵਿਧਾਨ ਸਭਾ ਚੋਣਾਂ ਲਈ ਖੂਬ ਪ੍ਰਚਾਰ ਕਰ ਗਏ ਹਨ ਪਰ ਪੰਜਾਬ ਦੇ ਮੁੱਖ ਮੰਤਰੀ ਨੇ ਪੰਜਾਬ ਦੀ ਇਕ ਵੀ ਮੰਗ ਪ੍ਰਧਾਨ ਮੰਤਰੀ ਅੱਗੇ ਨਹੀਂ ਰੱਖੀ ਹੈ। ਲੋਕਾਂ ਨੂੰ ਹੁਣ ਲੱਗਣ ਲੱਗ ਪਿਆ ਹੈ ਕਿ ਉਨ੍ਹਾਂ ਨੂੰ ਹੁਣ ਕਿਸਾਨ ਅੰਦੋਲਨ ਵਾਰਗਾ ਅੰਦੋਲਨ ਛੇੜਨਾ ਪਵੇਗਾ ਤਾਂ ਕਿ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਮਜਬੂਰ ਕੀਤਾ ਜਾ ਸਕੇ ਕਿ ਉਹ ਪੰਜਾਬ ਨੂੰ ਦਰਪੇਸ਼ ਸੰਕਟਾਂ ਵੱਲ ਧਿਆਨ ਦੇਣ ਅਤੇ ਇਨ੍ਹਾਂ ਦੇ ਹੱਲ ਲਈ ਕੋਈ ਚਾਰਾਜੋਈ ਕਰਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਝਾਂਸਿਆਂ ਦਾ ਝੂਠ

ਚੰਮ-ਖੁਸ਼ੀਆਂ ਦੇ ਪ੍ਰੇਮੀ ਲਾਉਂਦੇ ਰਹਿੰਦੇ ਯਾਰੀਆਂ, ਇੱਜ਼ਤਾਂ ਸ਼ਰਮ ਵਾਲਾ 'ਤੰਗ' ਹੀ ਐ ਟੁੱਟਿਆ।
'ਲਵ' ਦਾ ਬਹਾਨਾ ਲਾ ਕੇ ਕਰਦੇ ਨੇ ਗੇਮ ਸ਼ੁਰੂ, ਹੁੰਦਾ ਜੋ ਅਸਲ ਵਿਚ 'ਕਾਮੀ-ਜਾਲ' ਸੁੱਟਿਆ।
ਮਨਮਰਜ਼ੀ ਨੇ ਮੂੰਹ ਬੰਦ ਕਰੇ ਸਿਆਣਿਆਂ ਦੇ, ਸਦਾਚਾਰ ਰੀਤਾਂ ਵਿਰਸੇ ਦਾ ਗਲਾ ਘੁੱਟਿਆ।
ਮਾਪੇ ਤਾਏ-ਚਾਚੇ ਮਾਮੇ ਭੈਣ-ਭਾਈ ਹੋਣ 'ਜ਼ੀਰੋ', ਇੱਕੋ 'ਚੰਦ' ਦਿਸਦਾ ਆਕਾਸ਼ੋਂ ਨਵਾਂ ਫੁੱਟਿਆ।
ਮੀਡੀਏ 'ਚ ਛਾਏ ਰਹਿਣ ਨਿੱਤ ਹੀ ਨਿਲੱਜ ਕਾਰੇ, ਜਾਪਦਾ ਜਹਾਨ ਸਾਰਾ 'ਪੁੱਠੇ ਕੰਮੀਂ' ਜੁੱਟਿਆ।
ਪੋਲੇ ਜਿਹੇ ਮੂੰਹ ਦੇ ਨਾਲ ਮਗਰੋਂ ਨੇ ਆਖਦੀਆਂ, ਵਿਆਹ ਵਾਲੇ 'ਝਾਂਸੇ' ਨਾਲ ਸਾਨੂੰ ਇਨ੍ਹੇ ਲੁੱਟਿਆ!

# ਭਗਵੰਤ ਮਾਨ ਵੱਲੋਂ ਮੋਦੀ ਦੇ ਸੋਹਲੇ ਗਾਉਣ ਦੇ ਮਾਇਨੇ

***ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪੰਜਾਬ ਦਾ ਕਿਹੋ ਜਿਹਾ ਰਿਸ਼ਤਾ ਹੈ, ਇਹ ਤੱਥ ਕਿਸੇ ਤੋਂ ਲੁਕਿਆ ਨਹੀਂ ਹੈ ਪਰ ਐਤਕੀਂ ਜਦੋਂ ਉਹ ਪੰਜਾਬ ਆਏ ਤਾਂ ਮੁੱਖ ਮੰਤਰੀ ਭਗਵੰਤ ਮਾਨ ਦਾ ਜਿਸ ਤਰ੍ਹਾਂ ਦਾ ਵਿਹਾਰ ਸਾਹਮਣੇ ਆਇਆ ਹੈ, ਉਹ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਸ ਬਾਰੇ ਵਿਸਥਾਰ ਸਹਿਤ ਟਿੱਪਣੀ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

24 ਅਗਸਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮੁਹਾਲੀ ਨੇੜੇ, ਸਨਅਤੀ ਇਕਾਈ ਟਾਟਾ ਉਦਯੋਗ ਦੇ ਸਹਿਯੋਗ ਨਾਲ ਬਣੇ ਕੈਂਸਰ ਹਸਪਤਾਲ ਦਾ ਨੀਂਹ ਪੱਥਰ ਰੱਖਣ ਪਹੁੰਚੇ ਤਾਂ ਉਸ ਸਮੇਂ ਪੰਜਾਬ ਦੇ ਰਾਜਨੀਤਕ ਆਗੂਆਂ ਦੇ ਕਈ ਪਹਿਲੂ ਦੇਖਣ ਨੂੰ ਮਿਲੇ। ਲੰਘੇ ਵਰ੍ਹੇ ਦੁਨੀਆ ਭਰ ਵਿਚ ਮਕਬੂਲ ਹੋਏ ਕਿਸਾਨ ਅੰਦੋਲਨ ਦੌਰਾਨ ਪ੍ਰਧਾਨ ਮੰਤਰੀ ਤੇ ਭਾਜਪਾ ਖਿਲਾਫ ਵਧ-ਚੜ੍ਹ ਕੇ ਬੋਲਦੇ ਰਹੇ ਕੁਝ ਆਗੂਆਂ ਨੇ ਉਸਤਤ ਕਰਨ ਦੀ ਕਸਰ ਨਹੀਂ ਛੱਡੀ, ਕੁਝ



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਸਮਾਗਮ ਦਾ ਸੱਦਾ ਪੱਤਰ ਨਾ ਮਿਲਣ ਕਾਰਨ ਔਖੇ ਨਜ਼ਰ ਆਏ।

ਇਸ ਹਸਪਤਾਲ ਦਾ ਕਰੈਡਿਟ ਲੈਣ ਲਈ ਸਾਰੀਆਂ ਰਾਜਨੀਤਕ ਧਿਰਾਂ ਨੇ ਅੱਡੀ ਚੋਟੀ ਦਾ ਜ਼ੋਰ ਲਗਾਇਆ। ਕਾਂਗਰਸ ਪਾਰਟੀ ਦੇ ਆਗੂ ਕਹਿੰਦੇ ਕਿ ਇਹ ਹਸਪਤਾਲ ਬਣਾਉਣ ਦਾ ਨੀਂਹ ਪੱਥਰ ਕੇਂਦਰ ਵਿਚ ਕਾਂਗਰਸ ਸਰਕਾਰ ਸਮੇਂ ਸਾਬਕਾ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਨੇ ਰੱਖਿਆ ਸੀ, ਇਸ ਲਈ ਹਸਪਤਾਲ ਬਣਾਉਣ ਦਾ ਸਿਹਰਾ ਕਾਂਗਰਸ ਦੇ ਸਿਰ ਜਾਂਦਾ ਹੈ। ਸ਼੍ਰੋਮਣੀ ਅਕਾਲੀ ਦਲ (ਬਾਦਲ) ਵਾਲੇ ਕਹਿੰਦੇ ਕਿ ਜਦ ਇਸ ਹਸਪਤਾਲ ਦਾ ਨੀਂਹ ਪੱਥਰ ਰੱਖਿਆ ਗਿਆ ਸੀ, ਤਦ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਸੀ ਤੇ ਡਾਕਟਰ ਮਨਮੋਹਨ ਸਿੰਘ ਨੇ ਉਨ੍ਹਾਂ ਦੇ ਲੀਡਰ ਪ੍ਰਕਾਸ਼ ਸਿੰਘ ਬਾਦਲ ਦੇ ਕਹਿਣ 'ਤੇ ਹੀ ਹਸਪਤਾਲ ਦਾ ਨੀਂਹ ਪੱਥਰ ਰੱਖਿਆ ਸੀ। ਭਾਰਤੀ ਜਨਤਾ ਪਾਰਟੀ ਵਾਲੇ ਇਸ ਗੱਲੋਂ ਕਰੈਡਿਟ ਲੈਣ ਲੱਗੇ ਹਨ ਕਿ ਇਸ ਦਾ ਉਦਘਾਟਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੀਤਾ ਹੈ ਤੇ ਹਸਪਤਾਲ ਭਾਜਪਾ ਕਾਰਜਕਾਲ ਵਿਚ ਬਣਿਆ ਹੈ। ਆਮ ਆਦਮੀ ਪਾਰਟੀ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਹਸਪਤਾਲ ਦੇ ਉਦਘਾਟਨ ਸਮੇਂ ਜਿਸ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਏ, ਉਸ ਦੀ ਚਰਚਾ ਹੋਣੀ ਬਣਦੀ ਹੈ।

ਵੈਸੇ ਹਸਪਤਾਲ ਦਾ ਕਰੈਡਿਟ ਲੈਣ ਲਈ ਪੱਬਾਂ ਭਾਰ ਹੋਈਆਂ ਸਾਰੀਆਂ ਰਾਜਨੀਤਕ ਧਿਰਾਂ, ਖਾਸਕਰ ਜਿਨ੍ਹਾਂ ਨੇ ਲੰਮਾ ਸਮਾਂ ਕੇਂਦਰ ਤੇ ਪੰਜਾਬ ਵਿਚ ਸੱਤਾ ਦਾ ਸੁੱਖ ਭੋਗਿਆ ਹੈ, ਨੂੰ ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਹਾਡਾ 'ਤੋਹਫਾ' ਤਾਂ ਠੀਕ ਹੈ ਪਰ ਇਸ ਖਿੱਤੇ ਵਿਚ ਕੈਂਸਰ, ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਇੰਨੀ ਵੱਡੀ ਪੱਧਰ 'ਤੇ ਫੈਲਣ ਦਾ ਕਾਰਨ ਕੀ ਹੈ? ਇਹ ਬਿਮਾਰੀਆਂ ਫੈਲਾਉਣ ਦਾ 'ਕਰੈਡਿਟ' ਕਿਸ ਨੂੰ ਜਾਣਾ ਚਾਹੀਦਾ ਹੈ? ਵੱਧ ਉਪਜ ਲੈਣ ਲਈ ਹਰੀ ਕ੍ਰਾਂਤੀ ਦੇ ਨਾਮ ਹੇਠ ਥੋਪੇ ਬੇਲੋੜੇ ਰੇਹਾਂ, ਸਪਰੇਹਾਂ ਨੇ ਇਸ ਧਰਤੀ ਨੂੰ ਜ਼ਹਿਰੀਲੀ ਬਣਾ ਦਿੱਤਾ ਹੈ ਤੇ ਅਖੌਤੀ ਵਿਕਾਸ ਮਾਡਲ ਨੇ ਮਨੁੱਖਤਾ ਦਾ ਜੋ ਘਾਣ ਕੀਤਾ ਹੈ, ਉਸ ਦਾ ਜ਼ਿੰਮੇਵਾਰ ਕੌਣ ਹੈ? ਕੈਂਸਰ ਦਾ ਵੱਡਾ ਕਾਰਨ ਬਣ ਰਹੇ ਮਾਲਵਾ ਖੇਤਰ ਦੀ ਨਰਮਾ ਪੱਟੀ ਦੇ ਪਿੰਡਾਂ ਦਾ ਪਾਣੀ ਪੀਣਯੋਗ ਨਹੀਂ ਰਿਹਾ, ਉਸ ਲਈ ਕੋਈ ਉਪਰਾਲਾ ਕਿਉਂ ਨਹੀਂ ਹੋ ਰਿਹਾ ਹੈ।

ਮੁੱਖ ਮੰਤਰੀ ਭਗਵੰਤ ਮਾਨ ਆਪਣੇ ਲੱਗਭਗ ਸਾਰੇ ਕੈਬਨਿਟ ਮੰਤਰੀਆਂ ਨਾਲ ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨ ਪਹੁੰਚੇ, ਤੇ ਉਨ੍ਹਾਂ ਪ੍ਰਧਾਨ ਮੰਤਰੀ ਦਾ ਸਵਾਗਤ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਚੰਨੀ ਸਰਕਾਰ ਦੇ ਕਾਰਜਕਾਲ ਦੌਰਾਨ ਫਿਰੋਜ਼ਪੁਰ ਫੇਰੀ ਵੇਲੇ ਸੁਰੱਖਿਆ ਵਿਚ ਕੁਤਾਹੀ ਦੇ ਮਾਮਲੇ 'ਤੇ ਅਫਸੋਸ ਪ੍ਰਗਟ ਕਰਦਿਆਂ ਕਿਹਾ, "ਅੱਜ ਪੂਰਾ ਪੰਜਾਬ ਤੁਹਾਡੇ ਸਵਾਗਤ ਲਈ ਖੜ੍ਹਾ ਹੈ।" ਭਗਵੰਤ ਮਾਨ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ 5 ਜਨਵਰੀ ਨੂੰ ਆਏ ਸਨ ਤਾਂ ਜੋ ਵੀ ਹੋਇਆ, ਉਹ ਮਾੜਾ ਸੀ। ਪੰਜਾਬੀਆਂ ਨੂੰ ਮੇਜ਼ਬਾਨੀ ਲਈ ਜਾਣਿਆ ਜਾਂਦਾ ਹੈ, ਅੱਜ ਅਸੀਂ ਉਨ੍ਹਾਂ ਲਈ ਅੱਖਾਂ ਵਿਛਾ ਰਹੇ ਹਾਂ। ਅਸੀਂ ਖੁਸ਼ਕਿਸਮਤ ਹਾਂ ਕਿ ਤੁਸੀਂ ਆਏ ਹੋ।

ਗਹੁ ਨਾਲ ਤੱਕਿਆਂ ਭਗਵੰਤ ਮਾਨ ਦੇ ਇਹ ਸ਼ਬਦ ਸੰਯੁਕਤ ਕਿਸਾਨ ਮੋਰਚਾ ਦੀ ਅਗਵਾਈ ਹੇਠ ਚੱਲੇ ਕਿਸਾਨ ਸੰਘਰਸ਼ ਨੂੰ ਝੁਠਲਾਉਣ ਵਾਲੇ ਹਨ ਕਿਉਂਕਿ ਉਸ ਸਮੇਂ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਸੰਘਰਸ਼ ਪੂਰੇ ਜੋਬਨ 'ਤੇ ਸੀ ਤੇ ਕਿਸਾਨ



ਜਥੇਬੰਦੀਆਂ ਨੇ ਭਾਜਪਾ ਆਗੂਆਂ ਦੇ ਘਿਰਾਓ ਦਾ ਸੱਦਾ ਦਿੱਤਾ ਹੋਇਆ ਸੀ। ਮੁੱਖ ਮੰਤਰੀ ਸ਼ਾਇਦ ਭੁੱਲ ਗਏ ਕਿ ਪ੍ਰਧਾਨ ਮੰਤਰੀ ਦੀ ਉਸ ਫੇਰੀ ਦੌਰਾਨ ਪੰਜਾਬ ਸੰਘਰਸ਼ੀ ਰੰਗ ਵਿਚ ਰੰਗਿਆ ਹੋਇਆ ਸੀ ਤੇ ਕਿਸਾਨ ਸੰਘਰਸ਼ ਕਾਰਨ ਪੰਜਾਬ ਦੇ ਬਣੇ ਹਾਲਾਤ ਕਾਰਨ ਅੱਡੀ-ਚੋਟੀ ਦਾ ਜ਼ੋਰ ਲਾਉਣ ਦੇ ਬਾਵਜੂਦ ਪ੍ਰਧਾਨ ਮੰਤਰੀ ਦੀ ਰੈਲੀ ਵਿਚ ਇਕੱਠ ਨਹੀਂ ਹੋਇਆ ਸੀ।

ਸਰਹੱਦੀ ਮਸਲੇ ਬਾਰੇ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨੂੰ ਸੰਬੋਧਨ ਕਰਦਿਆਂ ਇਹ ਤਾਂ ਕਿਹਾ ਕਿ ਅਸੀਂ ਬੀ.ਐਸ.ਐਫ. ਅਤੇ ਕੇਂਦਰ ਨਾਲ ਮਿਲ ਕੇ ਚੱਲ ਰਹੇ ਹਾਂ, ਤੇ ਵਿਘਨ ਪਾਉਣ ਵਾਲੀਆਂ ਤਾਕਤਾਂ ਨੂੰ ਪੰਜਾਬ ਵਿਚ ਦਾਖਲ ਨਹੀਂ ਹੋਣ ਦਿਆਂਗੇ ਪਰ ਲੱਗਦੇ ਹੱਥ ਬੀ.ਐਸ.ਐਫ. ਦਾ ਦਾਇਰਾ ਵਧਾਉਣ ਦਾ ਮਸਲਾ ਉਠਾਉਣ ਤੋਂ ਚੁੱਪ ਵੱਟ ਗਏ। ਪੰਜਾਬ ਵਿਚ ਬੀ.ਐਸ.ਐਫ. ਦਾ ਦਾਇਰਾ ਵਧਾਉਣ ਨਾਲ ਅੱਧਾ ਪੰਜਾਬ ਅਸਿੱਧੇ ਤੌਰ 'ਤੇ ਬੀ.ਐਸ.ਐਫ. ਅਧੀਨ ਆ ਜਾਵੇਗਾ, ਇਹ ਚਰਚਾ ਦਾ ਵਿਸ਼ਾ ਬਣਿਆ ਸੀ ਤਾਂ 'ਆਪ' ਆਗੂ ਵੀ ਵਧ-ਚੜ੍ਹ ਕੇ ਬੋਲੇ ਸਨ।

ਪੰਜਾਬ ਵਿਚ ਕੈਂਸਰ ਵਰਗੀ ਨਾ-ਮੁਰਾਦ ਬਿਮਾਰੀ ਦਾ ਹਸਪਤਾਲ ਖੁੱਲ੍ਹਣਾ ਚੰਗੀ ਗੱਲ ਹੈ ਤੇ ਸੂਬੇ ਦੇ ਮੁਖੀ ਵੱਲੋਂ ਪ੍ਰਧਾਨ ਮੰਤਰੀ ਨੂੰ ਜੀ ਆਇਆ ਕਹਿਣਾ ਵੀ ਕੋਈ ਮਾੜੀ ਗੱਲ ਨਹੀਂ ਹੈ ਪਰ ਪੰਜਾਬ ਦੇ ਮੁੱਦੇ ਛੱਡ ਕੇ ਇਸ ਤਰ੍ਹਾਂ ਦੀਆਂ 'ਮਿੱਠੀਆਂ' ਮਾਰਨੀਆਂ ਕੋਈ ਵਧੀਆ ਸੁਨੇਹਾ ਦੇਣ ਵਾਲੀ ਗੱਲ ਨਹੀਂ, ਖਾਸਕਰ ਉਸ ਸਮੇਂ ਜਦ ਤੁਸੀਂ ਮੀਡੀਆ ਵਿਚ ਆਪਣੇ ਆਪ ਨੂੰ ਲੋਕਾਂ ਦੇ ਸਭ ਤੋਂ ਵੱਡੇ ਖੈਰ-ਖੁਆਹ ਵਜੋਂ ਪੇਸ਼ ਕਰ ਰਹੇ ਹੋਵੋ।

ਚੰਗਾ ਹੁੰਦਾ ਜੇ ਮੁੱਖ ਮੰਤਰੀ ਆਪਣੇ ਭਾਸ਼ਣ ਵਿਚ ਕੇਂਦਰ ਸਰਕਾਰ ਵੱਲੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਵਿਚੋਂ ਪੰਜਾਬ ਦੀ ਭਾਗੀਦਾਰੀ ਖਤਮ ਕਰਨ ਦੀ ਗੱਲ ਕਰਦੇ ਤੇ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਏ ਚੰਡੀਗੜ੍ਹ 'ਤੇ ਆਪਣੀ ਹੱਕ ਜਤਾਈ ਕਰਦੇ। ਪੰਜਾਬ ਦੇ ਪਾਣੀਆਂ ਦਾ ਮਸਲਾ ਗੰਭੀਰ ਬਣਿਆ ਹੋਇਆ ਹੈ, ਮੁੱਖ ਮੰਤਰੀ ਨੂੰ ਇਹ ਸਵਾਲ ਉਠਾਉਣਾ ਚਾਹੀਦਾ ਸੀ।

ਪੰਜਾਬ ਨਾਲ ਸਬੰਧਤ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦਾ ਮਸਲਾ ਉਠਾਉਣਾ ਬਣਦਾ ਸੀ ਕਿ ਸੰਵਿਧਾਨ ਅਨੁਸਾਰ ਉਨ੍ਹਾਂ ਨੇ ਆਪਣੀ ਬਣਦੀ ਸਜ਼ਾ ਭੁਗਤ ਲਈ ਹੈ ਤਾਂ ਉਨ੍ਹਾਂ ਨੂੰ ਫੌਰੀ ਰਿਹਾਅ ਕਰਨਾ ਚਾਹੀਦਾ ਹੈ। ਭਾਸ਼ਣ ਦੌਰਾਨ ਇਹ ਸਵਾਲ ਪੁੱਛਣਾ ਚਾਹੀਦਾ ਸੀ ਕਿ ਪ੍ਰਧਾਨ ਮੰਤਰੀ ਜੀ, ਤੁਹਾਡੇ ਪਿੱਤਰੀ ਸੂਬੇ ਗੁਜਰਾਤ ਵਿਚ ਬਿਲਕੀਸ ਬਾਨੋ ਸਮੂਹਿਕ ਬਲਾਤਕਾਰ ਦੇ ਦੋਸ਼ੀਆਂ ਨੂੰ ਸਜ਼ਾ ਮੁਆਫ ਕਰਕੇ ਰਿਹਾਅ ਕਰ ਦਿੱਤਾ ਗਿਆ ਹੈ ਪਰ ਬੁੱਧੀਜੀਵੀਆਂ, ਲੇਖਕਾਂ, ਸਮਾਜਿਕ ਕਾਰਕੁਨਾਂ ਨੂੰ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ।

ਭਗਵੰਤ ਮਾਨ ਅਤੇ ਉਸ ਦੇ ਸਮਰਥਕ ਇਸ ਗੱਲ ਦਾ ਖੂਬ ਲਾਹਾ ਲੈਂਦੇ ਆਏ ਹਨ ਕਿ ਉਹ ਲੋਕ ਸਭਾ ਵਿਚ ਸਰਕਾਰ ਨੂੰ ਖਰੀਆਂ-ਖਰੀਆਂ ਸੁਣਾਉਂਦੇ ਰਹੇ ਹਨ ਤੇ ਲੋਕਾਂ ਦੇ ਮਸਲੇ ਲੋਕ ਸਭਾ ਵਿਚ ਬੇਬਾਕੀ ਨਾਲ ਉਠਾਉਂਦੇ ਰਹੇ ਹਨ ਪਰ ਸਾਨੂੰ ਘੋਖ ਤਾਂ ਕਰਨੀ ਹੀ ਚਾਹੀਦੀ ਹੈ ਕਿ ਅਜਿਹਾ ਕੀ ਭਾਣਾ ਵਰਤ ਗਿਆ ਕਿ ਉਹ ਬੁਲੰਦ ਆਵਾਜ਼ ਮੁੱਖ ਮੰਤਰੀ ਬਣਨ ਤੋਂ ਬਾਅਦ ਉਸੇ ਸਰਕਾਰ ਦੇ ਮੁਖੀ ਦੇ ਸੋਹਲੇ ਗਾਉਣ ਲੱਗ ਪਈ!

ਮੁੱਖ ਮੰਤਰੀ ਦੇ ਮੂੰਹੋਂ ਬਾਦਲ ਪਿਉ-ਪੁੱਤਾਂ ਅਤੇ ਕੈਪਟਨ ਖਿਲਾਫ ਚੁਟਕਲੇ ਚਿਰਾਂ ਤੋਂ ਸੁਣ ਰਹੇ ਹਾਂ ਪਰ ਜਿਸ ਧਿਰ ਕੋਲ ਇਨ੍ਹਾਂ ਦੋਵਾਂ ਘਰਾਂ ਦੀ ਚਾਬੀ ਹੈ, ਉਸ ਦੀ ਉਸਤਤ ਕਰਕੇ ਮੁੱਖ ਮੰਤਰੀ ਭਲਾ ਕੀ ਸੁਨੇਹਾ ਦੇ ਰਹੇ ਹਨ? ਹਕੀਕਤ ਇਹ ਹੈ ਕਿ ਅੱਜ ਕੱਲ੍ਹ ਭਗਵੰਤ ਮਾਨ ਖੁਦ ਉਹ ਸਭ ਕਰ ਰਹੇ ਹਨ ਜਿਸ ਦਾ ਉਹ ਵਿਰੋਧ ਕਰਦੇ ਰਹੇ ਹਨ, ਜਿਵੇਂ ਅੱਜ ਕੱਲ੍ਹ ਲੱਗਭਗ ਹਰ ਸਰਕਾਰੀ ਕੰਮ 'ਤੇ ਮੁੱਖ ਮੰਤਰੀ ਦੀ ਫੋਟੋ ਲੱਗਦੀ ਹੈ; ਪਿਛਲੇ ਦਿਨੀਂ ਖੁੱਲ੍ਹੇ ਆਮ ਆਦਮੀ ਕਲੀਨਿਕ ਇਸ ਦੀ ਪ੍ਰਤੱਖ ਉਦਾਹਰਨ ਹਨ।

ਬਹੁਤ ਸਾਰੇ 'ਆਪ' ਆਗੂ ਇਹ ਕਹਿ ਕੇ ਗੁਮਰਾਹ ਕਰ ਰਹੇ ਹਨ ਕਿ ਇਹ ਪ੍ਰੋਟੋਕੋਲ ਦਾ ਮਸਲਾ ਹੈ ਜਦਕਿ ਅਜਿਹੀਆਂ ਅਨੇਕਾਂ ਉਦਾਹਰਨਾਂ ਪਈਆਂ ਹਨ ਜਦ ਸੂਬੇ ਦੇ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੀ ਹਾਜ਼ਰੀ ਵਿਚ ਸਟੇਜ ਤੋਂ ਆਪਣੇ ਸੂਬੇ ਦੇ ਮਸਲੇ ਉਠਾਏ ਹਨ ਤੇ ਉਨ੍ਹਾਂ ਨੂੰ ਹੱਲ ਕਰਨ ਦੀ ਅਪੀਲ ਕੀਤੀ ਹੈ।

ਪ੍ਰਧਾਨ ਨਰਿੰਦਰ ਮੋਦੀ ਨੇ 20 ਮਿੰਟ ਤੋਂ ਜ਼ਿਆਦਾ ਆਪਣੇ ਭਾਸ਼ਣ ਵਿਚ ਕੇਂਦਰ ਦੇ ਵਿਜ਼ਨ ਦੀ ਵਿਆਖਿਆ ਕੀਤੀ ਤੇ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਉਹ ਹਿਮਾਚਲ ਚੋਣਾਂ ਲਈ ਪ੍ਰਚਾਰ ਮੁਹਿੰਮ 'ਤੇ ਨਿੱਕਲੇ ਹੋਣ।

ਪ੍ਰਧਾਨ ਮੰਤਰੀ ਦੀ 5 ਜਨਵਰੀ ਵਾਲੀ ਅਧੂਰੀ ਪੰਜਾਬ ਫੇਰੀ ਸਮੇਂ ਕੁਝ ਸੱਜਣ ਤਰਕ ਦਿੰਦੇ ਸਨ ਕਿ ਜੇ ਪ੍ਰਧਾਨ ਮੰਤਰੀ ਦੀ ਫੇਰੀ ਦਾ ਵਿਰੋਧ ਨਾ ਹੁੰਦਾ ਤਾਂ ਉਹ ਪੰਜਾਬ ਨੂੰ ਵੱਡੇ ਗੱਫੇ ਦੇਣ ਵਾਲੇ ਸਨ। ਚਲੋ ਮੰਨਿਆ ਕਿ ਪਿਛਲੀ ਵਾਰ ਫੇਰੀ ਦੇ ਵਿਰੋਧ ਕਾਰਨ ਪੰਜਾਬ ਗੱਫਿਆਂ ਤੋਂ ਵਾਂਝਾ ਰਹਿ ਗਿਆ ਪਰ ਐਤਕੀਂ ਤਾਂ ਪੰਜਾਬ ਸਰਕਾਰ ਨੇ ਸਵਾਗਤ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ, ਫਿਰ ਐਤਕੀਂ ਵਾਲੇ ਗੱਫਿਆਂ ਦਾ ਕੀ ਬਣਿਆ?


ਅਸਲ ਵਿਚ ਆਮ ਆਦਮੀ ਪਾਰਟੀ ਦੀ ਕੋਈ ਵਿਚਾਰਧਾਰਾ ਨਹੀਂ ਅਤੇ ਮੀਡੀਆ, ਖਾਸਕਰ ਸੋਸ਼ਲ ਮੀਡੀਆ ਨੂੰ ਹਥਿਆਰ ਵਜੋਂ ਵਰਤ ਕੇ ਇਹ ਪਾਰਟੀ ਪੂਰੇ ਮੁਲਕ ਵਿਚ ਛਾ ਜਾਣਾ ਚਾਹੁੰਦੀ ਹੈ। 'ਆਪ' ਆਗੂ ਮੀਡੀਆ ਰਾਹੀਂ ਇਹ ਬਿਰਤਾਂਤ ਸਿਰਜਦੇ ਹਨ ਕਿ ਭਾਜਪਾ ਦੇ ਅਸਲ ਵਿਰੋਧੀ ਉਹੀ ਹਨ ਜਦਕਿ ਜ਼ਿਆਦਾਤਰ ਮਸਲਿਆਂ ਵਿਚ ਨੀਤੀਗਤ ਤੌਰ 'ਤੇ ਇਸ ਤਰ੍ਹਾਂ ਨਹੀਂ ਹੈ। ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦੇਣ ਦੀ ਮੰਗ ਲਈ ਸੰਘਰਸ਼ ਕਰਨ ਵਾਲੀ ਇਸ ਪਾਰਟੀ ਨੇ ਜੰਮੂ ਕਸ਼ਮੀਰ ਦੇ ਮਸਲੇ 'ਤੇ ਭਾਜਪਾ ਦਾ ਪੱਖ ਪੂਰਿਆ ਹੈ। ਅੱਜ ਦਾ ਦੌਰ ਉਹ ਦੌਰ ਹੈ ਜਦ ਸੂਬਿਆਂ ਦੇ ਅਧਿਕਾਰ ਖੋਹੇ ਜਾ ਰਹੇ ਹਨ ਤੇ ਫੈਡਰਲ ਢਾਂਚਾ ਬੁਰੀ ਤਰ੍ਹਾਂ ਤਬਾਹ ਕੀਤਾ ਜਾ ਰਿਹਾ ਹੈ। ਇਸ ਸੂਰਤ ਵਿਚ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਆਪਣੀ ਜ਼ਿੰਮੇਵਾਰੀ ਸਮਝਦਿਆਂ ਕੇਂਦਰ ਸਰਕਾਰ ਨੂੰ ਅਜਿਹੇ ਫੈਸਲੇ ਕਰਨ ਤੋਂ ਰੋਕਣ ਦਾ ਯਤਨ ਕਰਨਾ ਚਾਹੀਦਾ ਹੈ।

# ਮੋਦੀ ਦਾ ਭਾਰਤ ਜਿੱਥੇ ਲੋਕਤੰਤਰ ਖਤਮ ਹੋ ਗਿਆ...

***ਦੇਬਾਸੀਸ਼ ਰਾਏ ਚੌਧਰੀ ਹਾਂਗਕਾਂਗ ਆਧਾਰਿਤ ਭਾਰਤੀ ਪੱਤਰਕਾਰ ਹਨ। ਉਨ੍ਹਾਂ ਨੇ ਜੌਹਨ ਕੀਨ ਨਾਲ ਮਿਲ ਕੇ ਮਸ਼ਹੂਰ ਕਿਤਾਬ 'ਟੂ ਕਿਲ ਏ ਡੈਮੋਰਕਰੇਸੀ: ਇੰਡੀਆ'ਜ਼ ਪੈਸੇਜ ਟੂ ਡਿਸਪੌਟਿਜ਼ਮ' ਲਿਖੀ ਹੈ। ਨਿਊ ਯਾਰਕ ਟਾਈਮਜ਼ ਦੇ 24 ਅਗਸਤ 2022 ਅੰਕ ਵਿਚ ਦੇਬਾਸੀਸ਼ ਰਾਏ ਚੌਧਰੀ ਨੇ ਆਰ.ਐੱਸ.ਐੱਸ.-ਭਾਜਪਾ ਵੱਲੋਂ ਮੁੜ ਪ੍ਰੀਭਾਸ਼ਿਤ ਕੀਤੇ ਜਾ ਰਹੇ ਭਾਰਤ ਉੱਪਰ ਤਬਸਰਾ ਕੀਤਾ ਹੈ। ਇਸ ਲਿਖਤ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।***

ਪਿਛਲੇ ਮਹੀਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤ ਦੀ ਲੱਗਭੱਗ ਮੁਕੰਮਲ ਨਵੀਂ ਸੰਸਦ ਕੋਲ ਖੜ੍ਹੇ ਹੋ ਕੇ ਇਕ ਲੀਵਰ ਖਿੱਚਿਆ ਜੋ ਮੁਲਕ ਦੀ ਆਜ਼ਾਦੀ ਦੇ 75 ਸਾਲਾਂ ਦੀ ਯਾਦ ਵਿਚ ਬਣਾਈ ਗਈ ਹੈ। ਵੱਡ-ਆਕਾਰੀ ਲਾਲ ਪਰਦਾ ਹਟ ਗਿਆ ਅਤੇ ਇਮਾਰਤ ਦਾ ਤਾਜ਼ ਮੂਰਤੀ ਪ੍ਰਗਟ ਹੋ ਗਈ। ਭਾਰਤ ਦੇ ਬਹੁਤ ਸਾਰੇ ਲੋਕਾਂ ਨੂੰ ਦੇਖ ਕੇ ਹੈਰਾਨੀ ਹੋਈ।

21 ਫੁੱਟ ਲੰਬਾ ਕਾਂਸੀ ਦਾ ਚਿੰਨ੍ਹ (ਚਾਰ ਸ਼ੇਰਾਂ ਵਾਲੀ ਮੂਰਤੀ) ਭਾਰਤ ਦਾ ਸਤਿਕਾਰਤ ਰਾਸ਼ਟਰੀ ਚਿੰਨ੍ਹ ਹੈ। ਇਸ ਰਾਸ਼ਟਰੀ ਚਿੰਨ੍ਹ ਵਿਚ ਸ਼ੇਰਾਂ ਨੂੰ ਆਮ ਤੌਰ 'ਤੇ ਸ਼ਾਹੀ ਅਤੇ ਸ਼ਾਂਤ ਦਿਖਾਇਆ ਗਿਆ ਹੁੰਦਾ ਹੈ ਪਰ ਹੁਣ ਇਹ ਵੱਖਰੀ ਤਰ੍ਹਾਂ ਦੇ ਦਿੱਸੇ, ਗੁੱਸੇ 'ਚ ਅਤੇ ਹਮਲਾਵਰ ਤੇਵਰ ਵਾਲੇ। ਮੋਦੀ ਦੇ ਆਲੋਚਕਾਂ ਲਈ ਸੰਸਦ ਦੇ ਉੱਪਰ ਨਵੀਂ ਸ਼ੈਲੀ ਦੀ ਮੂਰਤੀ ਉਸ ਦਹਾੜਦੇ 'ਨਵੇਂ ਭਾਰਤ' ਨੂੰ ਦਰਸਾਉਂਦੀ ਹੈ ਜੋ ਉਹ ਬਣਾ ਰਿਹਾ ਹੈ। ਸੰਸਦ ਨੂੰ ਨਵਾਂ ਰੂਪ ਦੇਣਾ ਅਜਿਹਾ ਪ੍ਰੋਜੈਕਟ ਹੈ ਜੋ ਬਿਨਾਂ ਕੋਈ ਬਹਿਸ ਕਰਾਏ ਜਾਂ ਬਿਨਾਂ ਜਨਤਕ ਸਲਾਹ-ਮਸ਼ਵਰੇ ਤੋਂ ਹੀ ਪਾਸ ਕਰ ਲਿਆ ਗਿਆ ਸੀ।



15 ਅਗਸਤ 1947 ਨੂੰ ਸੁਤੰਤਰਤਾ ਹਾਸਲ ਕਰਨ ਤੋਂ ਬਾਅਦ

**ਦੇਬਾਸੀਸ਼ ਰਾਏ ਚੌਧਰੀ**
**ਅਨੁਵਾਦ: ਬੂਟਾ ਸਿੰਘ**

ਧਰਮ ਨਿਰਪੱਖਤਾ, ਬਹੁਲਵਾਦ, ਧਾਰਮਿਕ ਸਹਿਣਸ਼ੀਲਤਾ ਅਤੇ ਬਰਾਬਰ ਨਾਗਰਿਕਤਾ ਦੇ ਜਿਨ੍ਹਾਂ ਆਦਰਸ਼ਾਂ ਉੱਪਰ ਮੁਲਕ ਦੀ ਨੀਂਹ ਰੱਖੀ ਗਈ ਸੀ, ਮਿਸਟਰ ਮੋਦੀ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਨੇ ਆਪਣੇ ਅੱਠ ਸਾਲਾਂ ਦੇ ਰਾਜ ਵਿਚ ਉਨ੍ਹਾਂ ਆਦਰਸ਼ਾਂ ਨੂੰ ਦਰੜ ਕੇ ਇਕ ਅਸਹਿਣਸ਼ੀਲ ਹਿੰਦੂ ਸਰਬੋਤਮਵਾਦੀ ਬਹੁਗਿਣਤੀਵਾਦ ਨੂੰ ਉਤਸ਼ਾਹਿਤ ਕਰਦੇ ਹੋਏ ਭਾਰਤੀ ਲੋਕਤੰਤਰ ਨੂੰ ਤਹਿਸ-ਨਹਿਸ ਕਰ ਦਿੱਤਾ ਹੈ।

ਨਾਜ਼ੀ ਜਰਮਨੀ ਦੀ ਤਰ੍ਹਾਂ ਇਹ ਹਕੂਮਤ ਵੀ ਆਪਣੇ ਰਾਜਨੀਤਕ ਏਜੰਡੇ ਲਈ ਸਰਕਾਰੀ ਮਸ਼ੀਨਰੀ, ਪ੍ਰਚਾਰ ਅਤੇ ਆਲੋਚਕਾਂ ਦੀ ਜ਼ਬਾਨਬੰਦੀ ਕਰਨ ਲਈ ਜਨੂਨੀ ਹਜੂਮਾਂ ਦੀ ਵਰਤੋਂ ਕਰ ਰਹੀ ਹੈ ਅਤੇ ਵਿਸ਼ਾਲ ਮੁਸਲਿਮ ਘੱਟ ਗਿਣਤੀ ਨੂੰ ਅਣਮਨੁੱਖੀ ਬਣਾ ਕੇ ਸਮਾਜੀ ਪਾਟਕ ਅਤੇ ਹਿੰਸਾ ਨੂੰ ਹੱਲਾਸ਼ੇਰੀ ਦੇ ਰਹੀ ਹੈ। ਸ਼ਹਿਰੀ ਆਜ਼ਾਦੀਆਂ ਦੀ ਯੋਜਨਾਬੱਧ ਤਰੀਕੇ ਨਾਲ ਉਲੰਘਣਾ ਕੀਤੀ ਜਾ ਰਹੀ ਹੈ।

ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਭਾਰਤ ਉਹ ਜਗ੍ਹਾ ਹੈ ਜਿੱਥੇ ਉਦਾਰਵਾਦ ਅਤੇ ਜ਼ਾਲਮ ਰਾਜ ਦਰਮਿਆਨ ਆਲਮੀ ਯੁੱਧ ਹਾਰ ਰਿਹਾ ਹੈ। ਫਿਰ ਵੀ ਸੰਯੁਕਤ ਰਾਜ ਅਮਰੀਕਾ ਵਰਗੇ ਪੱਛਮੀ ਲੋਕਤੰਤਰ ਮਿਸਟਰ ਮੋਦੀ ਦੀ ਆਲੋਚਨਾ ਨਹੀਂ ਕਰ ਰਹੇ, ਇਸ ਦੀ ਬਜਾਇ ਭਾਰਤ ਦੀ ਵਿਸ਼ਾਲ ਮੰਡੀ ਤੱਕ ਪਹੁੰਚ ਬਣਾਈ ਰੱਖਣ ਲਈ ਅਤੇ ਚੀਨ ਵਿਰੁੱਧ ਰਣਨੀਤਕ ਬਚਾਅ ਵਜੋਂ ਇਸ ਮੁਲਕ ਨੂੰ ਵਰਤਣ ਲਈ ਉਸ ਦੀ ਖ਼ੁਸ਼ਾਮਦ ਕਰ ਰਹੇ ਹਨ।

ਪਿਛਲੇ ਸਾਲ ਸਵੀਡਨ ਦੇ ਵੀ-ਡੈਮ ਇੰਸਟੀਚਿਊਟ ਨੇ ਭਾਰਤ ਦਾ ਦਰਜਾ ਘਟਾ ਕੇ ਇਸ ਨੂੰ 'ਚੁਣਾਵੀ ਤਾਨਾਸ਼ਾਹੀ' ਕਰਾਰ ਦਿੱਤਾ ਸੀ ਅਤੇ ਵਾਸ਼ਿੰਗਟਨ ਸਥਿਤ ਫ੍ਰੀਡਮ ਹਾਊਸ ਨੇ ਇਸ ਨੂੰ 'ਅੰਸ਼ਕ ਤੌਰ 'ਤੇ ਆਜ਼ਾਦ' ਕਿਹਾ ਸੀ। ਫ੍ਰੀਡਮ ਹਾਊਸ ਨੇ ਕਿਹਾ ਕਿ ਇਕ ਅਰਬ 30 ਕਰੋੜ ਲੋਕਾਂ ਵਾਲੇ ਭਾਰਤ ਦੇ ਪਤਨ ਨੇ ਆਜ਼ਾਦੀ ਦਾ ਆਲਮੀ ਤਵਾਜ਼ਨ ਬਦਲ ਕੇ ਜ਼ੁਲਮੀ ਰਾਜ ਦਾ ਪੱਲੜਾ ਭਾਰੀ ਕਰ ਦਿੱਤਾ ਹੈ ਜਿਸ ਨਾਲ ਹੁਣ 'ਆਜ਼ਾਦ' ਮੁਲਕਾਂ ਵਿਚ ਦੁਨੀਆ ਦੀ 20 ਫ਼ੀਸਦੀ ਤੋਂ ਵੀ ਘੱਟ ਆਬਾਦੀ ਰਹਿ ਰਹੀ ਹੈ।



ਭਾਵੇਂ ਇਹ ਸੱਚ ਹੈ ਕਿ ਭਾਰਤ ਦੇ ਜ਼ੁਲਮੀ ਰਾਜ 'ਚ ਪਤਨ 'ਚ ਤੇਜ਼ੀ ਮਿਸਟਰ ਮੋਦੀ ਦੀ ਅਗਵਾਈ ਹੇਠ ਲਿਆਂਦੀ ਗਈ ਹੈ, ਪਰ ਸਾਰਾ ਦੋਸ਼ ਉਸ ਉੱਪਰ ਮੜ੍ਹਨਾ ਸਹੀ ਨਹੀਂ ਹੋਵੇਗਾ। ਕਮਜ਼ੋਰ ਸਰਕਾਰੀ ਸੰਸਥਾਵਾਂ ਅਤੇ ਸਮਾਜੀ ਨਾਬਰਾਬਰੀ (ਸਮੱਸਿਆਵਾਂ ਜੋ ਭਾਰਤ ਦੇ ਸ਼ੁਰੂਆਤੀ ਸਾਲਾਂ ਤੋਂ ਹੀ ਚਲੀਆਂ ਆ ਰਹੀਆਂ ਹਨ) ਨੇ ਇਸਦੇ ਲੋਕਤੰਤਰ ਸਾਹ-ਸਤ ਖ਼ਤਮ ਕਰ ਦਿੱਤਾ ਅਤੇ ਹਿੰਦੂ ਸਰਵਉੱਚਤਾ ਦੀ ਸਿਆਸਤ ਦੇ ਜੜ੍ਹਾਂ ਲਗਾਉਣ ਲਈ ਜ਼ਰਖ਼ੇਜ਼ ਭੋਇੰ ਮੁਹੱਈਆ ਕਰ ਦਿੱਤੀ।

ਵਿਆਪਕ ਗ਼ਰੀਬੀ, ਅਨਪੜ੍ਹਤਾ ਅਤੇ ਬੇਅੰਤ ਨਸਲੀ, ਧਾਰਮਿਕ ਅਤੇ ਸਮਾਜੀ ਵੰਨ-ਸਵੰਨਤਾ ਦੇ ਬਾਵਜੂਦ ਆਜ਼ਾਦੀ ਤੋਂ ਬਾਅਦ ਭਾਰਤ ਨੇ ਉਸ ਮਾਰਗ ਨੂੰ ਰੁਸ਼ਨਾਇਆ ਜਿਸ ਨੂੰ 'ਅਸੰਭਵ' ਲੋਕਤੰਤਰ ਕਿਹਾ ਜਾਂਦਾ ਹੈ। ਇਸ ਨੇ ਅਗਾਂਹਵਧੂ ਸੰਵਿਧਾਨ ਅਪਣਾਇਆ ਪਰ ਨਾਲ ਹੀ ਇਸ ਨੇ ਅਤਿ ਕੇਂਦਰੀਕ੍ਰਿਤ ਅੰਗਰੇਜ਼ ਬਸਤੀਵਾਦੀ ਪ੍ਰਸ਼ਾਸਨਕ ਢਾਂਚੇ ਨੂੰ ਵੀ ਬਰਕਰਾਰ ਰੱਖਿਆ ਜੋ ਚੁਣੇ ਹੋਏ ਸੂਬਾਈ ਅਤੇ ਰਾਸ਼ਟਰੀ ਹੁਕਮਰਾਨਾਂ ਨੂੰ ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵਰਗੀਆਂ ਸੰਸਥਾਵਾਂ ਉੱਪਰ ਲੱਗਭਗ ਮੁਕੰਮਲ ਕੰਟਰੋਲ ਬਣਾਉਣ ਦੀ ਖੁੱਲ੍ਹ ਦਿੰਦਾ ਹੈ। ਕਾਲੇ ਸੁਰੱਖਿਆ ਕਾਨੂੰਨਾਂ ਅਤੇ ਦੇਸ਼ਧ੍ਰੋਹ ਕਾਨੂੰਨਾਂ ਨਾਲ ਮਿਲ ਕੇ ਇਹ ਚੁਣੇ ਹੋਏ ਸੂਬਾਈ ਅਤੇ ਰਾਸ਼ਟਰੀ ਆਗੂਆਂ ਨੂੰ ਬਿਨਾਂ ਕਿਸੇ ਡਰ-ਭੈਅ ਦੇ ਅਸਹਿਮਤੀ ਨੂੰ ਦਬਾਉਣ ਦੀ ਇਜਾਜ਼ਤ ਦਿੰਦਾ ਹੈ।

ਮੋਦੀ ਦੀ ਪਾਰਟੀ ਨੇ ਜਬਰ ਦੇ ਇਨ੍ਹਾਂ ਸੰਦਾਂ ਨੂੰ ਬੇਹੱਦ ਤਾਕਤਵਰ ਬਣਾ ਦਿੱਤਾ ਹੈ ਪਰ ਇਹ ਇਨ੍ਹਾਂ ਨੂੰ ਹਥਿਆਰ ਬਣਾ ਕੇ ਵਰਤਣ ਵਾਲੀ ਪਹਿਲੀ ਹਕੂਮਤ ਨਹੀਂ ਹੈ।

ਮੈਂ ਪੱਛਮੀ ਬੰਗਾਲ ਵਿਚ ਜੰਮਿਆ-ਪਲਿਆ ਹਾਂ। ਆਜ਼ਾਦੀ ਤੋਂ ਬਾਅਦ, ਰਾਜ ਦੀ ਅਗਵਾਈ ਕਾਂਗਰਸ ਪਾਰਟੀ ਨੇ ਕੀਤੀ ਜਿਸ ਨੇ ਵਿਰੋਧੀ ਧਿਰ ਨੂੰ ਦਬਾਉਣ ਲਈ ਖੁੱਲ੍ਹੇ ਤੌਰ 'ਤੇ ਗੁੰਡਿਆਂ ਅਤੇ ਪੁਲਿਸ ਦੀ ਵਰਤੋਂ ਕੀਤੀ। ਫਿਰ ਕਮਿਊਨਿਸਟ ਪਾਰਟੀ ਆਈ ਜਿਸ ਨੇ 34 ਸਾਲ ਰਾਜ ਕੀਤਾ ਅਤੇ ਰਾਜ ਸੰਸਥਾਵਾਂ ਨੂੰ ਪੂਰੀ ਤਰ੍ਹਾਂ ਖੱਸੀ ਬਣਾ ਦਿੱਤਾ। ਪੱਛਮੀ ਬੰਗਾਲ ਵਿਚ ਹੁਣ ਅਜਿਹੀ ਪਾਰਟੀ ਦਾ ਰਾਜ ਹੈ ਜਿਸ ਦੀ ਆਗੂ ਆਪਣੇ ਆਪ ਨੂੰ ਸ੍ਰੀ ਮੋਦੀ ਦੇ ਨਿਰੰਕੁਸ਼ਵਾਦ ਦੇ ਕੌਮੀ ਬਦਲ ਵਜੋਂ ਪੇਸ਼ ਕਰਦੀ ਹੈ ਪਰ ਉਸ ਉੱਪਰ ਵੀ ਵਹਿਸ਼ੀ ਤਾਕਤ, ਜੁੰਡੀ ਰਾਜ ਅਤੇ ਸ਼ਖ਼ਸੀ ਪੂਜਾ ਉੱਪਰ ਟੇਕ ਰੱਖ ਕੇ ਰਾਜ ਕਰਨ ਦੇ ਇਲਜ਼ਾਮ ਹਨ। ਅਜਿਹੇ ਤਾਨਾਸ਼ਾਹ ਰੁਝਾਨ ਲੰਮੇ ਸਮੇਂ ਤੋਂ ਰਾਜਾਂ ਦੇ ਪੱਧਰ 'ਤੇ ਫੈਲੇ ਹੋਏ ਹਨ। ਮਿਸਟਰ ਮੋਦੀ ਨੇ ਖੁਦ ਪੱਛਮੀ ਰਾਜ ਗੁਜਰਾਤ ਵਿਚ ਤਕਰੀਬਨ 13 ਸਾਲਾਂ ਤੱਕ ਡੰਡੇ ਨਾਲ ਰਾਜ ਕੀਤਾ ਅਤੇ ਉਸ ਉੱਪਰ 2002 'ਚ ਮੁਸਲਿਮ ਵਿਰੋਧੀ ਦੰਗਿਆਂ ਨੂੰ ਹੱਲਾਸ਼ੇਰੀ ਦੇਣ ਦੇ ਇਲਜ਼ਾਮ ਹਨ।

ਮਨਮਾਨੀ ਤਾਕਤ ਇਸ ਹਕੀਕਤ ਵਿਚ ਪੱਕੇ ਪੈਰੀਂ ਹੈ ਕਿ ਜ਼ਿਆਦਾਤਰ ਸਿਆਸੀ ਪਾਰਟੀਆਂ ਸ਼ਖ਼ਸ-ਕੇਂਦ੍ਰਿਤ ਅਤੇ ਪਰਿਵਾਰਵਾਦੀ ਹਨ, ਅਤੇ ਭਾਰਤ ਇਕ ਐਸਾ ਨਿਆਰਾ ਲੋਕਤੰਤਰ ਹੈ ਜਿੱਥੇ ਸਿਆਸੀ ਪਾਰਟੀਆਂ ਖੁਦ ਲੋਕਤੰਤਰੀ ਨਹੀਂ ਹਨ ਅਤੇ ਅੰਦਰੂਨੀ ਚੋਣਾਂ ਨਹੀਂ ਕਰਵਾਉਂਦੀਆਂ।

ਪੈਸਾ - ਅਤੇ ਅਕਸਰ ਅਪਰਾਧਿਕ ਸਬੰਧ - ਸਿਆਸਤ ਵਿਚ ਪ੍ਰਮੁੱਖ ਬਣ ਗਏ ਹਨ। ਵਿਧਾਇਕਾਂ ਦੀ ਸ਼ਰੇਆਮ ਖ਼ਰੀਦੋ-ਫ਼ਰੋਖ਼ਤ ਕੀਤੀ ਜਾਂਦੀ ਹੈ। ਬਹੁਤ ਸਾਰੇ ਵਿਧਾਇਕ ਐਸੇ ਹਨ ਜੋ ਕਾਨੂੰਨ ਬਣਾਉਣ ਦੇ ਕਾਬਲ ਨਹੀਂ, ਇਸ ਦੀ ਬਜਾਇ ਉਹ ਖ਼ਾਸ ਹਿਤਾਂ ਦੇ ਰਿਣੀ ਪ੍ਰਮੁੱਖ ਹੁਕਮਰਾਨ ਦੀਆਂ ਨੀਤੀਆਂ ਉੱਪਰ ਅੱਖਾਂ ਮੀਟ ਕੇ ਮੋਹਰ ਲਗਾਉਂਦੇ ਹਨ ਜਿਨ੍ਹਾਂ ਦਾ ਲੋਕਾਂ ਨਾਲ ਦੂਰ ਦਾ ਵੀ ਕੋਈ ਵਾਸਤਾ ਨਹੀਂ ਹੁੰਦਾ, ਜਿਵੇਂ ਕਿ ਪਿਛਲੇ ਸਾਲ ਰੱਦ ਕਰਵਾਏ ਗਏ ਖੇਤੀ ਕਾਨੂੰਨ ਜਿਨ੍ਹਾਂ ਨੇ ਕਿਸਾਨ ਅੰਦੋਲਨ ਦਾ ਤੂਫ਼ਾਨ ਖੜ੍ਹਾ ਕਰ ਦਿੱਤਾ ਸੀ।

ਪਰ ਨਰੋਏ, ਲਚਕੀਲੇ ਲੋਕਤੰਤਰ ਦੇ ਵਿਕਾਸ ਵਿਚ ਡੂੰਘੀ ਅਤੇ ਲੰਮੇ ਸਮੇਂ ਤੋਂ ਚਲੀ ਆ ਰਹੀ ਰੁਕਾਵਟ ਭਾਰਤ ਦੀ ਆਪਣੇ ਸਭ ਤੋਂ ਗ਼ਰੀਬ ਨਾਗਰਿਕਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਵਿਚ ਇਤਿਹਾਸਕ ਅਸਫ਼ਲਤਾ ਹੀ ਹੈ। ਹਰ ਸਾਲ ਲੱਖਾਂ ਬੱਚੇ ਭੁੱਖ ਨਾਲ ਮਰ ਜਾਂਦੇ ਹਨ, ਅਤੇ ਇਕ ਤਿਹਾਈ ਤੋਂ ਵਧੇਰੇ ਬੱਚਿਆਂ ਦਾ ਲੋੜੀਂਦਾ ਸਰੀਰਕ ਵਿਕਾਸ ਨਹੀਂ ਹੁੰਦਾ, ਜਦੋਂ ਕਿ ਭਾਰਤੀ ਖ਼ਰਬਪਤੀ ਆਲਮੀ ਸੰਪਤੀ ਚਾਰਟਾਂ ਵਿਚ ਸਿਖ਼ਰਲੇ ਸਥਾਨ ਮੱਲਣ ਦੀ ਦੌੜ 'ਚ ਹਨ।

ਨਵਉਦਾਰਵਾਦੀ ਨੀਤੀਆਂ ਨੇ ਨਾਬਰਾਬਰੀ ਵਧਾ ਦਿੱਤੀ ਹੈ, ਜਿਸ ਨਾਲ ਰਾਜ ਸਿਹਤ ਅਤੇ ਸਿੱਖਿਆ ਵਰਗੀਆਂ ਬੁਨਿਆਦੀ ਜ਼ਿੰਮੇਵਾਰੀਆਂ ਤੋਂ ਪੈਰ ਖਿੱਚ ਰਿਹਾ ਹੈ। ਇਹ ਉਨ੍ਹਾਂ ਲੱਖਾਂ ਲੋਕਾਂ ਦੀ ਜ਼ਿੰਦਗੀ ਜ਼ਲਾਲਤ ਭਰੀ ਅਤੇ ਨਿਸੱਤੀ ਬਣਾ ਦਿੰਦਾ ਹੈ ਜੋ ਸਮੂਹ ਦੀ ਪਛਾਣ ਦਾ ਆਸਰਾ ਲੈਂਦੇ ਹਨ, ਜੋ ਉਨ੍ਹਾਂ ਨੂੰ ਦੂਜੇ ਸਮੂਹਾਂ ਤੋਂ ਬਚਾਉਣ ਦਾ ਵਾਅਦਾ ਕਰਨ ਵਾਲੇ ਲੋਹ-ਪੁਰਸ਼ ਆਗੂਆਂ ਵੱਲ ਖਿੱਚੇ ਜਾਂਦੇ ਹਨ, ਅਤੇ ਆਸਾਨੀ ਨਾਲ ਮਜ਼੍ਹਬੀ ਨਫ਼ਰਤ ਦੇ ਨਸ਼ੇ ਦੇ ਆਦੀ ਹੋ ਜਾਂਦੇ ਹਨ ਜਿਸ ਨੂੰ ਹੁਣ ਧਰਮ ਨਿਰਪੱਖ ਭਾਰਤ ਨੂੰ ਹਿੰਦੂ ਰਾਜ ਵਜੋਂ ਮੁੜ ਪਰਿਭਾਸ਼ਿਤ ਕਰਨ ਲਈ ਵਰਤਿਆ ਜਾ ਰਿਹਾ ਹੈ।

ਸੰਸਦ ਦੀ ਬਣਤਰ ਪਹਿਲਾਂ ਹੀ ਇਸ ਬਹੁਗਿਣਤੀਵਾਦ ਨੂੰ ਦਰਸਾਉਂਦੀ ਹੈ। ਭਾਰਤ ਦੀ 20 ਕਰੋੜ ਮੁਸਲਿਮ ਆਬਾਦੀ ਇੰਡੋਨੇਸ਼ੀਆ ਅਤੇ ਪਾਕਿਸਤਾਨ ਤੋਂ ਬਾਅਦ ਦੁਨੀਆ ਦੀ ਤੀਜੀ ਸਭ ਤੋਂ ਵੱਡੀ ਆਬਾਦੀ ਹੈ ਜੋ ਭਾਰਤੀਆਂ ਦਾ ਲੱਗਭੱਗ 15 ਫ਼ੀਸਦੀ ਹੈ (ਹਿੰਦੂ ਲੱਗਭੱਗ 80 ਫ਼ੀਸਦੀ ਬਣਦੇ ਹਨ) ਪਰ ਮੁਸਲਮਾਨਾਂ ਕੋਲ ਸੰਸਦ ਵਿਚ ਮਹਿਜ਼ 5 ਫ਼ੀਸਦੀ ਸੀਟਾਂ ਹਨ। ਭਾਜਪਾ ਭਾਰਤ ਦੇ 75 ਸਾਲਾਂ ਦੇ ਇਤਿਹਾਸ ਵਿਚ ਪਹਿਲੀ ਹੁਕਮਰਾਨ ਪਾਰਟੀ ਹੈ ਜਿਸ ਵਿਚ ਇਕ ਵੀ ਮੁਸਲਮਾਨ ਸੰਸਦ ਮੈਂਬਰ ਨਹੀਂ ਹੈ।

ਕਾਨੂੰਨ ਅਤੇ ਹੱਕ ਅਸਾਵੇਂਪਣ ਨਾਲ ਲਾਗੂ ਕੀਤੇ ਜਾ ਰਹੇ ਹਨ। ਮੁਸਲਮਾਨਾਂ ਨੂੰ ਹੁਣ ਜਨਤਕ ਤੌਰ 'ਤੇ ਨਮਾਜ ਅਦਾ ਕਰਨ ਲਈ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ, ਜਦੋਂ ਕਿ ਹਿੰਦੂ ਸ਼ਰਧਾਲੂਆਂ ਦਾ ਰਾਜ ਦੇ ਅਧਿਕਾਰੀ ਸਵਾਗਤ ਕਰਦੇ ਹਨ। ਰਾਜ ਹਿੰਦੂ ਧਰਮ ਦੇ ਜਸ਼ਨ ਮਨਾਉਂਦਾ ਹੈ, ਜਦੋਂ ਕਿ ਮੁਸਲਿਮ ਰੀਤੀ-ਰਿਵਾਜ਼ਾਂ ਜਿਵੇਂ ਹਿਜਾਬ ਪਹਿਨਣ ਅਤੇ ਨਮਾਜ ਦੇ ਲਈ ਮਸਜਿਦਾਂ ਤੋਂ ਸੱਦਾ ਦੇਣ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਕੀਤੇ ਜਾਂਦੇ ਹਨ। ਹਿੰਦੂ ਜਨੂਨੀ ਚੌਕਸੀ ਗਰੋਹ ਮੁਸਲਮਾਨਾਂ ਅਤੇ ਉਨ੍ਹਾਂ ਦੇ ਕਾਰੋਬਾਰਾਂ 'ਤੇ ਹਮਲੇ ਕਰਦੇ ਹਨ।

ਭਾਜਪਾ ਦੇ ਇਕ ਸਿਖ਼ਰਲੇ ਆਗੂ (ਅਮਿਤ ਸ਼ਾਹ) ਨੇ ਬੰਗਲਾਦੇਸ਼ ਦੇ ਮੁਸਲਿਮ ਸ਼ਰਨਾਰਥੀਆਂ ਨੂੰ ਮੁਲਕ ਦੇ ਸਰੋਤਾਂ ਨੂੰ ਨਿਗਲ ਰਹੀ 'ਸਿਉਂਕ' ਕਿਹਾ ਸੀ। ਰਾਜ ਦੀ ਹਮਾਇਤ ਤੋਂ ਬਾਗ਼ੋਬਾਗ਼ ਹੋਏ ਹਿੰਦੂ ਕੱਟੜਪੰਥੀ ਹੁਣ ਖੁੱਲ੍ਹੇਆਮ ਮੁਸਲਮਾਨਾਂ ਦੀ ਨਸਲਕੁਸ਼ੀ ਅਤੇ ਬਲਾਤਕਾਰਾਂ ਦੀਆਂ ਧਮਕੀਆਂ ਦਿੰਦੇ ਹਨ, ਜਦੋਂ ਕਿ ਸਰਕਾਰ ਉਨ੍ਹਾਂ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰਵਾ ਰਹੀ ਹੈ ਜੋ ਨਫ਼ਰਤ ਦੀਆਂ ਕਾਰਵਾਈਆਂ ਦਾ ਵਿਰੋਧ ਕਰਦੇ ਹਨ। 15 ਅਗਸਤ, ਸੁਤੰਤਰਤਾ ਦਿਵਸ 'ਤੇ, ਸਰਕਾਰ ਨੇ ਉਨ੍ਹਾਂ 11 ਮੁਜਰਿਮਾਂ ਨੂੰ ਰਿਹਾ ਕਰ ਦਿੱਤਾ ਜੋ ਮੋਦੀ ਦੀ ਨਿਗਰਾਨੀ ਹੇਠ ਹੋਏ 2002 ਦੇ ਗੁਜਰਾਤ ਦੰਗਿਆਂ ਦੌਰਾਨ ਇਕ ਮੁਸਲਿਮ ਔਰਤ ਨਾਲ ਸਮੂਹਿਕ ਬਲਾਤਕਾਰ ਅਤੇ ਉਸਦੇ ਪਰਿਵਾਰ ਦੇ 14 ਮੈਂਬਰਾਂ ਨੂੰ ਕਤਲ ਕਰਨ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਨ।

ਕਮਜ਼ੋਰ ਸੰਸਥਾਵਾਂ ਇਸ ਵਰਤਾਰੇ ਨੂੰ ਪਿੱਛੇ ਧੱਕਣ ਲਈ ਕੁਝ ਨਹੀਂ ਕਰ ਸਕਦੀਆਂ। ਕੁਸ਼ਲਤਾ ਵਿਹੂਣੀ ਅਦਾਲਤੀ ਪ੍ਰਣਾਲੀ ਆਮ ਲੋਕਾਂ 'ਚ ਕਾਨੂੰਨ ਦੇ ਰਾਜ ਲਈ ਨਫ਼ਰਤ ਹੀ ਪੈਦਾ ਕਰਦੀ ਹੈ ਜਿਸ ਕੋਲ ਪਹਿਲਾਂ ਹੀ ਚਾਰ ਕਰੋੜ ਬਕਾਇਆ ਕੇਸ ਹਨ। ਉੱਚ ਨਿਆਂਪਾਲਿਕਾ ਜੋ ਕਦੇ ਆਪਣੀ ਸਰਗਰਮੀ ਅਤੇ ਸੁਤੰਤਰਤਾ ਲਈ ਜਾਣੀ ਜਾਂਦੀ ਸੀ, ਹੁਣ ਜ਼ਿਆਦਾਤਰ ਸਰਕਾਰ ਦੇ ਨਾਲ ਮਿਲ ਕੇ ਕੰਮ ਕਰਦੀ ਹੈ, ਅਤੇ ਸੁਪਰੀਮ ਕੋਰਟ ਦੇ ਜੱਜ ਮਿਸਟਰ ਮੋਦੀ ਦੀ ਖ਼ੁਸ਼ਾਮਦ ਕਰਦੇ ਹਨ। ਭਾਰਤ ਦੀ ਪ੍ਰੈੱਸ, ਜਿਸ ਨੇ ਕਦੇ ਲੋਕਤੰਤਰ ਦੀ ਰਾਖੀ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ, ਉੱਪਰ ਉਸ ਦੇ ਰਾਜ ਦੀ ਸੇਵਾ ਕਰਨ ਲਈ ਦਬਾਓ ਪਾਇਆ ਜਾ ਰਿਹਾ ਹੈ।

ਦਹਾਕਿਆਂ ਦੀ ਸੰਸਥਾਗਤ ਦੁਰਵਰਤੋਂ ਤੋਂ ਬਾਦ, 75 ਸਾਲ ਦਾ ਹੋਇਆ ਭਾਰਤ ਦਾ ਲੋਕਤੰਤਰ ਐਨਾ ਨਿਤਾਣਾ ਹੋ ਚੁੱਕਾ ਹੈ ਕਿ ਇਹ ਉਸ ਡਾਹਢੇ ਹੁਕਮਰਾਨ ਦਾ ਸਾਹਮਣਾ ਨਹੀਂ ਕਰ ਸਕਦਾ ਜੋ ਇਸ ਦੀਆਂ ਕਮਜ਼ੋਰ ਨੀਹਾਂ ਉੱਪਰ ਵਦਾਣੀ ਸੱਟਾਂ ਮਾਰ ਰਿਹਾ ਹੈ। ਮਿਸਟਰ ਮੋਦੀ ਸੰਸਦ ਨੂੰ 'ਲੋਕਤੰਤਰ ਦਾ ਮੰਦਰ' ਕਹਿੰਦਾ ਹੈ ਪਰ ਇਸ ਦੀ ਬਜਾਇ ਸੰਸਥਾ ਦੀ ਨਵੀਂ ਦਿੱਲੀ ਵਿਚ ਬਣ ਰਹੀ ਨਵੀਂ ਇਮਾਰਤ ਉਸੇ ਅਰਧ-ਲੋਕਤੰਤਰ ਦਾ ਚਿੰਨ੍ਹ ਹੈ ਜਿਸ ਨੂੰ ਉਹ ਉਸਾਰ ਰਿਹਾ ਹੈ - ਇਕ ਖੋਖਲਾ ਨਕਾਬ ਜੋ ਤਾਨਾਸ਼ਾਹ ਰਾਜ ਨੂੰ ਜਾਇਜ਼ ਠਹਿਰਾਉਣ ਲਈ ਰੱਖਿਆ ਜਾਂਦਾ ਹੈ।

# ਕਿਰਤ ਦੀ ਮਹਿਮਾ

**ਰਾਜਕੁਮਾਰ ਸ਼ਰਮਾ**

ਥੋੜ੍ਹੇ ਦਿਨ ਪਹਿਲਾਂ ਪਰਿਵਾਰ ਸਮੇਤ ਮੁੰਬਈ ਜਾਣ ਦਾ ਪ੍ਰੋਗਰਾਮ ਬਣਿਆ। ਅਸੀਂ ਪੂਨਾ ਤੋਂ ਮਹਾਬਲੇਸ਼ਵਰ ਹੁੰਦੇ ਹੋਏ ਮੁੰਬਈ ਪਹੁੰਚ ਗਏ। ਮੁੰਬਈ ਵਿਚ ਮੇਰੇ ਦੋਸਤ ਵਿਜੈ ਨੇ ਸਾਡੇ ਲਈ ਪੰਜ ਤਾਰਾ ਹੋਟਲ ਵਿਚ ਦੋ ਕਮਰੇ ਬੁੱਕ ਕਰਵਾ ਦਿੱਤੇ ਸਨ। ਸਾਡਾ ਉੱਥੇ ਦੋ ਦਿਨ ਰਹਿਣ ਦਾ ਪ੍ਰੋਗਰਾਮ ਸੀ। ਪਹਿਲੇ ਦਿਨ ਤਾਂ ਅਸੀਂ ਮੁੰਬਈ ਦੀਆਂ ਵੱਖ ਵੱਖ ਥਾਵਾਂ 'ਤੇ ਗੁਜ਼ਾਰੇ ਅਤੇ ਅਗਲੇ ਦਿਨ ਅਸੀਂ ਅੱਧਾ ਦਿਨ ਗਵਰਨਰ ਹਾਊਸ ਤੇ ਅੱਧਾ ਸਮੁੰਦਰ ਦੇ ਕੰਢੇ ਗੁਜ਼ਾਰਿਆ। ਸ਼ਾਮ ਨੂੰ ਅਸੀਂ ਵਾਪਸ ਹੋਟਲ ਆ ਗਏ ਅਤੇ ਥਕਾਵਟ ਹੋਣ ਕਾਰਨ ਰਾਤ ਦਾ ਖਾਣਾ ਜਲਦੀ ਖਾ ਕੇ ਸੌਂ ਗਏ।

15 ਅਗਸਤ ਦੀ ਸਵੇਰ ਨੂੰ ਅਸੀਂ ਨਾਸ਼ਤੇ ਲਈ ਹੋਟਲ ਦੇ ਡਾਈਨਿੰਗ ਹਾਲ ਵਿਚ ਪਹੁੰਚ ਗਏ। ਹਾਲ ਵਿਚ ਤਰਦੀ ਜਿਹੀ ਨਿਗ੍ਹਾ ਮਾਰੀ ਤਾਂ ਸਾਰੇ ਵੇਟਰ ਖਾਸ ਸਪੈਸ਼ਲ ਸਫੇਦ ਰੰਗ ਦੀ ਪੁਸ਼ਾਕ ਵਿਚ ਸਜੇ ਹੋਏ ਨਜ਼ਰ ਆ ਰਹੇ ਸਨ। ਅਸੀਂ ਆਮ ਵਾਂਗ ਆਪੋ-ਆਪਣਾ ਖਾਣਾ ਆਪਣੀਆਂ ਪਲੇਟਾਂ ਵਿਚ ਪਾ ਕੇ ਖਾਣੇ ਵਾਲੇ ਮੇਜ਼ ਵਾਲੀਆਂ ਕੁਰਸੀਆਂ 'ਤੇ ਬੈਠ ਗਏ। ਵੇਟਰ ਬੜੀ ਫੁਰਤੀ ਨਾਲ ਇਧਰ ਉਧਰ ਆ-ਜਾ ਰਹੇ ਸਨ ਅਤੇ ਲੋਕਾਂ ਦੀ ਸੇਵਾ ਕਰ ਰਹੇ ਸਨ। ਖਾਣਾ ਖਾਂਦੇ ਉਸੇ ਬਜ਼ੁਰਗ ਵੇਟਰ ਵੱਲ ਵਾਰ-ਵਾਰ ਧਿਆਨ ਜਾਂਦਾ ਰਿਹਾ। ਉਹ ਦਿੱਖ ਪੱਖੋਂ ਬੜਾ ਆਕਰਸ਼ਕ ਲੱਗ ਰਿਹਾ ਸੀ; ਇੰਜ ਲੱਗ ਰਿਹਾ ਸੀ ਕਿ ਜਿਵੇਂ ਉਹ ਇਨ੍ਹਾਂ ਸਾਰਿਆਂ ਦਾ ਮੁਖੀ ਹੋਵੇ। ਖ਼ੈਰ! ਅਸੀਂ ਸਭ ਖਾਣਾ ਖਾਣ ਵਿਚ ਮਸਤ ਸੀ ਅਤੇ ਉਹ ਬਜ਼ੁਰਗ ਰੁਟੀਨ ਮੁਤਾਬਿਕ ਹੋਰ ਬੈਰਿਆਂ ਨਾਲ ਮਿਲ ਕੇ ਲੋਕਾਂ ਦੀ ਆਉ-ਭਗਤ ਕਰ ਰਹੇ ਸਨ।

ਜਦੋਂ ਅਸੀਂ ਖਾਣਾ ਖਾ ਲਿਆ ਤਾਂ ਉਹ ਬਜ਼ੁਰਗ ਸਾਡੇ ਕੋਲ ਆਇਆ ਤੇ ਬਹੁਤ ਨਿਰਮਾਣ ਹੋ ਕੇ ਪੁੱਛਿਆ, "ਆਪ ਜੀ ਨੇ ਖਾਣਾ ਖਾ ਲਿਆ ਹੈ?" ਅਸੀਂ 'ਹਾਂ' ਕਹਿ ਦਿੱਤਾ ਤੇ ਉਸ ਬਜ਼ੁਰਗ ਨੇ ਸਾਡੀਆਂ ਪਲੇਟਾਂ ਤੇ ਹੋਰ ਬਰਤਨ ਚੁੱਕ ਕੇ ਅੰਦਰ ਟਿਕਾਣੇ 'ਤੇ ਰੱਖ ਦਿੱਤੇ ਅਤੇ ਵਾਪਸ ਆ ਕੇ ਕਿਸੇ ਦੂਜੇ ਕੰਮ ਲੱਗ ਗਿਆ। ਨਾਸ਼ਤੇ ਮਗਰੋਂ ਅਸੀਂ ਚਾਹ ਪੀਣ ਲੱਗ ਪਏ। ਇੰਨੇ ਨੂੰ ਮੇਰਾ ਦੋਸਤ ਵਿਜੈ ਸਾਡੇ ਵੱਲ ਆਉਂਦਾ ਨਜ਼ਰ ਆਇਆ। ਉਸ ਨੇ ਉਸੇ ਬਜ਼ੁਰਗ ਵੇਟਰ ਨੂੰ ਦੇਖਦੇ ਸਾਰ ਨਮਸਤੇ ਬੁਲਾਈ। ਅਸੀਂ ਸੋਚਿਆ, ਵਿਜੈ ਦਾ ਉਸ ਹੋਟਲ ਵਿਚ ਆਉਣਾ ਜਾਣਾ ਹੈ; ਹੋ ਸਕਦਾ ਹੈ ਕਿ ਉਹ ਇਸ ਬਜ਼ੁਰਗ ਵੇਟਰ ਨੂੰ ਜਾਣਦਾ ਹੋਵੇ ਤੇ ਅਦਬ ਵਜੋਂ ਉਸ ਨੂੰ ਨਮਸਤੇ ਕੀਤੀ ਹੋਵੇ।

ਵਿਜੈ ਮੇਰੇ ਕੋਲ ਆਇਆ ਤਾਂ ਉਹ ਬਜ਼ੁਰਗ ਵੀ ਉਥੇ ਆ ਗਿਆ। ਬਜ਼ੁਰਗ ਵੇਟਰ ਨਾਲ ਸੰਖੇਪ ਜਿਹੀ ਗੱਲਬਾਤ ਤੋਂ ਬਾਅਦ ਵਿਜੈ ਨੇ ਮੈਨੂੰ ਪੁੱਛਿਆ, "ਤੁਸੀਂ ਇਨ੍ਹਾਂ ਨੂੰ ਜਾਣਦੇ ਹੋ?" ਮੈਂ ਕਿਹਾ, "ਮੈਂ ਤਾਂ ਮੁੰਬਈ ਪਹਿਲੀ ਵਾਰ ਆਇਆ ਹਾਂ ਤੇ ਮੁੰਬਈ ਵਿਚ ਸਿਰਫ਼ ਤੁਹਾਨੂੰ ਹੀ ਜਾਣਦਾ ਹਾਂ।" ਅੱਗਿਓਂ ਵਿਜੈ ਨੇ ਜੋ ਉਚਾਰਿਆ, ਉਹ ਸੁਣ ਕੇ ਮੈਂ ਦੇਖਦਾ ਹੀ ਰਹਿ ਗਿਆ। ਉਹ ਦੱਸ ਰਿਹਾ ਸੀ, "ਇਹ ਇਸ ਹੋਟਲ ਦੇ ਮਾਲਕ ਹਨ।" ਮੈਂ ਇਹ ਸੋਚਣ ਲਈ ਮਜਬੂਰ ਹੋ ਗਿਆ ਕਿ ਅੱਜ ਦੇ ਜ਼ਮਾਨੇ ਵਿਚ ਜੇ ਕਿਸੇ ਕੋਲ ਚਾਰ ਪੈਸੇ ਆ ਜਾਣ ਤਾਂ ਬੰਦੇ ਨੂੰ ਬੰਦਾ ਪਛਾਣਦਾ ਨਹੀਂ, ਤੇ ਇਕ ਇਹ ਬੰਦਾ ਹੈ ਜੋ ਇੰਨਾ ਪੈਸਾ ਹੋਣ ਦੇ ਬਾਵਜੂਦ ਹੱਥੀਂ ਕਿਰਤ ਕਰਨ ਤੋਂ ਰੱਤੀ ਭਰ ਵੀ ਝਿਜਕ ਮਹਿਸੂਸ ਨਹੀਂ ਕਰ ਰਿਹਾ। ਹੈਰਾਨ ਹੋਇਆ ਮੈਂ ਉਸ ਸ਼ਖ਼ਸ ਵੱਲ ਇਕਟੱਕ ਦੇਖ ਰਿਹਾ ਸਾਂ। ਫਿਰ ਪੁੱਛਿਆ, "ਸਰ, ਤੁਸੀਂ ਜੂਠੇ ਬਰਤਨ ਚੁੱਕ ਰਹੇ ਸੀ...!" ਗੱਲ ਅਜੇ ਮੇਰੇ ਮੂੰਹ ਵਿਚ ਹੀ ਸੀ ਕਿ ਉਸ ਸ਼ਖ਼ਸ ਆਖਣ ਲੱਗਾ, "ਬੇਟੇ, ਆਪਣਾ ਕੰਮ ਕਰਨ ਵਿਚ ਸ਼ਰਮ ਕਿਸ ਗੱਲ ਦੀ?"

ਬਜ਼ੁਰਗ ਮਾਲਕ ਨਾਲ ਗੱਲਬਾਤ ਤੋਂ ਬਾਅਦ ਵਿਜੈ ਪਹਿਲਾਂ ਵਿਚਾਰੇ ਪ੍ਰੋਗਰਾਮ ਮੁਤਾਬਿਕ ਕਹਿੰਦਾ, "ਚਲੋ, ਅਬ ਆਪ ਕੋ ਆਪ ਕੇ ਫਿਲਮੀ ਹੀਰੋ ਸੇ ਮਿਲਾ ਕਰ ਲਾਤਾ ਹੂੰ।" ਮੈਂ ਅਸਲ ਵਿਚ ਆਪਣੇ ਦੋ ਪਸੰਦੀਦਾ ਫਿਲਮੀ ਸਿਤਾਰਿਆਂ ਨੂੰ ਮਿਲਣਾ ਚਾਹੁੰਦਾ ਸਾਂ ਅਤੇ ਮੁੰਬਈ ਦੇ ਸੈਰ-ਸਪਾਟੇ ਬਾਰੇ ਗੱਲਾਂ ਚੱਲਣ ਵੇਲੇ ਮੈਂ ਇਹੀ ਇੱਛਾ ਵਿਜੈ ਕੋਲ ਜ਼ਾਹਿਰ ਕੀਤੀ ਸੀ, ਤੇ ਵਿਜੈ ਨੇ ਇਹ ਇੰਤਜ਼ਾਮ ਕਰ ਲਿਆ ਸੀ।

ਮੈਂ ਕਿਹਾ, "ਭਾਈ, ਹੁਣ ਰਹਿਣ ਦੇ ਇਨ੍ਹਾਂ ਫਿਲਮੀ ਹੀਰੋਆਂ ਨੂੰ! ਜ਼ਿੰਦਗੀ ਦੇ ਅਸਲ ਹੀਰੋ ਨੂੰ ਮਿਲ ਤਾਂ ਲਿਆ ਹੈ!!"

# ਮੇਰਾ ਪਿੰਡ ਅਜਿਹਾ ਤਾਂ ਨਹੀਂ ਸੀ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਵਰਗੀ ਖੁਸ਼ਕੀ ਨਹੀਂ ਸਗੋਂ ਕਾਵਿਕ ਰਵਾਨੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਸੁਣਾ ਰਿਹਾ ਹੋਵੇ। ਉਹ ਅਸਲ ਵਿਚ ਕਾਵਿਕ ਵਾਰਤਕ ਦੇ ਸ਼ਾਹ-ਅਸਵਾਰ ਹਨ, ਜਿਨ੍ਹਾਂ ਦੀਆਂ ਲਿਖਤਾਂ ਜ਼ਿੰਦਗੀ ਦੇ ਸਰੋਕਾਰਾਂ ਨਾਲ ਸੰਵਾਦ ਰਚਾਉਂਦੀਆਂ ਹਨ, ਜੋ ਅੰਤਰੀਵੀ ਨਾਦ ਬਣ ਕੇ ਉਨ੍ਹਾਂ ਦੀ ਕਿਰਤ ਵਿਚ ਫੈਲਦਾ ਹੈ। ਉਹ ਉਨ੍ਹਾਂ ਵਿਸ਼ਿਆਂ ਦੀਆਂ ਪਰਤਾਂ ਫਰੋਲਦੇ ਹਨ ਜਿਨ੍ਹਾਂ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਇਸ ਲੇਖ ਵਿਚ ਉਨ੍ਹਾਂ ਨੇ ਆਪਣੇ ਪਿੰਡ ਦੀਆਂ ਬਾਤਾਂ ਪਾਈਆਂ ਹਨ, ਜੋ ਹੁਣ ਪਹਿਲਾਂ ਜਿਹਾ ਨਹੀਂ ਰਿਹਾ।***

ਪੰਜਾਬ ਆਇਆ ਹੋਇਆ ਹਾਂ। ਆਪਣੀ ਜਨਮ ਮਿੱਟੀ ਨੂੰ ਨਤਮਸਤਕ ਹੋਣ ਅਤੇ ਪੁਰਾਣੀਆਂ ਸਾਂਝਾਂ ਦਾ ਨਿੱਘ ਅਤੇ ਹੁਲਾਸ ਪ੍ਰਾਪਤ ਕਰਨ ਲਈ। ਅੱਜ ਸਾਝਰੇ ਪਿੰਡ ਨੂੰ ਗਿਆ ਸਾਂ, ਬਾਬਾ ਸ਼ਾਹ ਅਨਾਇਤ ਅਲੀ ਜੀ ਦੀ ਦਰਗਾਹ 'ਤੇ ਨਤਮਸਤਕ ਹੋਣ। ਮੇਰੇ ਪਿੰਡ ਦੇ ਬਾਹਰਵਾਰ ਬਣੀ ਇਹ ਜਗ੍ਹਾ ਸਮੁੱਚੇ ਪਿੰਡ ਵਾਸੀਆਂ ਲਈ ਅਕੀਦਤਯੋਗ ਸਥਾਨ ਏ। ਸਾਰੇ ਲੋਕ ਇਥੇ ਸ਼ਰਧਾ ਭਾਵਨਾ ਨਾਲ ਨਤਮਸਤਕ ਹੋ, ਸਾਲਾਨਾ ਮੇਲੇ ਵਿਚ ਖੂਬ ਰੌਣਕਾਂ ਲਾਉਂਦੇ ਹਾਂ। ਮੇਰੇ ਮਨ ਵਿਚ ਬਾਬਾ ਸ਼ਾਹ ਅਨਾਇਤ ਅਲੀ ਜੀ ਲਈ ਅਦਬ ਦਾ ਹੀ ਇਹ ਆਲਮ ਸੀ ਕਿ ਮੈਂ ਪਿਛਲੇ ਦਿਨੀਂ ਪਾਕਿਸਤਾਨ ਦੀ ਯਾਤਰਾ ਦੌਰਾਨ ਵਿਸ਼ੇਸ਼ ਤੌਰ 'ਤੇ ਲਾਹੌਰ ਵਿਖੇ ਉਨ੍ਹਾਂ ਦੀ ਦਰਗਾਹ 'ਤੇ ਨਤਮਸਤਕ ਹੋ ਕੇ ਆਇਆ ਹਾਂ।

ਤਿੰਨ ਸਾਲਾਂ ਬਾਅਦ ਪਿੰਡ ਆਇਆ ਹਾਂ ਤਾਂ ਮਨ 'ਚ ਆਉਂਦਾ ਹੈ ਕਿ ਅੰਬਾਂ ਵਾਲੀ ਪੱਤੀ ਵਿਚ ਰਹਿੰਦੇ ਆਪਣੇ ਦਸਵੀਂ ਦੇ ਜਮਾਤੀ ਅਮਰੀਕ ਸਿੰਘ ਨੂੰ ਮਿਲ ਕੇ ਚੱਲਾਂ। ਅੰਦਰੋਂ ਨਿਕਲ ਕੇ ਫਿਰਨੀ 'ਤੇ ਉਗ ਆਇਆ ਮੇਰਾ ਪਿੰਡ ਮੇਰੇ ਤੋਂ ਹੀ ਬੇਪਛਾਣ ਏ। ਹੁਣ ਪਿੰਡ ਦੇ ਅੰਦਰਵਾਰ ਸਿਰਫ਼ ਕੁਝ ਖੋਲ਼ੇ ਨੇ। ਕੁਝ ਘਰਾਂ ਦੇ ਲੱਗੇ ਹੋਏ ਜੰਦਰੇ ਘਰਾਂ ਵਾਲਿਆਂ ਨੂੰ ਉਡੀਕਦੇ ਉਦਾਸੀ ਦੇ ਆਲਮ ਵਿਚ ਜੂਨ ਪੂਰੀ ਕਰ ਰਹੇ ਹਨ ਕਿਉਂਕਿ ਇਨ੍ਹਾਂ ਘਰਾਂ ਨੂੰ ਪਤਾ ਹੈ ਕਿ ਘਰਾਂ ਤੋਂ ਬਾਹਰ ਰੱਖੇ ਹੋਏ ਪੈਰਾਂ ਨੇ ਪਹਿਲੇ ਰੂਪ ਵਿਚ ਕਦੇ ਨਹੀਂ ਘਰਾਂ ਨੂੰ ਪਰਤਣਾ। ਇਹ ਘਰ ਲਾਵਾਰਸੀ ਅਤੇ ਬੇਉਮੀਦੀ ਦੇ ਪਲਾਂ ਵਿਚੋਂ ਹੀ ਆਪਣੇ ਹੀ ਸਾਹਾਂ ਦੀ ਖ਼ੈਰ ਮਨਾਉਣ ਜੋਗੇ ਰਹਿ ਗਏ ਨੇ।


ਫਿਰਨੀ 'ਤੇ ਚੌਦਾਂ ਪੰਦਰਾਂ ਸਾਲਾਂ ਦੇ ਜੁਆਕ ਨੂੰ ਰੋਕ ਕੇ ਪੁੱਛਦਾ ਹਾਂ ਕਿ ਅਮਰੀਕ ਸਿੰਘ ਹੋਰਾਂ ਦਾ ਘਰ ਕਿਹੜਾ ਹੈ? ਜੁਆਕ ਨੂੰ ਪਤਾ ਨਹੀਂ ਲੱਗਦਾ। ਪੁੱਛਦਾ ਹਾਂ ਕਿ ਕੀ ਉਹ ਇਸ ਹੀ ਪੱਤੀ ਵਿਚ ਰਹਿੰਦਾ ਹੈ? ਜਦ ਉਹ ਕਹਿੰਦਾ ਹੈ ਕਿ ਮੈਂ ਇਸ ਪੱਤੀ ਵਿਚ ਹੀ ਰਹਿੰਦਾ ਹਾਂ। ਤਾਂ ਫਿਰ ਉਸਨੂੰ ਕਹਿੰਦਾ ਹਾਂ ਕਿ ਅਮਰੀਕ ਸਿੰਘ ਟੈਪੂ ਵਾਲਾ। ਉਸ ਦੀ ਬੇਟੀ ਅਤੇ ਬੇਟਾ ਕੈਨੇਡਾ ਵਿਚ ਰਹਿੰਦੇ ਹਨ। ਉਸਨੂੰ ਫਿਰ ਵੀ ਪਤਾ ਨਹੀਂ ਲੱਗਦਾ ਅਤੇ ਮੈਂ ਨਿਰਾਸ਼ ਹੋ ਕੇ ਅੱਗੇ ਵਧਦਾ ਹਾਂ। ਮੈਂ ਸੋਚਦਾ ਹਾਂ ਕਿ ਜੇਕਰ ਨਵੀਂ ਪੀੜ੍ਹੀ ਨੂੰ ਆਪਣੀ ਹੀ ਪੱਤੀ ਵਿਚ ਰਹਿੰਦੇ ਗੁਆਂਢੀ ਬਾਰੇ ਹੀ ਕੋਈ ਜਾਣਕਾਰੀ ਨਹੀਂ ਤਾਂ ਇਸ ਜਵਾਕ ਨੂੰ ਕੀ ਪਤਾ ਹੋਵੇਗਾ ਕਿ ਮੈਂ ਵੀ ਇਸ ਪਿੰਡ ਦਾ ਜੰਮਪਲ ਹਾਂ। ਜਨਮ ਭੌਂ ਨੂੰ ਨਮਸਕਾਰ ਕਰਨ ਵਾਲੇ ਲਈ ਉਸਦਾ ਪਿੰਡ ਹੀ ਬੇਗਾਨਾ ਹੋ ਜਾਵੇਗਾ, ਕਦੇ ਸੋਚਿਆ ਵੀ ਨਹੀਂ ਸੀ।

ਮਨ ਵਿਚ ਬਹੁਤ ਸਾਰੇ ਖਿਆਲ ਪੈਦਾ ਹੁੰਦੇ ਨੇ। ਪਹਿਲਾਂ ਤਾਂ ਪਿੰਡਾਂ ਵਾਲੇ ਇੰਝ ਨਹੀਂ ਸੀ ਹੁੰਦੇ। ਹਰੇਕ ਬੱਚੇ ਨੂੰ ਆਪਣੇ ਵਡੇਰਿਆਂ ਬਾਰੇ ਜਾਣਕਾਰੀ ਹੁੰਦੀ ਸੀ ਕਿਉਂਕਿ ਮਾਪੇ ਚਾਹੁੰਦੇ ਸਨ ਕਿ ਸਾਡੇ ਬੱਚੇ ਪਿੰਡ ਦੇ ਉਨ੍ਹਾਂ ਵਿਅਕਤੀਆਂ ਵਰਗੇ ਬਣਨ ਜਿਨ੍ਹਾਂ ਨੇ ਆਪਣੀ ਮਿਹਨਤ ਅਤੇ ਲਿਆਕਤ ਨਾਲ ਵੱਡੀਆਂ ਮੱਲਾਂ ਮਾਰੀਆਂ ਹਨ ਅਤੇ ਨਾਮਣਾ ਖੱਟਿਆ ਹੈ। ਹੁਣ ਬੇਗਾਨਗੀ ਨੇ ਪਿੰਡਾਂ ਵਿਚ ਕਿਉਂ ਡੇਰੇ ਲਾਏ ਆ? ਕੀ ਇਹ ਮਨੁੱਖ ਦੇ ਅੰਦਰ ਵਸਿਆ ਨਿੱਜਵਾਦ ਜਾਂ ਹਉਮੈ ਹੈ? ਕੀ ਅਜੋਕਾ ਮਨੁੱਖ ਆਪਣੇ ਖੋਲ਼ ਤੋਂ ਬਾਹਰ ਨਹੀਂ ਨਿਕਲਣਾ ਚਾਹੁੰਦਾ? ਸਾਡੇ ਸਮਿਆਂ ਵਿਚ ਤਾਂ ਪਿੰਡ ਦਾ ਕੋਈ ਵੀ ਬਜ਼ੁਰਗ ਬੱਚਿਆਂ ਨੂੰ ਘੂਰ ਸਕਦਾ ਸੀ, ਨਸੀਹਤ ਦੇ ਸਕਦਾ ਸੀ ਅਤੇ ਉਸਨੂੰ ਸੁਮੱਤਾਂ ਦੇ ਕੇ ਉਸ ਦੀ ਜ਼ਿੰਦਗੀ ਦੇ ਸੁਰਖ ਰੰਗ ਨੂੰ ਉਘਾੜਨ ਵਿਚ ਮਦਦ ਕਰਦਾ ਸੀ। ਉਸ ਦੀਆਂ ਕਮੀਆਂ, ਕੁਤਾਹੀਆਂ ਅਤੇ ਅਵੱਗਿਆਵਾਂ ਤੋਂ ਸੁਚੇਤ ਕਰ ਸਕਦਾ ਸੀ। ਉਸਨੂੰ ਚੇਤਾਵਨੀ ਵੀ ਦਿੰਦਾ ਅਤੇ ਨੇਕ ਮਨੁੱਖ ਬਣਨ ਲਈ ਪ੍ਰੇਰਿਤ ਵੀ ਕਰਦਾ ਸੀ। ਕੋਈ ਵਡੇਰੀ ਔਰਤ ਪੇਪਰ ਵਾਲੇ ਦਿਨ ਦਹੀਂ ਖਾ ਕੇ ਜਾਣ ਦੀ ਮੱਤ ਵੀ ਦੇ ਸਕਦੀ ਸੀ। ਕੀ ਪਿੰਡ ਵਿਚ ਵਸਦੀ ਭਲਿਆਈ ਅਤੇ ਚੰਗਿਆਈ ਲੁਪਤ ਹੋ ਗਈ ਹੈ? ਪੇਂਡੂ ਭਾਈਚਾਰਾ ਕਿਹੜੇ ਰਾਹ ਤੁਰ ਪਿਆ ਏ? ਮਾਸੂਮ ਪੇਂਡੂਪੁਣੇ ਅਤੇ ਅਣਭੋਲਤਾ ਵਿਚੋਂ ਜ਼ਿੰਦਗੀ ਦੀ ਸੁੱਚਮਤਾ ਨੂੰ ਮਾਨਣ ਦੀ ਤਾਸੀਰ ਕਿਉਂ ਗਵਾਚ ਗਈ ਹੈ? ਬਹੁਤ ਪ੍ਰਸ਼ਨ ਮਨ ਵਿਚ ਪੈਦਾ ਹੁੰਦੇ ਨੇ।

ਪਿੰਡ ਦੀਆਂ ਉਨ੍ਹਾਂ ਗਲੀਆਂ ਵਿਚੋਂ ਗੁਜ਼ਰ ਰਿਹਾ ਹਾਂ ਜਿਹੜੀਆਂ ਮੇਰੇ ਚੇਤਿਆਂ ਵਿਚ ਸੱਜਰੀਆਂ ਨੇ। ਕਿਵੇਂ ਖੂਹ ਤੋਂ ਪੱਠਿਆਂ ਦੀ ਭਰੀ ਲੈ ਕੇ ਆਈਦਾ ਸੀ? ਕਿਵੇਂ ਖੂਹ ਨੂੰ ਦਿਨ ਵਿਚ ਕਈ ਕਈ ਗੇੜੇ ਇਨ੍ਹਾਂ ਗਲੀਆਂ ਵਿਚ ਮਾਰਦਿਆਂ ਕਿੰਨੇ ਜਾਣੂ ਮਿਲਦੇ ਸਨ। ਕਿੰਨੀ ਰੌਣਕ ਹੁੰਦੀ ਸੀ ਇਨ੍ਹਾਂ ਗਲੀਆਂ ਤੇ ਰਾਹਾਂ ਵਿਚ। ਇਨ੍ਹਾਂ ਗਲੀਆਂ ਵਿਚ ਹੁਣ ਬੇਪਛਾਣ ਚਿਹਰਿਆਂ ਦੀ ਭਰਮਾਰ ਹੈ ਕਿਉਂਕਿ ਮੈਂ ਬੇਗਾਨਾ ਅਤੇ ਅਜਨਬੀ ਬਣ ਕੇ ਇਨ੍ਹਾਂ ਗਲੀਆਂ ਵਿਚੋਂ ਆਪਣੇ ਪੁਰਾਣੇ ਘਰ ਅਤੇ ਹਮਜਮਾਤੀਆਂ ਦੇ ਘਰਾਂ ਨੂੰ ਪਛਾਨਣ ਦੀ ਕੋਸ਼ਿਸ਼ ਵਿਚ ਹਾਂ। ਚਾਨਣ ਸਿੰਘ ਮਿਸਤਰੀ ਦੇ ਅੱਡੇ ਅਤੇ ਖ਼ਰਾਸ ਦਾ ਕੋਈ ਨਾਮੋ-ਨਿਸ਼ਾਨ ਨਹੀਂ। ਕਿਹਰ ਸਿੰਘ ਲੁਹਾਰ ਦਾ ਅੱਡਾ ਅਤੇ ਉਸ ਦਾ ਖਰਾਸ ਵੀ ਬੀਤੇ ਦੀਆਂ ਪਰਤਾਂ ਵਿਚ ਦਫ਼ਨ ਹੈ। ਧੰਨੂ ਮੋਚੀ ਦੀ ਦੁਕਾਨ ਗਲੀ ਵੱਲ ਖੁੱਲ੍ਹਦੀ ਸੀ। ਉਹ ਪੱਤੀ ਦੇ ਹਰ ਘਰ ਵਿਚ ਹੋਣ ਵਾਲੇ ਕਿਸੇ ਵੀ ਮੰਗਣੇ, ਵਿਆਹ, ਅਖੰਡ ਪਾਠ ਜਾਂ ਮਰਨੇ-ਕਰਨੇ 'ਤੇ ਸੱਦਾ ਦਿੰਦਾ ਸੀ। ਅਕਸਰ ਹੀ ਚੁੱਲ੍ਹੇ ਨੇਂਦ ਦਿੰਦਿਆਂ ਖੰਗੂਰਾ ਵੀ ਮਾਰਦਾ ਸੀ। ਹਰ ਬੱਚੇ ਨੂੰ ਉਸਦੇ ਬਾਪ ਦੇ ਨਾਮ ਤੋਂ ਜਾਣਦਾ ਸੀ। ਦੀਪੋ ਝਿਊਰੀ ਦੀ ਤਪਦੀ ਭੱਠੀ ਤੇ ਉਸ ਦੀਆਂ ਨਿੱਕੀਆਂ ਨਿੱਕੀਆਂ ਝਿੜਕਾਂ ਅਤੇ ਵਾਰੀ ਸਿਰ ਚੁੰਗ ਨੂੰ ਭੁਗਤਾਉਣ ਦੀ ਕਮਾਲ ਦੀ ਜੁਗਤ, ਸਾਡੇ ਵਰਗੇ ਬੱਚਿਆਂ ਨੂੰ ਬਹੁਤ ਚੰਗੀ ਲੱਗਦੀ ਸੀ। ਪਿੰਡ ਦੇ ਵਿਚਕਾਰ ਬਣੀਆਂ ਉਹ ਹੱਟੀਆਂ ਪ੍ਰਵਾਸ ਕਰਕੇ ਫਿਰਨੀ 'ਤੇ ਉਗੇ ਹੋਏ ਨਿੱਕੇ ਜਿਹੇ ਬਜ਼ਾਰ ਦਾ ਰੂਪ ਧਾਰਨ ਕਰ ਗਈਆਂ ਨੇ। ਪਰ ਨਹੀਂ ਮਿਲਦਾ ਉਨ੍ਹਾਂ ਹੱਟੀਆਂ ਵਰਗੀ ਪਰਿਵਾਰਕ ਸਾਂਝ ਜਿਹਾ ਮਾਹੌਲ, ਕਣਕ ਜਾਂ ਮੱਕੀ ਦੇ ਕੇ ਖਰੀਦੀਆਂ ਹੋਈਆਂ ਘਰ ਦੀ ਲੋੜ ਦੀਆਂ ਵਸਤਾਂ ਅਤੇ ਝੂੰਗੇ ਵਿਚ ਮਿਲੀਆਂ ਮਿੱਠੀਆਂ ਫੁੱਲੀਆਂ। ਕਿੰਨਾ ਪਿਆਰਾ ਲਾਲਚ ਹੁੰਦਾ ਸੀ ਸਾਨੂੰ ਬੱਚਿਆਂ ਨੂੰ ਕਿ ਜਦ ਵੀ ਹੱਟੀ 'ਤੇ ਜਾਵਾਂਗੇ ਤਾਂ ਫੁੱਲੀਆਂ ਖਾਣ ਨੂੰ ਮਿਲਣਗੀਆਂ।

ਕਦੇ ਪਿੰਡ ਨੂੰ ਬਹੁਤ ਮਾਣ ਹੁੰਦਾ ਸੀ ਜਦ ਉਸਦਾ ਕੋਈ ਧੀ-ਪੁੱਤ ਬੀ.ਏ. ਜਾਂ ਐਮ.ਏ. ਕਰਦਾ ਸੀ। ਅਧਿਆਪਕ ਲੱਗਦਾ ਜਾਂ ਡਾਕਟਰ, ਇੰਜੀਨੀਅਰ, ਅਫਸਰ ਜਾਂ ਪ੍ਰੋਫੈਸਰ ਬਣਦਾ ਸੀ। ਪਿੰਡ ਹੁੱਬਦਾ ਸੀ ਆਪਣੇ ਬੱਚਿਆਂ ਦੀਆਂ ਪ੍ਰਾਪਤੀਆਂ 'ਤੇ ਅਤੇ ਮਾਪਿਆਂ ਨੂੰ ਵੀ ਆਪਣੇ ਲਾਡਲਿਆਂ 'ਤੇ ਨਾਜ਼ ਹੁੰਦਾ ਸੀ। ਪਰ ਹੁਣ ਕੇਹਾ ਭਾਣਾ ਵਰਤਿਆ ਹੈ ਪਿੰਡ ਵਿਚ ਕਿ ਹਰ ਮਾਪੇ ਲਈ ਆਈਲੈਟਸ ਕਰਵਾਉਣਾ ਹੀ ਸਭ ਤੋਂ ਵੱਡੀ ਡਿਗਰੀ ਬਣ ਗਈ ਹੈ ਅਤੇ ਇਸ ਡਿਗਰੀ ਦੀ ਪ੍ਰਾਪਤੀ ਲਈ ਉਹ ਮਾਇਕ ਲੁੱਟ ਦਾ ਸ਼ਿਕਾਰ ਹੋ ਰਹੇ ਹਨ। ਉਹ ਆਪਣੇ ਬੱਚਿਆਂ ਨੂੰ ਪ੍ਰਦੇਸ ਵਿਚ ਪੜ੍ਹਨ ਦੇ ਬਹਾਨੇ ਬਾਹਰ ਭੇਜਣ ਲਈ ਹਰ ਹੀਲਾ ਵਰਤ ਰਹੇ ਹਨ। ਪਿੰਡ ਨੇ ਆਈ.ਏ.ਐਸ. ਤੋਂ ਆਈਲੈਟਸ ਤੀਕ ਦਾ ਪਿੱਛਲਖੁਰੀ ਸਫ਼ਰ ਕਰ ਲਿਆ ਹੈ! ਇਹ ਤਰਾਸਦੀ ਸਿਰਫ਼ ਮੇਰੇ ਪਿੰਡ ਤੀਕ ਹੀ ਸੀਮਤ ਨਹੀਂ। ਜਦ ਪੜ੍ਹੇ ਲਿਖਿਆਂ ਲਈ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੀ ਖਤਮ ਹੋ ਜਾਣ, ਰਸੂਖਵਾਨਾਂ ਦੇ ਬੱਚਿਆਂ ਲਈ ਅਫਸਰੀ ਅਤੇ ਪੈਸੇ ਦੇ ਜ਼ੋਰ ਨਾਲ ਨੌਕਰੀਆਂ ਦੀ ਨਿਲਾਮੀ ਹੁੰਦੀ ਹੋਵੇ ਅਤੇ ਵਿਦਵਤਾ ਦੀ ਬੇਕਦਰੀ ਹੋਵੇ ਤਾਂ ਨੌਜਵਾਨ ਪੀੜ੍ਹੀ ਲਈ ਪ੍ਰਵਾਸ ਕਰਨਾ ਹੀ ਇਕ ਰਸਤਾ ਬਚਦਾ ਹੈ। ਇਸ ਨਾਲ ਉਨ੍ਹਾਂ ਨੂੰ ਆਪਣੇ ਭਵਿੱਖ ਬਾਰੇ ਸੋਚ ਕੇ ਰਾਹਤ ਮਿਲਦੀ ਹੈ। ਪ੍ਰਵਾਸ ਦਾ ਇਹ ਕੇਹਾ ਆਲਮ ਹੈ ਕਿ ਮੇਰੇ ਪਿੰਡ ਵਿਚ ਹੁਣ ਅੱਧੀ ਤੋਂ ਜ਼ਿਆਦਾ ਅਬਾਦੀ ਪ੍ਰਵਾਸੀ ਮਜ਼ਦੂਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਹੈ। ਸੂਖ਼ਮ ਰੂਪ ਵਿਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਹੌਲੀ-ਹੌਲੀ ਖਤਮ ਕਰ ਕੇ, ਇਸ ਦਾ ਡੀਐੱਨਏ ਬਦਲਣ ਦਾ ਅਜਿਹਾ ਵਰਤਾਰਾ ਸਿਰਜਿਆ ਜਾ ਰਿਹਾ ਹੈ ਜਿਸ ਦੀ ਜ਼ਿਆਦਾਤਰ ਪੰਜਾਬੀਆਂ ਨੂੰ ਸਮਝ ਨਹੀਂ ਆ ਰਹੀ। ਫਰਟੀਲਿਟੀ ਸੈਂਟਰਾਂ ਵਿਚ ਪੈਦਾ ਕੀਤੇ ਜਾ ਰਹੇ ਬੱਚਿਆਂ ਦਾ ਡੀਐਨਏ ਕੀ ਏ, ਕੀ ਕਦੇ ਇਸ ਤਕਨੀਕ ਰਾਹੀਂ ਪੈਦਾ ਹੋਣ ਵਾਲੇ ਬੱਚਿਆਂ ਦੇ ਮਾਪਿਆਂ ਨੇ ਇਸ ਦੀ ਤਸਦੀਕ ਕਰਵਾਈ ਏ?

ਮੈਂ ਪਿੰਡ ਵਿਚ ਘੁੰਮ ਰਿਹਾ ਸਾਂ ਤਾਂ ਇਹ ਦੇਖ ਕੇ ਮਨ ਨੂੰ ਬਹੁਤ ਕਸ਼ਟ ਹੋਇਆ ਕਿ ਪਿੰਡ ਵਿਚ ਸਾਰੀਆਂ ਲੋੜਾਂ ਪੂਰੀਆਂ ਕਰਨ ਵਾਲੇ ਪਿੰਡ-ਵਾਸੀ ਆਪਣੇ ਜੋਗੀਆਂ ਸਬਜ਼ੀਆਂ ਬੀਜਣ ਜੋਗੇ ਵੀ ਨਹੀਂ ਰਹੇ ਅਤੇ ਨਾ ਹੀ ਘਰ ਦੇ ਖਰਬੂਜੇ, ਹਦਵਾਣੇ, ਮੂਲੀਆਂ, ਗਾਜਰਾਂ, ਸ਼ਲਗਮ ਤੇ ਸਾਗ ਹੈ। ਉਨ੍ਹਾਂ ਨੇ ਇਸ ਦੀ ਟੇਕ ਸ਼ਹਿਰ ਦੀ ਮੰਡੀ 'ਤੇ ਹੀ ਰੱਖ ਲਈ ਏ। ਘਰ ਦੀਆਂ ਉਗਾਈਆਂ ਸਬਜ਼ੀਆਂ ਅਤੇ ਫਲਾਂ ਦੀ ਰੀਸ ਖਾਧਾਂ ਅਤੇ ਰਸਾਇਣਾਂ ਨਾਲ ਤਿਆਰ ਕੀਤੀਆਂ ਕਿਵੇਂ



ਕਰਨਗੀਆਂ? ਬਾਜ਼ਾਰ ਵਿਚ ਮਹਿੰਗੇ ਭਾਅ ਵੇਚੀਆਂ ਜਾ ਰਹੀਆਂ ਸਬਜ਼ੀਆਂ ਤੇ ਫ਼ਲ ਸਿਰਫ਼ ਮਨੁੱਖੀ ਸਿਹਤ ਨਾਲ ਖਿਲਵਾੜ ਕਰਨ ਜੋਗੇ। ਜਦ ਖੇਤਾਂ ਦੇ ਪੁੱਤਾਂ ਦੇ ਚੇਤਿਆਂ ਵਿਚੋਂ ਖੇਤ ਹੀ ਮਨਫ਼ੀ ਹੋ ਜਾਣ ਅਤੇ ਉਹ ਸੁਬ੍ਹਾ-ਸਵੇਰੇ ਖੇਤਾਂ ਦਾ ਗੇੜਾ ਲਾਉਣ ਦੀ ਬਜਾਏ ਘਰ ਦੀ ਚਾਰ ਦੀਵਾਰੀ ਨੂੰ ਹੀ ਆਪਣਾ ਕੇਂਦਰ ਬਿੰਦੂ ਮੰਨ ਲੈਣ ਤਾਂ ਖੇਤ ਬਹੁਤ ਨਿਰਾਸ਼, ਹਤਾਸ਼ ਅਤੇ ਉਦਾਸ ਹੋ ਜਾਂਦੇ ਨੇ। ਫਿਰ ਖੇਤਾਂ ਵਿਚੋਂ ਜਿਨਸਾਂ ਨਹੀਂ ਸਗੋਂ ਖੁਦਕੁਸ਼ੀਆਂ ਹੀ ਪੈਦਾ ਹੁੰਦੀਆਂ ਹਨ। ਸਾਡੇ ਸਮਿਆਂ ਵਿਚ ਤਾਂ ਹੜ੍ਹਾਂ ਨਾਲ ਤਬਾਹ ਹੋਈਆਂ ਫ਼ਸਲਾਂ ਦਾ ਨੁਕਸਾਨ ਜ਼ਰ ਕੇ, ਫਿਰ ਨਵੀਂ ਹਿੰਮਤ ਅਤੇ ਸਾਧਨਾਂ ਨਾਲ ਖੇਤਾਂ ਵਿਚ ਜ਼ਿੰਦਗੀ ਦੇ ਨਕਸ਼ ਉਲੀਕਣ ਦਾ ਚਾਅ ਹੁੰਦਾ ਸੀ। ਸਾਡੇ ਬਜ਼ੁਰਗ ਕਦੇ ਹਾਰ ਨਹੀਂ ਸੀ ਮੰਨਦੇ। ਹੁਣ ਮੇਰੇ ਪਿੰਡ ਵਿਚ ਖੁਦਕੁਸ਼ੀਆਂ ਦੀ ਮਾਰੂ 'ਵਾ ਨੇ ਘਰ ਘਰ ਵਿਚ ਕਬਰਾਂ ਉਗਾ ਦਿੱਤੀਆਂ ਨੇ। ਇਨ੍ਹਾਂ ਕਬਰਾਂ ਦੀ ਗਿਣਤੀ ਵਿਚ ਵਾਧੇ ਲਈ ਨੌਜਵਾਨਾਂ ਵਿਚ ਵਧ ਰਿਹਾ ਨਸ਼ੇ ਦਾ ਰੁਝਾਨ ਮੇਰੇ ਪਿੰਡ ਦੇ ਮੁੱਖ 'ਤੇ ਪਲੱਤਣਾਂ ਧੂੜ ਰਿਹਾ ਏ। ਕੋਈ ਵੀ ਕਰਮਜੋਗੀ ਇਸ ਪਲੱਤਣ ਨੂੰ ਪੂੰਝਣ ਲਈ ਨਹੀਂ ਬਹੁੜਦਾ। ਕਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੀਆਂ ਪ੍ਰਾਪਤੀਆਂ 'ਤੇ ਫਖ਼ਰ ਹੁੰਦਾ ਸੀ। ਹੁਣ ਕੁਝ ਕੁ ਮਾਪੇ ਇਸ ਵਿਚ ਹੀ ਸੰਤੁਸ਼ਟ ਜਾਪਦੇ ਨੇ ਕਿ ਉਨ੍ਹਾਂ ਦਾ ਬੱਚਾ ਕੋਈ ਨਸ਼ਾ ਨਹੀਂ ਕਰਦਾ। ਭਾਵੇਂ ਉਹ ਕੁਝ ਵੀ ਨਾ ਕਰੇ।

ਮੇਰਾ ਪਿੰਡ, ਇਸਦੇ ਬਜ਼ੁਰਗ ਅਤੇ ਬੱਚੇ ਕਦਾਚਿੱਤ ਅਜਿਹੇ ਨਹੀਂ ਸਨ। ਉਹ ਤਾਂ ਜ਼ਿੰਦਗੀ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਦੇਖਣ ਅਤੇ ਇਸਦੀ ਮੁਹਾਰ ਅਤੇ ਰੰਗਤ ਨੂੰ ਨਰੋਇਆਪਣ ਬਖਸ਼ਣ ਲਈ ਚੱਤੋਪਹਿਰ ਮਿਹਨਤ ਕਰਦੇ ਸਨ। ਥੁੜ੍ਹਾਂ ਮਾਰੇ ਉਨ੍ਹਾਂ ਸਮਿਆਂ ਵਿਚ ਸਾਡੀ ਪ੍ਰਮੁੱਖਤਾ ਜੀਵਨ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨੀ ਹੁੰਦੀ ਸੀ। ਅਸੀਂ ਇਨ੍ਹਾਂ ਦੀ ਪੂਰਤੀ ਲਈ ਹੀ ਕੁਝ ਅਜਿਹਾ ਕਰਨਾ ਲੋਚਦੇ ਸਾਂ ਜਿਸ 'ਤੇ ਸਾਡੇ ਮਾਪਿਆਂ ਅਤੇ ਪਿੰਡ ਨੂੰ ਮਾਣ ਹੋਵੇ। ਅਜੋਕੇ ਮਾਰੂ ਵਰਤਾਰੇ ਲਈ ਮੇਰੇ ਪਿੰਡ ਕੋਲੋਂ ਕਿਥੇ ਕੁਤਾਹੀ ਹੋਈ? ਕਿਥੇ ਉਸ ਨੇ ਬੇਸਮਝੀ ਵਰਤੀ? ਕਿਹੜੀ ਖ਼ੂਨਾਮੀ ਦੀ ਸਜ਼ਾ ਹੁਣ ਮੇਰਾ ਸਾਰਾ ਪਿੰਡ ਭੁਗਤ ਰਿਹਾ ਏ?

ਮੇਰੇ ਪਿੰਡ ਵਿਚ ਬਹੁ-ਮੰਜ਼ਲੀ ਕੋਠੀਆਂ ਤਾਂ ਹਨ ਪਰ ਇਨ੍ਹਾਂ ਵਿਚ ਜ਼ਿੰਦਗੀ ਦੀ ਧੜਕਣ ਨਹੀਂ ਹੈ। ਨਾ ਹੀ ਇਨ੍ਹਾਂ ਵਿਚ ਨਿੱਕੀਆਂ ਨਿੱਕੀਆਂ ਸ਼ਰਾਰਤਾਂ, ਚੁਲਬੁਲਾਪਣ, ਅਪਣੱਤ ਅਤੇ ਭਾਈਚਾਰਕ ਸਾਂਝ ਦਾ ਝਲਕਾਰਾ ਪੈਂਦਾ ਹੈ ਜਿਸ ਨੇ ਪਿੰਡ ਨੂੰ ਵਿਲੱਖਣਤਾ, ਤਾਜ਼ਗੀ ਅਤੇ ਨਰੋਇਆਪਣ ਬਖਸ਼ਿਆ ਸੀ। ਪਿੰਡ ਵਾਲਿਆਂ ਨੂੰ ਆਪਣੇ ਹੀ ਪਿੰਡ 'ਤੇ ਨਾਜ਼ ਹੁੰਦਾ ਸੀ ਜਦ ਕਿ ਹੁਣ ਆਪਣੇ ਹੀ ਪਿੰਡ ਦਾ ਨਾਮ ਲੈਂਦਿਆਂ ਨਮੋਸ਼ੀ ਹੁੰਦੀ ਹੈ।

ਮੈਂ ਪਿੰਡ ਵਿਚੋਂ ਹੁੰਦਾ ਹੋਇਆ ਆਖ਼ਰ ਆਪਣੇ ਪੁਰਾਣੇ ਜਮਾਤੀਆਂ ਅਤੇ ਹਮਉਮਰਾਂ ਨੂੰ ਬੇਤਕੱਲਫ਼ੀ ਦੇ ਆਲਮ ਵਿਚ ਮਿਲਦਾ ਹਾਂ। ਅਸੀਂ ਬਹੁਤ ਗੱਲਾਂ ਕਰਦੇ ਹਾਂ ਬੀਤੇ ਦੀਆਂ। ਪਿੰਡ ਦੇ ਭਵਿੱਖ ਬਾਰੇ ਬਹੁਤ ਚਿੰਤਾ ਜ਼ਾਹਰ ਕਰਦੇ ਹਾਂ। ਪਰ ਸਾਨੂੰ ਵੀ ਪਤਾ ਹੈ ਕਿ ਪ੍ਰਦੇਸ ਵਿਚ ਰਹਿੰਦੇ ਪਰਿਵਾਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੇ ਵਾਪਸ ਪਰਤ ਕੇ ਪਿੰਡ ਨਹੀਂ ਪਰਤਣਾ। ਉਹ ਸਿਰਫ਼ ਕਦੇ ਕਦਾਈਂ ਕੂੰਜਾਂ ਵਾਂਗ ਪਿੰਡ ਆਉਣਗੇ। ਪਰ ਜੇਕਰ ਪਿੰਡ ਨਰਮੋਹਾ ਨਾ ਹੋਇਆ ਅਤੇ ਇਸ ਵਿਚ ਮੋਹ-ਮੁਹੱਬਤ ਦਾ ਚਿਰਾਗ ਬਲਦਾ ਰਿਹਾ ਅਤੇ ਇਸ ਦੀ ਫਿਰਨੀ ਆਪਣਿਆਂ ਨੂੰ ਉਡੀਕਦੀ ਰਹੀ ਜਾਂ ਇਸ ਦੇ ਵਾਸੀ ਆਪਣੇ ਪ੍ਰਵਾਸੀ ਵੀਰਾਂ ਲਈ ਤਾਂਘਦੇ ਰਹੇ ਤਾਂ ਹਰ ਪ੍ਰਵਾਸੀ ਸ਼ਖ਼ਸ ਆਪਣੀ ਮਿੱਟੀ ਨੂੰ ਨਤਮਸਤਕ ਹੋਣ ਲਈ ਆਉਂਦਾ ਰਹੇਗਾ।

ਮੇਰੇ ਪਿੰਡ ਦੀ ਸਮੁੱਚਤਾ ਵਿਚੋਂ ਇਸ ਦੀਆਂ ਅਮੀਰ ਪ੍ਰੰਪਰਾਵਾਂ, ਜਿਊਣ-ਜੋਗੀਆਂ ਰਹੁ-ਰੀਤਾਂ, ਵਾਸੀਆਂ ਦੇ ਦਰਿਆਵਾਂ ਵਰਗੇ ਜਿਗਰੇ ਅਤੇ ਹਵੇਲੀਆਂ ਵਿਚ ਗੂੰਝਦਾ ਨਾਦ ਇਸ ਦੀ ਫਿਜ਼ਾ ਨੂੰ ਪਾਕੀਜ਼ ਬਣਾਉਂਦਾ ਰਹੇ। ਇਹ ਤਮੰਨਾ ਮਨ ਵਿਚ ਪਾਲਦਾ ਹੌਲੀ ਹੌਲੀ ਮੈਂ ਪਿੰਡ ਤੋਂ ਬਾਹਰ ਨੂੰ ਪੈਰ ਰੱਖਦਾ ਹਾਂ। ਪਰ ਮੇਰੀ ਨਜ਼ਰ ਮੁੜ ਮੁੜ ਆਪਣੇ ਪਿੰਡ ਦੀ ਫਿਰਨੀ, ਇਸਦੇ ਖੇਤਾਂ, ਪੁਰਾਣੇ ਘਰ ਦੀਆਂ ਯਾਦਾਂ ਅਤੇ ਬਿਨ-ਬੂਹੇ ਉਸ ਚੁਬਾਰੇ ਨੂੰ ਢੂੰਢਦੀ ਹੋਈ ਪਿੰਡ ਦੇ ਚਿੱਤਰਪਟ ਤੋਂ ਓਝਲ ਹੋ ਜਾਂਦੀ ਹੈ। ਇਹ ਚੁਬਾਰਾ ਜਿਸ ਨੇ ਅੱਖਰਾਂ ਨੂੰ ਮੇਰੀ ਜ਼ਿੰਦਗੀ ਦੇ ਨਾਮ ਲਾਇਆ ਸੀ ਅਤੇ ਮੈਂ ਅੱਖਰਾਂ ਰਾਹੀਂ ਆਪਣੇ ਅੰਤਰੀਵ ਨੂੰ ਵਿਸਥਾਰਨ ਦੇ ਕਾਬਲ ਹੋਇਆ।

ਮੇਰੇ ਪਿੰਡ ਤੂੰ ਗਵਾਚੀਂ ਨਾ। ਆਪਣੀ ਪੁਰਾਤਨ ਦਿੱਖ ਭਾਵੇਂ ਬਦਲ ਲਵੀਂ ਪਰ ਆਪਣਾ ਦ੍ਰਿਸ਼ਟੀਕੋਣ, ਦਰਿਆ-ਦਿਲੀ, ਦੀਦਾ-ਦਲੇਰੀ ਅਤੇ ਦਰਵੇਸ਼ਤਾ ਨੂੰ ਕਦੇ ਵੀ ਗੁਆਚਣ ਨਾ ਦੇਵੀਂ। ਤੇਰੇ ਨਾਲ ਹੀ ਸਾਡੀ ਹੋਂਦ ਜੁੜੀ ਹੋਈ ਏ ਅਤੇ ਬੇ-ਪਿੰਡਿਆਂ ਨੂੰ ਤਾਂ ਕੋਈ ਆਪਣੀ ਜੂਹ ਵਿਚ ਵੀ ਪੈਰ ਨਹੀਂ ਧਰਨ ਦਿੰਦਾ।

ਪਿੰਡ ਯਾਦ ਰੱਖ! ਤੇਰੇ ਬਹੁਤ ਸਾਰੇ ਪ੍ਰਦੇਸੀ ਪੁੱਤ ਨੇ ਅਤੇ ਉਹ ਗਾਹੇ-ਬਗਾਹੇ ਤੇਰੀ ਜ਼ਿਆਰਤ ਕਰਨ ਪਿੰਡ ਨੂੰ ਪਰਤਦੇ ਨੇ। ਪਰ ਕਈ ਵਾਰ ਜਦ ਉਨ੍ਹਾਂ ਦੇ ਖੇਤ ਹੀ ਉਨ੍ਹਾਂ ਲਈ ਕਬਰਾਂ ਬਣਨ ਦੀ ਕਾਹਲ ਕਰਨ, ਘਰ ਵਿਚ ਉਗਦੀਆਂ ਕੰਧਾਂ 'ਤੇ ਸੂਲੀਆਂ ਲਟਕਾਈਆਂ ਜਾਣ ਅਤੇ ਪੁਰਾਣਾ ਘਰ ਉਨ੍ਹਾਂ ਲਈ ਕਾਲ-ਕੋਠੜੀ ਬਣਨ ਲਈ ਉਤਾਵਲਾ ਹੋਵੇ ਤਾਂ ਫਿਰ ਕਿੰਝ ਪ੍ਰਦੇਸੀ ਆਪਣੇ ਘਰਾਂ ਨੂੰ ਪਰਤਣ? ਉਹ ਕਿੰਝ ਹੀਆ ਕਰਨਗੇ ਕਿ ਉਹ ਆਪਣੇ ਖੂਹ ਨੂੰ ਜਾਂਦੀ ਪਹੀ ਦੀ ਤ੍ਰੇਲ ਨੂੰ ਚੁੰਮਣ ਅਤੇ ਖੇਤਾਂ ਵਿਚ ਲੱਗੇ ਟਿਊਬਵੈਲ 'ਤੇ ਨਹਾਉਣ ਦੀ ਜੁਅਰਤ ਕਰਨ ਕਿਉਂਕਿ ਕਈ ਵਾਰ ਖੇਤਾਂ ਦਾ ਟਿਊਬਵੈਲ ਹੀ ਉਨ੍ਹਾਂ ਦੀ ਲਾਸ਼ ਲਕੋਣ ਲੱਗਦਾ। ਫਿਰ ਉਹ ਰਾਖ਼ ਬਣ ਕੇ ਹਵਾ ਵਿਚ ਖਿੰਡਣ ਜੋਗੇ ਹੀ ਰਹਿ ਜਾਂਦੇ। ਬਹੁਤ ਜੀਅ ਕਰਦਾ ਏ ਪ੍ਰਦੇਸੀਆਂ ਦਾ ਕਿ ਉਹ ਆਪਣੀਆਂ ਪੁਰਾਣੀਆਂ ਯਾਦਾਂ ਨੂੰ ਨਵਿਆਉਣ, ਪੁਰਾਣੇ ਮਿੱਤਰਾਂ ਅਤੇ ਹਮਜਮਾਤੀਆਂ ਨਾਲ ਮਾਣੇ ਪਲਾਂ ਨੂੰ ਦੁਬਾਰਾ ਜਿਊਣ ਲਈ ਪਿੰਡ ਆਉਣ। ਪਰ ਇਕ ਮੂਕ ਡਰ ਉਨ੍ਹਾਂ ਦੀ ਚੇਤਨਾ ਵਿਚ ਬਹਿ ਚੁੱਕਾ ਹੈ। ਇਹ ਡਰ ਸਿਰਫ਼ ਤੇ ਸਿਰਫ਼ ਮੇਰੇ ਪਿੰਡ ਦੀ ਪਾਕੀਜ਼ਗੀ ਅਤੇ ਪਹਿਲ ਨਾਲ ਹੀ ਦੂਰ ਹੋ ਸਕਦਾ ਹੈ ਕਿਉਂਕਿ ਮੇਰਾ ਪਿੰਡ ਪਹਿਲਾਂ ਕਦੇ ਵੀ ਅਜਿਹਾ ਨਹੀਂ ਸੀ। ਮੇਰੇ ਪਿੰਡ ਤੂੰ ਪਹਿਲ ਤਾਂ ਕਰ। ਤੇਰੇ ਪੁੱਤ ਤੇਰੇ ਮੁਹਾਂਦਰੇ ਦੇ ਨਿਖਾਰ ਲਈ ਬਹੁਤ ਕੁਝ ਕਰਨ ਲਈ ਤਿਆਰ ਹਨ। ਤੂੰ ਹਾਕ ਮਾਰੇਂਗਾ ਤਾਂ ਤੇਰੇ ਪੁੱਤ ਤੇਰਾ ਹੁੰਗਾਰਾ ਜ਼ਰੂਰ ਭਰਨਗੇ।

## ਦਾਜ ਦੀ ਲਿਸਟ

ਜੇ ਸੱਪ ਨੂੰ ਸਬਕ ਸਿਖਾਉਣਾ ਹੋਵੇ, ਤਾਂ ਉਹਦੇ ਅੱਗੇ ਵਲ ਵਲੇਵੇਂ ਖਾ ਕੇ ਹੀ ਭੱਜਣਾ ਚਾਹੀਦਾ ਏ। ਟੇਢੇ ਰਾਜੇ ਸਿੱਧੇ ਮੰਤਰੀਆਂ ਕੋਲੋਂ ਨੀ ਲੋਟ ਆਉਂਦੇ। ਲੱਕੜ ਦੇ ਮੋਛੇ 'ਤੇ ਬੈਠਾ ਅਮਰੂ ਆਪਣੇ ਜੁੱਲੀ ਯਾਰ ਬਸੰਤ ਤੇ ਘੁਚਰ ਨੂੰ ਟਾਹਲੀ ਦੀ ਦਾਤਣ ਦੰਦਾਂ 'ਚ ਚੱਬਦਾ ਹੋਇਆ ਮਿਸਾਲਾਂ ਦੇ ਰਿਹਾ ਸੀ। 'ਆਹੋ !! ਗੱਲ ਤਾਂ ਤੂੰ ਸੋਲਾਂ ਆਨੇ ਸੱਚ ਹੀ ਆਨਾ ਏਂ"..ਬਸੰਤ ਨੇ ਸਿਰ ਖੁਰਕਦੇ ਹੋਏ, ਦੋਸਤ ਦੀ ਗੱਲ ਨਾਲ ਸੁਰ ਮਿਲਾਉਂਦੇ ਹੋਏ ਜਵਾਬ ਦਿੱਤਾ। ...ਕੇਰਾਂ, ਇਕ ਵਾਰੀ ਸਾਡੇ ਬਾਬੇ ਨੇ ਆਪ ਦੇ ਵੇਲੇ ਦੀ ਇਕ ਗੱਲ ਦੱਸੀ ਸੀ। ਕਿਸੇ ਪਿੰਡ ਵਿੱਚ ਬੜੀ ਨੇਕ ਤੇ ਸ਼ਰੀਫ ਕੁੜੀ ਦਾ ਸਾਕ ਹੋਇਆ। ਵਿਆਹ ਤੋਂ ਕਈ ਦਿਨ ਪਹਿਲਾਂ ਹੀ ਮੁੰਡੇ ਦੀ ਮਾਂ ਨੇ ਬਾਂਹ ਜਿੱਡੀ ਦਾਜ ਦੀ ਲਿਸਟ ਕੁੜੀ ਵਾਲਿਆਂ ਦੇ ਮੱਥੇ ਮਾਰੀ। ਅਖੇਂ, ਸਾਡਾ ਸਿਉਂਨੇ ਜਿਹਾ ਮੁੰਡਾ...ਅਸੀਂ ਕੱਲਾ ਵਾਜਿਆਂ ਨਾਲ ਥੋੜੀ ਵਿਆਹ ਦਿਆਂਗੇ!... ਕੁੜੀ ਵਾਲਿਆਂ ਨੇ ਫੜ-ਤੜ ਕੇ ਦਾਜ ਦਾ 'ਕੱਲਾ-'ਕੱਲਾ ਸਮਾਨ ਵਿਆਹ ਤੋਂ ਦੂਜੇ ਦਿਨ ਮੁੰਡੇ ਵਾਲਿਆਂ ਦੇ ਘਰੇ ਭੇਜ ਦਿੱਤਾ ਪਰ ਕੁੜੀ ਨੂੰ ਇਸ ਗੱਲ ਦੀ ਬੜੀ ਠੇਸ ਲੱਗੀ...ਪਿਓ ਦੇ ਸਿਆੜ ਗਹਿਣੇ ਪੁਆ ਕੇ ਦਿੱਤੇ ਹੋਏ ਦਾਜ ਦਾ ਝੋਰਾ ਅੰਦਰੋਂ ਅੰਦਰੀਂ ਵੱਢ ਰਿਹਾ ਸੀ। ਉਸ ਨੇ ਵਿਆਹ ਦੇ ਕੁਝ ਦਿਨ ਬਾਅਦ ਹੀ ਰੰਗ-ਢੰਗ ਬਦਲ ਲਏ। ਇਕ ਦਿਨ ਮੁੰਡੇ ਦੀ ਸਕੀਰੀ ਆਈ ਹੋਈ ਸੀ, ਨਵੀਂ ਵਿਆਹੀ ਕੁੜੀ ਦੇ ਸਿਰ 'ਤੇ ਚੁੰਨੀ ਨਾ ਦੇਖ ਕੇ ਸੱਸ ਨੇ ਘੂਰੀ ਵੱਟੀ! ਤੇ ਬਹਾਨੇ ਨਾਲ ਉਠ ਕੇ ਉਹਦੇ ਪਿੱਛੇ ਤੁਰ ਪਈ।...ਨੀ ਕੁੜੀਏ!...ਨੀ ਤੈਨੂੰ ਭੋਰਾ ਸ਼ਰਮ-ਹਯਾ ਨਹੀਂ? ਤੂੰ ਆਪਣੇ ਪੇਕਿਆਂ ਤੋਂ ਕੀ ਲੈ ਕੇ ਆਈ ਏਂ? ਨੂੰਹ ਹੱਸੀ ਤੇ ਬੋਲੀ, "ਬੇਬੇ ਜੀ ਜਿਹੜੀ ਤੁਸੀਂ ਲਿਸਟ ਭੇਜੀ ਸੀ ਉਹ ਸਭ ਕੁਝ ਲੈ ਕੇ ਆਈ ਹਾਂ, ਪਰ ਉਹਦੇ ਵਿਚ ਤੁਸੀਂ ਕਿਤੇ ਵੀ ਸ਼ਰਮ ਦਾ ਜ਼ਿਕਰ ਨਹੀਂ ਕੀਤਾ ਸੀ, ਏਸ ਕਰਕੇ ਉਹ ਮੈਂ ਪੇਕੇ ਪਿੰਡ ਹੀ ਛੱਡ ਆਈ ਹਾਂ।" ਇਹ ਸੁਣ ਕੇ ਕੰਨ ਝਾੜਦੀ ਹੋਈ ਸੱਸ ਜ਼ਲੀਲ ਹੋ ਕੇ ਸ਼ਰਮ ਨਾਲ ਭੂਰਦੀ ਹੋਈ ਪ੍ਰਾਹੁਣਿਆਂ ਵਿਚ ਵਾਪਸ ਜਾ ਕੇ ਬੈਠ ਗਈ।

*-ਮਨਦੀਪ ਖਾਨਪੁਰੀ*
*ਫੋਨ: 97791-79060*

# ਮਨੁੱਖ ਦਾ ਲਾਲਚ ਅਤੇ ਵਾਹੀਯੋਗ ਜ਼ਮੀਨ ਦੀ ਦੁਰਵਰਤੋਂ

*ਅੱਜ ਦੇ ਵਿਕਾਸ ਮਾਡਲ ਨੇ ਸੰਸਾਰ ਦੀ ਹਰ ਸ਼ੈਅ ਦਾਅ ਉਤੇ ਲਾ ਦਿੱਤੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਸਾਡੇ ਵਾਤਾਵਰਨ ਦਾ ਹੋਇਆ ਹੈ। ਅੱਜ ਵਾਤਾਵਰਨ ਵਿਚ ਜਿਹੜੇ ਵਿਗਾੜ ਸਾਹਮਣੇ ਆ ਰਹੇ ਹਨ ਅਤੇ ਮਨੁੱਖਾ ਜ਼ਿੰਦਗੀ ਨੂੰ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਰਹੇ ਹਨ, ਉਹ ਸਭ ਇਸ ਵਿਕਾਸ ਮਾਡਲ ਦਾ ਹੀ ਨਤੀਜਾ ਹੈ। ਮਨੁੱਖ ਦੀ ਮਾਇਆ ਦੀ ਹਵਸ ਨੇ ਅੱਜ ਮਨੁੱਖ ਨੂੰ ਚੌਰਾਹੇ ਵਿਚ ਲਿਆ ਖੜ੍ਹਾ ਕੀਤਾ ਹੈ। ਕੈਨੇਡਾ ਵੱਸਦੇ ਵਿਦਵਾਨ ਹਰੀਪਾਲ ਨੇ ਇਸ ਲੇਖ ਵਿਚ ਵਿਕਾਸ ਮਾਡਲ ਦੀ ਭੇਟ ਚੜ੍ਹ ਰਹੀ ਸਾਡੀ ਜ਼ਮੀਨ ਦਾ ਮਸਲਾ ਵਿਸਥਾਰ ਨਾਲ ਵਿਚਾਰਿਆ ਹੈ। ਮਨੁੱਖ ਜੰਗਲ ਵੱਢ ਕੇ ਕੰਕਰੀਟ ਦੇ ਜੰਗਲ ਉਸਾਰ ਰਿਹਾ ਹੈ। ਵਾਹੀ ਵਾਲੀ ਜ਼ਮੀਨ ਨੂੰ ਵੀ ਇਸੇ ਲੇਖੇ ਲਾ ਰਿਹਾ ਹੈ। ਇਸੇ ਕਰਕੇ ਅੱਜ ਸਭਨਾਂ ਲਈ ਸੋਚਣ ਦਾ ਵੇਲਾ ਹੈ।*

ਸਾਡੇ ਕੋਲ ਛੋਟੀ ਜਿਹੀ ਧਰਤੀ ਹੈ ਜਿਸ ਵਿਚ ਤਿੰਨ ਹਿੱਸੇ ਸਮੁੰਦਰ ਹੈ ਅਤੇ ਬਾਕੀ ਜਿਹੜੀ ਇੱਕ ਚੌਥਾਈ ਧਰਤੀ ਹੈ, ਉਸ ਵਿਚ ਸਿਰਫ 38% ਜ਼ਮੀਨ ਖੇਤੀ ਯੋਗ ਹੈ। ਸਾਡੀ ਧਰਤੀ 'ਤੇ ਅੱਜ ਤਕਰੀਬਨ ਅੱਠ ਅਰਬ ਲੋਕ ਰਹਿੰਦੇ ਹਨ। ਇਹ ਜ਼ਮੀਨ ਅਸੀਮਤ ਨਹੀਂ ਅਤੇ ਇਹ ਹਜ਼ਾਰਾਂ ਲੱਖਾਂ ਜੀਵ-ਜੰਤੂਆਂ, ਜਾਨਵਰਾਂ ਦਾ ਬਸੇਰਾ ਵੀ ਹੈ। ਇਸ ਧਰਤੀ 'ਤੇ ਉਡ ਅਤੇ ਘੁੰਮ ਰਹੇ ਜੀਆ-ਜੰਤ ਅਤੇ ਹਰ ਤਰ੍ਹਾਂ ਦੀ ਬਨਸਪਤੀ ਸਾਨੂੰ ਕੁਦਰਤ ਦਾ ਮਿਲਿਆ ਸ਼ਾਨਦਾਰ ਤੋਹਫਾ ਹੈ। ਅਸੀਂ ਇੱਥੇ ਸਦਾ ਨਹੀਂ ਬੈਠੇ ਰਹਿਣਾ ਪਰ ਇਸ ਛੋਟੀ ਜਿਹੀ ਧਰਤੀ ਦੀ ਬਹੁਤ ਬੁਰੀ ਤਰ੍ਹਾਂ ਦੁਰਵਰਤੋਂ ਹੋ ਰਹੀ ਹੈ ਅਤੇ ਇਹ ਸਭ ਕੁਝ ਵਿਕਾਸ ਦੇ ਨਾਂ 'ਤੇ ਹੋ ਰਿਹਾ ਹੈ।

ਜੇ ਧਰਤੀ ਦੀ ਦੁਰਵਰਤੋਂ ਇਸੇ ਤਰ੍ਹਾਂ ਹੁੰਦੀ ਰਹੀ ਤਾਂ ਇੱਕ ਦਿਨ ਖੇਤੀ ਯੋਗ ਜ਼ਮੀਨ ਦੀ ਕਮੀ

**ਹਰੀਪਾਲ**
**ਫੋਨ: +1-403-714-4816**

ਕਰਕੇ, ਮਨੁੱਖ ਅਤੇ ਜੀਵ ਜੰਤੂ ਭੁੱਖ ਨਾਲ਼ ਮਰਨੇ ਸ਼ੁਰੂ ਹੋ ਜਾਣਗੇ; ਪਹਿਲਾਂ ਹੀ ਤੀਹ ਪੈਂਤੀ ਹਜ਼ਾਰ ਇਨਸਾਨ ਭੁੱਖ ਨਾਲ ਮਰ ਰਹੇ ਹਨ ਅਤੇ ਜਾਨਵਰਾਂ ਦੀਆਂ ਹਜ਼ਾਰਾਂ ਨਹੀਂ, ਲੱਖਾਂ ਹੀ ਨਸਲਾਂ ਇਸ ਧਰਤੀ ਤੋਂ ਲੋਪ ਹੋ ਰਹੀਆਂ ਹਨ ਜਾਂ ਮਨੁੱਖ ਦੇ ਲਾਲਚ ਦੀ ਭੇਟਾ ਚੜ੍ਹ ਰਹੀਆਂ ਹਨ। ਸ਼ਹਿਰਾਂ ਦਾ ਲਗਾਤਾਰ ਵਾਧਾ, ਹਰ ਸਾਲ ਲੱਖਾਂ ਏਕੜ ਜ਼ਮੀਨ ਹੜੱਪ ਕਰ ਰਿਹਾ ਹੈ।

ਸ਼ਹਿਰਾਂ ਦੀਆਂ ਸਿਟੀ ਕੌਂਸਲਾਂ ਹਰ ਸਾਲ ਨਵੀਆਂ ਸਬ-ਡਿਵੀਜ਼ਨਾਂ ਕੱਢਣ ਦਾ ਐਲਾਨ ਕਰਦੀਆਂ ਹਨ। ਕੱਲ੍ਹ ਤੱਕ ਜਿੱਥੇ ਕਣਕ, ਮੱਕੀ, ਸਰੋਂ ਉਗੀ ਹੋਈ ਦੇਖਦੇ ਸਾਂ; ਕੱਲ੍ਹ ਤੱਕ ਜਿੱਥੇ ਦਰੱਖਤਾਂ ਤੋਂ ਪੰਛੀਆਂ ਦੇ ਗਾਉਣ ਦੀਆਂ ਆਵਾਜ਼ਾਂ ਆਉਂਦੀਆਂ ਸਨ; ਕੱਲ੍ਹ ਤੱਕ ਜਿਥੇ ਗਾਵਾਂ ਮੱਝਾਂ ਚਰਦੀਆਂ ਦਿਸਦੀਆਂ ਸਨ; ਅੱਜ ਸ਼ਾਪਿੰਗ ਮਾਲਾਂ ਜਾਂ ਘਰਾਂ ਵਿਚ ਤਬਦੀਲ ਹੋ ਗਏ ਹਨ। ਸ਼ਹਿਰਾਂ ਵਿਚ ਪਾਰਕਾਂ ਵਾਲੀ ਜਗ੍ਹਾ 'ਤੇ ਵੀ ਇਨ੍ਹਾਂ ਬਿਲਡਰਾਂ ਦੀ ਅੱਖ ਹੈ, ਪਤਾ ਨਹੀ ਕਦੋਂ ਕਿਸ ਪਾਰਕ ਦਾ ਭੋਗ ਪੈ ਜਾਵੇ। ਇਨ੍ਹਾਂ ਥਾਵਾਂ 'ਤੇ ਕਿੰਨਾ ਜੀਅ-ਜੰਤ ਰਹਿੰਦਾ ਸੀ, ਉਹ ਸਭ ਖਤਮ ਹੋ ਗਏ ਹਨ। ਇਹ ਫਾਰਮ ਕਿੰਨੇ ਲੋਕਾਂ ਦਾ ਢਿੱਡ ਭਰਦੇ ਸਨ, ਅੱਜ ਕੰਕਰੀਟ ਦੇ ਜੰਗਲ ਬਣ ਗਏ ਹਨ।

ਪਿਛਲੇ ਦਹਾਕੇ ਵਿਚ ਇੰਡੀਆ ਦੀ 16 ਹਜ਼ਾਰ ਵਰਗ ਕਿਲੋਮੀਟਰ ਫਾਰਮਲੈਂਡ, ਸ਼ਹਿਰੀ ਵਿਕਾਸ ਜਾਂ ਵੱਡੇ ਵੱਡੇ ਮਾਰਗ ਬਣਾਉਣ ਵਿਚ ਚਲੀ ਗਈ। ਭਾਰਤ ਦੀ ਤੀਹ ਫ਼ੀਸਦ ਆਬਾਦੀ ਪਹਿਲਾਂ ਹੀ ਭੁੱਖਮਰੀ ਦਾ ਸ਼ਿਕਾਰ ਹੈ। ਕੈਨੇਡਾ ਅਤੇ ਅਮਰੀਕਾ ਤਾਂ ਦਾ ਤਾਂ ਕਹਿਣਾ ਹੀ ਕੀ! ਇੱਥੇ ਤਾਂ ਏਕੜਾਂ ਵਿਚ ਪਿਆ ਹੋਇਆ ਘਰ ਤੁਹਾਡਾ ਸਮਾਜਿਕ ਰੁਤਬਾ ਉਚਾ ਕਰ ਦਿੰਦਾ ਹੈ। ਅਫਸੋਸ! ਇਹ ਸਾਡੇ ਲੋਕਾਂ ਦੀ ਸੋਚ ਹੈ। ਇਸ ਦੁਨੀਆ ਵਿਚ ਵੀਹ ਲੱਖ ਏਕੜ ਖੇਤੀ ਯੋਗ ਜ਼ਮੀਨ ਹਰ ਸਾਲ ਸ਼ਹਿਰ ਅਤੇ ਸੜਕਾਂ ਖਾ ਜਾਂਦੀਆਂ ਹਨ। ਹਜ਼ਾਰਾਂ ਏਕੜ ਜ਼ਮੀਨ ਸੋਨੇ, ਤਾਂਬਾ, ਕੋਇਲੇ ਦੀਆਂ ਖਾਣਾਂ ਦੇ ਧੱਕੇ ਚੜ੍ਹ ਰਹੀ ਹੈ। ਖਣਿਜ ਪਦਾਰਥ ਮੁੱਕਣ 'ਤੇ ਇਨ੍ਹਾਂ ਖਾਣਾਂ ਨੂੰ ਲਾਵਾਰਿਸ ਛੱਡ ਦਿੱਤਾ ਜਾਂਦਾ ਹੈ।

ਧਰਤੀ ਅਤੇ ਪਹਾੜਾਂ ਵਿਚੋਂ ਬਜਰੀ ਕੱਢਣ ਖ਼ਾਤਿਰ ਵੀ ਬਹੁਤ ਸਾਰੀ ਜ਼ਮੀਨ ਜਾ ਰਹੀ ਹੈ। ਜੇਕਰ ਵਿਕਾਸ ਦੀ ਦਰ ਇਹੀ ਰਹੀ ਤਾਂ ਮਨੁੱਖਤਾ ਲਈ ਅੰਨ ਕਿੱਥੋਂ ਆਵੇਗਾ ਕਿਉਂਕਿ ਇਸ ਧਰਤੀ ਦੀ ਆਬਾਦੀ 2050 ਤੱਕ ਦਸ ਅਰਬ ਹੋ ਜਾਣੀ ਹੈ। ਸਾਡੀ ਤਰਾਸਦੀ ਇਹ ਹੈ ਕਿ ਅਸੀਂ ਸਿਰਫ਼ ਅੱਜ ਬਾਰੇ ਸੋਚ ਰਹੇ ਹਾਂ, ਕੱਲ੍ਹ ਦੀ ਚਿੰਤਾ ਅਸੀਂ ਛੱਡ ਦਿੱਤੀ ਹੋਈ ਹੈ। ਇਹ ਅਖੌਤੀ ਵਿਕਾਸ ਧਰਤੀ ਤੋਂ ਬਨਸਪਤੀ ਖਤਮ ਕਰਕੇ ਤਾਪਮਾਨ ਵਧਣ ਦਾ ਕਾਰਨ ਵੀ ਹੈ। ਧਰਤੀ ਦਾ ਵਧ ਰਿਹਾ ਤਾਪਮਾਨ (ਜਿਸ ਲਈ ਮਨੁੱਖੀ ਗਤੀਵਿਧੀਆਂ ਬਹੁਤ ਹੱਦ ਤੱਕ ਜ਼ਿੰਮੇਵਾਰ ਹਨ) ਵੀ ਜ਼ਮੀਨ ਨੂੰ ਵੱਡਾ ਖੋਰਾ ਲਾ ਰਿਹਾ ਹੈ।

ਜੇਕਰ ਧਰਤੀ ਦਾ ਤਾਪਮਾਨ 2 ਡਿਗਰੀ ਵਧ ਗਿਆ ਤਾਂ ਸਮੁੰਦਰ ਦਾ ਪੱਧਰ ਦੋ ਮੀਟਰ ਉਚਾ ਹੋ ਜਾਵੇਗਾ ਅਤੇ ਸੱਤ ਲੱਖ ਵਰਗ ਕਿਲੋਮੀਟਰ ਜ਼ਮੀਨ ਪਾਣੀ ਹੇਠਾਂ ਆ ਜਾਵੇਗੀ; 187.10 ਕਰੋੜ ਲੋਕ ਬੇਘਰੇ ਹੋ ਜਾਣਗੇ। ਵਧ ਰਹੇ ਤਾਪਮਾਨ ਨੇ ਕਿੰਨੇ ਹੀ ਦਰਿਆ ਸੁਕਾ ਦਿੱਤੇ ਹਨ। ਅੱਜ ਕੱਲ੍ਹ ਫਰਾਂਸ ਦੇ ਇੱਕ ਦਰਿਆ ਦਾ



*ਅਜੇ ਤਾਂ ਅਸੀਂ ਗੁਆਂਢੀਆਂ ਨਾਲੋਂ ਵੱਡਾ ਘਰ ਲੈਣ ਲਈ ਭੱਜੇ ਫਿਰਦੇ ਹਾਂ...!*

ਰੌਲਾ ਪੈ ਰਿਹਾ ਹੈ। ਜਿਸ ਦਰਿਆ ਵਿਚ ਜਹਾਜ਼ਰਾਨੀ ਹੁੰਦੀ ਸੀ, ਰੇਤੇ ਦਾ ਮਾਰੂਥਲ ਬਣ ਗਿਆ ਹੈ। ਦਰਿਆਵਾਂ ਦਾ ਇਹ ਹਾਲ ਦੇਖ ਕੇ ਹੁਣ ਤਾਂ ਪੈਸੇ ਦੇ ਢੇਰਾਂ 'ਤੇ ਬੈਠਣ ਵਾਲਿਆਂ ਨੂੰ ਕੁਝ ਤਾਂ ਸੋਚਣਾ ਚਾਹੀਦਾ ਹੈ। ਜਿਵੇਂ ਸਾਉਣ ਦੇ ਅੰਨ੍ਹੇ ਨੂੰ ਹਰਾ ਹਰਾ ਹੀ ਦਿਸਦਾ ਹੈ, ਹੋ ਸਕਦਾ ਹੈ, ਇਹ ਸੋਚਦੇ ਹੋਣਗੇ ਕਿ ਚਲੋ ਦਰਿਆ ਤਾਂ ਸੁੱਕ ਗਿਆ, ਹੁਣ ਰੇਤਾ ਵੇਚ ਕੇ ਹੀ ਪੈਸੇ ਬਣਾ ਲਈਏ। ਇਨ੍ਹਾਂ ਕਾਰਪੋਰੇਟ ਅਦਾਰਿਆਂ ਨੂੰ ਹਰ ਵੇਲੇ ਨਫ਼ੇ ਦੇ ਸੁਪਨੇ ਆਉਂਦੇ ਹਨ।

ਅੱਜ ਦਿਖਾਵੇ ਦਾ ਕਲਚਰ ਭਾਰੂ ਹੈ। ਹਰ ਕੋਈ ਵੱਡੇ ਘਰ ਵਿਚ ਰਹਿਣਾ ਚਾਹੁੰਦਾ ਹੈ, ਵੱਡੀਆਂ ਕਾਰਾਂ ਰੱਖਣੀਆਂ ਚਾਹੁੰਦਾ ਹੈ, ਹਰ ਕੋਈ ਇੱਕ ਦੂਜੇ ਤੋਂ ਉਚਾ ਦਿਸਣਾ ਚਾਹੁੰਦਾ ਹੈ, ਉਨ੍ਹਾਂ ਦੀ ਇਸ ਅੱਯਾਸ਼ੀ ਲਈ ਕੁਦਰਤ ਦਾ ਕਿੰਨਾ ਘਾਣ ਹੁੰਦਾ ਹੈ, ਇਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ਕਈ ਲੋਕ ਸੋਲਾਂ-ਸੋਲਾਂ ਹਜ਼ਾਰ ਵਰਗ ਫੁੱਟ ਦੇ ਘਰਾਂ ਵਿਚ ਰਹਿ ਰਹੇ ਹਨ; ਸਿਰਫ ਦੋ ਜੀਅ! ਇਹ ਕੋਈ ਸਟੇਟਸ ਨਹੀਂ ਸਗੋਂ ਇਹ ਅਪਰਾਧ ਹੈ। ਛੇ-ਛੇ ਗਰਾਜਾਂ ਵਾਲੇ ਘਰ ਹਨ, ਘਰ ਵਿਚ ਦੋ ਜੀਅ ਰਹਿੰਦੇ ਹਨ, ਘਰੇ ਦੋ ਕਾਰਾਂ ਹਨ। ਫਿਰ ਬਾਕੀ ਗਰਾਜ ਕਿਸ ਵਾਸਤੇ ਹਨ? ਕਹਿ ਦਿੰਦੇ ਹਨ ਕਿ ਦੋਸਤਾਂ ਜਾਂ ਰਿਸ਼ਤੇਦਾਰਾਂ ਵਾਸਤੇ! ਕੀ ਦੋਸਤ ਜਾਂ ਰਿਸ਼ਤੇਦਾਰ ਹਰ ਰੋਜ਼ ਆਉਂਦੇ ਹਨ? ਘਰ ਵਿਚ ਇੱਕ ਅੱਧਾ ਕੈਂਪਰ ਵੀ ਜ਼ਰੂਰ ਖੜ੍ਹਾ ਹੋਵੇਗਾ, ਲੋਕਾਂ ਨੂੰ ਦਿਖਾਉਣ ਵਾਸਤੇ। ਸਮਝ ਨਹੀਂ ਆਉਂਦੀ, ਇਨ੍ਹਾਂ ਅਮੀਰਾਂ ਦੇ ਦਿਲ ਵਿਚ ਇਹ ਕਿਉਂ ਨਹੀਂ ਆਉਂਦਾ ਕਿ ਤੁਹਾਡਾ ਇਹ ਦਿਖਾਵਾ ਕਿੰਨੇ ਲੋਕਾਂ ਦੀ ਭੁੱਖ ਦਾ ਕਾਰਨ ਬਣਦਾ ਹੈ।

ਕਈ ਅਮੀਰਜ਼ਾਦਿਆਂ ਨੇ ਵੱਖ ਵੱਖ ਮੁਲਕਾਂ ਵਿਚ ਘਰ ਬਣਾਏ ਹੋਏ ਹਨ ਜਿਹੜੇ ਸਾਲ ਦਾ ਬਹੁਤਾ ਸਮਾਂ ਖਾਲੀ ਰਹਿੰਦੇ ਹਨ। ਸਾਡੇ ਲੋਕ ਵੱਡਾ ਘਰ ਬਣਾ ਕੇ ਦੂਜਿਆਂ 'ਤੇ ਰੋਹਬ ਪਾਉਣ ਲਈ ਇਕੱਠ ਵੀ ਜ਼ਰੂਰ ਕਰਦੇ ਹਨ, ਸਵੇਰੇ ਪਾਠ ਦਾ ਭੋਗ ਪਾਉਂਦੇ ਹਨ ਤੇ ਰਾਤ ਨੂੰ ਸ਼ਕਤੀ ਜਲ ਦਾ ਲੰਗਰ ਲਾਉਂਦੇ ਹਨ, ਪ੍ਰਾਹੁਣੇ ਝੂਠੀਆਂ ਸੱਚੀਆਂ ਤਰੀਫਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਮੇਜ਼ਬਾਨ ਖੁਸ਼ ਹੋ ਜਾਂਦਾ ਹੈ ਕਿ ਐਨੇ ਬੰਦਿਆਂ ਵਿਚ ਮੇਰੀ ਭਲ ਬਣ ਗਈ ਹੈ। ਵਧੀਆ ਇਲਾਕੇ ਵਿਚ ਸਾਡੇ ਲੋਕ ਆਪਣਾ ਘਰ ਪਾ ਕੇ ਦੂਜੇ ਇਲਾਕੇ ਨੂੰ ਵੱਡਾ ਵਿਹੜਾ ਹੀ ਦੱਸਦੇ ਹਨ। ਇਹ ਹੰਕਾਰ ਕੈਲਗਰੀ, ਸਰੀ ਅਤੇ ਐਬਟਸਫੋਰਡ ਵਿਚ ਆਮ ਸੁਣਿਆ ਹੈ।

ਪਹਾੜੀਆਂ ਜਿਹੜੀਆਂ ਵਾਤਾਵਰਨ ਨੂੰ ਠੀਕ ਰੱਖਣ ਲਈ ਜ਼ਰੂਰੀ ਹਨ ਅਤੇ ਜਿਨ੍ਹਾਂ 'ਤੇ ਬਹੁਤ ਜ਼ਰੂਰੀ ਬਨਸਪਤੀ ਹੁੰਦੀ ਹੈ ਤੇ ਕਿੰਨੇ ਜਾਨਵਰਾਂ ਦਾ ਘਰ ਹੁੰਦੀਆਂ ਹਨ, ਅੱਜ ਰੋਡੀਆਂ ਭੋਡੀਆਂ ਕਰਕੇ ਸੜਕਾਂ ਅਤੇ ਘਰ ਬਣਾਉਣ ਲਈ ਵਰਤੀਆਂ ਜਾਂਦੀਆਂ ਹਨ। ਪਹਾੜ ਸਾਫ ਕਰਕੇ ਬਸਤੀਆਂ ਬਣਾਉਣ ਦਾ ਜਿਹੜਾ ਚੱਕਰ ਚੱਲਿਆ ਹੈ, ਇਸ ਨੇ ਪਹਾੜਾਂ ਦੇ ਖਿਸਕਣ ਦੀ ਪ੍ਰਕਿਰਿਆ ਬਹੁਤ ਵਧਾ ਦਿੱਤੀ ਹੈ। ਅਕਸਰ ਹੀ ਇਹ ਖਬਰਾਂ ਸੁਣਨ ਵਿਚ ਆਉਂਦੀਆਂ ਰਹਿੰਦੀਆਂ ਹਨ ਕਿ ਫਲਾਣੀ ਜਗ੍ਹਾ ਪਹਾੜ ਖਿਸਕਣ ਨਾਲ ਐਨੇ ਲੋਕ ਮਰ ਗਏ ਪਰ ਪਹਾੜ ਖਿਸਕਣ ਦੇ ਕਾਰਨ ਬਾਰੇ ਕੋਈ ਗੱਲ ਨਹੀਂ ਕਰਦਾ। ਕੈਨੇਡਾ ਵਿਚ ਤਾਂ ਵਿਦੇਸ਼ੀ ਵਿਦਿਆਰਥੀਆਂ ਅਤੇ ਆਰਜ਼ੀ ਕਾਮਿਆਂ ਦੀ ਲੁੱਟ ਨੇ ਨਵੇਂ ਧਨਾਢ ਪੈਦਾ ਕਰ ਦਿੱਤੇ ਹਨ ਜਿਹੜੇ ਦੂਜੇ ਲੋਕਾਂ ਨੂੰ ਕੁਝ ਨਹੀਂ ਸਮਝਦੇ। ਕੋਈ ਸਤਾਈ ਮੰਜ਼ਿਲਾਂ ਵਾਲੇ ਘਰ ਵਿਚ ਬੈਠ ਕੇ ਝੁੱਗੀਆਂ 'ਤੇ ਹੱਸਦਾ ਹੈ ਪਰ ਉਹ ਇਹ ਨਹੀਂ ਸੋਚਦਾ ਕਿ ਇਨ੍ਹਾਂ ਝੁੱਗੀਆਂ ਵਿਚ ਰਹਿਣ ਵਾਲੇ ਮਜ਼ਦੂਰਾਂ ਨੇ ਹੀ ਉਸ ਨੂੰ ਮਹਿਲਾਂ ਵਿਚ ਬਿਠਾਇਆ ਹੈ। ਉਸ ਨੂੰ ਸ਼ਾਇਦ ਪਤਾ ਨਹੀਂ ਕਿ ਅੰਦਰ ਹੀ ਅੰਦਰ ਸੁਲਗ ਰਹੇ ਗੁੱਸੇ ਕਰਕੇ ਇਨ੍ਹਾਂ ਝੁੱਗੀਆਂ ਵਿਚ ਜਿਹੜਾ ਤੂਫਾਨ ਪੈਦਾ ਹੋ ਰਿਹਾ ਹੈ, ਇਸ ਦੇ ਸਾਹਮਣੇ ਸਤਾਈ ਮੰਜ਼ਿਲਾਂ ਘਾਹ ਫੂਸ ਵਾਂਗ ਉਡ ਜਾਣਗੀਆਂ। ਸਾਡੀਆਂ ਸਰਕਾਰਾਂ ਨੇ ਜਾਂ ਇਹ ਕਹਿ ਲਈਏ ਇਨ੍ਹਾਂ ਦੀਆਂ ਸਰਕਾਰਾਂ ਨੇ ਟੈਕਸ ਚੋਰੀ ਕਰਨ ਦੀਆਂ ਜਿਹੜੀਆਂ ਮੋਰੀਆਂ ਰੱਖੀਆਂ ਹਨ, ਮਜ਼ਦੂਰਾਂ ਨੂੰ ਲੁੱਟਣ ਦੀ ਖੁੱਲ੍ਹ ਦਿੱਤੀ ਹੈ, ਇਹ ਸਭ ਕੁਝ ਇਸੇ ਦਾ ਨਤੀਜਾ ਹੈ। ਸਰਕਾਰਾਂ ਨੂੰ ਘਰਾਂ ਦੇ ਆਕਾਰ ਬਾਰੇ ਹੱਦ ਮਿਥਣੀ ਚਾਹੀਦੀ ਹੈ। ਕਿਸੇ ਦਿਨ ਤਾਂ ਅਜਿਹਾ ਕਰਨਾ ਹੀ ਪਵੇਗਾ। ਇਹ ਤਾਂ ਹੀ ਸੰਭਵ ਹੋ ਸਕੇਗਾ ਜਦ ਸਿਆਸਤ ਕਾਰਪੋਰੇਟ ਕਲਚਰ ਦੇ ਚੁੰਗਲ ਵਿਚੋਂ ਨਿਕਲ ਸਕੇਗੀ।

ਸਮੁੰਦਰਾਂ, ਦਰਿਆਵਾਂ, ਝੀਲਾਂ ਦੇ ਕੰਢਿਆਂ 'ਤੇ ਝਾੜੀਆਂ ਉਗੀਆਂ ਹੁੰਦੀਆਂ ਹਨ ਜਿਹੜੀਆਂ ਜ਼ਮੀਨ ਦੇ ਖੋਰੇ ਨੂੰ ਬਚਾਉਂਦੀਆਂ ਹਨ ਪਰ ਸਦਕੇ ਜਾਈਏ ਇਨ੍ਹਾਂ ਸ਼ਾਹੂਕਾਰਾਂ ਦੇ, ਕਿ ਸਮੁੰਦਰਾਂ, ਦਰਿਆਵਾਂ ਦੇ ਕੰਢੇ ਸਾਫ ਕਰਕੇ ਘਰ ਬਣਾ ਲਏ ਹਨ ਤਾਂ ਕਿ ਇਨ੍ਹਾਂ ਸ਼ਹਿਜ਼ਾਦਿਆਂ ਨੂੰ ਪਾਣੀ ਦਿਸਦਾ ਰਹੇ। ਝਾੜੀਆਂ ਰਹਿਤ ਦਰਿਆਵਾਂ ਵਿਚ ਜਦ ਹੜ੍ਹ ਆਉਂਦਾ ਹੈ ਤਾਂ ਬਹੁਤ ਹੀ ਉਪਜਾਊ ਮਿੱਟੀ ਆਪਣੇ ਨਾਲ ਖੋਰ ਕੇ ਲੈ ਜਾਂਦਾ ਹੈ। ਇਕ ਅੰਦਾਜ਼ੇ ਮੁਤਾਬਿਕ ਹਰ ਸਾਲ 36 ਅਰਬ ਟਨ ਮਿੱਟੀ ਖੁਰ ਜਾਂਦੀ ਹੈ। ਝਾੜੀਆਂ ਵੱਢਣ ਦਾ ਇੱਕ ਹੋਰ ਕਾਰਨ ਵੀ ਹੈ ਤਾਂ ਕਿ ਬੀਚ ਏਰੀਏ ਨੂੰ ਵੱਡਾ ਕੀਤਾ ਜਾ ਸਕੇ ਅਤੇ ਸਮੁੰਦਰ ਦੇ ਕੰਢਿਆਂ 'ਤੇ ਬਣੇ ਇਹ ਹੋਟਲ ਹੋਰ ਪੈਸਾ ਇਨ੍ਹਾਂ ਕਾਰਪੋਰੇਸ਼ਨਾਂ ਦੀ ਝੋਲੀ ਪਾ ਸਕਣ।

ਹੁਣ ਜਦੋਂ ਸਮੁੰਦਰ ਵਿਚ ਸੁਨਾਮੀ ਆਉਂਦੀ ਹੈ ਤਾਂ ਉਹ ਸਿੱਧੀ ਹੋਟਲਾਂ, ਘਰਾਂ ਨੂੰ ਤਬਾਹ ਕਰਦੀ ਹੈ ਅਤੇ ਕਿੰਨੇ ਹੀ ਜੀਵ ਜੰਤੂਆਂ, ਮਨੁੱਖਾਂ ਦੀ ਜਾਨ ਦੀ ਬਲੀ ਲੈ ਲੈਂਦੀ ਹੈ, ਕਿੰਨੀ ਹੀ ਉਪਜਾਊ ਜ਼ਮੀਨ ਤੇ ਕਈ ਕਈ ਫੁੱਟ ਰੇਤ ਚਾੜ੍ਹ ਦਿੰਦੀ ਹੈ। ਜੰਗਲ ਸਾਫ ਕਰਕੇ ਵੱਡੇ ਵੱਡੇ ਗੋਲਫ ਕੋਰਸ ਬਣਾਏ ਜਾਂਦੇ ਹਨ ਤਾਂ ਕਿ ਗੋਲਫ ਦੀ ਖੇਡ ਤੋਂ ਵੱਧ ਤੋਂ ਵੱਧ ਪੈਸਾ ਕਮਾਇਆ ਜਾ ਸਕੇ। ਹੁਣ ਗੋਲਫ ਤਾਂ ਉਹੀ ਖੇਡਣਗੇ ਜਿਨ੍ਹਾਂ ਕੋਲ ਵਾਧੂ ਪੈਸਾ ਹੈ ਅਤੇ ਵਾਧੂ ਟਾਈਮ ਹੈ; ਆਮ ਲੋਕਾਂ ਨੂੰ ਤਾਂ ਆਪਣਾ ਚੁੱਲ੍ਹਾ ਬਲਦਾ ਰੱਖਣ ਲਈ ਦਿਹਾੜੀ ਕਰਨੀ ਪੈਂਦੀ ਹੈ। ਉਨ੍ਹਾਂ ਕੋਲ ਕਿੱਥੇ ਵਕਤ ਹੈ ਗੋਲਫ ਖੇਡਣ ਦਾ? ਗੋਲਫ ਖੇਡਣਾ ਨਾਲ ਸਕਾਚ ਦੀ ਬੋਤਲ ਰੱਖਣੀ, ਭਾਵ ਦਾਰੂ ਪੀ ਕੇ ਖੇਡਣਾ, ਵਾਹ ਕਿਆ ਖੇਡ ਹੈ!

ਜ਼ਮੀਨ ਦੀ ਦੁਰਵਰਤੋਂ ਦੀ ਆਪਣੇ ਨੇੜੇ ਸਭ ਤੋਂ ਵਧੀਆ ਉਦਾਹਰਨ ਪੰਜਾਬ ਹੈ। ਮਾਲਵੇ ਦਾ ਇਲਾਕਾ ਜਿੱਥੇ ਛੋਲੇ, ਕਪਾਹ, ਮੂੰਗਫਲੀ ਆਦਿ ਫ਼ਸਲਾਂ ਹੁੰਦੀਆਂ ਸਨ, ਅੱਜ ਚੌਲ ਪੈਦਾ ਕਰਦਾ ਹੈ। ਇਸ ਇਲਾਕੇ ਨੂੰ ਚੌਲਾਂ ਵਾਲਾ ਬਣਾਉਣ ਲਈ ਕੁਦਰਤ ਨਾਲ ਖਿਲਵਾੜ ਕੀਤਾ ਗਿਆ ਹੈ। ਮਾਲਵੇ ਦੀ ਰੇਤਲੀ ਜ਼ਮੀਨ ਵਿਚ ਮੀਂਹ ਦਾ ਪਾਣੀ ਰਚ ਜਾਂਦਾ ਸੀ ਜਿਹੜਾ ਧਰਤੀ ਵਿਚਲੇ ਪਾਣੀ ਦੇ ਪੱਧਰ ਨੂੰ ਠੀਕ ਰੱਖਦਾ ਸੀ। ਹੁਣ ਲੋਕ ਬੜੀ ਛੇਤੀ ਪੀਣ ਵਾਲੇ ਪਾਣੀ ਨੂੰ ਵੀ ਤਰਸਣਗੇ। ਅੱਜ ਜਿਹੜੀ ਰਸਾਇਣ ਦੇ ਸਿਰ 'ਤੇ ਉਪਜ ਵਧਾਈ ਜਾ ਰਹੀ ਹੈ, ਇਸ ਨੇ ਧਰਤੀ ਨੂੰ ਇੱਕ ਦਿਨ ਬੰਜਰ ਕਰ ਦੇਣਾ ਹੈ ਤੇ ਬੰਜਰ ਹੋਈ ਜ਼ਮੀਨ ਮੌਸਮ ਦਾ ਹੋਰ ਵਿਗਾੜ ਕਰੇਗੀ।

ਦੁਨੀਆ ਭਰ ਵਿਚ ਮਾਲ ਦੀ ਢੋਆ-ਢੁਆਈ ਲਈ ਵੱਡੇ ਹਾਈਵੇਅ ਬਣਾਏ ਜਾ ਰਹੇ ਹਨ ਅਤੇ ਬਹੁਤੇ ਹਾਈਵੇਅ ਖੇਤੀ ਵਾਲੀ ਜ਼ਮੀਨ ਵਿਚੋਂ ਲੰਘਦੇ ਹਨ। ਇਨ੍ਹਾਂ ਸ਼ਹਿਰਾਂ ਸੜਕਾਂ ਕਰਕੇ ਹਰ ਸਾਲ 20 ਲੱਖ ਏਕੜ ਖੇਤੀ ਯੋਗ ਜ਼ਮੀਨ ਇਸ ਵਿਕਾਸ ਦੀ ਬਲੀ ਚੜ੍ਹਦੀ ਹੈ। ਫੈਕਟਰੀਆਂ ਨੂੰ ਬਿਜਲੀ ਦੇਣ ਲਈ ਵੱਡੇ ਵੱਡੇ ਡੈਮ ਬਣਾਏ ਜਾ ਰਹੇ ਹਨ। ਜਦ ਵੀ ਕੋਈ ਡੈਮ ਬਣਦਾ ਹੈ ਤਾਂ ਕਿੰਨੇ ਹੀ ਪਿੰਡ ਉਜਾੜ ਕੇ ਵਾਹੀਯੋਗ ਜ਼ਮੀਨ ਪਾਣੀ ਹੇਠਾਂ ਡੋਬੀ ਜਾਂਦੀ ਹੈ ਅਤੇ ਹਜ਼ਾਰਾਂ ਲੱਖਾਂ ਲੋਕਾਂ ਨੂੰ ਬੇਘਰ, ਬੇਰੁਜ਼ਗਾਰ ਕਰ ਦਿੱਤਾ ਜਾਂਦਾ ਹੈ। ਉਨ੍ਹਾਂ ਦੇ ਮੁੜ ਵਸੇਬੇ ਬਾਰੇ ਵੀ ਕੋਈ ਕਦਮ ਨਹੀਂ ਚੁੱਕਿਆ ਜਾਂਦਾ। ਜਦ ਵੱਡੇ ਵੱਡੇ ਹਾਈਵੇਅ ਨਿੱਕਲਦੇ ਹਨ ਤਾਂ ਸਾਡੀ ਮੰਗ ਸਿਰਫ ਮੁਆਵਜ਼ਾ ਲੈਣ ਤੱਕ ਰਹਿ ਜਾਂਦੀ ਹੈ, ਅਸੀਂ ਇਹ ਨਹੀਂ ਸੋਚਦੇ ਕਿ ਅੱਜ ਦਾ ਲਿਆ ਇੱਕ ਕਰੋੜ ਕਿੱਲੇ ਦਾ, ਅਸਲ ਕੀਮਤ ਵਿਚ 20 ਕੁ ਸਾਲ ਤੱਕ ਕਿੰਨੇ ਦਾ ਰਹਿ ਜਾਵੇਗਾ। ਇਨ੍ਹਾਂ ਵੱਡੀਆਂ ਵੱਡੀਆਂ ਸੜਕਾਂ 'ਤੇ ਅਮੀਰਾਂ ਦੀਆਂ ਕਾਰਾਂ ਚੱਲਣਗੀਆ। ਰਾਮੂ ਦਾ ਰੇਹੜਾ ਤਾਂ ਫਿਰ ਵੀ ਕੱਚੇ ਰਾਹ 'ਤੇ ਹੀ ਚੱਲੇਗਾ।

ਕੈਨੇਡਾ ਦੇ ਇਕ ਮੂਲਵਾਸੀ ਮੁੰਡੇ ਨੇ ਦੱਸਿਆ ਕਿ ਬਲੈਕ ਫੁੱਟ (ਕੈਲਗਰੀ) ਸੜਕ ਕੋਲ ਹਜ਼ਾਰਾਂ ਏਕੜ ਜ਼ਮੀਨ ਸਾਡੇ ਪੁਰਖਿਆਂ ਦੀ ਸੀ ਜਿਹੜੀ ਉਨ੍ਹਾਂ ਨੇ ਪੈਨੀਆਂ ਦੇ ਏਕੜ ਦੇ ਹਿਸਾਬ ਵੇਚ ਦਿੱਤੀ ਸੀ ਜਿਸ ਦੀ ਅੱਜ ਕੀਮਤ ਸੋਨੇ ਨਾਲ ਪੈਂਦੀ ਹੈ। ਯਾਦ ਰਹੇ ਕਿ ਨੋਟ ਤਾਂ ਹਰ ਰੋਜ਼ ਛਪ ਰਹੇ ਹਨ ਪਰ ਜ਼ਮੀਨ ਹਰ ਰੋਜ਼ ਨਵੀਂ ਨਹੀਂ ਬਣਦੀ।

ਆਬਾਦੀ ਕੰਟਰੋਲ ਦੀ ਗੱਲ ਵੀ ਕੋਈ ਨਹੀਂ ਕਰ ਰਿਹਾ ਕਿਉਂਕਿ ਕਰਪੋਰੇਸ਼ਨਾਂ ਨੂੰ ਤਾਂ ਵਧਦੀ ਆਬਾਦੀ ਦਾ ਹੀ ਫਾਇਦਾ ਹੈ ਕਿਉਂਕਿ ਹਰ ਰੋਜ਼ ਇਨ੍ਹਾਂ ਦੀ ਲੁੱਟ ਦੇ ਕੰਮ ਆਉਣ ਲਈ ਨਵੇਂ ਗਾਹਕ ਜੰਮ ਰਹੇ ਹਨ। ਵਧ ਰਹੀ ਆਬਾਦੀ ਅਤੇ ਮਾਰੂ ਵਿਕਾਸ ਜਿਸ ਨਾਲ ਵਾਹੀਯੋਗ ਜ਼ਮੀਨ ਹਰ ਰੋਜ਼ ਘਟ ਰਹੀ ਹੈ, ਸਾਨੂੰ ਕਿਹੜੀ ਆਫਤ ਦੇ ਮੂੰਹ ਧੱਕਣਗੇ, ਸਾਡੇ ਕੋਲ ਇਹ ਸੋਚਣ ਦਾ ਵਕਤ ਹੀ ਨਹੀਂ ਹੈ। ਅਜੇ ਤਾਂ ਅਸੀਂ ਪੈਸੇ ਦੀ ਚੂਹਾ ਦੌੜ ਵਿਚ ਬੁਰੀ ਤਰ੍ਹਾਂ ਫਸੇ ਹੋਏ ਹਾਂ। ਅਜੇ ਤਾਂ ਅਸੀਂ ਗੁਆਂਢੀਆਂ ਨਾਲੋਂ ਵੱਡਾ ਘਰ ਲੈਣਾ ਹੈ ਤੇ ਉਨ੍ਹਾਂ ਨਾਲੋਂ ਵੱਡੀ ਕਾਰ ਲੈਣ ਲਈ ਭੱਜੇ ਫਿਰਦੇ ਹਾਂ।

*ਅੱਜ ਦਿਖਾਵੇ ਦਾ ਕਲਚਰ ਭਾਰੂ ਹੈ। ਹਰ ਕੋਈ ਵੱਡੇ ਘਰ ਵਿਚ ਰਹਿਣਾ ਚਾਹੁੰਦਾ ਹੈ, ਵੱਡੀਆਂ ਕਾਰਾਂ ਰੱਖਣੀਆਂ ਚਾਹੁੰਦਾ ਹੈ, ਹਰ ਕੋਈ ਇੱਕ ਦੂਜੇ ਤੋਂ ਉਚਾ ਦਿਸਣਾ ਚਾਹੁੰਦਾ ਹੈ, ਉਨ੍ਹਾਂ ਦੀ ਇਸ ਅੱਯਾਸ਼ੀ ਲਈ ਕੁਦਰਤ ਦਾ ਕਿੰਨਾ ਘਾਣ ਹੁੰਦਾ ਹੈ, ਇਸ ਦੀ ਕੋਈ ਪ੍ਰਵਾਹ ਨਹੀਂ ਕਰਦਾ। ਕਈ ਲੋਕ ਸੋਲਾਂ-ਸੋਲਾਂ ਹਜ਼ਾਰ ਵਰਗ ਫੁੱਟ ਦੇ ਘਰਾਂ ਵਿਚ ਰਹਿ ਰਹੇ ਹਨ; ਸਿਰਫ ਦੋ ਜੀਅ! ਇਹ ਕੋਈ ਸਟੇਟਸ ਨਹੀਂ ਸਗੋਂ ਇਹ ਅਪਰਾਧ ਹੈ। ਛੇ-ਛੇ ਗਰਾਜਾਂ ਵਾਲੇ ਘਰ ਹਨ, ਘਰ ਵਿਚ ਦੋ ਜੀਅ ਰਹਿੰਦੇ ਹਨ, ਘਰੇ ਦੋ ਕਾਰਾਂ ਹਨ। ਫਿਰ ਬਾਕੀ ਗਰਾਜ ਕਿਸ ਵਾਸਤੇ ਹਨ? ਕਹਿ ਦਿੰਦੇ ਹਨ ਕਿ ਦੋਸਤਾਂ ਜਾਂ ਰਿਸ਼ਤੇਦਾਰਾਂ ਵਾਸਤੇ! ਕੀ ਦੋਸਤ ਜਾਂ ਰਿਸ਼ਤੇਦਾਰ ਹਰ ਰੋਜ਼ ਆਉਂਦੇ ਹਨ? ਘਰ ਵਿਚ ਇੱਕ ਅੱਧਾ ਕੈਂਪਰ ਵੀ ਜ਼ਰੂਰ ਖੜ੍ਹਾ ਹੋਵੇਗਾ, ਲੋਕਾਂ ਨੂੰ ਦਿਖਾਉਣ ਵਾਸਤੇ। ਸਮਝ ਨਹੀਂ ਆਉਂਦੀ, ਇਨ੍ਹਾਂ ਅਮੀਰਾਂ ਦੇ ਦਿਲ ਵਿਚ ਇਹ ਕਿਉਂ ਨਹੀਂ ਆਉਂਦਾ ਕਿ ਤੁਹਾਡਾ ਇਹ ਦਿਖਾਵਾ ਕਿੰਨੇ ਲੋਕਾਂ ਦੀ ਭੁੱਖ ਦਾ ਕਾਰਨ ਬਣਦਾ ਹੈ।*

# 25-30 ਸਦੀਆਂ ਪੁਰਾਣੇ ਪੰਜਾਬ ਦਾ ਗੇੜਾ

***ਪੰਜਾਬ ਦਾ ਇਤਿਹਾਸ ਬਹੁਤ ਪੁਰਾਣਾ ਹੈ। ਇਸ ਇਤਿਹਾਸ ਨੂੰ ਸਮਝਣ ਲਈ ਇਸ ਦੇ ਗਣਾਂ ਬਾਰੇ ਜਾਣਨਾ ਲਾਜ਼ਮੀ ਹੈ। ਸਾਂਝੇ ਖਿੱਤੇ ਅਤੇ ਸਾਂਝੀ ਸੋਚ ਵਾਲੇ ਲੋਕਾਂ ਦੇ ਸਮੂਹ ਨੂੰ ਗਣ ਆਖਦੇ ਹਨ। ਪੁਰਾਤਤਵੀ ਖੋਜਾਂ ਮੁਤਾਬਿਕ ਉੱਤਰੀ ਭਾਰਤ ਵਿਚ ਸੈਂਕੜੇ ਗਣ ਸਨ। ਇਹ ਲੇਖ ਚੜ੍ਹਦੇ ਪੰਜਾਬ ਦੇ ਗਣਾਂ ਬਾਰੇ ਜਾਣਕਾਰੀ ਦਿੰਦਾ ਹੈ। ਇਸ ਲੇਖ ਵਿਚ ਖੋਜੀ ਬਿਰਤੀ ਦੇ ਮਾਲਕ ਨੌਜਵਾਨ ਗੁਰਚਰਨ ਸਿੰਘ ਨੇ ਆਪਣੀਆਂ ਖਾਸ ਲੱਭਤਾਂ ਰਾਹੀਂ ਪੰਜਾਬ ਉਤੇ ਝਾਤ ਪੁਆਈ ਹੈ।***



*ਸੰਘੋਲ ਵਿਚ ਧਰਮ ਚੱਕਰ ਸਤੂਪ ਦਾ ਮਾਡਲ।*

ਪੰਜਾਬ ਦਾ ਕਦੀਮੀ (ਪ੍ਰਾਚੀਨ) ਇਤਿਹਾਸ ਕੀ ਹੈ? ਪੰਜਾਬ ਦੇ ਉਹ ਮੋਢੀ ਕੌਣ ਸਨ ਜਿਨ੍ਹਾਂ ਨੇ ਨਿਡਰਤਾ ਅਤੇ ਭਾਈਚਾਰਕ ਸਾਂਝ ਦੀ ਨੀਤੀ ਉਤੇ ਚਲਦਿਆਂ ਪੰਜਾਬ ਦੀ ਫ਼ਿਜ਼ਾ ਨੂੰ ਮੁਕਤੀ ਬਖ਼ਸ਼ੀ? ਕੀ ਉਨ੍ਹਾਂ ਦਾ ਘੋਲ ਮੁੱਢ-ਕਦੀਮੀ ਸੀ? ਇਹ ਸਵਾਲ ਹਰ ਪੰਜਾਬੀ ਦੇ ਮਨ ਵਿਚ ਆਉਂਦਾ ਹੋਵੇਗਾ। ਪੰਜਾਬ ਦੇ ਕਦੀਮੀ ਇਤਿਹਾਸ ਨੂੰ ਜਾਨਣ ਲਈ ਸਾਨੂੰ ਮਿਥਿਹਾਸਕ ਗ੍ਰੰਥਾਂ ਦਾ ਆਸਰਾ ਲੈਣਾ ਪੈਂਦਾ ਹੈ। ਉਨ੍ਹਾਂ ਵਿਚ ਪੰਜਾਬ ਬਾਬਤ ਘੱਟ ਜਾਣਕਾਰੀ ਮਿਲਦੀ ਹੈ। ਪੰਜਾਬ ਦੇ ਕਦੀਮੀ ਇਤਿਹਾਸ ਦੇ ਵਸੀਲੇ ਅਤੇ ਸਬੂਤ ਲੱਭਣ ਲਈ ਥੇਹ-ਖੋਜ ਜਾਂ ਪੁਰਾਤਤਵ ਵਿਗਿਆਨ ਵੱਡਾ ਸਹਾਰਾ ਹੈ। ਦੁੱਖ ਦੀ ਗੱਲ ਹੈ ਕਿ ਪੰਜਾਬ ਕੋਲ ਕੋਈ ਪੇਸ਼ੇਵਰ ਥੇਹਖੋਜੀ/ਪੁਰਾਤਤਵ ਵਿਗਿਆਨੀ ਨਹੀਂ ਹੈ ਜੋ ਥੇਹਾਂ ਤੋਂ ਪੁਖ਼ਤਾ ਸਬੂਤਾਂ ਦੇ ਆਧਾਰ ਉੱਤੇ ਸਹੀ ਇਤਿਹਾਸ ਨੂੰ ਸਾਹਮਣੇ ਲਿਆ ਸਕੇ।

ਥੇਹਾਂ ਦੀ ਪੜਤਾਲ ਰਾਹੀਂ ਮੈਂ 15 ਸਾਲਾਂ ਤੋਂ ਪੰਜਾਬ ਦੇ ਇਤਿਹਾਸ ਨੂੰ ਖੋਜਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਥੇਹਾਂ ਦੀਆਂ ਖੁਦਾਈਆਂ, ਕਦੀਮੀ ਸਿੱਕੇ,



ਭਾਂਡੇ, ਪੁਰਾਤਤਵ ਵਿਭਾਵ ਦੀਆਂ ਰਿਪੋਰਟਾਂ ਅਤੇ ਪੰਜਾਬ ਬਾਬਤ ਖੋਜ ਕਰ ਚੁੱਕੇ ਇਤਿਹਾਸਕਾਰਾਂ ਦੇ ਵੱਖਰੇ ਵੱਖਰੇ ਮੱਤਾਂ ਨੂੰ ਬਾਰੀਕੀ ਨਾਲ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਪੰਜਾਬ ਦੇ ਕਦੀਮੀ

**ਗੁਰਚਰਨ ਸਿੰਘ**
ਫੋਨ: +91-75089-25762

ਇਤਿਹਾਸ ਨੂੰ ਸਮਝਣ ਲਈ ਸਾਨੂੰ ਕਦੀਮੀ ਰਾਜਿਆਂ ਅਤੇ ਵੱਡੇ ਸਾਮਰਾਜਾਂ ਵੱਲ ਦੇਖਣਾ ਘੱਟ ਕਰਨਾ ਪਵੇਗਾ ਜਿਵੇਂ ਹੁਣ ਤੱਕ ਦੇ ਖੋਜੀ ਕਰਦੇ ਆਏ ਹਨ। ਪੰਜਾਬ ਦਾ ਕਦੀਮੀ ਇਤਿਹਾਸ ਅਜਿਹੇ ਸਾਮਰਾਜੀ ਲਾਣਿਆਂ ਤੋਂ ਮੁਕਤ ਰਿਹਾ ਹੈ। ਕਦੀਮੀ ਪੰਜਾਬ ਉਨ੍ਹਾਂ ਯੋਧਿਆਂ ਦਾ ਸਿਰਜਿਆ ਹੋਇਆ ਹੈ ਜੋ ਆਵਾਮ ਵੀ ਸਨ ਅਤੇ ਆਗੂ ਵੀ।

ਪੰਜਾਬ ਦੇ ਕਦੀਮੀ ਲੋਕਾਂ ਦੇ ਸਮੂਹਾਂ ਨੂੰ 'ਗਣ' ਦੇ ਨਾਂ ਨਾਲ ਜਾਣਿਆ ਜਾਂਦਾ ਸੀ। 'ਗਣ' ਪਾਲੀ ਬੋਲੀ ਦਾ ਸ਼ਬਦ ਹੈ ਜਿਹਦਾ ਅਰਥ ਸਾਂਝੇ ਖਿੱਤੇ ਅਤੇ ਸਾਂਝੀ ਸੋਚ ਵਾਲੇ ਲੋਕਾਂ ਦੇ ਸਮੂਹ ਤੋਂ ਹੈ ਜੋ ਜਥੇਬੰਦੀ ਦੇ ਰੂਪ ਵਿਚ ਵੱਖਰੀ ਪਛਾਣ ਰੱਖਦੇ ਹੋਣ। ਜਦੋਂ ਕੋਈ ਗਣ ਸਿਆਸੀ ਤੌਰ ਉੱਤੇ ਕਿਸੇ ਖਿੱਤੇ ਦੀ ਨੁਮਾਇੰਦਗੀ ਕਰਦਾ ਹੈ, ਉਸ ਖਿੱਤੇ ਨੂੰ ਜਨਪਦ ਕਹਿੰਦੇ ਸਨ। ਕਦੀਮੀ ਭਾਰਤੀ ਇਤਿਹਾਸ ਵਿਚ ਜਨਪਦ ਦੋ ਤਰ੍ਹਾਂ ਦੇ ਸਨ। ਸਾਮਰਾਜ ਦੇ ਰੂਪ ਵਿਚ ਜਿਵੇਂ ਮਗਧ, ਕਾਸ਼ੀ, ਕੌਸ਼ਲ ਅਤੇ ਹੋਰ ਜਨਪਦ ਜੋ ਗਿਣਤੀ ਵਿਚ 16 ਦੱਸੇ ਗਏ ਹਨ। ਦੂਜੀ ਤਰ੍ਹਾਂ ਦੇ ਜਨਪਦ ਜੋ ਸੰਘ ਦੀ ਨੀਤੀ ਉੱਤੇ ਚਲਦੇ ਸਨ। ਸੰਘ ਦਾ ਅਰਥ ਬੁੱਧ ਦੇ ਧੱਮ ਤੋਂ ਨਹੀਂ ਲਿਆ ਜਾ ਸਕਦਾ। ਸੰਘ ਕਦੀਮੀ ਭਾਰਤ ਦਾ ਉਹ ਸਿਆਸੀ ਢਾਂਚਾ ਹੈ ਜਿਹਦਾ ਇਤਿਹਾਸ ਬਹੁਤ ਪੁਰਾਣਾ ਹੈ। ਬੁੱਧ ਤੋਂ ਪਹਿਲਾਂ ਤਕਰੀਬਨ 800 ਤੋਂ 700 ਈਸਾ ਪੂਰਵ ਬਣੇ ਨਵੇਂ ਸਮੂਹਕ ਖਿੱਤੇ, ਸੰਘ ਸਨ। ਮਿਸਾਲ ਵਜੋਂ, ਬੁੱਧ ਦਾ ਜਨਮ ਜਿਸ ਸ਼ੱਕ ਗਣ ਵਿਚ ਹੋਇਆ ਉਹ ਅੱਠ ਖਿੱਤਿਆਂ ਦਾ ਸੰਘ ਸੀ। ਬੁੱਧ ਨੇ ਧੱਮ ਦੀ ਸਿੱਖਿਆ ਸੰਘ ਦੀ ਨੀਤੀ ਦੇ ਮੁਤਾਬਿਕ ਦਿੱਤੀ। ਸੰਘ ਵਿਚ ਆਮ ਲੋਕਾਂ ਦੀ ਸਾਂਝੀ ਰਾਇ ਅਤੇ ਆਪਸੀ ਸਹਿਮਤੀ ਸਭ ਤੋਂ ਅਹਿਮ ਸੀ। ਮੌਜੂਦਾ ਪੰਚਾਇਤੀ ਰਾਜ ਪ੍ਰਬੰਧ ਇਸੇ ਸੰਘ ਅਤੇ ਗਣ ਦਾ ਰੂਪ ਹੈ।

ਉੱਤਰੀ ਭਾਰਤ ਵਿਚ ਸੈਂਕੜੇ ਗਣ ਸਨ ਪਰ ਮਿਲੇ ਸਿੱਕਿਆਂ ਦੇ ਆਧਾਰ ਉੱਤੇ 20 ਕੁ ਗਣਾਂ ਬਾਰੇ ਪਤਾ ਲੱਗ ਸਕਿਆ ਹੈ। ਚੜ੍ਹਦੇ ਪੰਜਾਬ ਵਿਚ ਬਿਆਸ ਦਰਿਆ ਤੋਂ ਲੈ ਕੇ ਮਾਲਵੇ ਤੱਕ ਅੱਠ ਗਣਾਂ ਬਾਰੇ ਪਤਾ ਲੱਗਦਾ ਹੈ। ਬਿਸਤ-ਦੋਆਬ ਜਾਂ ਜਲੰਧਰ ਦੋਆਬ ਵਿਚ ਰਾਜਨ, ਅਦੁੰਬਰਾ, ਤ੍ਰਿਕਟ, ਕੁਨਿੰਦਾ ਅਤੇ ਵਾਮਿਕੀ ਸਨ। ਮਾਲਵੇ ਦੇ ਖਿੱਤੇ ਵਿਚ ਵਰਿਸ਼ਨੀ, ਯੋਧੇ ਅਤੇ ਮਾਲਵਾ ਗਣ ਸਨ। ਇਨ੍ਹਾਂ ਗਣਾਂ ਦੀ ਤਫ਼ਸੀਲ ਕਦੀਮੀ ਭਾਰਤੀ ਗਰੰਥਾਂ ਤੋਂ ਵੀ ਮਿਲਦੀ ਹੈ। ਮਿਸਾਲ ਵਜੋਂ ਕੁਨਿੰਦਾ ਗਣ ਦੇ ਹਵਾਲੇ ਰਾਮਾਇਣ, ਮਹਾਮਿਊਰੀ, ਯੂਨਾਨੀ ਲੇਖਕ ਪਟੋਲਮੀ, ਭਗਵਤ ਪੁਰਾਣ ਅਤੇ ਮਾਰਕੰਡੇ ਪੁਰਾਣ ਵਿਚ ਮਿਲਦੇ ਹਨ। ਇਸ ਗਣ ਨੂੰ ਪਾਣਿਨੀ ਨੇ ਆਪਣੀ ਲਿਖਤ 'ਅਸ਼ਟਾਧਿਆਇ' ਵਿਚ ਅਯੁੱਧਜੀਵੀ ਸੰਘ ਅਤੇ ਬਿਸਤ-ਦੋਆਬ ਦੇ ਸੱਤ ਗਣਾਂ ਵਿਚੋ ਇੱਕ ਕਿਹਾ ਸੀ। ਇਸ ਦਾ ਮਤਲਬ ਹੈ ਕਿ ਇਹ ਗਣ ਸੰਘ ਦੇ ਰੂਪ ਵਿਚ ਸਭ ਤੋਂ ਤਾਕਤਵਰ ਸੀ। ਇਹਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹਦਾ ਆਗੂ ਅਮੋਘਭੂਤੀ ਸੀ।

ਰਾਜਨ ਗਣ ਦਾ ਜ਼ਿਕਰ ਪਤੰਜਲੀ (180 ਈਸਾ ਪੂਰਵ), ਮਹਾਭਾਰਤ ਅਤੇ ਬ੍ਰਿਹਤ ਸੰਹਿਤਾ ਵਿਚ ਮਿਲਦਾ ਹੈ। ਅਦੁੰਬਰਾ ਗਣ ਬਿਸਤ-ਦੋਆਬ ਖਿੱਤੇ ਦੀ ਸ਼ੈਵ-ਰਵਾਇਤ ਦਾ ਗਣ ਸੀ। ਇਹ ਗਣ ਬਿਸਤ-ਦੋਆਬ ਦੀਆਂ ਸ਼ਿਵਾਲਕ ਪਹਾੜੀਆਂ ਵਿਚ ਹੁਸ਼ਿਆਰਪੁਰ ਤੋਂ ਪਠਾਨਕੋਟ ਤੱਕ ਫੈਲਿਆ ਹੋਇਆ ਸੀ। ਅਦੁੰਬਰਾ ਪ੍ਰਾਕਿਰਤ ਬੋਲੀ ਦਾ ਸ਼ਬਦ ਹੈ ਜਿਹਦਾ ਅਰਥ ਬਰੋਟੇ ਦਾ ਰੁੱਖ ਹੁੰਦਾ ਹੈ। ਇਨ੍ਹਾਂ ਦੇ ਸਿੱਕਿਆਂ ਤੋਂ ਤਿੰਨ ਆਗੂਆਂ ਦੇ ਨਾਂ ਮਿਲਦੇ ਹਨ: ਧਾਰਘੋਸ਼, ਰੁਦਰਦਾਸ ਅਤੇ ਸ਼ਿਵਦਾਸ। ਵਾਮਿਕੀ ਗਣ ਵੀ ਬਿਸਤ-ਦੋਆਬ ਖਿੱਤੇ ਦੀ ਸ਼ੈਵ-ਰਵਾਇਤ ਦਾ ਗਣ ਸੀ। ਵਾਮਿਕੀ ਦਾ ਅਰਥ ਬੁਣਕਰ ਜਾਂ ਜੁਲਾਹਾ ਹੁੰਦਾ ਹੈ। ਇਹਦਾ ਸੰਬੰਧ ਕੱਪੜੇ ਦੀ ਬੁਣਾਈ ਅਤੇ ਵਪਾਰ ਨਾਲ ਰਿਹਾ ਹੋਵੇਗਾ। ਇਸ ਗਣ ਦਾ ਖਿੱਤਾ ਬਿਸਤ-ਦੋਆਬ ਵਿਚ ਹੁਸ਼ਿਆਰਪੁਰ ਤੋਂ ਪਠਾਨਕੋਟ ਤੱਕ ਸੀ। ਵਾਮਿਕੀ ਗਣ ਦੀ ਤਫ਼ਸੀਲ ਸਾਨੂੰ ਮਹਾਭਾਰਤ ਅਤੇ ਵਰਹਾਮਿਹੀਰ ਦੇ ਛੇਵੀਂ ਸਦੀ ਦੇ ਗ੍ਰੰਥ ਬ੍ਰਿਹਤ ਸੰਹਿਤਾ ਵਿਚ ਮਿਲਦੀ ਹੈ। ਵਾਮਿਕੀ ਗਣ ਦੇ ਸਿੱਕਿਆਂ ਦੇ ਆਧਾਰ ਉੱਤੇ ਇਹਦੇ ਦੋ ਆਗੂਆਂ ਦਾ ਪਤਾ ਲੱਗਿਆ ਹੈ: ਭਾਵਵਰਮਨ ਅਤੇ ਰੁਦਰਵਰਮਨ। ਤ੍ਰਿਕਟ ਜਾਂ ਤ੍ਰਿਗਰਤ ਗਣ ਜਲੰਧਰ ਵਿਚ ਸੀ। ਪਾਣਿਨੀ ਮੁਤਾਬਿਕ ਇਹ ਜਨਪਦ ਰੱਥ ਚਲਾਉਣ, ਯੁੱਧ ਕਲਾ ਅਤੇ ਤੀਰ-ਕਮਾਨ ਵਿੱਦਿਆ ਵਿਚ ਮਾਹਿਰ ਸੀ।

ਮਾਲਵਾ ਗਣ ਪੰਜਾਬ ਦੇ ਮੌਜੂਦਾ ਮਾਲਵਾ ਖਿੱਤੇ ਦਾ ਗਣ ਸੀ। ਇਹਦਾ ਇੱਕ ਸਮੂਹ ਰਾਜਸਥਾਨ ਤੋਂ ਹੁੰਦਾ ਹੋਇਆ ਮੱਧ ਪ੍ਰਦੇਸ਼ ਵਿਚ ਚਲਾ ਗਿਆ। ਉਸ ਖਿੱਤੇ ਦਾ ਨਾਮ ਵੀ ਮਾਲਵਾ ਦੱਸਿਆ ਜਾਂਦਾ ਹੈ। ਵਰਿਸ਼ਨੀ ਗਣ ਮਾਲਵਾ ਖਿੱਤੇ ਦਾ ਹੋਰ ਬਹਾਦਰ ਗਣ ਸੀ ਜਿਹਨੇ ਸਤਲੁਜ ਦੇ ਕੰਢੇ ਲੁਧਿਆਣਾ ਦੇ ਕਸਬੇ ਸੁਨੇਤ (ਕਦੀਮੀ ਨਾਮ ਸੁਨੇਤਰਾ) ਨੂੰ ਰਾਜਧਾਨੀ ਬਣਾਇਆ। ਸਿੱਕਿਆਂ ਉੱਤੇ ਹੁਣ ਤੱਕ ਪੜ੍ਹੇ ਗਏ ਕੁੱਲ 10 ਆਗੂਆਂ ਦਾ ਪਤਾ ਲੱਗਿਆ ਹੈ: ਯਜਨਸੋਮਾ, ਵਿਆਗਰ ਸੈਨਾ, ਵਿਆਗਰ ਸੱਤਰ, ਜਾਇਸਾ, ਵਾਸੁ ਸੈਨਾ, ਜੈਸੋਮਾ, ਯੱਜ ਦੇਵਾ, ਸੱਤਰਗੁਪਤ, ਬਲਵਾਹਨ ਅਤੇ ਵੇਸ਼ਾ। ਯੋਧੇ ਗਣ ਦੀ ਰਾਜਧਾਨੀ ਹਰਿਆਣਾ ਵਿਚ ਰੋਹਤਕ ਜ਼ਿਲ੍ਹੇ ਦੇ ਖੋਖਰਾਕੋਟ ਪਿੰਡ ਵਿਚ ਸੀ। ਯੋਧੇ ਪੰਜਾਬ ਦੇ ਮਾਲਵੇ ਦੇ ਖਿੱਤੇ ਦੀ ਵੀ ਰੱਖਿਆ ਕਰਦੇ ਸਨ। ਯੋਧੇ ਗਣ ਅਤੇ ਵਰਿਸ਼ਨੀ ਗਣ ਸੰਘ ਦੇ ਰੂਪ ਵਿਚ ਸਨ ਜੋ ਆਪਸੀ ਸਿਆਸੀ ਸਾਂਝ ਦਾ ਸਬੂਤ ਹੈ। ਸੁਨੇਤ ਦੀ ਖੁਦਾਈ ਤੋਂ ਹੋਰ ਅਹਿਮ ਸਬੂਤ ਮਿਲਿਆ ਹੈ ਜਿਹਨੂੰ ਇਤਿਹਾਸਕਾਰਾਂ ਨੇ ਤਵੱਜੋ ਨਹੀਂ ਦਿੱਤੀ। ਸੁਨੇਤ ਉੱਤੇ ਪਹਿਲੀ ਸਦੀ ਵਿਚ ਕੁਸ਼ਾਣਾਂ ਨੇ ਹਮਲਾ ਕੀਤਾ ਸੀ। ਸੁਨੇਤ ਦੀ ਖੁਦਾਈ ਵਿਚ ਕੁਸ਼ਾਣ ਰਾਜਿਆਂ ਦੇ ਸਿੱਕੇ ਘੱਟ ਗਿਣਤੀ ਵਿਚ ਮਿਲੇ ਹਨ ਪਰ ਉਸੇ ਕਾਲ ਵਿਚ ਯੋਧੇ ਗਣ ਦੇ 30 ਹਜ਼ਾਰ ਸਿੱਕਿਆਂ ਦੇ ਸਾਂਚੇ ਮਿਲੇ ਹਨ। ਇੱਥੋਂ ਮਿਲੀ ਮੋਹਰ ਉੱਤੇ 'ਯੋਧੇ ਗਨਸਿਆ ਜੈ' ਲਿਖਿਆ ਮਿਲਿਆ ਹੈ। ਇਹਦਾ ਅਰਥ ਹੈ 'ਯੋਧੇ ਗਣ ਦੀ ਹਮੇਸ਼ਾ ਜੈ ਰਹੇ'। ਕੁਸ਼ਾਣ, ਵਰਿਸ਼ਨੀ ਗਣ ਅਤੇ ਯੋਧੇ ਸਮਕਾਲੀ ਸਨ ਪਰ ਅਜਿਹਾ ਕੀ ਹੋਇਆ ਕਿ ਕੁਸ਼ਾਣ ਇੱਥੇ ਟਿਕ ਨਹੀਂ ਸਕੇ? ਅਸਲ ਵਿਚ ਯੋਧੇ ਅਤੇ ਪੰਜਾਬ ਦੇ ਹੋਰ ਗਣਾਂ ਨੇ ਕੁਸ਼ਾਣ ਸਾਮਰਾਜ ਵਿਰੁੱਧ ਸਾਂਝੀ ਜੰਗ ਲੜੀ ਸੀ। ਯੋਧਿਆਂ ਨੇ ਕੁਸ਼ਾਣਾਂ ਨੂੰ ਤਿੰਨ ਵਾਰ ਹਰਾਇਆ। ਯੋਧੇ ਗਣ ਦੇ ਵੱਖ ਵੱਖ ਸਿੱਕਿਆਂ ਉੱਤੇ 'ਇੱਕ, ਦੋ ਅਤੇ ਤਿੰਨ' ਅਤੇ 'ਯੋਧੇ ਗਨਸਿਆ ਜੈ' ਲਿਖਿਆ ਮਿਲਦਾ ਹੈ। ਇਹ ਕੁਸ਼ਾਣਾਂ ਉੱਤੇ ਜਿੱਤ ਦਾ ਇਸ਼ਾਰਾ ਅਤੇ ਬਿੰਬ ਹੈ। ਤਿੰਨ ਜੰਗਾਂ ਵਿਚੋਂ ਪਹਿਲੀ ਜੰਗ ਸੁਨੇਤ ਵਿਚ ਲੜੀ ਗਈ ਸੀ। ਜਿੱਤ ਦੀ ਖ਼ੁਸ਼ੀ ਵਿਚ ਯੋਧੇ ਗਣ ਨੇ 10 ਹਜ਼ਾਰ ਸਾਂਚੇ ਬਣਾ ਕੇ ਆਪਣੇ ਸਿੱਕੇ ਜਾਰੀ ਕੀਤੇ।




*ਅਦੁੰਬਰਾ, ਕੁਨਿੰਦਾ, ਯੋਧੇ ਅਤੇ ਰਾਜਨ ਗਣ ਦੇ ਸਿੱਕੇ*

ਮਥੁਰਾ, ਉਜੈਨ ਅਤੇ ਉੱਤਰ ਪ੍ਰਦੇਸ਼ ਵਿਚ ਇਰਾਨੀ ਸੂਬੇਦਾਰਾਂ ਦੇ ਕਬਜ਼ਿਆਂ ਦਾ ਜ਼ਿਕਰ ਮਿਲਦਾ ਹੈ। ਇਨ੍ਹਾਂ ਦੇ ਸਿੱਕਿਆਂ ਤੋਂ ਪਤਾ ਲੱਗਦਾ ਹੈ ਕਿ ਇਹ ਇਰਾਨੀ ਜਾਗੀਰਦਾਰ ਆਪਣੇ ਆਪਣੇ ਖਿੱਤੇ ਦੇ ਮਾਲਿਕ ਸਨ। ਇਹ ਪੰਜਾਬ ਤੋਂ ਹੋ ਕੇ ਅੱਗੇ ਪੂਰਬ ਵੱਲ ਗਏ ਸਨ। ਘੁੜਾਮ, ਸੰਘੋਲ ਅਤੇ ਸੁਨੇਤ ਦੀਆਂ ਖੁਦਾਈਆਂ ਤੋਂ ਇਨ੍ਹਾਂ ਦੇ ਕੁਝ ਸਿੱਕੇ ਮਿਲੇ ਹਨ। ਸਿੱਕਿਆਂ ਦੀ ਗਿਣਤੀ ਨਾਮ-ਨਿਹਾਦ ਹੈ ਜੋ ਤਕਰੀਬਨ 15 ਬਣਦੀ ਹੈ। ਇਹ ਇਰਾਨੀ ਜਾਗੀਰਦਾਰ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿਚ ਆਪਣੇ ਰਾਜ ਕਾਇਮ ਕਰਨ ਵਿਚ ਤਾਂ ਸਫ਼ਲ ਰਹੇ ਪਰ ਪੰਜਾਬ ਦੇ ਗਣਾਂ ਨੇ ਇਨ੍ਹਾਂ ਨੂੰ ਖਦੇੜ ਦਿੱਤਾ ਸੀ। ਸਿੱਕਿਆਂ ਤੋਂ ਇਨ੍ਹਾਂ ਰਾਜਿਆਂ ਦੇ ਨਾਂ ਅਜਾਮਿੱਤਰ, ਮਾਹੀਮਿੱਤਰ, ਇੰਦਰਮਿੱਤਰ, ਭਾਨੂਮਿੱਤਰ ਵਗੈਰਾ ਮਿਲਦੇ ਹਨ।

ਅਗਰੋਹਾ ਵਾਲਾ ਸ਼ਿਲਾਲੇਖ ਪੰਜਾਬ ਦੇ ਗਣਾਂ ਦੀ ਸਿਆਸੀ ਨੀਤੀ ਬਾਬਤ ਪਹੁੰਚ ਨੂੰ ਬਿਆਨ ਕਰਦਾ ਹੈ। ਇਸ ਮੁਤਾਬਿਕ ਗਣ ਦਾ ਆਗੂ ਜਮਹੂਰੀ ਤਰੀਕੇ ਨਾਲ ਚੁਣਿਆ ਜਾਂਦਾ ਸੀ ਜਿਹਦੇ ਵਿਚ ਆਵਾਮ ਦੀ ਪੂਰੀ ਪੁੱਗਤ ਸੀ। ਸ਼ਿਲਾਲੇਖ ਦੱਸਦਾ ਹੈ ਕਿ ਯੋਧੇ ਗਣ ਦਾ ਆਗੂ ਲੋਕਾਂ ਰਾਹੀਂ ਚੁਣਿਆ ਗਿਆ ਹੈ ਜਿਹਨੂੰ ਮਹਾਂਖਤਰਪ ਅਤੇ ਮਹਾਂਸੈਨਾਪਤੀ ਕਿਹਾ ਗਿਆ ਹੈ। ਸ਼ਿਲਾਲੇਖ ਵਿਚ ਮਹਾਂਖਤਰਪ ਸ਼ਬਦ ਵਾਚਣ ਯੋਗ ਹੈ। ਮਹਾਂਖਤਰਪ ਸ਼ਬਦ ਇਰਾਨੀ ਮੂਲ ਦਾ ਹੈ ਅਤੇ ਪਾਲੀ ਬੋਲੀ ਵਿਚ ਇਹ ਖਤਰਪ ਹੈ। ਸੰਸਕ੍ਰਿਤ ਬੋਲਣ ਵਾਲੇ ਇਰਾਨੀ ਮੂਲ ਦੇ ਲੋਕ ਆਪਣੇ ਸਿੱਕਿਆਂ ਅਤੇ ਲੇਖਾਂ ਵਿਚ ਕਸ਼ਤਰਪ ਲਿਖਦੇ ਸਨ। ਕਸ਼ਤਰਪ ਦਾ ਅਰਥ ਕਿਸੇ ਖਿੱਤੇ ਦਾ ਸੂਬੇਦਾਰ ਹੁੰਦਾ ਸੀ। ਕਸ਼ਤਰਪ ਢਾਂਚੇ ਵਿਚ ਮਹਾਰਾਜਾ ਹਰ ਖਿੱਤੇ ਵਿਚ ਆਪਣੇ ਸੂਬੇਦਾਰ ਥਾਪਦਾ ਸੀ ਅਤੇ ਉਹ ਰਾਜੇ ਕਹਾਉਂਦੇ ਸਨ। ਮਹਾਰਾਜਾ ਦੇ ਅਧੀਨ ਰਾਜੇ ਉਸ ਖਿੱਤੇ ਦੇ ਪ੍ਰਸ਼ਾਸਨ ਬਾਬਤ, ਵਿੱਤੀ ਅਤੇ ਕਾਨੂੰਨੀ ਮਸਲਿਆਂ ਨੂੰ ਹੱਲ ਕਰਦੇ ਸਨ। ਇਰਾਨ ਦਾ ਇਹ ਜਗੀਰਦਾਰੀ ਢਾਂਚਾ ਗਣਾਂ ਦੇ ਢਾਂਚੇ ਤੋਂ ਵੱਖਰਾ ਸੀ। ਇਨ੍ਹਾਂ ਇਰਾਨੀ ਸੂਬੇਦਾਰਾਂ ਨੇ ਭਾਰਤ ਵਿਚ ਸਭ ਤੋਂ ਪਹਿਲਾਂ ਜਾਗੀਰਦਾਰੀ ਢਾਂਚੇ ਨੂੰ ਕਾਨੂੰਨੀ ਮਾਨਤਾ ਦਿੱਤੀ ਜੋ ਗੁਪਤ ਕਾਲ ਸਮੇਂ ਸਾਮਰਾਜਵਾਦੀ ਨੀਤੀ ਦੀ ਰੀੜ੍ਹ ਦੀ ਹੱਡੀ ਸਾਬਿਤ ਹੋਇਆ। ਪੰਜਾਬ ਅਤੇ ਹਰਿਆਣਾ ਵਿਚੋਂ ਇਰਾਨੀ ਸੂਬੇਦਾਰ ਖਦੇੜ ਦਿੱਤੇ ਗਏ ਅਤੇ ਉੱਤਰ ਪ੍ਰਦੇਸ਼ ਵੱਲ ਚਲੇ ਗਏ ਸਨ। ਕਿਹਾ ਜਾ ਸਕਦਾ ਹੈ ਕਿ ਯੋਧਿਆਂ ਨੇ ਖਤਰਪਾਂ ਨੂੰ ਖਦੇੜ ਕੇ ਮਹਾਂਖਤਰਪ ਦੀ ਉਪਾਧੀ ਧਾਰਨ ਕੀਤੀ।

ਪੰਜਾਬ ਦੇ ਗਣਾਂ ਦੀ ਇੱਕਜੁੱਟਤਾ ਉਨ੍ਹਾਂ ਦੀ ਅਸਲੀ ਤਾਕਤ ਸੀ। ਸਿਕੰਦਰ ਧਾੜਵੀ ਨਾਲ ਟੱਕਰ ਲੈਣ ਵਾਲਾ ਪੋਰਸ ਪੁਰੂ ਗਣ ਦਾ ਆਗੂ ਸੀ। ਇਤਿਹਾਸਕਾਰਾਂ ਨੇ ਇਸ ਤੱਥ ਵੱਲ ਕਦੇ ਧਿਆਨ ਨਹੀਂ ਦਿੱਤਾ ਕਿ ਇੰਨੇ ਵੱਡੇ ਸਾਮਰਾਜ ਦੇ ਰਾਜੇ ਸਿਕੰਦਰ ਨੂੰ ਪੰਜਾਬ ਦਾਖ਼ਲ ਹੁੰਦੇ ਸਾਰ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ। ਪੁਰੂ ਗਣ ਦੇ ਨਾਲ ਹੋਰ ਕਈ ਭਾਈਵਾਲ ਗਣ ਸ਼ਾਮਿਲ ਸਨ ਜਿਨ੍ਹਾਂ ਕਰਕੇ ਸਿਕੰਦਰ ਨੂੰ ਭਾਰੀ ਨੁਕਸਾਨ ਹੋਇਆ। ਗਣਾਂ ਦੇ ਸਿਆਸੀ-ਪ੍ਰਬੰਧ ਦਾ ਆਧਾਰ ਛੇ ਦਰਿਆ ਅਤੇ ਉਨ੍ਹਾਂ ਦੀਆਂ ਸਹਾਇਕ ਨਦੀਆਂ ਸਨ ਜਿਨ੍ਹਾਂ ਦੇ ਕੰਢਿਆਂ ਉੱਤੇ ਇਨ੍ਹਾਂ ਦੇ ਵਸੇਬ ਸਨ। ਪੰਜਾਬ ਦੇ ਦਰਿਆਈ ਢਾਂਚੇ ਨੂੰ ਪਾਰ ਕਰ ਕੇ ਗਣਾਂ ਉੱਤੇ ਹਮਲੇ ਕਰਨਾ ਸੌਖਾ ਕੰਮ ਨਹੀਂ ਸੀ। ਇਹੀ ਕਾਰਨ ਹੈ ਕਿ ਪੰਜਾਬ ਵਿਚ ਮਿੱਤਰ ਰਾਜੇ, ਕੁਸ਼ਾਣ, ਸਿਥੀਆਈ, ਯੂਨਾਨੀ ਅਤੇ ਪਾਰਥੀ ਰਾਜਿਆਂ ਦੇ ਸਿੱਕੇ ਘੱਟ ਗਿਣਤੀ ਵਿਚ ਮਿਲਦੇ ਹਨ। ਸਿਰਫ਼ ਪਾਰਥੀ ਸੂਬੇਦਾਰ ਗੋਂਡੋਫਰਨਿਸ ਦੇ ਸਿੱਕੇ ਮਿਲਦੇ ਹਨ। ਉਹਨੇ ਬਿਆਸ ਦਰਿਆ ਪਾਰ ਕਰਕੇ ਗਣਾਂ ਉੱਤੇ ਹਮਲਾ ਕੀਤਾ ਸੀ ਪਰ ਉਹ ਜ਼ਿਆਦਾ ਦੇਰ ਨਹੀਂ ਟਿਕ ਸਕਿਆ। ਮਾਲਵੇ ਵਿਚ ਉਹਨੂੰ ਹਰਾ ਦਿੱਤਾ ਗਿਆ। ਮਾਲਵੇ ਦੀਆਂ ਥੇਹਾਂ ਤੋਂ ਉਹਦੇ ਸਿੱਕੇ ਬਿਸਤ-ਦੋਆਬ ਦੇ ਮੁਕਾਬਲੇ ਘੱਟ ਮਿਲਦੇ ਹਨ। ਗੋਂਡੋਫਰਨਿਸ ਤੋਂ ਬਾਅਦ ਉਹਦੇ ਵਾਰਿਸ ਮਥੁਰਾ ਚਲੇ ਗਏ ਅਤੇ ਉੱਥੇ ਆਪਣਾ ਰਾਜ ਕਾਇਮ ਕੀਤਾ। ਉਹਦੇ ਵਾਰਿਸਾਂ ਰਾਜੂਵੁਲਾ ਅਤੇ ਹਗਮਾਸਾ ਦੇ ਸਿੱਕੇ ਮਥੁਰਾ ਵਿਚ ਮਿਲਦੇ ਹਨ।

ਗਣਾਂ ਦੇ ਧਰਮਾਂ ਬਾਬਤ ਇਨ੍ਹਾਂ ਦੇ ਸਿੱਕਿਆਂ ਉੱਤੇ ਉੱਕਰੇ ਨਿਸ਼ਾਨਾਂ ਤੋਂ ਪਤਾ ਲੱਗਦਾ ਹੈ। ਇਹ ਕੁਦਰਤ ਪੂਜਾ, ਮਾਤਰੀ ਪੂਜਾ ਜਾਂ ਧਰਤੀ ਮਾਤਾ, ਆਵਾਮੀ ਦੇਵਤੇ ਸ਼ਿਵ ਅਤੇ ਬੁੱਧ ਧੱਮ ਦੇ ਉਪਾਸ਼ਕ ਸਨ। ਬ੍ਰਾਹਮਣੀ ਗਰੰਥਾਂ ਵਿਚ ਇਨ੍ਹਾਂ ਨੂੰ ਕਿਤੇ ਖੱਤਰੀ ਅਤੇ ਕਿਤੇ ਬ੍ਰਾਹਮਣ ਜਾਤੀ ਨਾਲ ਜੋੜ ਕੇ ਇਤਿਹਾਸ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ। ਮਿਸਾਲ ਵਜੋਂ, ਮਹਾਭਾਰਤ ਵਿਚ ਕੁਨਿੰਦਾ ਗਣ ਨੂੰ ਅਰਜੁਨ ਨੇ ਹਰਾਇਆ ਦੱਸਿਆ ਗਿਆ ਹੈ। ਤ੍ਰਿਕਟ ਦੇ ਰਾਜਾ ਸੁਦਾਸ ਨੂੰ ਮਹਾਭਾਰਤ ਦੀ ਲੜਾਈ ਲਈ ਬੁਲਾਇਆ ਗਿਆ ਸੀ। ਵਰਿਸ਼ਨੀ ਗਣ ਨੂੰ ਕ੍ਰਿਸ਼ਨ ਦੇ ਖਾਨਦਾਨ ਵਿਚੋਂ ਦੱਸਿਆ ਗਿਆ ਹੈ। ਇਹ ਸਭ ਪੰਜਾਬ ਦੇ ਗਣਾਂ ਅਤੇ ਸੰਘ ਦੇ ਉਦਾਰਵਾਦੀ, ਜਮਹੂਰੀ ਅਤੇ ਬਹਾਦਰੀ ਭਰੇ ਇਤਿਹਾਸ ਨੂੰ ਆਪਣੇ ਨਾਮ ਲਿਖਵਾਉਣ ਦੀ ਮਸ਼ਕ ਦਾ ਹਿੱਸਾ ਰਿਹਾ ਹੈ। ਗਣਾਂ ਦੇ ਸਿੱਕੇ ਮਿਲਣੇ ਬਰਤਾਨਵੀ ਕਾਲ ਤੋਂ ਸ਼ੁਰੂ ਹੋ ਗਏ ਸਨ ਜਿਹਦਾ ਸਿਹਰਾ ਕਨਿੰਘਮ ਨੂੰ ਦਿੱਤਾ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਬਰਤਾਨਵੀ ਅਤੇ ਹੋਰ ਇਤਿਹਾਸਕਾਰਾਂ ਨੇ ਪੰਜਾਬ ਦੇ ਗਣਾਂ ਨੂੰ ਮਹਿਜ਼ ਕਬੀਲੇ ਕਹਿ ਕੇ ਸਿੱਕਿਆਂ ਤੱਕ ਸਮੇਟ ਦਿੱਤਾ। ਪੰਜਾਬ ਦੇ ਗਣਾਂ ਦੇ ਸਿਆਸੀ, ਸੱਭਿਆਚਾਰਕ, ਵਪਾਰਕ, ਸਮਾਜਿਕ ਅਤੇ ਧਾਰਮਿਕ ਇਤਿਹਾਸ ਨੂੰ ਹੁਣ ਤੱਕ ਦਬਾਈ ਰੱਖਿਆ ਗਿਆ ਹੈ। ਅੱਜ ਲੋੜ ਹੈ ਕਿ ਸਹੀ ਇਤਿਹਾਸ ਖੋਜਣ ਲਈ ਥੇਹਖੋਜ ਲੱਭਤਾਂ ਨੂੰ ਆਧਾਰ ਬਣਾਇਆ ਜਾਵੇ ਅਤੇ ਸੱਚ ਲੱਭਣ ਦੀ ਜਗਿਆਸਾ ਵਿਚ ਅਸੀਂ ਜੜ੍ਹਾਂ ਨੂੰ ਮੁੜ ਫਰੋਲ ਸਕੀਏ।

## ਸੰਘੋਲ ਅਤੇ ਗਣ

ਹਿਊਨਸਾਂਗ ਮੁਤਾਬਿਕ ਇਸ ਖਿੱਤੇ ਨੂੰ ਸਤਦਰੂ ਕਿਹਾ ਜਾਂਦਾ ਹੈ। ਲਗਭਗ 400 ਸਾਲ ਈਸਾ ਪੂਰਵ ਵਿਚ ਇਹ ਵਰਿਸ਼ਨੀ ਗਣ ਦਾ ਖਿੱਤਾ ਸੀ। ਸੰਘੋਲ ਦੀ ਖੁਦਾਈ ਤੋਂ ਵਰਿਸ਼ਨੀ ਗਣ ਦੇ ਦੋ ਸਿੱਕੇ ਵੀ ਮਿਲੇ ਹਨ। ਵਰਿਸ਼ਨੀ ਗਣ ਦੇ ਸਿੱਕੇ ਉੱਪਰ ਧੱਮ ਚੱਕਰ ਹੈ ਜਿਸ ਤੋਂ ਪਤਾ ਚੱਲਦਾ ਹੈ ਕਿ ਇਹ ਗਣ ਬੋਧੀ ਸੀ। ਇਸ ਲਈ ਸੰਘੋਲ ਦੇ ਸਤੂਪ ਦਾ ਮੁੱਢਲਾ ਕੰਮ ਵਰਿਸ਼ਨੀ ਗਣ ਨੇ ਹੀ ਸ਼ੁਰੂ ਕੀਤਾ ਹੋਵੇਗਾ ਜਿਸਦਾ ਵਿਸਥਾਰ ਪਹਿਲੀ ਈਸਵੀ ਵਿਚ ਕੁਸ਼ਾਣ ਰਾਜਾ ਕਨਿਸ਼ਕ ਨੇ ਕੀਤਾ। ਵਰਿਸ਼ਨੀ ਗਣ ਦੀ ਰਾਜਧਾਨੀ ਸੁਨੇਤ ਦੀ 1983 ਵਿਚ ਹੋਈ ਖੁਦਾਈ ਤੋਂ ਯੋਧੇ ਗਣ ਦੇ ਸਿੱਕਿਆਂ ਦੇ 30 ਹਜ਼ਾਰ ਸਾਂਚੇ ਮਿਲੇ ਸਨ। ਇਸ ਦਾ ਅਰਥ ਇਹ ਹੋਇਆ ਕਿ ਯੋਧੇ ਗਣ ਵਰਿਸ਼ਨੀ ਗਣ ਦਾ ਸਹਾਈ ਸੀ ਅਤੇ ਇਹ ਮਾਲਵੇ ਦੇ ਖਿੱਤੇ ਦੀ ਅਗਵਾਈ ਕਰ ਰਹੇ ਸਨ। ਯੋਧੇ ਗਣ ਇੱਕ ਵਪਾਰਕ ਗਣ ਸੀ। ਇਸ ਦਾ ਸਬੂਤ ਇਹ ਹੈ ਕਿ ਪੂਰੇ ਉੱਤਰੀ ਭਾਰਤ ਤੇ ਪਾਕਿਸਤਾਨ ਤੱਕ ਖੁਦਾਈਆਂ ਤੋਂ ਉਸ ਦੇ ਸਿੱਕੇ ਸਭ ਤੋਂ ਵੱਡੀ ਤਾਦਾਦ ਵਿਚ ਮਿਲੇ ਹਨ। ਇਸ ਲਈ ਯੋਧੇ ਗਣ ਅਤੇ ਵਰਿਸ਼ਨੀ ਗਣ ਦਾ ਵਪਾਰ ਦਾ ਕੇਂਦਰ ਸੰਘੋਲ ਸੀ। ਸੰਘੋਲ ਪੰਜਾਬ ਵਿਚ ਰੇਸ਼ਮੀ ਰਾਹ ਦਾ ਅਹਿਮ ਕੇਂਦਰ ਸੀ। ਸੰਘੋਲ ਦੀ ਖੁਦਾਈ ਤੋਂ ਮਿਲੀ ਮੋਹਰ ਉੱਤੇ ਤਕਸ਼ਿਲਾ ਲਿਖਿਆ ਮਿਲਿਆ ਹੈ ਜੋ ਇਸ ਦੀ ਪੁਸ਼ਟੀ ਕਰਦਾ ਹੈ। ਮਥੁਰਾ ਕਲਾ ਦੀਆਂ ਮੂਰਤੀਆਂ ਅਤੇ ਕੁਝ ਮੂਰਤੀਆਂ ਗੰਧਾਰ ਕਲਾ ਦੀਆਂ ਵੀ ਮਿਲਦੀਆਂ ਹਨ ਜੋ ਸੰਘੋਲ ਦੇ ਅਹਿਮ ਵਪਾਰਕ ਕੇਂਦਰ ਹੋਣ ਦਾ ਸਬੂਤ ਦਿੰਦੀਆਂ ਹਨ। ਇਸ ਤਰ੍ਹਾਂ ਸੰਘੋਲ ਤੋਂ ਗੰਗਾ ਦੇ ਮੈਦਾਨਾਂ ਅਤੇ ਤਕਸ਼ਿਲਾ ਤੱਕ ਵਪਾਰ ਹੁੰਦਾ ਸੀ। ਸੰਘੋਲ ਤੋਂ ਕੁਝ ਵਪਾਰੀਆਂ ਦੀਆਂ ਮੋਹਰਾਂ ਮਿਲੀਆਂ ਹਨ। ਦਵਿੰਦਰ ਹਾਂਡਾ ਨੇ ਆਪਣੀ ਕਿਤਾਬ 'ਸਟੱਡੀਜ਼ ਇਨ ਐਨਸ਼ੀਅੰਟ ਕੋਇਨਜ਼' ਵਿਚ ਇਨ੍ਹਾਂ ਦੇ ਨਾਮ ਬਾਲਭੱਦਰ, ਦਾਮੀਕੱਸ, ਦੇਵਦਾਸ, ਜੀਵਬੱਲ, ਸ੍ਰੀ ਬੁੱਧੀਵਾਸੁ, ਨੰਦੀਪੁਰਸ਼, ਸ੍ਰੀ ਵਿਸ਼ਨੂਦਾਸ ਅਤੇ ਗੋਕਸ਼ੂਰਕ ਦੱਸੇ ਹਨ।

# ਜਸਟਿਸ ਰਾਮੰਨਾ ਦਾ ਕਾਰਜਕਾਲ ਅਤੇ ਭਾਰਤੀ ਅਦਾਲਤਾਂ

ਜੱਜਾਂ ਨੂੰ ਇਹ ਹਰਗਿਜ਼ ਨਹੀਂ ਭੁੱਲਣਾ ਚਾਹੀਦਾ ਕਿ ਦੇਰ ਸਵੇਰ ਉਨ੍ਹਾਂ ਦੇ ਕੀਤੇ ਅਣਕੀਤਿਆਂ ਦਾ ਲੇਖਾ ਜੋਖਾ ਹੋਣਾ ਹੈ ਅਤੇ ਉਨ੍ਹਾਂ 'ਤੇ ਬਹੁਤ ਸਾਰੇ ਲੋਕਾਂ ਦੀਆਂ ਘੋਖਵੀਆਂ ਨਜ਼ਰਾਂ ਲੱਗੀਆਂ ਹੋਈਆਂ ਹਨ। ਕੁਝ ਸਾਲ ਪਹਿਲਾਂ ਅਸੀਂ ਅਜਿਹੇ ਅਹਿਲਕਾਰ ਵੀ ਦੇਖੇ ਸਨ ਜੋ ਆਪਣੇ ਅਹੁਦੇ ਦੇ ਹਲਫ਼ 'ਤੇ ਖ਼ਰੇ ਉਤਰਨ ਵਿਚ ਨਾਕਾਮ ਰਹੇ ਅਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਨਾ ਕਿਸੇ ਦੀ



ਅੱਖ ਨਮ ਹੋਈ ਤੇ ਨਾ ਕਿਸੇ ਦਾ ਗੱਚ ਭਰਿਆ ਸੀ। ਭਾਰਤ ਦੇ ਚੀਫ ਜਸਟਿਸ ਐੱਨ.ਵੀ. ਰਾਮੰਨਾ ਜੋ 26 ਅਗਸਤ ਨੂੰ ਸੇਵਾਮੁਕਤ ਹੋ ਗਏ ਹਨ, ਨੇ ਅਜਿਹੇ ਮੁਸ਼ਕਿਲ

**ਜਸਟਿਸ ਰੇਖਾ ਸ਼ਰਮਾ**
ਫੋਨ: +91-98713-00025

ਸਮਿਆਂ ਵਿਚ ਸੁਪਰੀਮ ਕੋਰਟ ਦੀ ਵਾਗਡੋਰ ਸੰਭਾਲੀ ਸੀ ਜਦੋਂ ਦੇਸ਼ ਦੇ ਨਾਗਰਿਕਾਂ ਦੇ ਬੁਨਿਆਦੀ ਅਧਿਕਾਰਾਂ ਅਤੇ ਨਾਗਰਿਕ ਆਜ਼ਾਦੀਆਂ ਲਈ ਵੱਡਾ ਖ਼ਤਰਾ ਪੈਦਾ ਹੋ ਗਿਆ ਸੀ।

ਸਰਕਾਰ ਜਾਂ ਇਸ ਦੀਆਂ ਨੀਤੀਆਂ ਦੇ ਖਿਲਾਫ਼ ਬੋਲਣ ਨੂੰ ਭਾਰਤੀ ਸਟੇਟ/ਰਾਜ ਦੇ ਖਿਲਾਫ਼ ਬੋਲਣ ਦੇ ਬਰਾਬਰ ਸਮਝਿਆ ਜਾਂਦਾ ਸੀ। ਮੌਜੂਦਾ ਸ਼ਾਸਕਾਂ ਦੇ ਸਿਆਸੀ ਵਿਰੋਧੀਆਂ, ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਕਲਾਕਾਰਾਂ, ਕਾਮੇਡੀਅਨਾਂ ਸਮੇਤ ਹਰ ਵਰਗ ਦੇ ਵੱਡੀ ਛੋਟੀ ਉਮਰ ਦੇ ਲੋਕਾਂ ਨੂੰ ਦੇਸ਼ਧ੍ਰੋਹ ਜਾਂ ਗ਼ੈਰ-ਕਾਨੂੰਨੀ ਗਤੀਵਿਧੀਆਂ ਅਤੇ ਰੋਕਥਾਮ ਕਾਨੂੰਨ (ਯੂ.ਏ.ਪੀ.ਏ.) ਤਹਿਤ ਕੇਸ ਦਰਜ ਕਰ ਕੇ ਜੇਲ੍ਹਾਂ ਵਿਚ ਸੁੱਟਿਆ ਜਾ ਰਿਹਾ ਸੀ ਜਿਨ੍ਹਾਂ ਤਹਿਤ ਉਨ੍ਹਾਂ ਨੂੰ ਜ਼ਮਾਨਤ ਮਿਲਣੀ ਲਗਭਗ ਅਸੰਭਵ ਸੀ। ਕੁਝ ਕੁ ਨੂੰ ਛੱਡ ਕੇ ਜ਼ਿਲ੍ਹਾ ਕਚਹਿਰੀਆਂ ਦੇ ਜੱਜ ਪੁਲੀਸ ਦੇ ਪੱਖ ਨੂੰ ਹੀ ਦੈਵੀ ਇਲਹਾਮ ਮੰਨਣ ਲੱਗ ਪਏ ਸਨ। ਹਾਈ ਕੋਰਟਾਂ ਦਖਲ ਦੇਣ ਤੋਂ ਪਾਸਾ ਵੱਟ ਰਹੀਆਂ ਸਨ। ਬਹੁਤੇ ਲੋਕਾਂ ਕੋਲ ਸੁਪਰੀਮ ਕੋਰਟ ਤੱਕ ਪਹੁੰਚਣ ਦੀ ਸਮਰੱਥਾ ਨਹੀਂ ਹੁੰਦੀ ਪਰ ਫਿਰ ਜਦੋਂ ਪੱਤਰਕਾਰ ਸਿੱਦੀਕ ਕੱਪਨ ਜਿਸ ਨੂੰ ਹਾਥਰਸ ਗੈਂਗਰੇਪ ਦੀ ਘਟਨਾ ਦੀ ਕਵਰੇਜ ਲਈ ਜਾਂਦਿਆਂ ਰਾਹ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਪਿਛਲੇ ਦੋ ਸਾਲਾਂ ਤੋਂ ਜੇਲ੍ਹ ਵਿਚ ਬੰਦ ਹੈ, ਨੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਤਾਂ ਉਸ ਵੇਲੇ ਦੇ ਚੀਫ ਜਸਟਿਸ ਨੇ ਉਸ ਨੂੰ ਇਹ ਕਹਿ ਕੇ ਵਾਪਸ ਭੇਜ ਦਿੱਤਾ ਸੀ ਕਿ ਅਦਾਲਤ ਸੰਵਿਧਾਨ ਦੀ ਧਾਰਾ 32 ਤਹਿਤ ਪਟੀਸ਼ਨਾਂ ਨੂੰ ਬਹੁਤਾ ਤੂਲ ਨਹੀਂ ਦੇਣਾ ਚਾਹੁੰਦੀ।

ਇਸ ਸੰਦਰਭ ਵਿਚ ਜਸਟਿਸ ਰਾਮੰਨਾ ਸਾਹਮਣੇ ਨਿਆਂਪਾਲਿਕਾ ਵਿਚ ਲੋਕਾਂ ਦਾ ਭਰੋਸਾ ਬਹਾਲ ਕਰਨ ਦੀ ਵੱਡੀ ਚੁਣੌਤੀ ਸੀ। ਉਨ੍ਹਾਂ ਨੂੰ ਇਹ ਦਾਦ ਦੇਣੀ ਬਣਦੀ ਹੈ ਕਿ ਉਹ ਕਾਫ਼ੀ ਹੱਦ ਤੱਕ ਲੋਕਾਂ ਦੀਆਂ ਉਮੀਦਾਂ 'ਤੇ ਖਰੇ ਉਤਰੇ ਹਨ ਹਾਲਾਂਕਿ ਉਹ ਬਹੁਤਾ ਕੁਝ ਕਰ ਨਹੀਂ ਸਕੇ। ਅਹੁਦਾ ਸੰਭਾਲਣ ਤੋਂ ਥੋੜ੍ਹੀ ਦੇਰ ਬਾਅਦ ਇੱਕ ਜਨਤਕ ਮੰਚ ਤੋਂ ਆਪਣੇ ਸੰਬੋਧਨ ਵਿਚ ਉਨ੍ਹਾਂ ਕਿਹਾ ਸੀ, "ਨਿਆਂਪਾਲਿਕਾ ਇੱਕ ਸੁਤੰਤਰ ਅਦਾਰਾ ਹੈ ਜੋ ਸਿਰਫ਼ ਸੰਵਿਧਾਨ ਨੂੰ ਜਵਾਬਦੇਹ ਹੈ ਨਾ ਕਿ



ਕਿਸੇ ਸਿਆਸੀ ਪਾਰਟੀ ਨੂੰ।" ਇਹ ਬਿਆਨ ਸਿਆਸੀ ਜਮਾਤ ਲਈ ਇੱਕ ਸੰਦੇਸ਼ ਸੀ ਕਿ ਉਹ ਕਿਸੇ ਦੇ ਇਸ਼ਾਰੇ 'ਤੇ ਨਹੀਂ ਚੱਲਣਗੇ। ਇੱਕ ਹੋਰ ਮੌਕੇ 'ਤੇ ਉਨ੍ਹਾਂ ਕਿਹਾ ਸੀ, "ਲੋਕਾਂ ਨੂੰ ਭਰੋਸਾ ਹੈ ਕਿ ਨਿਆਂਪਾਲਿਕਾ ਤੋਂ ਉਨ੍ਹਾਂ ਨੂੰ ਨਿਆਂ ਮਿਲੇਗਾ, ਉਹ ਜਾਣਦੇ ਹਨ ਕਿ ਜਦੋਂ ਕੋਈ ਧੱਕਾ ਕਰੇਗਾ ਤਾਂ ਨਿਆਂਪਾਲਿਕਾ ਉਨ੍ਹਾਂ ਦਾ ਸਾਥ ਦੇਵੇਗੀ।" ਇਸ ਤੋਂ ਲੋਕਾਂ ਦੀ ਆਸ ਬੱਝਦੀ ਹੈ ਕਿ ਨਿਆਂਪਾਲਿਕਾ ਉਨ੍ਹਾਂ ਦੀ ਰਾਖੀ ਕਰੇਗੀ। ਹੁਣ ਜਦੋਂ ਜਸਟਿਸ ਰਾਮੰਨਾ ਸੇਵਾਮੁਕਤ ਹੋ ਗਏ ਹਨ ਤਾਂ ਪਿੱਛੇ ਮੁੜ ਕੇ ਇਹ ਦੇਖਣ ਦਾ ਮੌਕਾ ਹੈ ਕਿ ਕੀ ਜੋ ਗੱਲਾਂ ਉਹ ਆਖਦੇ ਸਨ, ਉਨ੍ਹਾਂ 'ਤੇ ਕਿੰਨਾ ਕੁ ਅਮਲ ਕਰ ਪਾਏ ਹਨ? ਇਸ ਦਾ ਹਾਂ ਜਾਂ ਨਾਂਹ ਵਿਚ ਦੋ ਟੁੱਕ ਜਵਾਬ ਨਹੀਂ ਦਿੱਤਾ ਜਾ ਸਕਦਾ। ਇਹ ਵਿਚ-ਵਿਚਾਲੇ ਦਾ ਮਾਮਲਾ ਹੈ।

ਜਸਟਿਸ ਰਾਮੰਨਾ ਦੀ ਅਗਵਾਈ ਹੇਠਲੇ ਬੈਂਚ ਨੇ ਕੁਝ ਸ਼ਲਾਘਾਯੋਗ ਤੇ ਨਾਗਰਿਕ ਪੱਖੀ ਫ਼ੈਸਲੇ ਕੀਤੇ ਸਨ। ਮਿਸਾਲ ਦੇ ਤੌਰ 'ਤੇ ਪੈਗਾਸਸ ਸਪਾਈਵੇਅਰ (ਜਾਸੂਸੀ) ਕੇਸ ਦਾ ਫ਼ੈਸਲਾ ਹੀ ਲੈ ਲਓ। ਸੁਪਰੀਮ ਕੋਰਟ ਵਿਚ ਕਈ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਸਨ ਜਿਨ੍ਹਾਂ ਵਿਚ ਦੋਸ਼ ਲਾਇਆ ਗਿਆ ਸੀ ਕਿ ਸਰਕਾਰ ਨੇ ਇੱਕ ਸਾਫ਼ਟਵੇਅਰ ਖਰੀਦਿਆ ਸੀ ਜਿਸ ਦੇ ਜ਼ਰੀਏ ਇਸ ਦੇ ਸਿਆਸੀ ਵਿਰੋਧੀਆਂ ਅਤੇ ਸਟੇਟ/ਰਾਜ ਦੇ ਕੁਝ ਆਹਲਾ ਅਹਿਲਕਾਰਾਂ ਦੇ ਡਿਜੀਟਲ ਉਪਕਰਨਾਂ ਵਿਚ ਸੰਨ੍ਹ ਲਾ ਕੇ ਜਾਸੂਸੀ ਕੀਤੀ ਗਈ ਸੀ। ਪਾਰਲੀਮੈਂਟ ਵਿਚ ਵੀ ਇਸ ਮੁੱਦੇ ਦੀ ਗੂੰਜ ਪਈ ਸੀ ਜਿਸ ਕਰ ਕੇ ਪੂਰਾ ਸੈਸ਼ਨ ਹੀ ਇਸ ਦੀ ਭੇਟ ਚੜ੍ਹ ਗਿਆ ਸੀ। ਸਰਕਾਰ ਨੇ ਰਾਸ਼ਟਰੀ ਸੁਰੱਖਿਆ ਦਾ ਹਵਾਲਾ ਦੇ ਕੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਸਰਕਾਰ ਨੂੰ ਫਟਕਾਰ ਲਾਉਂਦਿਆਂ ਕਿਹਾ, "ਸਟੇਟ/ਰਾਜ ਰਾਸ਼ਟਰੀ ਸੁਰੱਖਿਆ ਦਾ ਬਹਾਨਾ ਲਾ ਕੇ ਹਰ ਵਾਰ ਫਰੀ ਪਾਸ ਨਹੀਂ ਲੈ ਸਕਦੀ ਅਤੇ ਰਾਸ਼ਟਰੀ ਸੁਰੱਖਿਆ ਕੋਈ ਖਟਮਲ ਨਹੀਂ ਹੈ ਜਿਸ ਤੋਂ ਨਿਆਂਪਾਲਿਕਾ ਨੂੰ ਲਾਂਭੇ ਰਹਿਣਾ ਚਾਹੀਦਾ ਹੈ।" ਨਤੀਜਨ ਇਸ ਨੇ ਇੱਕ ਕਮੇਟੀ ਦਾ ਗਠਨ ਕਰ ਦਿੱਤਾ ਜਿਸ 'ਤੇ ਨਜ਼ਰ ਰੱਖਣ ਲਈ ਸੁਪਰੀਮ ਕੋਰਟ ਦੇ ਇੱਕ ਉੱਘੇ ਸੇਵਾਮੁਕਤ ਜੱਜ ਦੀ ਡਿਊਟੀ ਲਾ ਦਿੱਤੀ। ਕੁਝ ਦਿਨ ਪਹਿਲਾਂ ਹੀ ਇਸ ਕਮੇਟੀ ਨੇ ਆਪਣੀ ਰਿਪੋਰਟ ਪੇਸ਼ ਕੀਤੀ ਸੀ।

ਹਾਲ ਹੀ ਵਿਚ ਜਸਟਿਸ ਰਾਮੰਨਾ ਦੀ ਅਗਵਾਈ ਵਾਲਾ ਬੈਂਚ ਹਿੰਦੋਸਤਾਨ ਵਿਚ ਅੰਗਰੇਜ਼ਾਂ ਦੇ ਰਾਜ ਕਾਲ ਦੇ ਦੇਸ਼ਧ੍ਰੋਹ ਦੇ ਕਾਨੂੰਨ ਜੋ ਭਾਰਤੀ ਦੰਡ ਵਿਧਾਨ ਦੀ ਧਾਰਾ 124 (ਏ) ਵਿਚ ਦਰਜ ਹੈ, ਦੀ ਘੋਖ ਕਰਨ ਦੀ ਪਟੀਸ਼ਨ 'ਤੇ ਸੁਣਵਾਈ ਲਈ ਰਾਜ਼ੀ ਹੋਇਆ ਸੀ। ਇਸ ਦੌਰਾਨ ਕੇਂਦਰ ਅਤੇ ਸੂਬਾਈ ਸਰਕਾਰਾਂ ਨੂੰ ਇਸ ਧਾਰਾ ਅਧੀਨ ਨਵੇਂ ਕੇਸ ਦਰਜ ਕਰਨ ਤੋਂ ਵਰਜਿਆ ਸੀ। ਤੱਥ ਇਹ ਹੈ ਕਿ ਪੁਲੀਸ ਵੱਲੋਂ ਮਾਮੂਲੀ ਗੱਲਾਂ 'ਤੇ ਵੀ ਦੇਸ਼ਧ੍ਰੋਹ ਦਾ ਪਰਚਾ ਦਰਜ ਕਰ ਲਿਆ ਜਾਂਦਾ ਹੈ ਜਿਸ ਦੇ ਮੱਦੇਨਜ਼ਰ ਇਹ ਇੱਕ ਸਵਾਗਤਯੋਗ ਫ਼ੈਸਲਾ ਸੀ। ਇਸ ਤੋਂ ਇਲਾਵਾ ਜੇ ਚੀਫ ਜਸਟਿਸ ਦੇ ਬੈਂਚ ਵੱਲੋਂ ਸੁਣਵਾਈ ਨਾ ਕੀਤੀ ਗਈ ਹੁੰਦੀ ਤਾਂ ਕੇਂਦਰੀ ਗ੍ਰਹਿ ਰਾਜ ਮੰਤਰੀ ਦਾ ਪੁੱਤਰ ਆਸ਼ੀਸ਼ ਮਿਸ਼ਰਾ ਜਿਸ ਨੇ ਆਪਣੀ ਐੱਸ.ਯੂ.ਵੀ. ਗੱਡੀ ਹੇਠ ਦਰੜ ਕੇ ਪੰਜ ਜਣਿਆਂ ਦੀ ਜਾਨ ਲੈ ਲਈ ਸੀ, ਜੇਲ੍ਹ ਵਿਚ ਹੋਣ ਦੀ ਬਜਾਏ ਖੁੱਲ੍ਹੇਆਮ ਦਨਦਨਾਉਂਦੇ ਫਿਰਨਾ ਸੀ। ਇਸੇ ਬੈਂਚ ਨੇ ਜਹਾਂਗੀਰਪੁਰੀ ਵਿਚ ਦਿੱਲੀ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਇੱਕ ਖ਼ਾਸ ਫ਼ਿਰਕੇ ਨੂੰ ਨਿਸ਼ਾਨਾ ਬਣਾਉਣ ਲਈ ਵਿੱਢੀ ਢਾਹ ਢੁਹਾਈ ਰੁਕਵਾਈ ਸੀ ਅਤੇ ਉਨ੍ਹਾਂ ਨੂੰ ਸਥਿਤੀ ਜਿਉਂ ਦੀ ਤਿਉਂ ਬਣਾ ਕੇ ਰੱਖਣ ਦੇ ਹੁਕਮ ਦਿੱਤੇ ਸਨ।

ਹਾਲਾਂਕਿ ਇਹ ਜਸਟਿਸ ਰਾਮੰਨਾ ਦੇ ਕਾਰਜਕਾਲ ਦੇ ਕੁਝ ਨੁਮਾਇਆ ਫ਼ੈਸਲੇ ਹਨ, ਪਰ ਉਨ੍ਹਾਂ ਦੀਆਂ ਕੁਝ ਨਾਕਾਮੀਆਂ ਦਾ ਵੀ ਜ਼ਿਕਰ ਕਰਨਾ ਬਣਦਾ ਹੈ। ਉਨ੍ਹਾਂ ਦੀ ਸਭ ਤੋਂ ਵੱਡੀ ਨਾਕਾਮੀ ਇਹ ਰਹੀ ਕਿ ਉਹ ਸੰਵਿਧਾਨ ਦੀ ਧਾਰਾ 370 ਦੀ ਮਨਸੂਖੀ ਦੇ ਫ਼ੈਸਲੇ ਨੂੰ ਚੁਣੌਤੀ ਵਾਲੀ ਪਟੀਸ਼ਨ, ਨਾਗਰਿਕਤਾ ਸੋਧ ਕਾਨੂੰਨ, ਚੁਣਾਵੀ ਬੌਂਡ ਸਕੀਮ ਆਦਿ ਜਿਹੇ ਕੌਮੀ ਅਤੇ ਸੰਵਿਧਾਨਕ ਮਹੱਤਵ ਦੇ ਕੇਸਾਂ ਨੂੰ ਸੁਣਵਾਈ ਲਈ ਸੂਚੀਬੱਧ ਕਰਨ ਵਿਚ ਨਾਕਾਮ ਸਿੱਧ ਹੋਏ। ਇਨ੍ਹਾਂ ਵੱਡੇ ਕੇਸਾਂ ਨੂੰ ਸੁਣਵਾਈ ਲਈ ਸੂਚੀਬਧ ਨਾ ਕਰ ਕੇ ਉਹ ਆਪਣੇ ਪੂਰਬਲੇ ਚੀਫ ਜਸਟਿਸ ਦੀਆਂ ਪੈੜਾਂ 'ਤੇ ਹੀ ਚੱਲਦੇ ਰਹੇ ਜਿਸ ਤੋਂ ਇਹ ਪ੍ਰਭਾਵ ਬਣਿਆ ਕਿ ਉਹ ਇਨ੍ਹਾਂ ਕੇਸਾਂ ਦੀ ਸੁਣਵਾਈ ਤੋਂ ਟਾਲ਼ਾ ਵੱਟ ਰਹੇ ਹਨ ਤੇ ਇੰਜ ਇਹ ਕੇਸ ਹੌਲੀ ਹੌਲੀ ਆਪਣੀ ਮੌਤੇ ਮਰ ਜਾਣ।

ਸੁਪਰੀਮ ਕੋਰਟ ਦੀ ਰਜਿਸਟਰੀ ਦੀ ਤਿੱਖੀ ਨੁਕਤਾਚੀਨੀ ਹੋ ਰਹੀ ਹੈ। ਇਸ 'ਤੇ ਖੁੱਲ੍ਹੇਆਮ ਪੱਖਪਾਤ ਕਰਨ ਦੇ ਦੋਸ਼ ਲੱਗ ਰਹੇ ਹਨ। ਇਸ 'ਤੇ ਕਿਸੇ ਹੋਰ ਨੇ ਨਹੀਂ ਸਗੋਂ ਸੁਪਰੀਮ ਕੋਰਟ ਦੇ ਹੀ ਇੱਕ ਸਾਬਕਾ ਜੱਜ ਨੇ ਅਫ਼ਸੋਸ ਜ਼ਾਹਿਰ ਕੀਤਾ ਹੈ। ਉਨ੍ਹਾਂ ਇਹ ਵੀ ਆਖਿਆ ਕਿ ਰਸੂਖਵਾਨਾਂ ਖ਼ਾਸਕਰ ਫੈਂਸੀ ਲਾਅ ਫਰਮਾਂ ਦੇ ਕੇਸਾਂ ਦੀ ਸੁਣਵਾਈ ਚਾਰ ਹਫ਼ਤਿਆਂ ਵਿਚ ਹੋ ਜਾਂਦੀ ਹੈ ਜਦੋਂਕਿ ਜੂਨੀਅਰ ਵਕੀਲਾਂ ਦੇ ਕੇਸਾਂ ਨੂੰ ਛੇ ਛੇ ਮਹੀਨੇ ਵੀ ਲੰਘ ਜਾਂਦੇ ਹਨ। ਨਾਗਰਿਕਾਂ ਵੱਲੋਂ ਨਿਆਂ ਲਈ ਹਾਲ ਦੁਹਾਈ ਪਾਈ ਜਾ ਰਹੀ ਹੈ ਪਰ ਉਨ੍ਹਾਂ ਦੇ ਇਸ ਹੱਕ ਨੂੰ ਕੁਚਲਣ ਲਈ ਤਾਕਤਾਂ ਬਹੁਤ ਸਰਗਰਮ ਹਨ। ਇਸ ਕਿਸਮ ਦੇ ਹਾਲਾਤ ਦੇ ਮੱਦੇਨਜ਼ਰ ਜਸਟਿਸ ਰਾਮੰਨਾ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਉਹ ਇਸ ਬਾਬਤ ਕੋਈ ਪੱਕੀ ਵਿਵਸਥਾ ਕਾਇਮ ਕਰਨਗੇ।

ਜਸਟਿਸ ਰਾਮੰਨਾ ਦੀ ਇਸ ਗੱਲੋਂ ਤਾਰੀਫ਼ ਕਰਨੀ ਬਣਦੀ ਹੈ ਕਿ ਉਨ੍ਹਾਂ ਵੱਖ ਵੱਖ ਹਾਈ ਕੋਰਟਾਂ ਦੇ ਜੱਜਾਂ ਦੀਆਂ ਚੋਖੀ ਗਿਣਤੀ ਵਿਚ ਨਿਯੁਕਤੀਆਂ ਕੀਤੀਆਂ ਹਨ ਅਤੇ ਇਨ੍ਹਾਂ ਤੋਂ ਇਲਾਵਾ ਸੁਪਰੀਮ ਕੋਰਟ ਦੇ ਵੀ ਨੌਂ ਜੱਜਾਂ ਦੀ ਨਿਯੁਕਤੀ ਕੀਤੀ ਹੈ, ਪਰ ਇਸ ਵਿਚ ਵੀ ਜਸਟਿਸ ਅਕੀਲ ਕੁਰੈਸ਼ੀ ਨੂੰ ਖਮਿਆਜ਼ਾ ਭੁਗਤਣਾ ਪਿਆ। ਜਸਟਿਸ ਕੁਰੈਸ਼ੀ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ ਗਿਆ। ਇਸ ਗੱਲ ਦੀ ਕਾਫ਼ੀ ਚਰਚਾ ਹੋਈ ਸੀ ਕਿ ਜਸਟਿਸ ਕੁਰੈਸ਼ੀ ਦੇ ਨਾਂ ਦੀ ਸਿਫ਼ਾਰਸ਼ ਇਸ ਕਰ ਕੇ ਨਹੀਂ ਕੀਤੀ ਗਈ ਕਿਉਂਕਿ ਸਰਕਾਰ ਨਹੀਂ ਚਾਹੁੰਦੀ ਸੀ ਕਿ ਉਹ ਸੁਪਰੀਮ ਕੋਰਟ ਦੇ ਜੱਜ ਬਣਨ। ਤੱਥ ਇਹ ਹੈ ਕਿ ਇਹ ਸਭ ਕੁਝ ਉਦੋਂ ਵਾਪਰਿਆ ਜਦੋਂ ਜਸਟਿਸ ਰਾਮੰਨਾ ਸਰਬਰਾਹ ਦੇ ਪਦ 'ਤੇ ਮੌਜੂਦ ਸਨ ਤੇ ਉਨ੍ਹਾਂ ਦੀ ਸਾਫ਼ਗੋਈ ਨੂੰ ਲੈ ਕੇ ਨਾਉਮੀਦੀ ਹੀ ਜਤਾਈ ਜਾ ਸਕਦੀ ਹੈ। ਅੰਤ ਤੱਕ ਇਹ ਕਾਮਨਾ ਬਣੀ ਰਹੀ ਕਿ ਉਹ ਥੋੜ੍ਹੀ ਜਿਹੀ ਹੋਰ ਦਲੇਰੀ, ਸਾਫ਼ਗੋਈ ਤੇ ਸੁਧਾਰਾਂ ਲਈ ਹੋਰ ਠਰੰਮਾ ਦਿਖਾਉਣਗੇ। ਜੇ ਕਿਤੇ ਜਾਂਦੇ ਜਾਂਦੇ ਉਹ ਬਿਲਕੀਸ ਬਾਨੋ ਦੇ ਗੁਨਾਹਗਾਰ ਬਲਾਤਕਾਰੀਆਂ ਦੀ ਰਿਹਾਈ ਤੇ ਫੁੱਲਾਂ ਵਾਲੇ ਸਵਾਗਤ ਦੇ ਮਾਮਲੇ ਦਾ ਆਪਣੇ ਤੌਰ 'ਤੇ ਨੋਟਿਸ ਲੈ ਲੈਂਦੇ ਅਤੇ ਕਾਲੇ ਧਨ ਦੀ ਰੋਕਥਾਮ ਬਾਰੇ ਕਾਨੂੰਨ (ਪੀ.ਐੱਮ.ਐੱਲ.ਏ.) ਦੀ ਵਿਆਖਿਆ ਬਾਰੇ ਸੁਪਰੀਮ ਕੋਰਟ ਦੇ ਇੱਕ ਫ਼ੈਸਲੇ ਦੀ ਸਮੀਖਿਆ ਕਰਨ ਦਾ ਆਹਰ ਕਰ ਜਾਂਦੇ ਤਾਂ ਉਨ੍ਹਾਂ ਦੀ ਸੇਵਾਮੁਕਤੀ ਨੂੰ ਚਾਰ ਚੰਨ ਲੱਗ ਜਾਣੇ ਸਨ। ਖ਼ੈਰ, ਅਖੀਰ 'ਚ ਇਹ ਕਿਹਾ ਜਾ ਸਕਦਾ ਹੈ ਕਿ ਜਸਟਿਸ ਰਾਮੰਨਾ ਨੇ ਸੁਪਰੀਮ ਕੋਰਟ ਦੇ ਚਿਹਰੇ ਨੂੰ ਕੁਝ ਬਿਹਤਰੀ ਲਈ ਬਦਲਣ ਦਾ ਯਤਨ ਤਾਂ ਕੀਤਾ ਹੀ ਹੈ।

# ਹੋਤਾ ਹੈ ਸ਼ਬ-ਓ-ਰੋਜ਼ ਤਮਾਸ਼ਾ ਮੇਰੇ ਆਗੇ...

ਕਈ ਵਾਰੀ ਲੋਕ ਧਾਰਾ ਦੇ ਘੜੇ ਹੋਏ ਸੰਕੇਤਕ ਸ਼ਬਦ, ਨਾਅਰੇ ਤੇ ਮੁਹਾਵਰੇ ਅਜਿਹਾ ਹਾਸੋਹੀਣਾ ਤੇ ਅਨੋਖਾ ਮੰਜ਼ਰ ਸਿਰਜ ਦਿੰਦੇ ਹਨ ਕਿ ਚੰਗੇ ਭਲੇ ਬੰਦੇ ਦੇ ਹੋਸ਼-ਹਵਾਸ ਗੁੰਮ ਹੋ ਜਾਂਦੇ ਹਨ। ਜਿਵੇਂ ਜਿਵੇਂ ਸਮਾਂ ਤੇਜ਼ ਗਤੀ ਨਾਲ ਬਦਲ ਰਿਹਾ ਹੈ, ਤਿਵੇਂ ਤਿਵੇਂ ਲੋਕ ਧਾਰਾ ਦੇ ਘੜੇ ਹੋਏ ਸੰਕੇਤਕ ਸ਼ਬਦਾਂ, ਨਾਅਰਿਆਂ ਤੇ ਮੁਹਾਵਰਿਆਂ

**ਬੀਰ ਦਵਿੰਦਰ ਸਿੰਘ**

ਦੇ ਵਰਤਣ ਪ੍ਰਸੰਗਾਂ ਅਨੁਸਾਰ, ਉਨ੍ਹਾਂ ਦੇ ਅਰਥ, ਵਰਤੋਂ ਅਤੇ ਮਾਪਦੰਡ ਵੀ ਬਦਲ ਰਹੇ ਹਨ।

ਲਗਭਗ ਤਿੰਨ ਦਹਾਕਿਆ ਤੋਂ ਇਹ ਗੱਲ ਆਮ ਕਹੀ ਜਾ ਰਹੀ ਸੀ ਕਿ ਮੁਲਕ ਵਿਚ ਰਾਜਨੀਤੀ ਦਾ ਅਪਰਾਧੀਕਰਨ ਹੋ ਰਿਹਾ ਹੈ ਪਰ ਦੇਖਦਿਆਂ ਦੇਖਦਿਆਂ ਕੁਝ ਸਮੇਂ ਵਿਚ ਹੀ ਹਾਲਤ ਉਲਟ-ਪੁਲਟ ਹੋ ਗਈ ਹੈ। ਹੁਣ ਰਾਜਨੀਤੀ ਦੇ ਅਪਰਾਧੀਕਰਨ ਦੀ ਬਜਾਇ ਅਪਰਾਧਾਂ ਦਾ ਰਾਜਨੀਤੀਕਰਨ ਹੋਣ ਲੱਗ ਪਿਆ ਹੈ। ਠੀਕ ਇਸੇ ਤਰਜ਼ ਉੱਤੇ ਪਹਿਲਾਂ ਰਾਜਨੀਤੀ ਦਾ ਵਪਾਰੀਕਰਨ ਆਰੰਭ ਹੋਇਆ ਸੀ ਤੇ ਅੱਜ ਮੁਲਕ ਵਿਚ ਵਪਾਰ ਨੇ ਰਾਜਨੀਤੀ ਨੂੰ ਆਪਣਾ ਗ਼ੁਲਾਮ ਬਣਾ ਲਿਆ ਹੈ। ਅੱਜ ਰਾਜਨੀਤੀ, ਸ਼ਾਸਨ ਪ੍ਰਬੰਧਾਂ ਦੇ ਨਿਜ਼ਾਮ ਨੂੰ ਨਿਯਮਤ ਕਰਨ ਲਈ, ਨੀਤੀਗਤ ਸੇਧ ਤੇ ਅਗਵਾਈ ਲਈ ਕਾਰਪੋਰੇਟ ਅਦਾਰਿਆਂ ਦੀ ਬਾਂਦੀ ਬਣੀ ਹੋਈ ਹੈ। ਅੱਜ ਮੁਲਕ ਦੀ ਆਰਥਿਕਤਾ ਤੇ ਰਾਜਨੀਤੀ, ਦੋਹਾਂ ਨਾਲ ਸਬੰਧਿਤ ਨੀਤੀਗਤ ਫ਼ੈਸਲੇ ਵੱਡੇ ਵਪਾਰਕ ਅਦਾਰਿਆਂ ਦੇ ਕਾਰਜ-ਖੇਤਰ ਵਿਚ ਕੇਂਦਰਿਤ ਹੋ ਰਹੇ ਹਨ। ਇਨ੍ਹਾਂ ਵਿਘਨਕਾਰੀ ਤੇ ਵਿਨਾਸ਼ਕ ਹਾਲਾਤ ਕਾਰਨ ਮੁਲਕ ਦੇ 80 ਫ਼ੀਸਦ ਲੋਕ ਲੱਕ ਤੋੜਵੀਂ ਮਹਿੰਗਾਈ ਕਾਰਨ ਪਿਸ ਰਹੇ ਹਨ; ਦੂਜੇ ਪਾਸੇ ਵੱਡੇ ਕਾਰਪੋਰੇਟ ਅਦਾਰਿਆਂ ਦੇ ਵਪਾਰਾਂ ਦਾ ਪਸਾਰਾ ਸਭ ਹੱਦਾਂ ਬੰਨੇ ਪਾਰ ਕਰ ਰਿਹਾ ਹੈ ਅਤੇ ਉਨ੍ਹਾਂ ਦੀ ਧਨ-ਦੌਲਤ ਦੇ ਅੰਬਾਰ ਦੂਣ-ਸਵਾਏ ਹੋ ਰਹੇ ਹਨ।

ਦੁੱਖ ਦੀ ਗੱਲ ਹੈ ਕਿ ਭਾਰਤ ਦੀ ਰਾਜਨੀਤਕ ਵਿਵਸਥਾ, ਰਾਜ ਪ੍ਰਬੰਧ ਦੀ ਵਿਉਂਤਬੰਦੀ, ਵਿਚਾਰ ਤੇ ਵਿਹਾਰ ਵਿਧੀ ਆਦਿ ਸਭ ਕੁਝ ਹੀ ਵੱਡੇ ਕਾਰਪੋਰੇਟਾਂ ਦੇ ਨੀਤੀ ਘਾੜੇ ਤੈਅ ਕਰ ਰਹੇ ਹਨ ਤੇ ਮੁਲਕ ਦੀ ਰਾਜਨੀਤੀ, ਦੇਸ਼ ਦੇ ਵਪਾਰੀਆਂ ਦੇ ਦਿਸ਼ਾ-ਨਿਰਦੇਸ਼ਨਾ ਦਾ ਪਾਲਣ ਕਰ ਰਹੀ ਹੈ। ਇਸੇ ਤਰ੍ਹਾਂ ਭਾਰਤ ਦੇ ਪਰਦੇਸਾਂ ਵਿਚ ਵੀ ਵੱਡੇ ਵੱਡੇ ਰਾਜਨੀਤਕ ਨੇਤਾ, ਭ੍ਰਿਸ਼ਟਾਚਾਰ ਦਾ ਸਹਾਰਾ ਲੈ ਕੇ ਅਪਰਾਧ ਜਗਤ ਦੇ ਸਰਗਨਿਆਂ ਦੀ ਪੁਸ਼ਤ-ਪਨਾਹੀ ਵਿਚ ਜੁਟੇ ਹੋਏ ਹਨ ਜਿਸ ਦੇ ਇਵਜ਼ ਵਿਚ ਅਪਰਾਧੀ, ਸਿਆਸਤਦਾਨਾਂ ਦੀ ਰਾਜਨੀਤੀ ਨੂੰ ਜਿਊਂਦਾ ਰੱਖਣ ਵਿਚ ਉਨ੍ਹਾਂ ਦਾ ਹੱਥ ਵਟਾ ਰਹੇ ਹਨ। ਜੁਰਮ ਅਤੇ ਸਿਆਸਤ ਇੱਕ ਦੂਜੇ ਦੇ ਧੰਦਿਆਂ ਵਿਚ ਪੂਰਕ ਬਣੇ ਹੋਏ ਹਨ। ਜਰਾਇਮ ਪੇਸ਼ਾ ਲੋਕਾਂ ਨੇ ਸਿਆਸਤ ਦਾ ਧੰਦਾ ਅਪਣਾ ਲਿਆ ਤੇ ਸਿਅਸਤਦਾਨਾਂ ਨੇ ਉਨ੍ਹਾਂ ਦੇ ਜੁਰਮਾਂ ਨੂੰ ਆਪਣੀ ਕਮਾਈ ਦੇ ਸਾਧਨ ਅਤੇ ਰਾਜਨੀਤਕ ਪੈਂਠ ਲਈ ਵਰਤਣਾ ਸ਼ੁਰੂ ਕਰ ਦਿੱਤਾ ਹੈ। ਮਸਲਾ ਤਾਂ ਹੁਣ ਇਹ ਹੈ ਕਿ ਇਨ੍ਹਾਂ ਅਪਰਾਧਿਕ ਵਰਤਾਰਿਆਂ ਦੇ ਹਮਾਮ ਵਿਚ ਉਪਰ ਤੋਂ ਲੈ ਕੇ ਹੇਠਾਂ ਤੱਕ ਸਭ ਨੰਗੇ ਹਨ। ਅਧੋਗਤੀ ਦੇ ਇਸ ਆਲਮ ਵਿਚ ਨੌਕਰਸ਼ਾਹਾਂ, ਪ੍ਰਸ਼ਾਸਨਕ ਅਧਿਕਾਰੀਆਂ, ਪੁਲਿਸ ਤੇ ਅਪਰਾਧ ਰੋਕੂ ਸੰਸਥਾਵਾਂ ਤੇ ਅਦਾਲਤਾਂ, ਸਭ ਨੇ ਭ੍ਰਿਸ਼ਟਾਚਾਰ ਦੇ ਵਗਦੇ ਦਰਿਆ ਵਿਚ ਇਸ਼ਨਾਨ ਕਰ ਲਏ ਹਨ ਤੇ ਆਪਣੇ ਹੱਥ ਰੰਗ ਲਏ ਹਨ। ਇਸੇ ਕਾਰਨ ਅੱਜ ਜਰਾਇਮ ਪੇਸ਼ਾ ਲੋਕ ਅਤੇ ਮੁਲਕ ਦੇ ਕਾਨੂੰਨ ਵਿਰੁੱਧ ਕੰਮ ਕਰਨ ਵਾਲੇ ਤਾਂ ਦਨ-ਦਨਾ ਰਹੇ ਹਨ ਪਰ ਇਨ੍ਹਾਂ ਵਿਰੁੱਧ ਕਾਨੂੰਨ ਅਨੁਸਾਰ ਦੋਸ਼ ਮੜ੍ਹਨ ਅਤੇ ਸਜ਼ਾਵਾਂ ਦਿਵਾਉਣ ਵਾਲੀ ਸਾਰੀ ਦੀ ਸਾਰੀ ਵਿਵਸਥਾ ਡਗਮਗਾ ਰਹੀ ਹੈ।

ਕੋਈ ਵੀ ਕਾਨੂੰਨ ਆਪਣੇ ਆਪ ਤਾਂ ਲਾਗੂ ਨਹੀਂ ਹੁੰਦਾ, ਉਸ ਨੂੰ ਲਾਗੂ ਕਰਨ ਦੀ ਕਾਰਵਾਈ ਲਈ ਵਿਧੀਵਤ ਵਿਹਾਰ, ਕਾਰਜ ਪ੍ਰਣਾਲੀ ਤੇ ਜ਼ਾਬਤੇ ਦੀ ਪ੍ਰਕਿਰਿਆ ਮੁਕੱਰਰ ਹੁੰਦੀ ਹੈ। ਉਸ ਪ੍ਰਕਿਰਿਆ ਲਈ ਕਾਨੂੰਨੀ ਸੰਸਥਾਵਾਂ ਹਨ ਅਤੇ ਇਨ੍ਹਾਂ ਸੰਸਥਾਵਾਂ ਦਾ ਆਪੋ-ਆਪਣਾ ਤਕਨੀਕੀ ਸਿਖਲਾਈਯਾਫ਼ਤਾ ਅਮਲਾ ਹੁੰਦਾ ਹੈ ਜੋ ਨਿਯਮ ਤੇ ਵਿਧੀ ਅਨੁਸਾਰ ਕਾਨੂੰਨ ਦੀ ਪਾਲਣਾ ਕਰਦਾ ਹੋਇਆ ਆਪਣੇ ਬਣਦੇ ਫਰਜ਼ਾਂ ਨੂੰ ਅੰਜਾਮ ਦਿੰਦਾ ਹੈ।

ਹੁਣ ਜੇ ਸਥਾਪਤ ਰਾਜਨੀਤਕ ਨੇਤਾ ਆਪਣੇ ਸਮਰਥਕਾਂ ਦੀਆਂ ਜੁੰਡਲੀਆਂ ਇਕੱਠੀਆਂ ਕਰਕੇ ਕਾਨੂੰਨੀ ਪ੍ਰਕਿਰਿਆ ਵਿਚ ਅੜਿੱਕੇ ਡਾਹੁਣ ਲੱਗ ਪੈਣ ਅਤੇ ਕਾਨੂੰਨੀ ਪ੍ਰਕਿਰਿਆ ਲਾਗੂ ਕਰਨ ਵਾਲੀ ਪੁਲਿਸ, ਵਿਜੀਲੈਂਸ ਜਾਂ ਐਨਫੋਸਮੈਂਟ ਡਾਇਰੈਕਟੋਰੇਟ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਧਮਕੀਆਂ ਦੇਣ ਤੇ ਦਬਕੇ ਮਾਰਨ ਲੱਗ ਪੈਣ, ਤਦ ਮੁਲਕ ਦਾ ਕਾਨੂੰਨ ਤੇ ਨਿਆਂ ਪ੍ਰਬੰਧ ਕੰਮ ਕਿਵੇਂ ਕਰੇਗਾ? ਇਹ ਹਾਲਤ ਹੋਰ ਵੀ ਨਮੋਸ਼ੀ ਵਾਲੀ ਬਣ ਜਾਂਦੀ ਹੈ, ਜਦੋਂ ਕਾਨੂੰਨੀ ਪ੍ਰਕਿਰਿਆ ਵਿਚ ਰੁਕਾਵਟ ਪਾਉਣ ਤੇ ਧਮਕੀਆਂ ਦੇਣ, ਗਾਲ਼ੀ-ਗਲੋਚ ਕਰਨ ਵਾਲੇ ਖੁਦ ਵਿਧਾਇਕ ਜਾਂ ਪਾਰਲੀਮੈਂਟ ਦੇ ਮੈਂਬਰ ਹੋਣ।

ਪੰਜਾਬ ਵਿਚ 2022 ਦੀਆਂ ਵਿਧਾਨ ਸਭਾ ਚੋਣਾਂ ਸਮੇਂ ਕੁਝ ਰਵਾਇਤੀ ਤੇ ਖੇਤਰੀ ਪਾਰਟੀਆਂ ਨੂੰ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਕੁਝ ਛੋਟੀਆਂ-ਮੋਟੀਆਂ ਪਾਰਟੀਆਂ ਦਾ ਤਾਂ ਸਫ਼ਾਇਆ ਹੀ ਹੋ ਗਿਆ ਹੈ। ਆਮ ਆਦਮੀ ਪਾਰਟੀ ਜੋ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖਤਮ ਕਰਨ ਦਾ ਦਾਅਵਾ ਲੈ ਕੇ ਮੈਦਾਨ ਵਿਚ ਉਤਰੀ ਸੀ, ਉਸ ਪਾਰਟੀ ਨੂੰ ਪੰਜਾਬ ਦੇ ਲੋਕਾਂ ਨੇ ਇਸ ਉਮੀਦ 'ਤੇ ਵੱਡਾ ਬਹੁਮਤ ਦਿੱਤਾ ਕਿ ਇਹ ਪਾਰਟੀ ਪੰਜਾਬ ਵਿਚ ਹਰ ਪੱਧਰ 'ਤੇ ਪਸਰੇ ਰਾਜਨੀਤਕ ਭ੍ਰਿਸ਼ਟਾਚਾਰ ਨੂੰ ਖਤਮ ਕਰੇਗੀ ਅਤੇ ਇਸ ਪ੍ਰਸੰਗ ਵਿਚ ਪੰਜਾਬ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਸਪੱਸ਼ਟ ਜਨ-ਆਦੇਸ਼ ਵੀ ਦਿੱਤਾ ਹੈ ਜਿਸ ਦੀ ਪਾਲਣਾ ਕਰਨਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਮੁੱਚੇ ਮੰਤਰੀ ਮੰਡਲ ਦਾ ਪਹਿਲਾ ਤੇ ਮੁੱਖ ਫਰਜ਼ ਹੈ।

ਪੰਜਾਬ ਦੀ ਰਾਜਨੀਤੀ ਦੇ ਪਿਛਲੇ ਪੰਜਾਹ ਵਰ੍ਹਿਆਂ ਤੋਂ ਇੱਕ ਸਰਗਰਮ ਨਿਰੀਖਕ ਤੇ ਵਿਦਿਆਰਥੀ ਹੋਣ ਦੀ ਹੈਸੀਅਤ ਵਿਚ ਬੜੀ ਜ਼ਿੰਮੇਵਾਰੀ ਨਾਲ ਕਹਿ ਸਕਦਾ ਹਾਂ ਕਿ ਬੀਤੇ ਪੰਦਰਾਂ-ਵੀਹ ਸਾਲ ਰਾਜਨੀਤਕ ਲੁੱਟ-ਖਸੁੱਟ ਤੇ ਵਿਆਪਕ ਭ੍ਰਿਸ਼ਟਾਚਾਰ ਦਾ ਬੋਲਬਾਲਾ ਰਿਹਾ ਹੈ। ਇਸ ਦੌਰ ਵਿਚ ਭ੍ਰਿਸ਼ਟ ਆਗੂਆਂ ਅਤੇ ਉਨ੍ਹਾਂ ਦੇ ਚਹੇਤੇ ਨੌਕਰਸ਼ਾਹਾਂ ਤੇ ਪੁਲਿਸ ਅਫ਼ਸਰਾਂ ਨੇ ਪੰਜਾਬ ਨੂੰ ਬੜੀ ਬੇਰਹਿਮੀ ਨਾਲ ਸ਼ਾਹਰਾਹਾਂ ਦੇ ਲੁਟੇਰਿਆਂ ਤੇ ਡਾਕੂਆਂ ਵਾਂਗ ਲੁੱਟਿਆ ਹੈ। ਸਰਕਾਰ ਦੇ ਹਰ ਮਹਿਕਮੇ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਰਿਹਾ ਹੈ।

ਸਿਆਸਤਦਾਨਾਂ ਅਤੇ ਅਧਿਕਾਰੀਆਂ ਦੇ ਨਾਪਾਕ ਅਤੇ ਭ੍ਰਿਸ਼ਟ ਗਠਜੋੜਾਂ ਨੇ ਪੰਜਾਬ ਦਾ ਬੇੜਾ ਗਰਕ ਕਰ ਦਿੱਤਾ। ਲੋਕਾਂ ਨੇ ਪੰਜਾਬ ਦੀ ਵਾਗਡੋਰ ਆਮ ਆਦਮੀ ਪਾਰਟੀ ਦੇ ਸਪੁਰਦ ਕੀਤੀ ਹੈ ਅਤੇ ਵੱਡੇ ਸਾਮੰਤਵਾਦੀ ਰਾਜਨੀਤਕ ਪਰਿਵਾਰਾਂ ਨੂੰ ਲੱਕ ਤੋੜਵੀਂ ਹਾਰ ਦਿੱਤੀ ਹੈ। ਇਹ ਪਹਿਲੀ ਵਾਰ ਹੋਇਆ ਕਿ ਲੋਕ ਰਾਜਨੀਤਕ ਭ੍ਰਿਸ਼ਟਾਚਾਰ ਅਤੇ ਕੁਸ਼ਾਸਨ ਤੋਂ ਇਸ ਕਦਰ ਔਖੇ ਸਨ ਕਿ ਉਨ੍ਹਾਂ ਨੇ ਆਪਣੀ ਵੋਟ ਰਾਹੀਂ ਮੌਜੂਦਾ ਤੇ ਸਾਬਕਾ ਮੁੱਖ ਮੰਤਰੀਆਂ ਨੂੰ ਵੀ ਆਟੇ ਲੂਣ ਦਾ ਭਾਅ ਸਮਝਾ ਦਿੱਤਾ।

ਰਾਜਨੀਤਕ ਅਤੇ ਪ੍ਰਸ਼ਾਸਨਕ ਭ੍ਰਿਸ਼ਟਾਚਾਰ ਵਿਰੁੱਧ ਮੁੱਖ ਮੰਤਰੀ ਭਗਵੰਤ ਮਾਨ ਦੀ ਮੁਹਿੰਮ ਸ਼ਲਾਘਾ ਯੋਗ ਹੈ। ਇਸ ਮੁਹਿੰਮ ਨੂੰ ਹਰ ਪੱਖੋਂ ਸਹਿਯੋਗ ਮਿਲਣਾ ਚਾਹੀਦਾ ਹੈ। ਅਜਿਹੀ ਵਿਵਸਥਾ ਵੀ ਹੋਣੀ ਚਾਹੀਦੀ ਹੈ ਕਿ ਭ੍ਰਿਸ਼ਟਾਚਾਰ ਰਾਹੀਂ ਪੰਜਾਬ ਨੂੰ ਲੁੱਟ ਕੇ ਦੇਸ਼ਾਂ ਵਿਦੇਸ਼ਾਂ ਵਿਚ ਬਣਾਈਆਂ ਜਾਇਦਾਦਾਂ ਨੂੰ ਵੀ ਕਾਨੂੰਨ ਰਾਹੀਂ ਕੁਰਕ ਕਰਕੇ ਪੰਜਾਬ ਦਾ ਖਜ਼ਾਨਾ ਭਰਿਆ ਜਾਵੇ ਤਾਂ ਜੋ ਪੰਜਾਬ ਆਪਣੇ ਆਰਥਿਕ ਸਾਧਨਾ ਰਾਹੀਂ ਮੁੜ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ।


ਅਜੋਕੇ ਸਮਿਆਂ ਵਿਚ ਆਏ ਰਾਜਨੀਤਕ ਕਿਰਦਾਰਾਂ ਦੇ ਪਤਨ ਦਾ ਜ਼ਿਕਰ ਵੀ ਜ਼ਰੂਰੀ ਹੈ ਕਿ ਕਿਵੇਂ ਰਾਜਨੀਤਕ ਲੋਕ ਚੋਰਾਂ ਅਤੇ ਲੁਟੇਰਿਆਂ ਦੀਆਂ ਬਰਾਤਾਂ ਲੈ ਕੇ ਢੋਲ-ਢਮੱਕੇ ਤੇ ਬੈਂਡ-ਬਾਜਿਆਂ ਸਮੇਤ ਥਾਣਿਆਂ ਅੱਗੇ ਜਾ ਕੇ ਦਨਦਨਾਉਂਦੇ ਹਨ ਤੇ ਕਾਨੂੰਨ ਨੂੰ ਵੰਗਾਰਦੇ ਹਾਂ ਕਿ ਸਾਡੇ ਹਮਰਾਹ ਸਿਆਸਤਦਾਨ ਨੂੰ ਕਿਉਂ ਗ੍ਰਿਫ਼ਤਾਰ ਕੀਤਾ ਗਿਆ। ਅਫ਼ਸੋਸਨਾਕ ਪਹਿਲੂ ਹੈ ਕਿ ਮੁੱਖ ਰਾਜਨੀਤਕ ਪਾਰਟੀਆਂ, ਭ੍ਰਿਸ਼ਟ ਸਿਆਸੀ ਆਗੂਆਂ ਨੂੰ ਤ੍ਰਿਸਕਾਰ ਦੀ ਨਜ਼ਰ ਨਾਲ ਦੇਖਣ ਦੀ ਬਜਾਇ ਉਨ੍ਹਾਂ ਨੂੰ ਸਗੋਂ ਨਾਇਕ ਬਣਾ ਕੇ ਪੇਸ਼ ਕਰ ਰਹੀਆਂ ਹਨ। ਜੇ ਕਿਸੇ ਵੀ ਸ਼ਖ਼ਸ ਨੇ ਲੋਕਤੰਤਰ ਰਾਹੀਂ ਤਾਕਤ ਹਥਿਆ ਕੇ ਸੱਤਾ ਦੀ ਦੁਰਵਰਤੋਂ ਕਰਕੇ ਪੰਜਾਬ ਨੂੰ ਲੁੱਟਿਆ ਹੈ, ਤਦ ਉਸ ਨੂੰ ਕਾਨੂੰਨ ਦੇ ਕਟਿਹਰੇ ਵਿਚ ਜ਼ਰੂਰ ਖੜ੍ਹਾ ਕਰਨਾ ਚਾਹੀਦਾ ਹੈ।

# ਕਲਮਾਂ ਦੀ ਪਰਵਾਜ਼...

## ਕਲਾ ਪਰਿਕਰਮਾ



ਪੰਦਰਾਂ ਵਰ੍ਹਿਆਂ ਦੀ ਸੀ ਰਹੀਮਾ ਜਦੋਂ ਉਸ ਦਾ ਸੰਸਾਰ ਸਿਆਹ ਹੋ ਗਿਆ। ਹਰੀਆਂ-ਭੂਰੀਆਂ ਸਨ ਉਸ ਦੀਆਂ ਅੱਖਾਂ। ਚਮਕੀਲੀਆਂ। ਉਸ ਦੇ ਗੋਰੇ ਨਿਛੋਹ ਚਿਹਰੇ ਨੂੰ ਹੋਰ ਵੀ ਖ਼ੂਬਸੂਰਤ ਬਣਾਉਣ ਵਾਲੀਆਂ। ਪਤਾ ਨਹੀਂ ਕੀਹਦੀ ਨਜ਼ਰ ਲੱਗ ਗਈ। ਪਹਿਲਾਂ ਜੋਤੀ ਘਟਣ ਲੱਗੀ, ਫਿਰ ਅੱਖਾਂ ਲਾਲ ਹੋ ਕੇ ਸੁੱਜ ਗਈਆਂ। ਫਿਰ ਡੇਲਿਆਂ ਦੀ ਥਾਂ ਜ਼ਖ਼ਮ ਨਜ਼ਰ ਆਉਣ ਲੱਗੇ। ਮਾਪਿਆਂ ਨੇ ਬੜੇ ਓਹੜ-ਪੋਹੜ ਕੀਤੇ। ਪਹਿਲਾਂ ਹਕੀਮ ਕੋਲ ਗਏ, ਫਿਰ ਫ਼ਕੀਰਾਂ-ਕਲੰਦਰਾਂ ਕੋਲ ਅਤੇ ਫਿਰ ਦਰਗਾਹਾਂ 'ਤੇ ਜਾ ਕੇ ਮੰਨਤਾਂ ਮੰਗੀਆਂ।




**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਜਦੋਂ ਇਹ ਸਾਰੇ ਹੀਲੇ-ਵਸੀਲੇ ਕੰਮ ਨਾ ਆਏ ਤਾਂ ਹੋਣੀ ਨੂੰ ਸਵੀਕਾਰ ਕਰ ਲਿਆ। ਹਾਂ, ਅਲੀ ਨੇ ਇਹ ਹੋਣੀ ਨਹੀਂ ਸਵੀਕਾਰੀ। ਉਹ ਰਹੀਮਾ ਦਾ ਮੌਸੇਰਾ ਭਰਾ ਵੀ ਸੀ ਤੇ ਬਚਪਨ ਦਾ ਦੋਸਤ ਵੀ। ਉਸ ਨੂੰ ਰਹੀਮਾ ਦੇ ਸੰਭਾਵੀ ਲਾੜੇ ਵਜੋਂ ਵੀ ਦੇਖਿਆ ਜਾਂਦਾ ਸੀ। ਉਹ ਇਰਾਨ ਚਲਾ ਗਿਆ, ਇਹ ਵਾਅਦਾ ਕਰ ਕੇ ਕਿ ਇਕ-ਦੋ ਵਰ੍ਹਿਆਂ ਵਿਚ ਅਫ਼ਗਾਨਿਸਤਾਨ ਪਰਤ ਕੇ ਉਹ ਰਹੀਮਾ ਦਾ ਇਲਾਜ ਵੀ ਕਰਵਾਏਗਾ ਤੇ ਉਸ ਨਾਲ ਨਿਕਾਹ ਵੀ ਕਰੇਗਾ। ਅਲੀ ਪੜ੍ਹਿਆ ਲਿਖਿਆ ਨਹੀਂ ਸੀ, ਪਰ ਮਿਹਨਤ-ਮਜ਼ਦੂਰੀ ਚੰਗੀ ਕਰ ਲੈਂਦਾ ਸੀ। ਰਹੀਮਾ ਨੂੰ ਯਕੀਨ ਸੀ ਕਿ ਉਹ ਇਕ-ਦੋ ਵਰ੍ਹਿਆਂ ਵਿਚ ਚੰਗੀ ਕਮਾਈ ਕਰ ਲਏਗਾ।

ਵਰ੍ਹੇ ਗੁਜ਼ਰਦੇ ਗਏ। ਰਹੀਮਾ ਉਡੀਕਦੀ ਰਹੀ। ਅਲੀ ਨਹੀਂ ਆਇਆ। ਰਹੀਮਾ ਦੇ ਮਾਪੇ ਚੱਲ ਵਸੇ। ਘਰ ਦੀ ਵਾਗਡੋਰ ਵੱਡੇ ਭਰਾ ਤੇ ਭਾਬੀ ਹੱਥ ਆ ਗਈ। ਦੋਵੇਂ ਰਹੀਮਾ ਪ੍ਰਤੀ ਮੋਹਵੰਤ ਸਨ, ਭਰਾ ਕੁਝ ਜ਼ਿਆਦਾ। ਰਹੀਮਾ ਵੀ ਮੁਥਾਜਾਂ ਵਾਂਗ ਨਹੀਂ ਸੀ ਜਿਊਣਾ ਚਾਹੁੰਦੀ। ਉਹ ਜੋਤ-ਵਿਹੂਣੀ ਜ਼ਰੂਰ ਸੀ ਪਰ ਹੱਥਾਂ ਨੂੰ ਅੱਖਾਂ ਵਜੋਂ ਵਰਤਣਾ ਉਸ ਨੇ ਖ਼ੂਬ ਸਿੱਖ ਲਿਆ ਸੀ। ਭਾਬੀ ਨੂੰ ਰਸੋਈ ਦਾ ਫ਼ਿਕਰ ਨਹੀਂ ਸੀ ਰਿਹਾ। ਕੀ ਚਾੜ੍ਹਨਾ ਹੈ, ਕੀ ਪਕਾਉਣਾ ਹੈ, ਆਏ ਗਏ ਲਈ ਕੀ ਬਣਾਉਣਾ ਹੈ, ਇਹ ਸਾਰੀ ਜ਼ਿੰਮੇਵਾਰੀ ਰਹੀਮਾ ਦੀ ਸੀ। ਭਾਬੀ ਚਾਹੁੰਦੀ ਸੀ ਰਹੀਮਾ, ਅਲੀ ਬਾਰੇ ਸੋਚਣਾ ਬੰਦ ਕਰ ਦੇਵੇ। ਉਹ ਅਲੀ ਦੀ ਗ਼ੈਰ-ਹਾਜ਼ਰੀ ਨੂੰ ਲੈ ਕੇ ਸ਼ਿਕਵੇ ਅਕਸਰ ਹੀ ਕਰਿਆ ਕਰਦੀ ਸੀ। ਇਸ ਪਿੱਛੇ ਉਸ ਦਾ ਸੁਆਰਥ ਵੀ ਸੀ। ਉਸ ਦਾ ਭਰਾ ਜ਼ਫ਼ਰ ਅਣਵਿਆਹਿਆ ਸੀ। ਬਾਰੂਦੀ ਸੁਰੰਗ ਨੇ ਉਸ ਦੀ ਅੱਧੀ ਲੱਤ ਵੀ ਉਡਾ ਦਿੱਤੀ ਸੀ ਤੇ ਇਕ ਅੱਖ ਵੀ। ਲੱਤ ਤਾਂ ਮਸਨੂਈ ਲੱਗ ਗਈ ਪਰ ਅੱਖ ਕਿੱਥੋਂ ਆਵੇ? ਕੋਈ ਸੁਜਾਖੀ ਉਸ ਨਾਲ ਵਿਆਹ ਲਈ ਤਿਆਰ ਨਹੀਂ ਸੀ। ਭਾਬੀ, ਰਹੀਮਾ ਦਾ ਸਾਕ ਉਸ ਨਾਲ ਕਰਨਾ ਚਾਹੁੰਦੀ ਸੀ। ਰਹੀਮਾ, ਭਾਬੀ ਦੀ ਚਾਹਤ ਨੂੰ ਸਮਝਦੀ ਸੀ। ਉਸ ਦੇ ਮਨ ਵਿਚ ਇਹ ਅੰਦੇਸ਼ਾ ਵੀ ਸੀ ਕਿ ਵਤਨ ਪਰਤਣ ਮਗਰੋਂ ਅਲੀ ਉਸ ਨਾਲ ਵਿਆਹ ਨਹੀਂ ਕਰੇਗਾ। "ਸੋਹਣਾ ਸੁਨੱਖਾ ਸੁਜਾਖ਼ਾ ਨੌਜਵਾਨ ਭਲਾ ਕਿਸੇ ਅੰਨ੍ਹੀ ਨੂੰ ਕਿਉਂ ਪ੍ਰਣਾਏਗਾ?" ਉਹ ਇਸੇ ਸਵਾਲ ਨਾਲ ਮਨ ਹੀ ਮਨ ਵਿਚ ਜੂਝਦੀ ਰਹਿੰਦੀ ਸੀ।

ਜਦੋਂ ਪੰਝੀਆਂ ਦੀ ਹੋਈ ਤਾਂ ਉਸ ਨੇ ਇਸੇ ਤਰਕ ਅੱਗੇ ਗੋਡੇ ਟੇਕ ਦਿੱਤੇ। ਉਸ ਦਾ ਨਿਕਾਹ ਜ਼ਫ਼ਰ ਨਾਲ ਹੋ ਗਿਆ। ਜ਼ਫ਼ਰ ਬੁਰਾ ਇਨਸਾਨ ਨਹੀਂ ਸੀ। ਉਸ ਦੀ ਸੁਖ-ਸਹੂਲਤ ਦਾ ਧਿਆਨ ਰੱਖਣ ਵਾਲਾ ਸੀ। ਫਿਰ ਇਕ ਦਿਨ ਖ਼ਬਰ ਆਈ ਕਿ ਅਲੀ ਵਾਪਸ ਆ ਗਿਆ ਹੈ। ਉਸ ਦਿਨ ਰਹੀਮਾ ਦੀ ਭਤੀਜੀ ਦਾ ਨਿਕਾਹ ਸੀ। ਉਹ ਆਪਣੇ ਪੇਕੇ ਘਰ ਰਸੋਈ ਵਿਚ ਭਾਬੀ ਦਾ ਹੱਥ ਵਟਾ ਰਹੀ ਸੀ ਕਿ ਅਲੀ ਹਾਲ ਕਮਰੇ ਵਿਚ ਦਾਖ਼ਲ ਹੋਇਆ। ਖ਼ਵਾਤੀਨ (ਔਰਤਾਂ) ਨੇ ਉਹਨੂੰ ਝੱਟ ਘੇਰ ਲਿਆ। ਕਿੰਨੀ ਦੇਰ ਉਸ ਨਾਲ ਚੁਹਲਬਾਜ਼ੀ ਚੱਲਦੀ ਰਹੀ। ਫਿਰ ਮੌਕਾ ਤਾੜ ਕੇ ਉਹ ਰਸੋਈ ਵਿਚ ਆ ਵੜਿਆ। ਆਉਂਦਿਆਂ ਹੀ ਉਸ ਨੇ ਬੜੇ ਸਾਰੇ ਪੈਸੇ ਰਹੀਮਾ ਦੀ ਝੋਲੀ ਵਿਚ ਢੇਰ ਕਰ ਦਿੱਤੇ। "ਇਹ ਤੇਰੀਆਂ ਅੱਖਾਂ ਦੇ ਇਲਾਜ ਲਈ ਹਨ, ਮੈਂ ਡਾਕਟਰ ਨਾਲ ਗੱਲ ਕਰ ਲਈ ਹੈ", ਉਹ ਬੋਲਿਆ। ਰਹੀਮਾ ਖ਼ਾਮੋਸ਼ ਰਹੀ, ਫਿਰ ਸਾਰੇ ਪੈਸੇ ਅਲੀ ਦੇ ਹੱਥ ਧਰ ਕੇ ਤੇਜ਼ੀ ਨਾਲ ਰਸੋਈ ਤੋਂ ਬਾਹਰ ਨਿਕਲ ਗਈ। ਘਰ ਪੁੱਜਣ ਤਕ ਉਹ ਕਿਤੇ ਵੀ ਰੁਕੀ ਨਹੀਂ। ਸਾਹ ਲੈਣ ਲਈ ਵੀ ਨਹੀਂ। ਉਸ ਰਾਤ ਦੀਵਾ ਬੁਝਾਉਣ ਮਗਰੋਂ ਉਸ ਨੇ ਆਪਣੇ ਪਤੀ ਨੂੰ ਮਸਨੂਈ ਲੱਤ ਉਤਾਰ ਦੇਣ ਲਈ ਕਿਹਾ।




*ਅਫ਼ਗਾਨ ਮਹਿਲਾ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਸੰਗ੍ਰਹਿ 'ਮਾਈ ਪੈੱਨ ਇੱਜ਼ ਦਿ ਵਿੰਗ ਆਫ ਏ ਬਰਡ' ਦਾ ਮੁਖੜਾ।*

ਦਾਰੀ ਭਾਸ਼ਾ ਦੀ ਲੇਖਿਕਾ ਆਤਿਫ਼ਾ ਮੁਜ਼ੱਫ਼ਰੀ ਦੀ ਇਹ ਮਾਰਮਿਕ ਕਹਾਣੀ ਅਫ਼ਗਾਨ ਮਹਿਲਾ ਕਹਾਣੀਕਾਰਾਂ ਦੀਆਂ ਕਹਾਣੀਆਂ ਦੇ ਸੰਗ੍ਰਹਿ 'ਮਾਈ ਪੈੱਨ ਇੱਜ਼ ਦਿ ਵਿੰਗ ਆਫ ਏ ਬਰਡ' (ਪੰਖੇਰੂ ਦਾ ਪੰਖ ਹੈ ਮੇਰੀ ਕਲਮ) ਦਾ ਹਿੱਸਾ ਹੈ। ਬੜਾ ਜਾਨਦਾਰ ਹੈ ਇਹ ਸੰਗ੍ਰਹਿ। ਇਸ ਵਿਚ ਦਾਰੀ ਤੇ ਪਸ਼ਤੋ ਭਾਸ਼ਾਵਾਂ ਦੀਆਂ ਲੇਖਿਕਾਵਾਂ ਦੀਆਂ 23 ਨਵੀਆਂ ਕਹਾਣੀਆਂ ਸ਼ਾਮਲ ਹਨ। ਉਨ੍ਹਾਂ ਦਾ ਅੰਗਰੇਜ਼ੀ ਅਨੁਵਾਦ ਵੀ ਅਮਰੀਕਾ ਜਾਂ ਯੂਰਪ ਵਿਚ ਕੰਮ ਕਰਦੇ ਅਫ਼ਗਾਨ ਲੇਖਕਾਂ/ਲੇਖਿਕਾਵਾਂ ਨੇ ਕੀਤਾ ਹੈ। ਇਸੇ ਲਈ ਅਨੁਵਾਦ ਵਿਚ ਮਿੱਟੀ ਦੀ ਮਹਿਕ ਮੌਜੂਦ ਹੈ। ਅਫ਼ਗਾਨ ਔਰਤਾਂ ਦੀਆਂ ਨਿੱਤ ਦੀਆਂ ਔਕੜਾਂ, ਨਿੱਤ ਦੀਆਂ ਲਾਚਾਰੀਆਂ, ਨਿੱਤ ਦੀਆਂ ਤ੍ਰਾਸਦੀਆਂ, ਨਿੱਤ ਦੀਆਂ ਕੁਰਬਾਨੀਆਂ ਅਤੇ ਨਾਲ ਹੀ ਨਿੱਤ ਦੀਆਂ ਦਲੇਰੀਆਂ ਤੇ ਨਿੱਤ ਦੀਆਂ ਬਗ਼ਾਵਤਾਂ ਦੀ ਤਸਦੀਕ ਹਨ ਇਹ ਕਹਾਣੀਆਂ। ਬੜਾ ਦਰਦ ਹੈ ਇਨ੍ਹਾਂ ਕਹਾਣੀਆਂ ਵਿਚ। ਪਰ ਜਿੰਨਾ ਦਰਦ ਜਾਂ ਜਿੰਨੀ ਮਾਰਮਿਕਤਾ ਹੈ, ਉਸੇ ਮਿਕਦਾਰ ਵਿਚ ਲਲਕਾਰ ਤੇ ਹੱਕਾਂ ਲਈ ਲੜਨ ਦਾ ਜਜ਼ਬਾ ਵੀ ਮੌਜੂਦ ਹੈ। ਫ਼ਾਤਿਮਾ ਹੈਦਰੀ ਦੀ ਕਹਾਣੀ 'ਸਾਂਝੀ ਜ਼ੁਬਾਨ' ਜਾਂ ਸ਼ਰੀਫ਼ਾ ਪਾਸੂਨ ਦੀ ਰਚਨਾ 'ਲੇਟ ਸ਼ਿਫਟ' ਤਾਲੀਮਯਾਫ਼ਤਾ ਸ਼ਹਿਰੀ ਔਰਤਾਂ ਦੇ ਇਸੇ ਜਜ਼ਬੇ ਦੀ ਤਰਜਮਾਨੀ ਕਰਦੀਆਂ ਹਨ। ਇੰਜ ਹੀ, 'ਡੀ ਫੌਰ ਦਾਊਦ' (ਅਨਾਹਿਤਾ ਗ਼ਰੀਬ ਨਵਾਜ਼) ਅਤੇ 'ਚਾਂਦੀ ਦੀ ਮੁੰਦਰੀ' (ਫ਼ਰਿਸ਼ਤਾ ਗਨੀ) ਦੂਰ-ਦਰਾਜ਼ ਦੇ ਦਿਹਾਤੀ ਇਲਾਕਿਆਂ ਅੰਦਰਲੀ ਬਾਗ਼ੀਆਨਾ ਬਿਰਤੀ ਦੀ ਖ਼ੂਬਸੂਰਤੀ ਨਾਲ ਨੁਮਾਇੰਦਗੀ ਕਰਦੀਆਂ ਹਨ। ਮਰੀਅਮ ਮਹਿਬੂਬ ਦੀ ਕਹਾਣੀ 'ਹਮਦਮ', ਜੋ ਇਸ ਸੰਗ੍ਰਹਿ ਦੀ ਪਹਿਲੀ ਰਚਨਾ ਹੈ, ਇਕ ਅਜਿਹੀ ਵਿਧਵਾ ਦੀ ਵਿਅਥਾ-ਕਥਾ ਹੈ ਜਿਸ ਦੇ ਪਰਿਵਾਰ ਦੇ ਸਾਰੇ ਜੀਅ ਵਿਦੇਸ਼ੀ ਮੁਲਕਾਂ ਵਿਚ ਹਨ। ਉਨ੍ਹਾਂ ਨਾਲ ਉਸ ਦਾ ਰਾਬਤਾ ਸਿਰਫ਼ ਇੰਟਰਨੈੱਟ ਦੇ ਜ਼ਰੀਏ ਹੈ ਪਰ ਜਦੋਂ ਇਕੱਲ ਉਸ ਉਪਰ ਹਾਵੀ ਹੋ ਜਾਂਦੀ ਹੈ ਤਾਂ ਉਹ ਡਿਪ੍ਰੈਸ਼ਨ ਅੱਗੇ ਗੋਡੇ ਨਹੀਂ ਟੇਕਦੀ। ਇਸ ਨੂੰ ਪਛਾੜਨ ਦਾ ਹੀਲਾ-ਵਸੀਲਾ ਖ਼ੁਦ ਹੀ ਲੱਭ ਲੈਂਦੀ ਹੈ, ਉਹ ਵੀ ਸਰਲ ਜਹੀ ਮਨੋਵਿਗਿਆਨਕ ਵਿਧੀ ਨਾਲ। ਸੰਗ੍ਰਹਿ ਦਾ ਖ਼ਾਸੂਸੀ ਪੱਖ ਇਹ ਹੈ ਕਿ ਕਿਸੇ ਵੀ ਕਹਾਣੀ 'ਚ ਉਲਾਰ ਨਹੀਂ; ਹਰ ਕਹਾਣੀ ਵਿਚ ਯਥਾਰਥ ਹੈ। ਨਿੱਤ ਦੀ ਜ਼ਿੰਦਗੀ ਵਾਲਾ ਯਥਾਰਥ।




*ਇਕ ਸਕੂਲ ਵਿਚ ਪੜ੍ਹ ਰਹੀਆਂ ਅਫਗਾਨ ਕੁੜੀਆਂ।*

ਇਹ ਸੰਗ੍ਰਹਿ ਉਤਪੀੜਤ ਸਮਾਜਾਂ ਦੀਆਂ ਲੇਖਿਕਾਵਾਂ ਨੂੰ ਮੰਚ ਬਖ਼ਸ਼ਣ ਦਾ ਕੰਮ ਕਰ ਰਹੀ ਸੰਸਥਾ 'ਅਨਟੋਲਡ' ਦੇ ਉੱਦਮ ਸਦਕਾ ਵਜੂਦ ਵਿਚ ਆਇਆ ਹੈ। ਇਸ ਨੂੰ ਪੜ੍ਹ ਕੇ ਇਹ ਹਕੀਕਤ ਸਮਝ ਆ ਜਾਂਦੀ ਹੈ ਕਿ ਤਾਲਿਬਾਨ ਹਕੂਮਤ ਵੱਲੋਂ ਲਾਈਆਂ ਬੰਦਸ਼ਾਂ ਤੇ ਸਖ਼ਤਾਈ ਦੀ ਅਵੱਗਿਆ ਕਰ ਕੇ ਜੇਕਰ ਕਾਬੁਲ, ਕੁੰਦੂਜ਼ ਤੇ ਕੰਧਾਰ ਵਿਚ ਔਰਤਾਂ ਵੱਲੋਂ ਆਪਣੇ ਘਰਾਂ ਦੇ ਅੰਦਰ ਔਰਤਾਂ ਲਈ ਉੱਚ ਸਿੱਖਿਆ ਦੇ ਸਕੂਲ ਚਲਾਏ ਜਾ ਰਹੇ ਹਨ ਤਾਂ ਉਹ ਕਿਸ ਜੁਝਾਰੂ ਬਿਰਤੀ ਦਾ ਨਤੀਜਾ ਹਨ। ਇਸ ਕਿਸਮ ਦੀ ਦਲੇਰੀ ਤੇ ਆਦਰਸ਼ਵਾਦ, ਸੱਚਮੁੱਚ ਹੀ, ਸਲਾਮ ਦੇ ਹੱਕਦਾਰ ਹਨ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 10 ਸਤੰਬਰ 2022 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-550



**ਬੁੱਤਸਾਜ਼ ਨੇ ਕੋਰ ਕੋਰ, ਕ੍ਰਿਸ਼ਮਾ ਕਰ ਦਿਖਾ ਦਿੱਤਾ**
**ਬੁੱਢ ਪੁਰਾਣੇ ਮੁੱਢ ਵਿਚੋਂ, ਰਿਸ਼ੀ ਜਿਹਾ ਬਣਾ ਦਿੱਤਾ।**
**ਜਾਪੇ ਦੁੱਖਾਂ ਦਾ ਭੰਨਿਆ, ਕਦੇ ਅੱਤ ਗੰਭੀਰ ਦਿਸੇ,**
**ਡੂੰਘੀ ਸੋਚੀਂ ਡੁੱਬਿਆ ਜੋ, ਹਾਰ ਹੰਭ ਅਖੀਰ ਦਿਸੇ**
**ਦੁਨੀਆਂ 'ਚੋਂ ਕੀ ਖੱਟਿਐ, ਕਰਦਾ ਪਿਆ ਹਿਸਾਬ।**
**ਖੁਦਗਰਜ਼ ਰਿਸ਼ਤੇ ਨਾਤੇ, ਹੈ ਸਭ ਤੋਂ ਖਰਾ ਜਵਾਬ।**

## ਕੈਪਸ਼ਨ ਮੁਕਾਬਲਾ-548



ਤਨ ਨੰਗੇ ਢਿੱਡ ਭੁੱਖੇ ਜਿੱਥੇ
ਬਚਪਨ ਭੈੜੀ ਜੂਨ ਹੰਢਾਵੇ।
ਸ਼ਰਮ ਨਾ ਆਵੇ ਰਹਿਬਰ ਤਾਈਂ
ਫਿਰ ਵੀ 'ਭਾਰਤ-ਮਹਾਨ' ਕਹਾਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਰੋਟੀ, ਕੱਪੜਾ ਅਤੇ ਮਕਾਨ,
ਜੇ ਕਿਤੇ ਸਭ ਦੇ ਆਪਣੇ ਹੋ ਜਾਣ।
ਹਰ ਇਕ ਦਾ ਹੋਵੇ ਆਪਣਾ ਧੰਦਾ,
ਕਿਸੇ ਮੂਹਰੇ ਹੱਥ ਅੱਡੇ ਨਾ ਬੰਦਾ।
ਢਿੱਡੋਂ ਭੁੱਖਾ, ਨੰਗਾ ਬਚਪਨ ਪੁਕਾਰੇ,
ਫੇਰ ਹੋਣੇ ਲੋਕਾਂ ਦੇ ਵਾਰੇ ਨਿਆਰੇ।
***-ਗੁਰਦੇਵ ਸਿੰਘ ਢਪਾਲੀ***
***ਫੋਨ: 94176-49275***

---

ਬੱਲੇ ਨੀਂ ਅਜ਼ਾਦੀਏ!
ਤੂੰ ਚੀਜ਼ ਹੈਂ ਕਮਾਲ ਦੀ
ਗੱਲ ਬੜੀ ਅਨੋਖੀ ਹੈ,
ਤੇਰੇ ਅੰਮ੍ਰਿਤ ਕਾਲ ਦੀ
ਕੁੱਲੀ, ਜੁੱਲੀ, ਗੁੱਲੀ ਦਾ,
ਨਾ ਹੱਲ ਕੋਈ ਭਾਲਦੀ,
ਗਰੀਬਾਂ ਨੂੰ ਉਜਾੜੇਂ,
ਤੂੰ ਅਮੀਰਾਂ ਨੂੰ ਸੰਭਾਲਦੀ।
-ਸੇਵਾ ਸਿੰਘ ਨੂਰਪੁਰੀ

---


ਸਮਾਜ 'ਚ ਰਹੀਆਂ
ਹਮੇਸ਼ਾ ਦੋ ਜਮਾਤਾਂ
ਇਕ ਲੁੱਟਣ ਵਾਲੀ
ਦੂਜੀ ਲੁੱਟੀ ਜਾਂਦੀ
ਇਕ ਪਾਸੇ ਮੁਨਾਫਾ
ਦੂਜੇ ਪਾਸੇ ਗਰੀਬੀ
ਅਮੀਰ ਹਮੇਸ਼ਾ ਗੁਲਸ਼ਰੇ ਉਡਾਵੇ
ਕੁੱਤਿਆਂ ਬਿੱਲਿਆਂ ਨੂੰ ਵੀ
ਦੁੱਧ ਪਿਲਾਵੇ
ਦੂਜਾ ਪਾਸਾ ਵਿਰਵਾ ਸਹੂਲਤਾਂ ਤੋਂ
ਮਹਿਲ, ਮੰਦਰ ਘਰ ਬਣਾਵੇ
ਖ਼ੁਦ ਕੁੱਲੀਆਂ 'ਚ ਢਿੱਡੋਂ ਭੁੱਖੇ
ਕੋਈ ਵੀ ਰੁੱਤ ਆਵੇ
ਨਹੀਂ ਦਿਸਦਾ ਬਦਲਾਅ ਕਦੇ
ਨਹੀਂ ਆਉਂਦੀ ਬਹਾਰ
ਹਮੇਸ਼ਾ ਸੋਕਾ ਹੀ ਸੋਕਾ।
***-ਦਰਸ਼ਨ ਪਾਲ ਦੋਸਾਂਝ***

*Visit us on the web:* ***www.punjabtimesusa.com***

# ਬਿਜਲੀ ਸੋਧ ਬਿਲ ਅਤੇ ਰਾਜਾਂ ਦੇ ਹੱਕ

ਵਿਰੋਧੀ ਪਾਰਟੀਆਂ, ਕਿਸਾਨ ਜਥੇਬੰਦੀਆਂ ਅਤੇ ਟਰੇਡ ਯੂਨੀਅਨ ਦੀ ਆਵਾਜ਼ ਨੂੰ ਅਣਗੌਲਿਆ ਕਰਕੇ ਕੇਂਦਰ ਸਰਕਾਰ ਨੇ 8 ਅਗਸਤ ਨੂੰ ਬਿਜਲੀ ਸੋਧ ਬਿਲ-2022 ਲੋਕ ਸਭਾ ਵਿਚ ਪੇਸ਼ ਕਰ ਦਿੱਤਾ। ਇਸ ਬਿਲ ਦਾ ਪੰਜਾਬ, ਤਾਮਿਲਨਾਡੂ, ਤਿਲੰਗਾਨਾ, ਕੇਰਲ, ਰਾਜਸਥਾਨ ਅਤੇ ਕਈ ਹੋਰ ਰਾਜਾਂ ਵਿਚ ਤਿੱਖਾ ਵਿਰੋਧ ਹੋ ਰਿਹਾ ਹੈ ਪਰ ਸਰਕਾਰ ਨੇ ਬਿਲ ਦੇ ਵਿਰੋਧ ਵਿਚ ਤਰਕ ਸੁਣਨ ਦੀ ਬਜਾਇ ਇਸ ਨੂੰ ਪਾਰਲੀਮੈਂਟ ਦੀ ਸਟੈਂਡਿੰਗ ਕਮੇਟੀ ਕੋਲ ਭੇਜ ਦਿੱਤਾ ਹੈ।

ਬਿਜਲੀ ਸੈਕਟਰ ਦੇ ਪਿਛੋਕੜ ਵੱਲ ਝਾਤ ਮਾਰਨ ਤੋਂ ਪਤਾ ਲੱਗਦਾ ਹੈ ਕਿ ਦੇਸ਼ ਦੀ ਆਜ਼ਾਦੀ ਤੋਂ ਤੁਰੰਤ ਬਾਅਦ ਬਿਜਲੀ ਐਕਟ-1948 ਬਣਾਇਆ ਗਿਆ ਜਿਸ ਅਧੀਨ ਰਾਜਾਂ ਵਿਚ ਬਿਜਲੀ ਬੋਰਡ ਬਣਾਏ। ਹੋਰ ਸਰਕਾਰੀ ਖੇਤਰਾਂ ਵਾਂਗ ਬਿਜਲੀ ਦਾ ਮੁੱਖ ਉਦੇਸ਼ ਵੀ ਲੋਕ ਭਲਾਈ ਸੀ, ਲਾਭ



**ਡਾ. ਸੁਖਪਾਲ ਸਿੰਘ**
ਫੋਨ: +91-98760-63523

ਕਮਾਉਣਾ ਨਹੀਂ। ਵਾਜਪਾਈ ਸਰਕਾਰ ਨੇ ਬਿਜਲੀ ਐਕਟ-2003 ਬਣਾਇਆ। ਇਸ ਦਾ ਦੱਸਿਆ ਗਿਆ ਮੰਤਵ ਬਿਜਲੀ ਦਾ ਉਤਪਾਦਨ, ਟਰਾਂਸਮਿਸ਼ਨ, ਵੰਡ, ਵਪਾਰ ਅਤੇ ਵਰਤੋਂ ਸਬੰਧੀ ਕਾਨੂੰਨਾਂ ਨੂੰ ਇਕੱਠਾ ਕਰਨਾ ਸੀ। ਇਸ ਤੋਂ ਇਲਾਵਾ ਇਸ ਐਕਟ ਦਾ ਉਦੇਸ਼ ਖਪਤਕਾਰਾਂ ਦੇ ਹਿਤਾਂ ਦੀ ਰਾਖੀ, ਸਭ ਖੇਤਰਾਂ ਵਿਚ ਬਿਜਲੀ ਦੀ ਪੂਰਤੀ, ਬਿਜਲੀ ਟੈਰਿਫ ਦੀ ਇਕਸਾਰਤਾ ਅਤੇ ਖਪਤਕਾਰਾਂ ਨੂੰ ਸਬਸਿਡੀਆਂ ਅਤੇ ਹੋਰ ਸਹੂਲਤਾਂ ਸਬੰਧੀ ਸਪੱਸ਼ਟ ਨੀਤੀਆਂ ਤਿਆਰ ਕਰਨਾ ਸੀ। ਅਸਲ ਵਿਚ ਇਸ ਕਾਨੂੰਨ ਤਹਿਤ ਬਿਜਲੀ ਦੇ ਉਤਪਾਦਨ ਲਈ ਕੰਪਨੀਆਂ ਨੂੰ ਲਾਇਸੈਂਸ ਲੈਣ ਦੀ ਲੋੜ ਨੂੰ ਹਟਾ ਦਿੱਤਾ ਗਿਆ। ਇਸ ਨਾਲ ਪ੍ਰਾਈਵੇਟ ਕੰਪਨੀਆਂ ਨੇ ਬਿਜਲੀ ਉਤਪਾਦਨ ਦੇ ਖੇਤਰ ਵਿਚ ਕਾਫੀ ਨਿਵੇਸ਼ ਕੀਤਾ। ਇਸ ਤੋਂ ਬਾਅਦ 2007 ਵਿਚ ਯੂਪੀਏ ਸਰਕਾਰ ਨੇ ਖੱਬੇ ਪੱਖੀ ਪਾਰਟੀਆਂ ਦੇ ਦਬਾਓ ਕਰਕੇ ਇਸ ਬਿਲ ਵਿਚ 'ਕਰਾਸ ਸਬਸਿਡੀ' (ਗਰੀਬ ਵਰਗਾਂ ਨੂੰ ਰਾਹਤ) ਦੇਣਾ ਸ਼ਾਮਲ ਕਰ ਲਿਆ। ਭਾਜਪਾ ਸਰਕਾਰ ਨੇ ਆਪਣੇ ਪਹਿਲੇ ਕਾਰਜਕਾਲ (2014-19) ਵਿਚ ਬਿਜਲੀ ਐਕਟ-2003 ਵਿਚ ਸੋਧ ਕਰਨ ਲਈ ਲਗਭਗ ਹਰ ਸਾਲ ਕੋਸ਼ਿਸ਼ ਕੀਤੀ। ਬਿਜਲੀ ਬਿਲ-2014 ਤਾਂ ਸਟੈਂਡਿੰਗ ਕਮੇਟੀ ਨੇ ਪਾਸ ਵੀ ਕਰ ਦਿੱਤਾ ਸੀ ਪਰ ਇਹ ਵੀ ਸੰਸਦ ਵਿਚ ਪਾਸ ਨਹੀਂ ਕੀਤਾ ਗਿਆ ਕਿਉਂਕਿ ਕੇਂਦਰ ਸਰਕਾਰ ਇਸ ਨੂੰ ਹੋਰ ਸੋਧਣਾ ਚਾਹੁੰਦੀ ਸੀ। ਇਸ ਤੋਂ ਬਾਅਦ ਦੇ ਬਿਲ ਤਾਂ ਪਾਰਲੀਮੈਂਟ ਵਿਚ ਵੀ ਨਹੀਂ ਪਹੁੰਚੇ ਕਿਉਂਕਿ ਕੇਂਦਰ ਸਰਕਾਰ ਵਿਰੋਧੀ ਧਿਰਾਂ, ਰਾਜ ਸਰਕਾਰਾਂ ਅਤੇ ਵੱਖ ਵੱਖ ਵਰਗਾਂ ਦੇ ਮੁੱਢਲੇ ਮਤ ਨਾਲ ਸਹਿਮਤ ਨਹੀਂ ਸੀ। ਭਾਜਪਾ ਸਰਕਾਰ ਨੇ ਆਪਣੇ ਦੂਜੇ ਕਾਰਜਕਾਲ (2019-24) ਦੇ ਸ਼ੁਰੂ ਵਿਚ ਹੀ ਬਿਜਲੀ ਸੋਧ ਬਿਲ ਲਿਆਉਣ ਦੀ ਕੋਸ਼ਿਸ਼ ਕੀਤੀ ਪਰ ਕਿਸਾਨ ਅੰਦੋਲਨ ਕਰਕੇ ਇਹ ਬਿਲ ਨੂੰ ਰੋਕਣਾ ਪਿਆ। ਆਖਿਰ ਪ੍ਰਾਈਵੇਟ ਕੰਪਨੀਆਂ ਦੇ ਦਬਾਓ ਕਰਕੇ ਸਰਕਾਰ ਫਿਰ ਬਿਜਲੀ ਸੋਧ ਬਿਲ-2022 ਪਾਸ ਕਰਨ ਵੱਲ ਕੇਂਦਰਤ ਹੋ ਗਈ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਮੌਜੂਦਾ ਬਿਲ ਦਾ ਵਿਰੋਧ ਕਿਉਂ ਹੋ ਰਿਹਾ ਹੈ? ਸਰਕਾਰ ਦਾ ਤਰਕ ਹੈ ਕਿ ਬਿਜਲੀ ਦਾ ਨਿੱਜੀਕਰਨ ਬਿਜਲੀ ਘਾਟੇ ਦੀ ਘਟਾਏਗਾ ਅਤੇ ਸਰਕਾਰੀ ਖੇਤਰ ਨਾਲ ਮੁਕਾਬਲਾ ਕਰਕੇ ਬਿਜਲੀ ਦੀ ਕੁਸ਼ਲਤਾ ਨੂੰ ਵੀ ਵਧਾਏਗਾ। ਇਸ ਨਾਲ ਲੋਕਾਂ ਨੂੰ ਸਸਤੀ ਅਤੇ ਨਿਰਵਿਘਨ ਬਿਜਲੀ ਸਪਲਾਈ ਮਿਲੇਗੀ ਪਰ ਇਹ ਤਰਕ ਪਰਖ ਦੀ ਕਸਵੱਟੀ ਉਤੇ ਪੂਰਾ ਨਹੀਂ ਉਤਰਿਆ। ਮੁੰਬਈ, ਕੋਲਕਾਤਾ, ਅਹਿਮਦਾਬਾਦ ਅਤੇ ਉੜੀਸਾ ਵਿਚ ਬਿਜਲੀ ਨਿੱਜੀ ਹੱਥਾਂ ਵਿਚ ਹੈ ਪਰ ਉਥੇ ਬਿਜਲੀ ਘਾਟੇ ਵੀ ਵੱਧ ਹਨ ਅਤੇ ਬਿਜਲੀ ਦਰਾਂ ਵੀ ਮਹਿੰਗੀਆਂ ਹਨ। ਇਸ ਬਿਲ ਦਾ ਸਭ ਤੋਂ ਵੱਡਾ ਵਿਰੋਧ ਕਿਸਾਨ ਕਰ ਰਹੇ ਹਨ ਕਿਉਂਕਿ ਇਹ ਕਾਨੂੰਨ ਸਰਕਾਰ ਕਿਸਾਨਾਂ ਨਾਲ ਕੀਤੇ ਵਾਅਦੇ ਦੇ ਉਲਟ ਬਿਨਾ ਵਿਚਾਰ-ਵਟਾਂਦਰਾ ਹੀ ਲਿਆ ਰਹੀ ਹੈ। ਇਸ ਕਾਨੂੰਨ ਨਾਲ ਬਿਜਲੀ ਵੰਡ ਦਾ ਕੰਮ ਪ੍ਰਾਈਵੇਟ ਕੰਪਨੀਆਂ ਕੋਲ ਚਲਾ ਜਾਵੇਗਾ ਜਿਸ ਨਾਲ ਖੇਤੀ ਸੈਕਟਰ ਨੂੰ ਬਿਜਲੀ ਸਬਸਿਡੀ ਬੰਦ ਹੋ ਜਾਵੇਗੀ। ਸੰਸਾਰੀਕਰਨ ਦੀਆਂ ਨੀਤੀਆਂ ਨੇ ਖੇਤੀ ਸੈਕਟਰ ਨੂੰ ਘੋਰ ਸੰਕਟ ਵੱਲ ਧੱਕ ਦਿੱਤਾ ਜਿਸ ਕਰਕੇ ਕਿਸਾਨ ਖੁਦਕੁਸ਼ੀਆਂ ਦਾ ਦੌਰ ਸ਼ੁਰੂ ਹੋਇਆ। ਪੰਜਾਬ ਸਰਕਾਰ ਨੇ 1997 ਵਿਚ ਖੇਤੀ ਨੂੰ ਬਿਜਲੀ ਸਬਸਿਡੀ ਦੇਣੀ ਸ਼ੁਰੂ ਕੀਤੀ ਅਤੇ 2021 ਵਿਚ ਪੰਜਾਬ ਦੀ ਖੇਤੀ ਤੇ ਜਾਤੀ ਆਧਾਰਿਤ ਗਰੀਬ ਵਰਗ ਨੂੰ 10.4 ਹਜ਼ਾਰ ਕਰੋੜ ਰੁਪਏ ਦੀ ਬਿਜਲੀ ਸਬਸਿਡੀ ਦਿੱਤੀ ਗਈ। ਇਸੇ ਤਰ੍ਹਾਂ ਕਈ ਹੋਰ ਰਾਜਾਂ ਵਿਚ ਵੀ ਲੋੜਵੰਦ ਵਰਗਾਂ ਨੂੰ ਬਿਜਲੀ ਸਬਸਿਡੀ ਮੁਹੱਈਆ ਕੀਤੀ ਜਾਂਦੀ ਹੈ।

ਉਧਰ, ਬਿਜਲੀ ਸੈਕਟਰ ਦੇ ਮੁਲਾਜ਼ਮਾਂ ਦਾ ਮੱਤ ਹੈ ਕਿ ਨਿੱਜੀਕਰਨ ਨਾਲ ਰੁਜ਼ਗਾਰ ਦਾ ਖਾਤਮਾ ਹੋ ਜਾਵੇਗਾ; ਮਸਲਨ, ਨਵੀਂ ਮੀਟਰ ਪ੍ਰਣਾਲੀ ਨਾਲ ਮੀਟਰ ਰੀਡਰ, ਲੈਜ਼ਰ ਕਲਰਕ, ਬਿਲ ਵੰਡਕ ਅਤੇ



ਖਜ਼ਾਨਚੀ ਦੀਆਂ ਅਸਾਮੀਆਂ ਦੀ ਜ਼ਰੂਰਤ ਨਹੀਂ ਹੋਵੇਗੀ। ਮਨੁੱਖੀ ਰੁਜ਼ਗਾਰ ਖਤਮ ਕਰਕੇ ਬਚਾਇਆ ਪੈਸਾ ਪ੍ਰਾਈਵੇਟ ਕੰਪਨੀਆਂ ਦੇ ਮੁਨਾਫੇ ਵਿਚ ਵਾਧਾ ਕਰੇਗਾ। ਗੈਰ-ਭਾਜਪਾ ਰਾਜ ਸਰਕਾਰਾਂ ਅਤੇ ਵਿਰੋਧੀ ਪਾਰਟੀਆਂ ਇਸ ਬਿਲ ਦਾ ਵਿਰੋਧ ਸੰਘਵਾਦ (ਫੈਡਰਲਿਜ਼ਮ) ਖਿਲਾਫ ਹੋਣ ਕਰਕੇ ਕਰਦੀਆਂ ਹਨ। ਉਨ੍ਹਾਂ ਅਨੁਸਾਰ ਸੰਵਿਧਾਨ ਦੇ ਸੱਤਵੇਂ ਸ਼ਡਿਊਲ ਦੀ ਸੂਚੀ- (ਸਮਵਰਤੀ) ਆਈਟਮ 38 ਅਨੁਸਾਰ ਬਿਜਲੀ ਨਾਲ ਸਬੰਧਿਤ ਕਾਨੂੰਨ ਕੇਂਦਰ ਅਤੇ ਰਾਜ ਸਰਕਾਰਾਂ ਬਣਾ ਸਕਦੀਆਂ ਹਨ ਪਰ ਮੌਜੂਦਾ ਬਿਲ ਵਿਚ ਰਾਜ ਸਰਕਾਰਾਂ ਦੇ ਮੱਤ ਨੂੰ ਅਣਗੌਲਿਆ ਕੀਤਾ ਗਿਆ ਜੋ ਸੰਵਿਧਾਨ ਦੀ ਮਰਯਾਦਾ ਅਨੁਸਾਰ ਨਹੀਂ। ਅਸਲ ਵਿਚ ਬਿਜਲੀ ਸੈਕਟਰ ਵਿਚ ਕੇਂਦਰ ਸਰਕਾਰ ਅਤੇ ਪ੍ਰਾਈਵੇਟ ਕੰਪਨੀਆਂ ਦਾ ਗਲਬਾ ਰਾਜ ਸਰਕਾਰਾਂ ਦੀ ਲੋਕਾਂ ਨੂੰ ਬਿਜਲੀ ਸਪਲਾਈ ਕਰਨ ਦੀ ਮੁੱਢਲੀ ਜ਼ਿੰਮੇਵਾਰੀ ਨਿਭਾਉਣ ਤੋਂ ਅਸਮਰੱਥ ਕਰ ਦੇਵੇਗਾ।

ਬਿਜਲੀ ਸੈਕਟਰ ਦੇ ਤਿੰਨ ਮੁੱਖ ਖੇਤਰ- ਬਿਜਲੀ ਦਾ ਉਤਪਾਦਨ, ਟਰਾਂਸਮਿਸ਼ਨ (ਇਕ ਥਾਂ ਤੋਂ ਦੂਜੀ ਥਾਂ ਭੇਜਣਾ) ਅਤੇ ਵੰਡ (ਖਪਤਕਾਰਾਂ ਨੂੰ ਬਿਜਲੀ ਸਪਲਾਈ ਕਰਨਾ) ਹਨ। ਬਿਜਲੀ ਸੋਧ ਬਿਲ-2022 ਵਿਚ ਕਈ ਨਵੇਂ ਪ੍ਰਸਤਾਵ ਹਨ। ਸਭ ਤੋਂ ਵੱਡਾ ਪ੍ਰਸਤਾਵ ਇਹ ਹੈ ਕਿ ਜਿੱਥੇ ਬਿਜਲੀ ਵੰਡ ਦਾ ਖੇਤਰ ਰਾਜ ਸਰਕਾਰ ਕੋਲ ਸੀ, ਹੁਣ ਇਸ ਦਾ ਨਿੱਜੀਕਰਨ ਕੀਤਾ ਜਾਵੇਗਾ। ਨਵੇਂ ਬਿਜਲੀ ਬਿਲ ਦੀ ਧਾਰਾ-5 ਮੁੱਢਲੇ ਐਕਟ (ਬਿਜਲੀ ਕਾਨੂੰਨ-2003) ਦੇ ਸੈਕਸ਼ਨ 14 ਨੂੰ ਤਬਦੀਲ ਕਰਦਾ ਹੈ। ਇਹ ਸੈਕਸ਼ਨ ਬਿਜਲੀ ਵੰਡ ਦੇ ਮਾਪਦੰਡ ਤੈਅ ਕਰਦਾ ਹੈ ਜੋ ਕੇਂਦਰ ਸਰਕਾਰ ਨੂੰ ਦਿਸ਼ਾ-ਨਿਰਦੇਸ਼ ਬਣਾਉਣ ਦੀਆਂ ਸ਼ਕਤੀਆਂ ਦਿੰਦਾ ਹੈ। ਬਿਲ ਦੀ ਧਾਰਾ-11 ਮੁੱਢਲੇ ਐਕਟ ਦੇ ਸੈਕਸ਼ਨ 42 ਵਿਚ ਸੋਧ ਕਰਦੀ ਹੈ ਤਾਂ ਕਿ ਵੰਡ ਨੈੱਟਵਰਕ ਦੀ 'ਪੱਖਪਾਤ ਰਹਿਤ ਖੁੱਲ੍ਹੀ ਪਹੁੰਚ' (-) ਨੂੰ ਲਾਗੂ ਕੀਤੀ ਜਾ ਸਕੇ। ਬਿਲ ਦੀ ਧਾਰਾ 13 ਮੁੱਢਲੇ ਐਕਟ ਦੇ ਸੈਕਸ਼ਨ 60 ਦੀ ਸੋਧ ਕਰਦੀ ਹੈ ਜਿਹੜੀ ਇਕੋ ਏਰੀਏ ਵਿਚ ਬਿਜਲੀ ਪੂਰਤੀ ਲਈ ਕਈ ਵੰਡ ਲਾਈਸੈਂਸ ਧਾਰਕਾਂ ਨੂੰ ਕਰਾਸ ਸਬਸਿਡੀ ਅਤੇ ਬਿਜਲੀ ਦੀ ਖਰੀਦ ਦੇ ਪ੍ਰਬੰਧਨ ਦੇ ਯੋਗ ਬਣਾਉਂਦੀ ਹੈ। ਅਸਲ ਵਿਚ ਟੈਲੀਕਾਮ ਸੈਕਟਰ ਵਾਂਗ ਬਿਜਲੀ ਸੈਕਟਰ ਵਿਚ ਵੀ ਪ੍ਰਾਈਵੇਟ ਕੰਪਨੀਆਂ ਸਰਕਾਰੀ ਨੈੱਟਵਰਕ ਦੀ ਵਰਤੋਂ ਕਰਨਗੀਆਂ। ਇਸੇ ਤਰ੍ਹਾਂ ਬਿਲ ਦੀਆਂ ਧਾਰਾਵਾਂ 12, 15 ਅਤੇ 23 ਮੁੱਢਲੇ ਐਕਟ ਦੇ ਸੈਕਸ਼ਨ 59, 62 ਅਤੇ 86 ਰਾਹੀਂ ਕਾਨੂੰਨ ਦੀ ਸੋਧ ਕਰਕੇ ਕੇਂਦਰ ਸਰਕਾਰ ਨੂੰ ਵੱਧ ਸ਼ਕਤੀਆਂ ਦੇਣ ਨਾਲ ਬਿਜਲੀ ਸੈਕਟਰ ਨੂੰ ਨਿੱਜੀਕਰਨ ਵੱਲ ਤੋਰਨਗੀਆਂ।

ਨੋਟ ਕਰਨ ਵਾਲੀ ਗੱਲ ਇਹ ਹੈ ਕਿ ਸਰਕਾਰ ਬਿਲ/ਕਾਨੂੰਨ ਬਾਅਦ ਵਿਚ ਲੈ ਕੇ ਆਉਂਦੀ ਹੈ, ਉਨ੍ਹਾਂ ਲਈ ਤਿਆਰੀ ਪਹਿਲਾਂ ਹੀ ਕੀਤੀ ਹੁੰਦੀ ਹੈ। ਬਿਜਲੀ ਕਾਨੂੰਨ-2003 ਰਾਹੀਂ ਕੇਂਦਰ ਸਰਕਾਰ ਨੇ ਬਿਜਲੀ ਦਾ ਉਤਪਾਦਨ ਕਰਨ ਲਈ ਪ੍ਰਾਈਵੇਟ ਕੰਪਨੀਆਂ ਨੂੰ ਖੁੱਲ੍ਹ ਦੇ ਦਿੱਤੀ ਸੀ। ਇਸੇ ਕਰਕੇ ਅੱਜ ਲਗਭਗ ਅੱਧੀ ਬਿਜਲੀ ਦਾ ਉਤਪਾਦਨ ਪ੍ਰਾਈਵੇਟ ਕੰਪਨੀਆਂ ਹੀ ਕਰ ਰਹੀਆਂ ਹਨ। ਬਿਜਲੀ ਟਰਾਂਸਮਿਸ਼ਨ ਦਾ ਕੰਮ ਕੌਮੀ ਅਤੇ ਰਾਜਸੀ ਪੱਧਰ 'ਤੇ ਸਰਕਾਰੀ ਕੰਪਨੀਆਂ ਕਰਦੀਆਂ ਹਨ। ਬਿਜਲੀ ਵੰਡ ਦਾ ਕੰਮ ਰਾਜਸੀ ਕੰਪਨੀਆਂ ਕਰਦੀਆਂ ਹਨ। ਬਿਜਲੀ ਵੰਡ ਦੇ ਕੰਮ ਦਾ 95% ਅਜੇ ਵੀ ਸਰਕਾਰੀ ਕੰਪਨੀਆਂ ਕੋਲ ਹੈ ਜੋ ਨਵੇਂ ਕਾਨੂੰਨ ਰਾਹੀਂ ਪ੍ਰਾਈਵੇਟ ਕੰਪਨੀਆਂ ਦੇ ਹਵਾਲੇ ਕੀਤਾ ਜਾ ਰਿਹਾ ਹੈ। ਨਿੱਜੀਕਰਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਅਤੇ ਸਬਸਿਡੀਆਂ ਬੰਦ ਕਰਨ ਲਈ 'ਸਿੱਧਾ ਲਾਭ ਟਰਾਂਸਫਰ' (ਡੀਬੀਟੀ) ਵਿਧੀ ਲਾਗੂ ਕੀਤੀ ਜਾ ਰਹੀ ਹੈ ਜਿਸ ਲਈ ਬਿਜਲੀ ਦੇ ਢਾਂਚੇ ਵਿਚ ਤਬਦੀਲੀ ਕੀਤੀ ਜਾ ਰਹੀ ਹੈ। ਮਿਸਾਲ ਵਜੋਂ ਮਕੈਨੀਕਲ ਮੀਟਰ ਬਦਲ ਕੇ ਇਲੈਕਟ੍ਰੌਨਿਕ ਮੀਟਰ ਲਗਾਏ ਗਏ ਅਤੇ ਹੁਣ ਸਮਾਰਟ ਮੀਟਰ ਲਗਾਏ ਜਾ ਰਹੇ ਹਨ। ਇਨ੍ਹਾਂ ਦਾ ਖਰਚਾ ਖਪਤਕਾਰਾਂ ਤੋਂ ਵਸੂਲਿਆ ਜਾ ਰਿਹਾ ਹੈ। ਇਸ ਨਵੀਂ ਪ੍ਰਥਾ ਦੀ ਵਰਤੋਂ ਡੀਬੀਟੀ ਵਿਧੀ ਰਾਹੀਂ ਸਬਸਿਡੀ ਬੰਦ ਕਰਨ ਲਈ ਕੀਤੀ ਜਾਵੇਗੀ ਕਿਉਂਕਿ ਇਸ ਪ੍ਰਣਾਲੀ ਰਾਹੀਂ ਖਪਤਕਾਰ ਪਹਿਲਾਂ ਬਿਜਲੀ ਬਿਲ ਭਰਨਗੇ ਅਤੇ ਫਿਰ ਜੇ ਸਬਸਿਡੀ ਦੇਣੀ ਹੋਵੇ ਤਾਂ ਸਰਕਾਰ ਉਨ੍ਹਾਂ ਦੇ ਖਾਤੇ ਵਿਚ ਪਾਵੇਗੀ। ਇੱਥੇ ਵੀ ਬਿਲਕੁਲ ਉਸੇ ਤਰ੍ਹਾਂ ਵਾਪਰੇਗਾ, ਜਿਵੇਂ ਗੈਸ ਸਿਲੰਡਰਾਂ ਦੀ ਸਬਸਿਡੀ ਨਾਲ ਹੋਇਆ ਹੈ। ਸਰਕਾਰ ਕੋਲ ਫੰਡਾਂ ਦੀ ਘਾਟ ਹੋਣ ਦੇ ਬਹਾਨੇ ਨਾਲ ਖੇਤੀ ਸੈਕਟਰ ਅਤੇ ਗਰੀਬਾਂ ਨੂੰ ਬਿਜਲੀ ਸਬਸਿਡੀ ਦੀ ਰਾਹਤ ਖੋਹ ਲਈ ਜਾਵੇਗੀ।

ਨਵਾਂ ਬਿਜਲੀ ਬਿਲ ਹੁਣ ਸਟੈਂਡਿੰਗ ਕਮੇਟੀ ਕੋਲ ਹੈ ਜਿਸ ਦਾ ਚੇਅਰਮੈਨ ਰਾਜੀਵ ਰੰਜਨ ਸਿੰਘ ਨੂੰ ਲਗਾਇਆ ਗਿਆ ਹੈ ਜੋ ਜੇਡੀ(ਯੂ) ਦਾ ਐੱਮਪੀ ਹੈ। ਹੁਣ ਇਸ ਪਾਰਟੀ ਦਾ ਭਾਜਪਾ ਨਾਲੋਂ ਗੱਠਜੋੜ ਟੁੱਟ ਚੁੱਕਾ ਹੈ। ਸਟੈਂਡਿੰਗ ਕਮੇਟੀ ਵਿਚ ਬਹੁਮਤ ਭਾਵੇਂ ਭਾਜਪਾ ਦਾ ਹੀ ਹੋਵੇਗਾ, ਫਿਰ ਵੀ ਚੇਅਰਮੈਨ ਦਾ ਬਿਲ ਉਪਰ ਮੱਤ ਅਹਿਮ ਹੋਵੇਗਾ। ਵਿਰੋਧੀ ਧਿਰਾਂ ਨੂੰ ਇਸ ਬਿਲ ਉਪਰ ਆਪਣਾ ਦਬਾਅ ਬਣਾਉਣਾ ਚਾਹੀਦਾ ਹੈ ਕਿਉਂਕਿ ਇਸ ਬਿਲ ਦੀ ਨਾ ਤਾਂ ਕਿਸੇ ਅਦਾਰੇ ਨੇ ਮੰਗ ਕੀਤੀ ਹੈ ਅਤੇ ਨਾ ਹੀ ਇਸ ਦੀ ਜ਼ਰੂਰਤ ਹੈ। ਅਸਲ ਵਿਚ ਨਵ-ਉਦਾਰਵਾਦ ਦੇ ਦੌਰ ਵਿਚ ਸਾਮਰਾਜੀ ਦਿਸ਼ਾ-ਨਿਰਦੇਸ਼ਾਂ ਅਧੀਨ ਜਨਤਕ ਅਦਾਰਿਆਂ ਨੂੰ ਨਿੱਜੀ ਹੱਥਾਂ ਵਿਚ ਸੌਂਪਿਆ ਜਾ ਰਿਹਾ ਹੈ। ਇਸ ਕਾਨੂੰਨ ਨਾਲ ਪ੍ਰਾਈਵੇਟ ਕੰਪਨੀਆਂ ਲਾਭ-ਕਮਾਊ ਖੇਤਰ ਜਿਵੇਂ ਉਦਯੋਗ, ਵਪਾਰ ਨੂੰ ਹੀ ਬਿਜਲੀ ਸਪਲਾਈ ਕਰਨਗੀਆਂ ਜਦੋਂ ਕਿ ਖੇਤੀ ਵਰਗੇ ਅਹਿਮ, ਤਰਜੀਹੀ ਖੇਤਰ ਅਤੇ ਸਾਧਨ ਵਿਹੂਣੇ ਵਰਗ, ਕਰਜ਼ਈ ਰਾਜ ਸਰਕਾਰਾਂ ਕੋਲ ਰਹਿ ਜਾਣਗੇ। ਇਸ ਨਾਲ ਸਰਕਾਰੀ ਬਿਜਲੀ ਖੇਤਰ ਘਾਟੇ ਵਿਚ ਚਲਾ ਜਾਵੇਗਾ ਅਤੇ ਆਖਿਰਕਾਰ ਇਸ ਨੂੰ ਪ੍ਰਾਈਵੇਟ ਕੰਪਨੀਆਂ ਕੋਲ ਵੇਚ ਦਿੱਤਾ ਜਾਵੇਗਾ। ਨਤੀਜੇ ਵਜੋਂ, ਖੇਤੀ ਅਤੇ ਘਰੇਲੂ ਸੈਕਟਰ ਵਿਚ ਗਰੀਬਾਂ ਨੂੰ ਬਿਜਲੀ ਰਾਹਤ ਬੰਦ ਹੋਣ ਦੇ ਨਾਲ ਨਾਲ ਬਿਜਲੀ ਦੀ ਮਹਿੰਗਾਈ, ਸਮੁੱਚੀਆਂ ਕੀਮਤਾਂ ਅਤੇ ਬੇਰੁਜ਼ਗਾਰੀ ਵਿਚ ਵਾਧਾ ਹੋਵੇਗਾ। ਇਸ ਨਾਲ ਅਰਥਚਾਰੇ ਦਾ ਝੁਕਾਅ 'ਖੜੋਤ ਅਤੇ ਮਹਿੰਗਾਈ' (ਸਟੈਗਫਲੇਸ਼ਨ) ਵੱਲ ਵਧੇਗਾ।

# ਵਿਗਿਆਨਕ ਖੋਜ ਲਈ ਹੰਭਲੇ

ਭਾਰਤ ਸਰਕਾਰ ਨੇ ਵਿਗਿਆਨਕ ਅਤੇ ਸਨਅਤੀ ਖੋਜ ਕੌਂਸਲ (ਸੀ.ਐੱਸ.ਆਈ.ਆਰ.) ਦੇ ਸਿਖਰਲੀ ਅਹੁਦੇ 'ਤੇ ਨਿਯੁਕਤੀ ਲਈ ਮਹਿਲਾ ਦੀ ਚੋਣ ਕੀਤੀ ਹੈ। ਪਹਿਲੀ ਵਾਰ ਕੌਮੀ ਖੋਜ ਪ੍ਰਯੋਗਸ਼ਾਲਾਵਾਂ ਦੇ ਸਮੂਹ ਦੀ ਅਗਵਾਈ ਮਹਿਲਾ ਵਿਗਿਆਨੀ (ਡਾ. ਨਲਥਾਂਬੀ ਕਲਾਈਸੇਲਵੀ) ਕਰਨਗੇ। ਆਸ ਕਰਨੀ ਚਾਹੀਦੀ ਹੈ ਕਿ ਸਾਇੰਸ ਅਤੇ ਤਕਨਾਲੋਜੀ ਨਾਲ ਜੁੜੇ ਪ੍ਰਮੁੱਖ ਮੁੱਦਿਆਂ ਤੋਂ ਇਲਾਵਾ ਸਟੈਮ (ਸਾਇੰਸ, ਟੈਕਨਾਲੋਜੀ, ਇੰਜਨੀਅਰਿੰਗ ਤੇ ਮੈਥੇਮੈਟਿਕਸ) ਵਿਚ ਮਹਿਲਾਵਾਂ ਮੁਤੱਲਕ ਅਤਿ ਲੋੜੀਂਦੇ ਬਿਰਤਾਂਤ ਨੂੰ ਅਗਵਾਈ ਮਿਲ ਸਕੇਗੀ। ਮੁਲਕ ਦੀਆਂ ਸਭ ਤੋਂ ਪੁਰਾਣੀਆਂ

**ਦਿਨੇਸ਼ ਸ਼ਰਮਾ**

ਖੋਜ ਪ੍ਰਯੋਗਸ਼ਾਲਾਵਾਂ ਵਿਚ ਸ਼ਾਮਲ ਸੀ.ਐੱਸ.ਆਈ.ਆਰ. ਮੁਲਕ ਦੇ ਅਥਾਹ ਵਿਗਿਆਨ, ਤਕਨਾਲੋਜੀ ਤੇ ਨਵੀਆਂ ਕਾਢਾਂ ਦੇ ਬੁਨਿਆਦੀ ਢਾਂਚੇ ਦੀ ਬੁਨਿਆਦ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਇਸ ਨੇ ਸਾਇੰਸ ਅਤੇ ਤਕਨਾਲੋਜੀ ਨੂੰ ਇਕਜੁੱਟ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਜਦੋਂ ਅਸੀਂ ਭਵਿੱਖ ਵੱਲ ਤੱਕਦੇ ਹਾਂ ਤਾਂ ਇਹ ਬਹੁਤ ਹੀ ਅਹਿਮ ਗੱਲ ਹੈ ਕਿ ਸੀ.ਐੱਸ.ਆਈ.ਆਰ. ਅਤੇ ਹੋਰਨਾਂ ਖੋਜ ਕੌਂਸਲਾਂ ਤੇ ਵਿਗਿਆਨਕ ਵਿਭਾਗ ਉਭਰ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣੇ ਆਪ ਨੂੰ ਨਵੇਂ ਸਿਰਿਓਂ ਵਿਉਂਤਣ।

ਆਜ਼ਾਦੀ ਵੇਲੇ ਭਾਰਤ ਅੰਦਰ ਸੰਸਥਾਈ ਢਾਂਚਾ ਮੌਜੂਦ ਸੀ ਜੋ ਮੁਢਲੇ ਤੌਰ 'ਤੇ ਦੂਜੀ ਸੰਸਾਰ ਜੰਗ ਦੌਰਾਨ ਅੰਗਰੇਜ਼ਾਂ ਅਤੇ ਉਨ੍ਹਾਂ ਦੇ ਸਿੱਖਿਆ ਪ੍ਰਬੰਧ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਬਣਾਇਆ ਗਿਆ ਸੀ। ਉਸੇ ਸਮੇਂ ਹੀ ਚੰਗੇ ਭਾਗੀਂ ਮੁਲਕ ਨੂੰ ਵਿਗਿਆਨਕ ਬਰਾਦਰੀ ਮਿਲੀ ਜਿਸ ਵਿਚ ਸੀ.ਵੀ. ਰਮਨ, ਮੇਘਨੰਦ ਸਾਹਾ, ਸ਼ਾਂਤੀ ਸਵਰੂਪ ਭਟਨਾਗਰ, ਪੀ.ਸੀ. ਮਹਾਲਾਨੋਬਿਸ, ਐੱਮ. ਵਿਸ਼ਵੇਸ਼ਰਯਾ ਅਤੇ ਕਈ ਹੋਰ ਸ਼ਾਮਲ ਸਨ। ਇਨ੍ਹਾਂ ਵਿਚੋਂ ਕਈ ਯੂਨੀਵਰਸਿਟੀਆਂ ਵਿਚ ਕੰਮ ਕਰਦੇ ਸਨ ਅਤੇ ਉਨ੍ਹਾਂ ਸੁਤੰਤਰ ਖੋਜ ਸੰਸਥਾਵਾਂ ਖੜ੍ਹੀ ਕੀਤੇ ਤੇ ਨਾਲ ਹੀ ਯੂਰਪ, ਅਮਰੀਕਾ ਅਤੇ ਸੋਵੀਅਤ ਸੰਘ ਦੇ ਨਾਮੀ ਗ੍ਰਾਮੀ ਵਿਗਿਆਨੀਆਂ ਨਾਲ ਸੰਪਰਕ ਵੀ ਕਾਇਮ ਕੀਤੇ। ਆਜ਼ਾਦੀ ਤੋਂ ਪਹਿਲਾਂ ਹੀ ਕੌਮੀ ਵਿਕਾਸ ਦੀ ਰੂਪ ਰੇਖਾ ਵੀ ਤਿਆਰ ਕਰ ਲਈ ਗਈ ਸੀ ਜਿਸ ਵਿਚ ਕੌਮੀ ਯੋਜਨਾਬੰਦੀ ਕਮੇਟੀ (ਐੱਨ.ਪੀ.ਸੀ.) ਦੀਆਂ ਰਿਪੋਰਟਾਂ ਦੇ ਰੂਪ ਵਿਚ ਸਾਇੰਸ ਤੇ ਤਕਨਾਲੋਜੀ ਦੇ ਮਜ਼ਬੂਤ ਇਨਪੁਟਸ ਦਰਜ ਕੀਤੇ ਗਏ ਸਨ। ਸੁਭਾਸ਼ ਚੰਦਰ ਬੋਸ ਨੇ 1938 ਵਿਚ ਕਾਂਗਰਸ ਪ੍ਰਧਾਨ ਹੁੰਦਿਆਂ ਐੱਨ.ਪੀ.ਸੀ. ਦੀ ਸਥਾਪਨਾ ਕੀਤੀ ਸੀ ਅਤੇ ਜਵਾਹਰਲਾਲ ਨਹਿਰੂ ਨੂੰ ਇਸ ਦਾ ਚੇਅਰਮੈਨ ਨਿਯੁਕਤ ਕੀਤਾ ਸੀ। 1947 ਤੋਂ ਬਾਅਦ ਐੱਨ.ਪੀ.ਸੀ. ਦੀਆਂ ਖੇਤਰਵਾਰ ਰਿਪੋਰਟਾਂ ਨੇ ਨਾ ਕੇਵਲ ਸਨਅਤੀਕਰਨ ਦਾ ਰਾਹ ਪੱਧਰਾ ਕੀਤਾ ਸੀ ਸਗੋਂ ਸਿਹਤ, ਖੁਰਾਕ ਤੇ ਪੋਸ਼ਣ, ਮਕਾਨ, ਊਰਜਾ, ਬੁਨਿਆਦੀ ਢਾਂਚੇ ਆਦਿ ਦੀਆਂ ਮੂਲ ਸਮੱਸਿਆਵਾਂ ਦੇ ਨਿਵਾਰਨ ਲਈ ਸਾਇੰਸ ਤੇ ਤਕਨਾਲੋਜੀ ਦੀ ਵਰਤੋਂ ਦੇ ਆਧਾਰ 'ਤੇ ਵਿਕਾਸ ਦਾ ਖਾਕਾ ਵੀ ਤਿਆਰ ਕੀਤਾ ਸੀ। ਹਰੀ ਕ੍ਰਾਂਤੀ, ਚਿੱਟੀ ਕ੍ਰਾਂਤੀ, ਨੀਲੀ ਕ੍ਰਾਂਤੀ, ਪੀਲੀ ਕ੍ਰਾਂਤੀ ਆਦਿ ਨੇ ਭਾਰਤ ਨੂੰ ਖਾਸ ਖੇਤਰਾਂ ਵਿਚ ਆਤਮ ਨਿਰਭਰ ਬਣਨ ਅਤੇ ਕਮੀਆਂ 'ਤੇ ਪਾਰ ਪਾਉਣ ਵਿਚ ਮਦਦ ਦਿੱਤੀ ਸੀ। ਵੱਖ ਵੱਖ ਖੋਜ ਕੌਂਸਲਾਂ ਅਧੀਨ ਕੌਮੀ ਪ੍ਰਯੋਗਸ਼ਾਲਾਵਾਂ ਨੇ ਜ਼ਰੂਰੀ ਗਿਆਨ, ਤਕਨਾਲੋਜੀਆਂ ਤੇ ਤਕਨੀਕਾਂ ਵਿਕਸਤ ਕੀਤੀਆਂ ਸਨ ਅਤੇ ਉਨ੍ਹਾਂ ਦਾ ਸਫ਼ਲਤਾਪੂਰਬਕ ਪਸਾਰ ਕੀਤਾ ਸੀ। ਬਹੁਤ ਸਾਰੇ ਖੇਤਰਾਂ ਵਿਚ ਵਿਕਾਸ ਦੇ ਪ੍ਰੋਜੈਕਟਾਂ ਲਈ ਦਰਕਾਰ ਸਾਧਨਾਂ 'ਤੇ ਦਬਾਓ ਦੇ ਮੱਦੇਨਜ਼ਰ ਉਸੇ ਸਮੇਂ ਸੰਯੁਕਤ ਰਾਸ਼ਟਰ ਸੰਘ ਦੀਆਂ ਏਜੰਸੀਆਂ ਜਿਹੇ ਕੌਮਾਂਤਰੀ ਵਸੀਲਿਆਂ ਅਤੇ ਦੁਵੱਲੇ ਸਮਝੌਤਿਆਂ ਦੀ ਮਦਦ ਲਈ ਗਈ। ਸ਼ੁਰੂ ਤੋਂ ਹੀ ਕੌਮੀ ਵਿਕਾਸ ਲਈ ਸਾਇੰਸ ਤੇ ਤਕਨਾਲੋਜੀ ਦੇ ਇਸਤੇਮਾਲ ਦਾ ਸੰਕਲਪ ਰਿਹਾ ਹੈ। ਪੁਲਾੜ ਜਿਹੇ ਉੱਚ ਤਕਨਾਲੋਜੀ ਖੇਤਰ ਵਿਚ ਵੀ ਇਸ ਦਾ ਇਸਤੇਮਾਲ ਕੀਤਾ ਗਿਆ।

ਪਿਛਲੇ ਕਈ ਦਹਾਕਿਆਂ ਤੋਂ ਵਿਗਿਆਨਕ ਖੋਜ ਲਈ ਸਰਕਾਰੀ ਨਿਵੇਸ਼ ਜਾਰੀ ਰੱਖਣ 'ਤੇ ਫੋਕਸ ਜਾਰੀ ਰਿਹਾ ਹੈ ਜਿਸ ਸਦਕਾ ਭਾਰਤ ਘਰੋਗੀ ਸਮੱਰਥਾ ਵਿਕਸਤ ਕਰਨ ਵਿਚ ਕਾਮਯਾਬ ਰਿਹਾ ਹੈ ਅਤੇ ਇਸ ਤਰ੍ਹਾਂ ਮੁਲਕ ਸਮੇਂ ਸਮੇਂ ਰਾਹ ਵਿਚ ਆਉਂਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਸਕਿਆ ਹੈ। ਮਿਸਾਲ ਦੇ ਤੌਰ 'ਤੇ ਇਨ੍ਹਾਂ ਵਿਕਾਸ ਤੇ ਨਿਰਮਾਣ ਸਮੱਰਥਾਵਾਂ ਸਦਕਾ ਸਾਨੂੰ ਕੋਵਿਡ-19 ਦੀ ਵੈਕਸੀਨ ਅਤੇ ਅਜਿਹਾ ਸਿਹਤ ਪ੍ਰਬੰਧ ਤਿਆਰ ਕਰਨ ਵਿਚ ਮਦਦ ਮਿਲੀ ਜਿਸ ਨੇ ਇਕ ਅਰਬ ਤੋਂ ਵੱਧ ਲੋਕਾਂ ਤੱਕ ਸਫ਼ਲਤਾਪੂਰਬਕ ਵੈਕਸੀਨਾਂ ਪਹੁੰਚਾਈਆਂ ਜੋ ਸਨਅਤ ਦੀ ਮਦਦ ਨਾਲ ਕੌਮੀ ਖੋਜ ਪ੍ਰਣਾਲੀ ਅਤੇ ਇਸ ਨਾਲ ਜੁੜੇ ਤੰਤਰ ਵਿਚ ਕਾਫ਼ੀ ਸਮੇਂ ਤੋਂ ਹੋ ਰਹੇ ਨਿਵੇਸ਼ ਦਾ ਸਿੱਟਾ ਸੀ। ਪਿਛਲੇ ਤਿੰਨ ਦਹਾਕਿਆਂ ਦੌਰਾਨ ਸਾਹਮਣੇ ਆਈਆਂ ਸੰਚਾਰ, ਸਾਫਟਵੇਅਰ, ਸੂਚਨਾ ਤਕਨਾਲੋਜੀ, ਆਊਟ ਸੋਰਸਿੰਗ, ਸੁਪਰ ਕੰਪਿਊਟਿੰਗ ਅਤੇ ਡਿਜੀਟਲ ਕ੍ਰਾਂਤੀਆਂ ਨਾ ਕੇਵਲ ਆਰਥਿਕ ਉਦਾਰੀਕਰਨ ਅਤੇ ਮੰਡੀ ਪੱਖੀ ਨੀਤੀਆਂ ਦਾ ਸਿੱਟਾ ਹਨ ਸਗੋਂ ਰਾਜਕੀ ਨੀਤੀ ਅਤੇ ਆਈ.ਆਈ.ਟੀਜ਼, ਆਈ.ਆਈ.ਐੱਮਜ਼, ਆਈ.ਆਈ.ਆਈ.ਟੀ.ਜ਼ੀ ਅਤੇ ਐੱਨ.ਆਈ.ਟੀਜ਼ ਜਿਹੀਆਂ ਸੰਸਥਾਵਾਂ ਦੇ ਨਿਰਮਾਣ ਦਾ ਸੰਕਲਪ ਦਾ ਵੀ ਫਲ ਹੈ। ਸੈਂਟਰ ਫਾਰ ਡਿਵੈਲਪਮੈਂਟ ਆਫ ਟੈਲੀਮੈਟਿਕਸ (ਸੀ-ਡੀ.ਓ.ਟੀ.) ਅਤੇ ਸੈਂਟਰ ਫਾਰ ਡਿਵੈਲਪਮੈਂਟ ਆਫ ਐਡਵਾਂਸਡ ਕੰਪਿਊਟਿੰਗ (ਸੀ-ਡੀ.ਏ.ਸੀ.) ਜਿਹੀਆਂ ਵਿਸ਼ੇਸ਼ ਮਿਸ਼ਨ ਮੁਖੀ ਏਜੰਸੀਆਂ ਨੇ ਸ਼ਾਨਦਾਰ ਭੂਮਿਕਾ ਨਿਭਾਈ ਹੈ।

ਇਸ ਸਭ ਕਾਸੇ ਦਾ ਮਤਲਬ ਇਹ ਨਹੀਂ ਕਿ ਸਾਇੰਸ, ਤਕਨਾਲੋਜੀ ਤੇ ਨਵੀਨਤਮ ਕਾਢਾਂ ਦੀ ਪ੍ਰਣਾਲੀ ਅੰਦਰ ਸਭ ਅੱਛਾ ਹੈ। ਜਦੋਂ ਅਸੀਂ ਆਪਣੇ ਭਵਿੱਖ ਦਾ ਰਾਹ ਤਲਾਸ਼ ਰਹੇ ਹਾਂ ਤਾਂ ਅਜਿਹੇ ਬਹੁਤ ਸਾਰੇ ਮੁੱਦੇ ਹਨ ਜਿਨ੍ਹਾਂ ਫੌਰੀ ਧਿਆਨ ਮੰਗਦੇ ਹਨ। ਨਿਵੇਸ਼ ਅਤੇ ਨੀਤੀ ਇਮਦਾਦ ਦੀ ਲਿਹਾਜ਼ ਤੋਂ ਕੁਝ ਖੇਤਰਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ ਜਾਂ ਉਨ੍ਹਾਂ ਨੂੰ ਨਿਗੂਣਾ ਬਣਾ ਦਿੱਤਾ ਗਿਆ ਹੈ; ਮਸਲਨ, ਭਾਰਤ ਨਵਿਆਉਣਯੋਗ ਊਰਜਾ ਨੂੰ ਹੁਲਾਰਾ ਦੇਣ ਵਾਲਾ ਵਿਭਾਗ ਬਣਾਉਣ ਵਾਲੇ ਦੁਨੀਆ ਦੇ ਮੁੱਠੀ ਭਰ ਮੁਲਕਾਂ ਵਿਚ ਸ਼ੁਮਾਰ ਸੀ। 1980ਵਿਆਂ ਵਿਚ ਕੌਮੀ ਰਾਜਧਾਨੀ ਵਿਚ ਬਿਜਲਈ ਮਿਨੀ ਬੱਸਾਂ ਚਲਾਈਆਂ ਸਨ, ਕਮਿਊਨਿਟੀ ਆਧਾਰਿਤ ਬਾਇਓਗੈਸ ਪਲਾਂਟ, ਗਰਿਡ ਇੰਡਿਪੈਂਡੇਂਟ ਸੌਰ ਊਰਜਾ ਅਤੇ ਧੂੰਆਂ ਰਹਿਤ ਚੁੱਲ੍ਹਿਆਂ ਦੇ ਪਾਇਲਟ ਪ੍ਰੋਜੈਕਟ ਵਿੱਢੇ ਗਏ ਸਨ ਪਰ ਮੁੱਖਧਾਰਾ ਦੇ ਨਵਿਆਉਣ ਸਰੋਤਾਂ ਲਈ ਖੋਜ ਤੇ ਵਿਕਾਸ ਲਈ ਚੋਖੀ ਮਾਤਰਾ ਵਿਚ ਫੰਡ ਅਤੇ ਨੀਤੀਗਤ ਇਮਦਾਦ ਮੁਹੱਈਆ ਨਾ ਹੋ ਸਕੇ। ਸੈਮੀਕੰਡਕਟਰ ਡਿਜ਼ਾਈਨ ਅਤੇ ਫੈਬਰੀਕੇਸ਼ਨ ਦੀ ਇਕ ਹੋਰ ਮਿਸਾਲ ਦਿੱਤੀ ਜਾ ਸਕਦੀ ਹੈ।

ਕਈ ਸਾਲਾਂ ਤੋਂ ਖੋਜ ਤੇ ਵਿਕਾਸ ਲਈ ਫੰਡਾਂ ਵਿਚ ਖੜੋਤ ਵੱਡਾ ਮੁੱਦਾ ਹੈ। ਹਾਲਾਂਕਿ ਇਸ ਵਿਚ ਵਾਧਾ ਹੁੰਦਾ ਰਿਹਾ ਹੈ ਪਰ ਜੀ.ਡੀ.ਪੀ. ਦੇ ਅਨੁਪਾਤ ਵਿਚ ਇਹ ਲਗਭਗ ਇਕ ਫ਼ੀਸਦ 'ਤੇ ਹੀ ਹੈ। ਚੀਨ ਆਪਣੀ ਜੀਡੀਪੀ ਦਾ 2.2 ਫ਼ੀਸਦ ਹਿੱਸਾ ਖੋਜ ਤੇ ਵਿਕਾਸ 'ਤੇ ਖਰਚ ਕਰਦਾ ਹੈ। ਭਾਰਤ ਵਿਚ ਪ੍ਰਾਈਵੇਟ ਖੇਤਰ ਵਲੋਂ ਖੋਜ ਲਈ ਫੰਡ ਨਾ-ਮਾਤਰ ਰੱਖੇ ਜਾਂਦੇ ਹਨ। ਕੁਝ ਸਾਲਾਂ ਤੋਂ ਸਰਕਾਰੀ ਲੈਬਾਰਟਰੀਆਂ ਨੂੰ ਵੀ ਵਿੱਤੀ ਤੰਗੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਖੋਜ ਪ੍ਰਣਾਲੀ, ਸਨਅਤ ਅਤੇ ਅਕਾਦਮਿਕਤਾ ਦੇ ਜੋੜ ਮੇਲ ਅਜੇ ਵੀ ਦੂਰ ਦੇ ਦਿਸਹੱਦੇ ਬਣੇ ਹੋਏ ਹਨ। ਭਾਰਤ ਅੰਦਰ ਸਾਇੰਸ ਅਤੇ ਤਕਨਾਲੋਜੀ ਦੀ ਭਾਰੀ ਭਰਕਮ ਨੌਕਰਸ਼ਾਹੀ ਮੌਜੂਦ ਹੈ ਅਤੇ ਅਣਗਿਣਤ ਵਿਗਿਆਨਕ ਮੰਤਰਾਲੇ, ਵਿਭਾਗ ਅਤੇ ਫੰਡਿੰਗ ਏਜੰਸੀਆਂ ਮੌਜੂਦ ਹਨ ਪਰ ਇਨ੍ਹਾਂ ਵਿਚੋਂ ਜ਼ਿਆਦਾਤਰ ਏਜੰਸੀਆਂ ਅਲੱਗ ਥਲੱਗ ਹੋ ਕੇ ਕੰਮ ਕਰਦੀਆਂ ਹਨ ਜਿਸ ਨਾਲ ਕਾਰਜਾਂ ਵਿਚ ਦੇਰੀ, ਕਾਰਜਾਂ ਦੇ ਦੁਹਰਾਓ ਅਤੇ ਉਪਲਬਧ ਸਰੋਤਾਂ ਦੇ ਅਜਾਈਂ ਜਾਣ ਦੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਤਜਵੀਜ਼ਸ਼ੁਦਾ ਨੈਸ਼ਨਲ ਰਿਸਰਚ ਫਾਊਂਡੇਸ਼ਨ ਨੂੰ ਇਹ ਹਾਲਾਤ ਬਦਲਣ ਦਾ ਜ਼ਿੰਮਾ ਸੌਂਪਣਾ ਚਾਹੀਦਾ ਹੈ।

ਜਿੱਥੇ ਸਰਕਾਰ ਨੂੰ ਵਿਗਿਆਨਕ ਖੋਜ ਵਾਸਤੇ ਢੁਕਵੇਂ ਫੰਡ ਮੁਹੱਈਆ ਕਰਵਾਉਣ ਦੀ ਤਾਂ ਲੋੜ ਹੈ ਉਥੇ ਨਾਲ ਹੀ ਵਿਗਿਆਨੀਆਂ ਤੇ ਖੋਜ ਸੰਸਥਾਵਾਂ ਨੂੰ ਸਿਆਸੀ ਦਖਲਅੰਦਾਜ਼ੀ ਤੋਂ ਦੂਰ ਵਧੇਰੇ ਆਜ਼ਾਦੀ ਤੇ ਖੁਦਮੁਖਤਾਰੀ ਮਿਲਣੀ ਚਾਹੀਦੀ ਹੈ। ਸਭ ਤੋਂ ਅਹਿਮ ਗੱਲ, ਫਰਜ਼ੀ ਵਿਗਿਆਨ ਤੇ ਦਕੀਆਨੂਸੀ ਦੇ ਖਤਰੇ ਨਾਲ ਸਿੱਝਣ ਅਤੇ ਨਾਲ ਹੀ ਵਿਗਿਆਨਕ ਸਿੱਖਿਆ ਦੀ ਗੁਣਵੱਤਾ ਵਿਚ ਨਿਖਾਰ ਲਿਆਉਣ ਲਈ ਵਿਗਿਆਨਕ ਰੌਂਅ ਨੂੰ ਜਨਤਕ ਏਜੰਡੇ 'ਤੇ ਮੁੜ ਤਰਜੀਹ ਦੇਣ ਦੀ ਲੋੜ ਹੈ।

# ਜੰਗ-ਏ-ਆਜ਼ਾਦੀ: ਅਗਸਤ ਮਹੀਨੇ ਦੇ ਸੰਗਰਾਮੀ ਅਤੇ ਸ਼ਹੀਦ ਯੋਧੇ

ਜਦੋਂ ਮਨੁੱਖ ਨੂੰ ਮਨੁੱਖ ਹੱਥੋਂ ਹੋ ਰਹੀਆਂ ਬੇਇਨਸਾਫ਼ੀਆਂ ਦੀ ਸਮਝ ਆਉਂਦੀ ਹੈ ਤਾਂ ਫਿਰ ਉਹ ਇਨਸਾਫ਼ ਲਈ ਹਰ ਔਕੜ ਨੂੰ ਕਬੂਲਦੇ ਹੋਏ ਜਾਨ ਤਲੀ ਉੱਤੇ ਧਰ ਕੇ ਮੈਦਾਨ-ਏ-ਜੰਗ 'ਚ ਕੁੱਦ ਪੈਂਦਾ ਹੈ।

ਹਿੰਦੋਸਤਾਨ ਨੂੰ ਪੱਛਮੀ ਬਸਤੀਵਾਦੀਆਂ ਨੇ ਸੈਂਕੜੇ ਸਾਲ ਲੁੱਟਿਆ, ਜਿਸ ਦੇ ਵਿਰੋਧ ਵਿਚ ਸੈਂਕੜਿਆਂ ਵਾਰ ਬਗ਼ਾਵਤਾਂ ਹੋਈਆਂ। ਹਜ਼ਾਰਾਂ ਦੀ ਗਿਣਤੀ ਵਿਚ ਇਨਕਲਾਬੀਆਂ ਨੂੰ ਫ਼ਾਸੀਆਂ ਹੋਈਆਂ, ਬੇਰਹਿਮ ਫ਼ਿਰੰਗੀਆਂ ਨੇ ਮਾਵਾਂ ਦੇ ਪੁੱਤਰ, ਸੁਹਾਗਣਾਂ ਦੇ ਸੁਹਾਗ, ਭੈਣਾਂ ਦੇ ਭਰਾਵਾਂ ਉੱਤੇ ਸ਼ਰ੍ਹੇਆਮ ਤਸ਼ੱਦਦ ਕੀਤਾ ਅਤੇ ਜ਼ਮੀਨਾਂ ਦੀਆਂ ਕੁਰਕੀਆਂ ਕਰ ਕੇ ਘਰੋਂ ਬੇਘਰ ਕੀਤਾ/ ਜਲਾਵਤਨ ਕੀਤਾ।

ਹਿੰਦੋਸਤਾਨ ਵਿਚੋਂ ਪੱਛਮੀ ਬਸਤੀਵਾਦੀ

ਮਨਮੋਹਨ ਪੂਨੀ ਨਿਊਯਾਰਕ
ਫ਼ੋਨ: 1-347-753-5940

ਜ਼ਾਲਮਾਂ ਨੂੰ ਕੱਢਣ ਲਈ ਵੈਸੇ ਤਾਂ ਸਾਰਾ ਹਿੰਦੋਸਤਾਨ ਹੀ ਲੜ ਰਿਹਾ ਸੀ ਪਰ 'ਕੂਕਾ ਲਹਿਰ' ਜੋ ਸਤਿਗੁਰੂ ਰਾਮ ਸਿੰਘ ਦੀ ਰਹਿਨੁਮਾਈ ਹੇਠ ਬਣੀ ਸੀ, ਨੇ ਅੰਗਰੇਜ਼ ਸਾਮਰਾਜ ਦੇ ਤਖ਼ਤ ਦੀ ਚੂਲ ਹਿਲਾ ਦਿੱਤੀ ਅਤੇ ਗੁਲਾਮੀ ਦੇ ਜੂਲ਼ੇ ਨੂੰ ਲਾਹ ਕੇ ਸਵਦੇਸੀ ਰਾਜ ਕਰਨ ਦੀ ਚਿਣਗ ਜਗਾਈ।

ਦੇਸ਼ ਆਜ਼ਾਦੀ ਲਈ ਫੌਜਾਂ ਦੀਆਂ ਫੌਜਾਂ ਬਾਗ਼ੀ ਹੋਈਆਂ ਜਿਨ੍ਹਾਂ ਵਿਚ ਮੀਆਂ ਮੀਰ ਫ਼ੌਜੀ ਛਾਉਣੀ ਦੇ ਬਾਗ਼ੀ ਹੋਣ ਦੀ ਘਟਨਾ ਨੇ ਗੋਰਿਆਂ ਦਾ ਇਕ ਵੱਖਰਾ ਅਤੇ ਬੇਦਰਦ ਚਿਹਰਾ ਜੱਗ ਜ਼ਾਹਰ ਕੀਤਾ। ਫ਼ੌਜੀ ਬਾਗ਼ੀਆਂ ਦਾ ਇਤਿਹਾਸ ਜਿਸ ਨੂੰ ਕਾਲਿਆਂ ਵਾਲੇ ਖੂਹ ਅਜਨਾਲੇ (ਅੰਮ੍ਰਿਤਸਰ) ਦੇ ਨਾਂਅ ਨਾਲ ਜਾਣਿਆ ਜਾਂਦਾ ਹੈ। (ਵੇਰਵੇ ਜਾਣਣ ਲਈ ਡਾ. ਗੁਰੂਮੇਲ ਸ. ਸਿੱਧੂ ਦੀ ਕਿਤਾਬ ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗ਼ਦਰੀ ਲਹਿਰਾਂ ਦੀ ਹਿੱਸੇਦਾਰੀ ਪੜ੍ਹੋ)

ਵੀਹਵੀਂ ਸਦੀ ਦੇ ਪਹਿਲੇ ਦਹਾਕੇ 'ਚ ਕੂਕਾ ਲਹਿਰ ਤੋਂ ਪ੍ਰਭਾਵ ਲੈ ਕੇ ਗ਼ਦਰ ਪਾਰਟੀ ਬਣੀ। ਗ਼ਦਰ ਲਹਿਰ ਨੇ ਅੰਗਰੇਜ਼ ਸਾਮਰਾਜ (ਵਿਦੇਸ਼ੀ ਲੁਟੇਰੇ) ਨੂੰ ਹਿੰਦੋਸਤਾਨ 'ਚੋਂ ਕੱਢਣ ਤਕ ਹੀ ਲੜਾਈ ਨਹੀਂ ਲੜੀ, ਸਗੋਂ ਗ਼ਦਰੀ ਬਾਬਿਆਂ ਦੀ ਸੋਚ ਨੇ ਸੰਪੂਰਨ ਆਜ਼ਾਦੀ ਦੇ ਦ੍ਰਿਸ਼ਟੀਕੋਣ ਦੀ ਨੀਂਹ ਵੀ ਰੱਖੀ, ਜਿਸ ਤੋਂ ਪ੍ਰਭਾਵਿਤ ਹੋ ਕੇ ਆਜ਼ਾਦੀ ਲਈ ਆਕਾਲੀ ਬੱਬਰ ਲਹਿਰ, ਪਰਜਾਤੰਤਰ ਲਹਿਰ, ਗੁਰਦੁਆਰਾ ਸੁਧਾਰ ਲਹਿਰ, ਵਿਦਿਆਰਥੀ, ਨੌਜਵਾਨ ਜਥੇਬੰਦੀਆਂ ਅਤੇ ਕਈ ਹੋਰ ਇਨਕਲਾਬੀ ਲਹਿਰਾਂ ਹੋਂਦ ਵਿਚ ਆਈਆਂ। ਵਰਤਮਾਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਹਿੰਦੋਸਤਾਨ ਦੀ ਆਜ਼ਾਦੀ ਦੇ ਇਤਿਹਾਸ, ਸੰਗਰਾਮੀਆਂ ਅਤੇ ਸ਼ਹੀਦਾਂ ਦੇ ਅਣਖ਼ੀ ਵਿਰਸੇ ਨਾਲ ਜੋੜ ਕੇ ਰੱਖਣ ਲਈ ਸ਼ਰਧਾਂਜਲੀ ਵਜੋਂ ਪੇਸ਼ ਹੈ ਇਹ ਜਾਣਕਾਰੀ:

1, ਅਗਸਤ 1857 ਨੂੰ ਮੀਆਂਮੀਰ ਛਾਉਣੀ ਦੀ 26-ਨੇਟਿਵ ਇਨਫੈਂਟਰੀ ਰੈਜਮਿੰਟ ਦੇ 282 ਫੌਜੀਆਂ ਨੂੰ ਗੋਲੀਆਂ ਮਾਰ ਕੇ ਕਸਬਾ ਅਜਨਾਲਾ (ਅੰਮ੍ਰਿਤਸਰ) ਦੇ ਖੂਹ 'ਚ ਸੁੱਟ ਦਿੱਤਾ। ਦਰਦ ਕਹਾਣੀ ਇਹ ਹੈ ਕਈ ਫ਼ੌਜੀ ਜਿਉਂਦੇ ਸਨ। ਇਸ ਸਾਕੇ ਨੂੰ ਕਾਲਿਆਂ ਵਾਲੇ ਖੂਹ ਦਾ ਨਾਮ ਦਿੱਤਾ ਗਿਆ। ਇਹ ਸਾਰੇ ਅੰਗਰੇਜ਼ ਸਾਮਰਾਜ ਤੋਂ ਬਾਗ਼ੀ ਫੌਜੀ ਸਨ।

1, ਅਗਸਤ 1862 ਨੂੰ ਮਾਹਾਰਾਣੀ ਜਿੰਦ ਕੌਰ ਸਦੀਵੀਂ ਵਿਛੋੜਾ ਦੇ ਗਈ। ਉਹ ਮਹਾਰਾਜਾ ਰਣਜੀਤ ਸਿੰਘ ਜੀ ਦੀ ਪਤਨੀ ਅਤੇ ਸਿੱਖ ਰਾਜ ਦੇ ਅਖੀਰਲੇ ਮਹਾਰਾਜਾ ਦਲੀਪ ਸਿੰਘ ਦੀ ਮਾਤਾ ਸਨ। ਉਹ ਅੰਗਰੇਜ਼ ਸਾਮਰਾਜ ਦੀ ਕੱਟੜ ਵਿਰੋਧੀ ਸੀ ਅਤੇ ਅੰਗਰੇਜ਼ ਸਾਮਰਾਜ ਨੂੰ ਪੰਜਾਬ ਜਾਂ ਸਿੱਖ ਉੱਤੇ 'ਹੱਲਾ ਬੋਲਣ' ਦੇ ਵਿਰੁੱਧ ਸੀ। 'ਹੱਲੇ' ਨੂੰ ਰੋਕਣਾ ਆਜ਼ਾਦੀ ਲਈ ਲੜਨਾ ਹੀ ਸੀ।

1, ਅਗਸਤ 1924 ਨੂੰ ਸ.ਅਰੂੜ ਸਿੰਘ ਪਿੰਡ ਦੇਹਲਾ (ਲਾਇਲਪੁਰ) ਨਾਭਾ ਜੇਲ੍ਹ ਵਿਚ ਸ਼ਹੀਦੀ ਪਾ ਗਏ। ਉਹ ਗੁਰਦੁਆਰਾ ਸੁਧਾਰ ਦੇ ਪੰਜਵੇਂ ਜੈਤੋ ਮੋਰਚੇ 'ਚ ਸ਼ਾਮਲ ਸਨ।

1, ਅਗਸਤ 1947 ਨੂੰ ਸ.ਪਾਲ ਸਿੰਘ ਪੁੱਤਰ ਉੱਤਮ ਸਿੰਘ ਪਿੰਡ ਬੋਪਾਰਾਏ, ਪੱਟੀ (ਅੰਮ੍ਰਿਤਸਰ) ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਫੇਰੂ ਮੋਰਚੇ 'ਚ ਹਿੱਸਾ ਲਿਆ ਤੇ ਛੇ ਮਹੀਨੇ ਜੇਲ੍ਹ ਯਾਤਰਾ ਕੀਤੀ।

2, ਅਗਸਤ ,1915 ਨੂੰ ਸ. ਬੂਟਾ ਸਿੰਘ ਪੁੱਤਰ ਸ. ਸ਼ੇਰ ਸਿੰਘ ਪਿੰਡ ਅਕਲਪੁਰ (ਰਾਏਕੋਟ, ਲੁਧਿਆਣਾ) ਸਦੀਵੀਂ ਵਿਛੋੜਾ ਦੇ ਗਏ। ਆਪ ਗ਼ਦਰ ਲਹਿਰ 'ਚ ਕੈਨੇਡਾ ਤੋਂ ਦੇਸ ਆਜ਼ਾਦ ਕਰਾਉਣ ਆਏ ਸਨ ਤਾਂ ਕਿ ਜ਼ਿੰਦਗੀ ਦੇਸ਼ ਦੇ ਲੇਖੇ ਲੱਗ ਜਾਵੇ।

2, ਅਗਸਤ 1924 ਨੂੰ ਸ. ਜੈਮਲ ਸਿੰਘ ਪਿੰਡ ਜਬਾਲ (ਲਾਇਲਪੁਰ) ਪੰਜਵੇਂ ਜੈਤੋਂ ਮੋਰਚੇ ਦੇ ਮੈਂਬਰ ਨਾਭਾ ਬੀੜ ਜੇਲ੍ਹ 'ਚ ਦਮ ਤੋੜ ਕੇ ਸ਼ਹੀਦਾਂ ਦੀ ਮਾਲਾ ਦੇ ਮਣਕੇ ਬਣ ਗਏ।



ਮਾਹਾਰਾਣੀ ਜਿੰਦ ਕੌਰ

2, ਅਗਸਤ 1960 ਨੂੰ ਸ. ਮੰਗਲ ਸਿੰਘ ਪੁੱਤਰ ਸ. ਭਗਤ ਸਿੰਘ ਪਿੰਡ ਤੁੜ, ਤਰਨ ਤਾਰਨ (ਅੰਮ੍ਰਿਤਸਰ) ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਗੁਰੂ ਕੇ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਦੋ ਸਾਲ ਇਕ ਮਹੀਨਾ ਲਾਹੌਰ ਅਤੇ ਅੰਮ੍ਰਿਤਸਰ ਜੇਲ੍ਹ ਯਾਤਰਾ।

3, ਅਗਸਤ 1924 ਨੂੰ ਸ. ਹਾਕਮ ਸਿੰਘ (ਭਾਈ) ਪੁੱਤਰ ਸ.ਚੂਹੜ ਸਿੰਘ ਮਾਤਾ ਬੀਬੀ ਪੂਰੋ ਪਿੰਡ ਮਹੇਨ (ਅਨੰਦਪੁਰ) ਸ਼ਹੀਦਾਂ ਦੀ ਗਿਣਤੀ ਵਧਾਉਂਦੇ ਹੋਏ ਨਾਭਾ ਜੇਲ੍ਹ 'ਚ ਸਦੀਵੀ ਵਿਛੋੜਾ ਦੇ ਗਏ। ਆਪ ਜੈਤੋਂ ਦੇ ਮੋਰਚਾ ਨੰਬਰ ਚਾਰ 'ਚ ਸ਼ਾਮਲ ਸਨ।

3, ਅਗਸਤ 1924 ਨੂੰ ਸ. ਹਰਨਾਮ ਸਿੰਘ ਪੁੱਤਰ ਸ. ਚੂਹੜ ਰਾਮ ਪਿੰਡ ਮਹਾਰ (ਅਨੰਦਪੁਰ ਸਾਹਿਬ) ਜ਼ਿੰਦਗੀ ਕੌਮ ਦੇ ਲੇਖੇ ਲਾ ਗਏ। ਆਪ ਨੇ ਜੈਤੋਂ ਮੋਰਚੇ 'ਚ ਸ਼ਮੂਲੀਅਤ ਕੀਤੀ ਅਤੇ ਨਾਭਾ ਜੇਲ੍ਹ 'ਚ ਨਿਮੋਨੀਏ ਨਾਲ ਦਮ ਤੋੜ ਗਏ।

3, ਅਗਸਤ 1960 ਨੂੰ ਸ. ਬੀਰ ਸਿੰਘ ਪੁੱਤਰ ਸ. ਮਹਿਤਾਬ ਸਿੰਘ ਪਿੰਡ ਤੇ ਡਾਕਖਾਨਾ ਜੌੜਾ ਤਰਨ ਤਾਰਨ (ਅੰਮ੍ਰਿਤਸਰ) ਸਦੀਵੀਂ ਵਿਛੋੜਾ ਦੇ ਗਏ। ਆਪ ਗ਼ਦਰੀ ਬਾਬਾ ਸਨ। ਸਾਢੇ ਪੰਜ ਸਾਲ ਪੀਨੈਂਗ, ਕਲਕੱਤਾ, ਦਿੱਲੀ ਅਤੇ ਲਾਹੌਰ ਜੇਲ੍ਹ ਯਾਤਰਾ।

4, ਅਗਸਤ 1931 ਨੂੰ ਸ. ਰਾਮ ਕਿਸ਼ਨ ਵਿਸ਼ਵਾਸ ਅਲੀਪੁਰ ਜੇਲ੍ਹ (ਬੰਗਾਲ) 'ਚ ਸ਼ਹੀਦ ਹੋਏ।

5, ਅਗਸਤ 1871 ਨੂੰ ਸੰਤ ਸ. ਮੰਗਲ ਸਿੰਘ , ਸੰਤ ਸ. ਮਸਤਾਨ ਸਿੰਘ ਅਤੇ ਸੰਤ ਸ. ਗੁਰਮੁਖ ਸਿੰਘ ਤਿੰਨ ਨਾਮਧਾਰੀ ਸਿੱਖ ਯੋਧਿਆਂ ਨੂੰ ਅੰਗਰੇਜ਼ ਸਾਮਰਾਜ ਦੀ ਜ਼ੁਲਮੀ ਅਫ਼ਸਰਸ਼ਾਹੀ ਨੇ ਰਾਏਕੋਟ (ਲੁਧਿਆਣਾ) ਵਿਖੇ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਦੋਸ਼, ਗਊ ਗ਼ਰੀਬ ਦੀ ਰੱਖਿਆ ਕਰਦੇ ਸਨ।



ਨਾਮਧਾਰੀ ਸਿੱਖ ਯੋਧੇ ਸੰਤ ਮੰਗਲ ਸਿੰਘ, ਸੰਤ ਮਸਤਾਨ ਸਿੰਘ ਅਤੇ ਸੰਤ ਗੁਰਮੁਖ ਸਿੰਘ

6, ਅਗਸਤ 1924 ਨੂੰ ਸ. ਸਰਦਾਰ ਸਿੰਘ ਪੁੱਤਰ ਗੋਪਾਲ ਸਿੰਘ ਪਿੰਡ ਬਾਲਕਸਰ (ਜੇਹਲਮ) ਨਾਭਾ ਬੀੜ ਜੇਲ੍ਹ ਵਿਚ ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਜੈਤੋਂ ਅਤੇ ਗੁਰੂ ਕੇ ਬਾਗ਼ ਦੇ ਮੋਰਚਿਆਂ ਵਿਚ ਸ਼ਮੂਲੀਅਤ ਕੀਤੀ।

7, ਅਗਸਤ 1962 ਨੂੰ ਸ. ਭਗਵਾਨ ਸਿੰਘ ਪੁੱਤਰ ਸ. ਖ਼ਜ਼ਾਨ ਸਿੰਘ ਪਿੰਡ ਵੱਢੇਵਾਲ, ਮਲੇਰਕੋਟਲਾ (ਸੰਗਰੂਰ) ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਪਰਜਾ ਮੰਡਲ ਮੂਵਮੈਂਟ 'ਚ ਸ਼ਮੂਲੀਅਤ ਕੀਤੀ।



ਸਰਦਾਰ ਅਜੀਤ ਸਿੰਘ

8, ਅਗਸਤ 1924 ਨੂੰ ਸ. ਫੌਜਾ ਸਿੰਘ ਪਿੰਡ ਗਾਗੋਬੂਆ (ਅੰਮ੍ਰਿਤਸਰ) ਨਾਭਾ ਬੀੜ ਜੇਲ੍ਹ 'ਚ ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚਾ 5 'ਚ ਸ਼ਮੂਲੀਅਤ ਕੀਤੀ।

9, ਅਗਸਤ 1915 ਨੂੰ ਸ. ਹਰਨਾਮ ਸਿੰਘ ਪੁੱਤਰ ਸ. ਸੰਤ ਸਿੰਘ ਠੱਠੀਖਾਰਾ (ਅੰਮ੍ਰਿਤਸਰ), ਸ. ਆਤਮਾ ਸਿੰਘ ਪੁੱਤਰ ਸ. ਝੰਡਾ ਸਿੰਘ ਠੱਠੀਖਾਰਾ (ਅੰਮ੍ਰਿਤਸਰ), ਸ. ਕਾਲਾ ਸਿੰਘ ਪੁੱਤਰ ਸ. ਗੁਲਾਬ ਸਿੰਘ ਪਿੰਡ ਜਗਤਪੁਰ (ਅੰਮ੍ਰਿਤਸਰ) ਅਤੇ ਸ. ਚੰਨਣ ਸਿੰਘ ਪੁੱਤਰ ਸ. ਬੱਲ ਸਿੰਘ ਪਿੰਡ ਬੁੜ ਚੰਦ (ਅੰਮ੍ਰਿਤਸਰ) ਲਾਹੌਰ ਜੇਲ੍ਹ 'ਚ ਫ਼ਾਂਸੀ ਦੇ ਰੱਸੇ ਚੁੰਮ ਕੇ ਆਜ਼ਾਦੀ ਲਈ ਹੋਏ ਸ਼ਹੀਦਾਂ ਦੀ ਕਤਾਰ ਲੰਬੀ ਕਰ ਗਏ। ਆਪ ਸਾਰੇ ਵੱਲਾ ਪੁਲ ਸਾਕੇ 'ਚ ਸ਼ਾਮਲ ਸਨ।

9, ਅਗਸਤ 1940 ਨੂੰ ਸ. ਗੁਰਚਰਨ ਸਿੰਘ ਪੁੱਤਰ ਸ. ਬਲਵੰਤ ਸਿੰਘ ਪਿੰਡ ਚੋਗਾਵਾਂ ਜ਼ਿਲ੍ਹਾ ਅੰਮ੍ਰਿਤਸਰ ਸਦੀਵੀਂ ਵਿਛੋੜਾ ਦੇ ਗਏ। ਆਪ ਅੰਗਰੇਜ਼ ਸਾਮਰਾਜ ਸਮੇਂ ਦੀ ਇੰਡੀਅਨ ਫ਼ੌਜ 'ਚ ਸਨ।

9, ਅਗਸਤ 1942 ਨੂੰ ਸ. ਸੁਰਤੀ ਦਮੋਦਰ ਜੀਨਾ ਭਾਈ ਪੁਲੀਸ ਦੀਆਂ ਗੋਲੀਆਂ ਨਾਲ ਸ਼ਹੀਦ ਹੋਏ। ਉਨ੍ਹਾਂ ਭਾਰਤ ਛੱਡੋ ਅੰਦੋਲਨ 'ਚ ਹਿੱਸਾ ਲਿਆ।

9, ਅਗਸਤ 1949 ਨੂੰ ਸ. ਛੱਜੂ ਰਾਮ ਪੁੱਤਰ ਸ. ਚਿੰਤ ਰਾਮ ਮਾਤਾ ਸ੍ਰੀਮਤੀ ਠਾਕਰ ਦੇਵੀ ਪਿੰਡ ਅਤੇ ਡਾਕਖ਼ਾਨਾ ਕੋਕਰੀ ਕਲਾਂ, ਮੋਗਾ (ਫ਼ਿਰੋਜ਼ਪੁਰ) ਸਦੀਵੀ ਵਿਛੋੜਾ ਦੇ ਗਏ। ਆਪ ਨੌਜਵਾਨ ਭਾਰਤ ਸਭਾ ਦੇ ਮੈਂਬਰ ਸਨ।

9, ਅਗਸਤ 1953 ਨੂੰ ਸ. ਕੇਹਰ ਸਿੰਘ ਪੁੱਤਰ ਸ. ਬਿਸ਼ਨ ਸਿੰਘ ਪਿੰਡ ਗੌਂਧਰ (ਕਰਨਾਲ) ਸਦੀਵੀਂ ਵਿਛੋੜਾ ਦੇ ਗਏ। ਆਪ ਆਈ.ਏ. ਅਤੇ ਆਈ.ਐਨ.ਏ.ਤੇ ਬਾਅਦ ਵਿਚ ਪੁਲਿਸ 'ਚ ਰਹੇ।

10, ਅਗਸਤ 1938 ਨੂੰ ਸ. ਕਰਤਾਰ ਸਿੰਘ ਪੁੱਤਰ ਸ. ਹਰਨਾਮ ਸਿੰਘ ਪਿੰਡ ਚੱਕ ਕਲਾਂ (ਜਲੰਧਰ) ਨੂੰ ਜਲੰਧਰ ਜੇਲ੍ਹ 'ਚ ਫ਼ਾਂਸੀ ਦੇ ਕੇ ਸ਼ਹੀਦ ਕੀਤਾ। ਆਪ ਇੰਡੀਅਨ ਆਰਮੀ ਵਿਚ ਸਨ ਅਤੇ ਕਿਰਤੀ ਮੈਗਜ਼ੀਨ ਨੂੰ ਚੰਦਾ ਦੇਣ ਦੇ ਦੋਸ਼ 'ਚ ਨੌਕਰੀ ਤੋਂ ਹੱਥ ਧੋਣੇ ਪਏ। ਕਾਂਗਰਸ ਪਾਰਟੀ ਅਤੇ ਬੱਬਰ ਅਕਾਲੀ ਲਹਿਰ ਵਿਚ ਸ਼ਮੂਲੀਅਤ ਕੀਤੀ। ਪੁਲੀਸ ਦੇ ਟਾਊਟ ਅਨੂਪ ਸਿੰਘ ਮਾਣਕੋ ਅਤੇ ਉਸ ਦੇ ਪੁੱਤ ਨੂੰ ਗੋਲੀਆਂ ਮਾਰਨ ਦੇ ਦੋਸ਼ੀ ਸਨ। ਸ. ਗੁਰਦਿੱਤ ਸਿੰਘ ਮੰਢਾਲੀ ਫ਼ਾਂਸੀ ਅਤੇ ਯੁੱਗ ਪਲਟਾਊ ਦਲ ਦੇ ਸ. ਉਜਾਗਰ ਸਿੰਘ ਪ੍ਰਣਾਲੀਆਂ ਨੂੰ ਉਮਰ ਕੈਦ ਹੋਈ।



ਮਦਨ ਲਾਲ ਢੀਂਗਰਾ

10, ਅਗਸਤ 1942 ਨੂੰ ਸ. ਸ਼ਿੰਦੇ ਹਰੀ ਪੁੱਤਰ ਸ. ਸਦਾ ਸ਼ਿਵ ਸ਼ਿੰਦੇ ਸਦੀਵੀਂ ਵਿਛੋੜਾ ਦੇ ਗਏ। ਆਪ ਨੂੰ ਬੰਬਈ ਪੁਲਿਸ ਨੇ ਗੋਲੀ ਮਾਰ ਕੇ ਜਖ਼ਮੀ ਕਰ ਦਿੱਤਾ ਬਾਅਦ 'ਚ ਦਮ ਤੋੜ ਗਏ।

10, ਅਗਸਤ 1942 ਨੂੰ ਸ. ਤੰਦੇਲ ਵਾਮਨ ਪੁੱਤਰ ਸ. ਜੀਤ ਤੰਦੇਲ ਬੰਬਈ ਪੁਲਿਸ ਨੇ ਗੋਲੀਆਂ ਮਾਰੀਆਂ ਤੇ ਦਮ ਤੋੜ ਗਏ।

10, ਅਗਸਤ 1946 ਸ. ਸ਼ੇਰ ਸਿੰਘ ਪੁੱਤਰ ਸ. ਵਰਿਆਮਾ, ਪਿੰਡ ਤੇ ਡਾਕਖਾਨਾ ਬੋਥਾ ਅਜਨਾਲਾ (ਅੰਮ੍ਰਿਤਸਰ) ਸਦੀਵੀਂ ਵਿਛੋੜਾ ਦੇ ਗਏ। ਆਪ ਕਿਸਾਨ ਮੋਰਚੇ 'ਚ ਸ਼ਾਮਲ ਹੋਏ ਅਤੇ ਨੌਂ ਮਹੀਨੇ ਰਾਵਲਪਿੰਡੀ ਜੇਲ੍ਹ ਯਾਤਰਾ ਕੀਤੀ।

10, ਅਗਸਤ 1954 ਨੂੰ ਸ. ਦਿਆਲ ਸਿੰਘ ਪੁੱਤਰ ਸ. ਲਾਲ ਸਿੰਘ ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਜੈਤੋਂ ਅਤੇ ਡੱਸਕਾ ਮੋਰਚੇ 'ਚ ਹਿੱਸਾ ਲਿਆ ਅਤੇ ਜੇਲ੍ਹ ਯਾਤਰਾ ਕੀਤੀ।

10, ਅਗਸਤ 1962 ਨੂੰ ਮਾਤਾ ਕਿਸ਼ਨ ਕੌਰ ਪਿੰਡ ਕਾਉਂਕੇ ਕਲਾਂ (ਲੁਧਿਆਣਾ) ਸਦੀਵੀਂ ਵਿਛੋੜਾ ਦੇ ਗਏ। ਆਪ ਜੈਤੋਂ ਮੋਰਚੇ 'ਚ ਸ਼ਾਮਲ ਹੋਏ, ਚਾਰ ਸਾਲ ਨਾਭਾ ਬੀੜ ਦੀ ਜੇਲ੍ਹ ਯਾਤਰਾ। ਆਪ ਨਿਹੰਗ ਬਾਣੇ 'ਚ ਰਹਿੰਦੇ ਸਨ।

10, ਅਗਸਤ 1966 ਨੂੰ ਡਾ. ਭਾਗ ਸਿੰਘ ਐਮ.ਏ. ਪੀਐੱਚ.ਡੀ. ਸਦੀਵੀਂ ਵਿਛੋੜਾ ਦੇ ਗਏ। ਆਪ ਆਜ਼ਾਦੀ ਘੁਲਾਟੀਏ, ਕੁਲ ਹਿੰਦ ਕੰਟਰੋਲ ਕਮਿਸ਼ਨ ਦੇ ਮੈਂਬਰ ਅਤੇ ਪੰਜਾਬ ਅਸੰਬਲੀ 'ਚ ਐਮ.ਐਲ.ਏ ਵੀ ਰਹੇ।

11, ਅਗਸਤ 1908 ਨੂੰ ਸ. ਖੁਦੀ ਰਾਮ ਬੋਸ ਸਪੁੱਤਰ ਸ੍ਰੀ ਤ੍ਰਿਲੋਕੀ ਨਾਥ ਬੋਸ ਅਤੇ ਮਾਤਾ ਸ੍ਰੀਮਤੀ ਲਕਸ਼ਮੀ ਪ੍ਰਿਆ ਦੇਵੀ ਪਿੰਡ ਭੁਵੈਨੀ ਜ਼ਿਲ੍ਹਾ ਮਿਦਨਾਪੁਰ (ਬੰਗਾਲ), ਮੁਜ਼ੱਫ਼ਰਪੁਰ ਨੂੰ ਜੇਲ੍ਹ 'ਚ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਆਪ ਨੇ ਸੈਸ਼ਨ ਜੱਜ ਕਿੰਗਸਫੋਰਡ ਨੂੰ ਮਾਰਨ ਦੇ ਯਤਨ ਅਤੇ ਸ੍ਰੀਮਤੀ ਕੈਨੇਡੀ ਅਤੇ ਉਸ ਦੀ ਧੀ ਨੂੰ ਕਤਲ ਕਰਨ ਦੇ ਦੋਸ਼ੀ ਸਨ। ਸ਼ਹੀਦ ਪ੍ਰਫੁੱਲ ਚਾਕੀ ਨੇ ਜੀਉਂਦੇ-ਜੀਅ ਪੁਲੀਸ ਹੱਥ ਨਾ ਆਉਣ ਦੀ ਸਹੁੰ ਕਰਕੇ ਆਪਣੇ ਆਪ ਨੂੰ ਗੋਲੀ ਮਾਰ ਲਈ ਸੀ। ਦੋਵੇਂ ਇਕੱਠੇ ਸਨ।

12, ਅਗਸਤ 1873 ਨੂੰ ਸ. ਝੰਡਾ ਸਿੰਘ 'ਨਾਮਧਾਰੀ' ਪਿੰਡ ਠੱਟਾ (ਅੰਮ੍ਰਿਤਸਰ) ਨੂੰ ਇੱਕ ਦਿਨ ਪਹਿਲਾਂ ਫੜਿਆ ਦੂਸਰੇ ਦਿਨ ਫ਼ਾਂਸੀ ਦੇ ਕੇ ਸ਼ਹੀਦ ਕਰ ਦਿੱਤਾ। ਆਪ ਅੰਗਰੇਜ਼ ਸਾਮਰਾਜ ਦੇ ਵਿਰੋਧੀ ਅਤੇ ਗਊ-ਗਰੀਬ ਦੀ ਰੱਖਿਆ ਦੇ ਮੁੱਦਈ ਸਨ।

12, ਅਗਸਤ 1915 ਨੂੰ ਸ. ਬੂਟਾ ਸਿੰਘ ਪੁੱਤਰ ਸ. ਸ਼ੇਰ ਸਿੰਘ ਪਿੰਡ ਅਕਾਲਗੜ੍ਹ (ਲੁਧਿਆਣਾ) ਨੂੰ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ। ਆਪ ਨੇ ਅਮਰੀਕਾ ਦੀ ਗ਼ਦਰ ਪਾਰਟੀ ਦੇ ਨਾਲ ਰਲ ਕੇ ਨੰਗਲ ਕਲਾਂ (ਹੁਸ਼ਿਆਰਪੁਰ) ਦੇ ਟਾਊਟ ਜ਼ੈਲਦਾਰ ਦਾ ਕਤਲ ਕੀਤਾ।

12, ਅਗਸਤ 1915 ਸ. ਬੋਤਾ ਸਿੰਘ ਸੰਘਵਾਲ ਪੁੱਤਰ ਸ. ਬੂਟਾ ਸਿੰਘ ਪਿੰਡ ਸੰਘਵਾਲ (ਜਲੰਧਰ) ਨੂੰ ਫ਼ਾਂਸੀ ਦਿੱਤੀ ਗਈ। ਆਪ ਗ਼ਦਰੀ ਆਗੂ ਸਨ, ਕੈਨੇਡਾ ਤੋਂ 1912 ਨੂੰ ਦੇਸ਼ ਆਜ਼ਾਦ ਕਰਾਉਣ ਲਈ ਵਾਪਸੀ ਕੀਤੀ। ਆਪ ਦਾ ਘਰ ਆਜ਼ਾਦੀ ਪਸੰਦੀਆਂ ਦਾ ਅੱਡਾ ਸੀ। ਆਪ, ਜਵੰਦ ਸਿੰਘ ਅਤੇ ਬੂਟਾ ਸਿੰਘ ਨੇ ਮਿਲ ਕੇ ਨੰਗਲ ਕਲਾਂ ਦੇ ਗੱਦਾਰ ਜ਼ੈਲਦਾਰ ਚੰਦਾ ਸਿੰਘ ਨੂੰ ਮਾਰਿਆ। ਲਾਹੌਰ ਜੇਲ੍ਹ 'ਚ ਫ਼ਾਂਸੀ ਸਮੇਂ ਆਪ ਨੇ ਕਿਹਾ ਹੇ ਵਾਹਿਗੁਰੂ! ਮੇਰੇ ਧੰਨ ਭਾਗ ਹਨ ਕਿ ਮੇਰੀ ਇਹ ਨਿਮਾਣੀ ਜ਼ਿੰਦਗੀ ਦੇਸ਼ ਕੌਮ ਦੇ ਲੇਖੇ ਲੱਗੀ ਹੈ।

12, ਅਗਸਤ 1947 ਨੂੰ ਸ. ਭਸੀਨ, ਗੋਕਲ ਚੰਦ ਪੁੱਤਰ ਸ. ਜੀਵਨ ਮੱਲ ਭਸੀਨ ਪਿੰਡ ਭੇਰਾ ਜ਼ਿਲ੍ਹਾ ਸ਼ਾਹਪੁਰ ਸਦੀਵੀਂ ਵਿਛੋੜਾ ਦੇ ਗਏ। ਆਪ ਬੀ.ਏ. ਐਲਐਲਬੀ. ਮੁਰੀ 'ਚ ਐਮ.ਸੀ. ਸਨ।

13, ਅਗਸਤ 1953 ਨੂੰ ਸ. ਹਵੇਲੀ ਰਾਮ ਪੁੱਤਰ ਸ. ਸੀਤਾ ਰਾਮ ਪਿੰਡ ਜੇਹਮਨ (ਜੇਹਲਮ ਹੋ ਸਕਦਾ ਹੈ) ਲਾਹੌਰ ਲਾਠੀਚਾਰਜ 'ਚ ਸੱਟਾਂ ਦੀ ਤਾਬ ਨਾ ਝੱਲ ਸਕੇ।

14, ਅਗਸਤ 2007 ਨੂੰ ਸ. ਲਾਲ ਸਿੰਘ 'ਦਿਲ' ਪੁੱਤਰ ਸ. ਰੌਣਕੀ ਰਾਮ ਅਤੇ ਮਾਤਾ ਸ੍ਰੀਮਤੀ ਚਿੰਤ ਕੌਰ ਪਿੰਡ ਘੁੰਗਰਾਲੀ ਸਿੱਖਾਂ ਜ਼ਿਲ੍ਹਾ ਲੁਧਿਆਣਾ ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਹਿੰਦੋਸਤਾਨ ਦੀ ਸੰਪੂਰਨ ਆਜ਼ਾਦੀ ਵਿਚ ਹਿੱਸਾ ਪਾਇਆ ਅਤੇ ਅੰਗਰੇਜ਼ ਸਾਮਰਾਜ ਖ਼ਤਮ ਹੋਣ ਤੋਂ ਬਾਅਦ ਰਾਜ ਕਰਦੀ ਹਿੰਦੋਸਤਾਨੀ ਸਰਕਾਰ ਨੂੰ ਆਪਣੀਆਂ ਲਿਖਤਾਂ 'ਚ ਕੋਸਿਆ ਅਤੇ ਲੁਟੇਰੀ ਜਮਾਤ ਨੂੰ ਬੇ-ਪਰਦਾ ਕਰਨ ਦੇ ਯਤਨ ਕੀਤੇ।

15, ਅਗਸਤ 1930 ਨੂੰ ਸ. ਭੁੱਲਾ ਸਿੰਘ ਪੁੱਤਰ ਸ. ਬਸੰਤ ਸਿੰਘ ਪਿੰਡ ਅਤੇ ਡਾਕਖਾਨਾ ਕੋਟ ਫ਼ਤੂਹੀ, ਹੁਸ਼ਿਆਰਪੁਰ ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਅਕਾਲੀ ਬੱਬਰ ਲਹਿਰ 'ਚ ਹਿੱਸਾ ਲਿਆ।

15, ਅਗਸਤ 1947 ਨੂੰ ਸ. ਅਜੀਤ ਸਿੰਘ (ਸ਼ਹੀਦ ਭਗਤ ਸਿੰਘ ਦੇ ਚਾਚਾ) ਡਲਹੌਜ਼ੀ ਵਿਖੇ ਸਦੀਵੀ ਵਿਛੋੜਾ ਦੇ ਗਏ। 1907 ਵਿਚ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਅਤੇ ਆਪ ਜੀ ਮਾਂਡਲੇ 'ਚ ਜਲਾਵਤਨ ਹੋਏ। ਸਾਰੀ ਉਮਰ ਅੰਗਰੇਜ਼ ਸਾਮਰਾਜ ਵਿਰੁੱਧ ਹਿੰਦੋਸਤਾਨੀਆਂ ਨੂੰ ਲਾਮਬੰਦ ਕੀਤਾ। ਆਪ ਪੱਗੜੀ ਸੰਭਾਲ ਜੱਟਾ ਲਹਿਰ ਦੇ ਆਗੂ ਸਨ। 38 ਸਾਲ ਬਾਅਦ ਆਪਣੀ ਧਰਮ ਪਤਨੀ ਨੂੰ ਮਿਲੇ। ਦੇਸ਼ ਦੀ ਵੰਡ ਦਾ ਦੁਖ ਉਨ੍ਹਾਂ ਲਈ ਅਸਹਿ ਸੀ। ਇਕ ਪਾਸੇ ਲਾਲ ਕਿਲ੍ਹੇ ਉੱਤੇ ਤਿਰੰਗਾ ਲਹਿਰਾਇਆ ਜਾ ਰਿਹਾ ਸੀ ਦੂਸਰੇ ਪਾਸੇ ਡਲਹੌਜ਼ੀ ਵਿਖੇ 'ਜੈ ਹਿੰਦ' ਕਹਿ ਕੇ ਸੰਸਾਰ ਤੋਂ ਰੁਖ਼ਸਤ ਹੋ ਗਏ।

15, ਅਗਸਤ 1953 ਨੂੰ ਸ. ਅਖੀ ਰਾਮ ਪੁੱਤਰ ਸ. ਜਵਾਹਰ ਸਿੰਘ ਪਿੰਡ ਤੇ ਡਾਕਖਾਨਾ ਮਿਥਾਥੱਲ ਤਹਿਸੀਲ ਭਵਾਨੀ (ਹਿਸਾਰ) ਸਦੀਵੀਂ ਵਿਛੋੜਾ ਦੇ ਗਏ। ਆਪ ਨੂੰ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਦੌਰਾਨ ਬੇਦੋਸ਼ਿਆਂ ਉੱਪਰ ਗੋਲੀ ਨਾ ਚਲਾਉਣ ਕਾਰਨ ਅੰਗਰੇਜ਼ ਸਾਮਰਾਜ ਵਲੋਂ ਮਿਲਟਰੀ ਦੀ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ। 9 ਮਹੀਨੇ ਜੇਲ੍ਹ ਯਾਤਰਾ ਅਤੇ ਜ਼ਮੀਨ ਦੀ ਕੁਰਕੀ ਹੋਈ।

15, ਅਗਸਤ 1955 ਨੂੰ ਸ. ਕਰਨੈਲ ਸਿੰਘ ਈਸੜੂ ਆਪਣੇ ਤਿਰੰਗੇ ਝੰਡੇ ਬਚਾਉਂਦੇ ਹੋਏ ਅਤੇ ਆਪਣੇ ਕਮਾਂਡਰ ਦੀ ਢਾਲ ਬਣ ਕੇ ਪੁਰਤਗਾਲੀਆਂ ਦੀਆਂ ਗੋਲੀਆਂ ਨਾਲ ਗੋਆ ਦੀ ਆਜ਼ਾਦੀ ਮੂਵਮੈਂਟ 'ਚ ਸ਼ਹੀਦ ਹੋਏ। ਆਖ਼ਰੀ ਸ਼ਬਦ ਨਾਲ ਦੇ ਸਾਥੀਆਂ ਨੂੰ ਸਲਾਹ ਦੇ ਤੌਰ 'ਤੇ ਲਿਖੇ, "ਇਕਮੁੱਠ ਰਹਿਣਾ, ਸਮੁੱਚੇ ਲਾਭ ਨੂੰ ਅੱਗੇ ਰੱਖਣਾ, ਜ਼ੁਲਮ ਦਾ ਡਟ ਕੇ ਟਾਕਰਾ ਕਰਨਾ, ਦੇਸ਼ ਪਿਆਰ ਦੇ ਜਜ਼ਬਿਆਂ ਨਾਲ ਸ਼ਰਸ਼ਾਰ ਰਹਿਣਾ ਅਤੇ ਸਦਾ ਚੰਗੇ ਕੰਮ ਕਰਨਾ।"

15, ਅਗਸਤ 1962 ਨੂੰ ਸ. ਅਮਰ ਨਾਥ ਪੁੱਤਰ ਸ. ਸਲਾਮਤ ਰਾਏ ਅਤੇ ਮਾਤਾ ਅਤੀ ਪਿੰਡ ਅਤੇ ਡਾਕਖ਼ਾਨਾ ਕਰਤਾਰਪੁਰ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਅੰਗਰੇਜ਼ ਸਾਮਰਾਜ ਵਿਰੁੱਧ ਨਾਨ ਕਾਰਪੋਰੇਸ਼ਨ ਮੂਵਮੈਂਟ 1919 'ਚ ਹਿੱਸਾ ਲਿਆ ਅਤੇ ਪੁਲਿਸ ਦਾ ਚਾਰ ਦਿਨ ਤਸ਼ੱਦਦ ਪਿੰਡੇ ਉੱਤੇ ਹੰਢਾਇਆ।

15, ਅਗਸਤ 1969 ਨੂੰ ਗ਼ਦਰੀ ਬਾਬਾ ਉਸਮਾਨ ਸਿੰਘ ਪਿੰਡ ਬੱਦੋਵਾਲ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਆਪ ਸਾਂਫਰਾਂਸਿਸਕੋ ਕੇਸ/ਜਰਮਨ ਸਾਜ਼ਿਸ਼ ਕੇਸ ਵਿਚ ਸ਼ਾਮਲ ਸਨ। ਆਪ ਨੇ ਅੰਗਰੇਜ਼ ਸਾਮਰਾਜ ਤੋਂ ਹਿੰਦੋਸਤਾਨ ਨੂੰ ਆਜ਼ਾਦ ਕਰਾ ਕੇ ਰੁਜ਼ਗਾਰ ਪ੍ਰਤੀ ਦੇਖਾਂਗੇ ਸੋਚ ਕੇ ਗ਼ਦਰ ਲਹਿਰ 'ਚ ਹਿੱਸਾ ਲਿਆ।

(ਬਾਕੀ ਅਗਲੇ ਸਫ਼ੇ 'ਤੇ)

# ਸੁਤੰਤਰਤਾ ਤੋਂ ਸਵਾ ਸਾਲ ਪਹਿਲਾਂ ਸ਼ਿਮਲਾ ਤੋਂ ਇਕ ਚਿੱਠੀ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਮੇਰੀ ਜੀਵਨ ਸਾਥਣ ਸੁਰਜੀਤ ਪੁਰਾਣੇ ਕਾਗਜ਼ ਫਰੋਲ ਰਹੀ ਸੀ ਤਾਂ ਉਸ ਨੂੰ ਉਸ ਦੇ ਸਕੂਲ ਸਮੇਂ ਦੀ ਇਕ ਚਿੱਠੀ ਮਿਲ ਗਈ। ਇਹ ਉਸ ਦੀ ਸਹੇਲੀ ਤੇ ਹਮ-ਜਮਾਤੀ ਪ੍ਰਭਾ ਮਦਾਨ ਵਲੋਂ ਲਿਖੀ ਹੋਈ ਹੈ। ਪ੍ਰਭਾ ਆਪਣੇ ਭੈਣ ਭਰਾਵਾਂ ਸਮੇਤ ਸਕੂਲੀ ਵਿਦਿਆ ਖ਼ਤਮ ਕਰ ਕੇ ਸ਼ਿਮਲਾ ਵਿਖੇ ਛੁੱਟੀਆਂ ਮਨਾਉਣ ਗਈ ਹੋਈ ਸੀ। ਚਿੱਠੀ ਵਿਚ ਹੋਰਨਾਂ ਗੱਲਾਂ ਤੋਂ ਬਿਨਾਂ ਸ਼ਿਮਲਾ ਦਾ ਵੇਰਵਾ ਹੈ। ਉਦੋਂ ਦੇ ਸ਼ਿਮਲਾ ਦਾ ਜਦੋਂ ਉਥੇ ਮਹਾਤਮਾ ਗਾਂਧੀ ਤੇ ਪੰਡਤ ਜਵਾਹਰ ਲਾਲ ਨਹਿਰੂ ਸਮੇਤ ਕੌਮੀ ਦਰਜਨ ਰਾਸ਼ਟਰੀ ਨੇਤਾ ਪਹੁੰਚੇ ਹੋਏ ਸਨ। ਪੇਸ਼ ਹਨ ਅੰਗਰੇਜ਼ੀ ਵਿਚ ਲਿੱਖੀ ਚਿੱਠੀ ਦਾ ਅਨੁਵਾਦ:

ਸੁਰਜੀਤ! ਮੇਰੀ ਇੱਛਾ ਹੈ ਕਿ ਮੈਂ ਇਜ਼ਾਬਲ ਸ਼ੋਬਰਨ ਕਾਲਜ ਲਖਨਊ ਵਿਚ ਦਾਖਲਾ ਲਵਾਂ ਪਰ ਪਤਾ ਨਹੀਂ ਮੰਮੀ ਪਾਪਾ ਮੇਰੀ ਗੱਲ ਮੰਨਣਗੇ ਜਾਂ ਨਹੀਂ। ਤੂੰ ਵੀ ਪ੍ਰਾਰਥਨਾ ਕਰ ਕਿ ਮੈਂ ਉਥੇ ਜਾ ਸਕਾਂ। ਮੈਂ ਕਿਸੇ ਹਾਲਤ ਵਿਚ ਵੀ ਸਟਰੈਟਫੋਰਡ ਕਾਲਜ, ਅੰਮ੍ਰਿਤਸਰ ਵਿਚ ਨਹੀਂ ਦਾਖਲ ਹੋਣਾ ਚਾਹੁੰਦੀ ਪਰ ਜੇ ਲਖਨਊ ਨਾ ਜਾ ਸਕੀ ਤਾਂ ਹੋਰ ਕੋਈ ਚਾਰਾ ਵੀ ਨਹੀਂ। ਇਹ ਗੱਲ ਵੱਖਰੀ ਹੈ ਕਿ ਇਜ਼ਾਬਲ ਕਾਲਜ ਵਾਲੇ ਪੰਜਾਬ ਦੇ ਉਨ੍ਹਾਂ ਵਿਦਿਆਰਥੀਆਂ ਨੂੰ ਹੀ ਦਾਖਲ ਕਰਦੇ ਹਨ ਜਿਨ੍ਹਾਂ ਦੀ ਫਰਸਟ ਡਿਵੀਜ਼ਨ ਆਈ ਹੋਵੇ। ਜੇ ਨਾ ਆਈ ਤਾਂ ਮੈਨੂੰ ਵੀ ਸਟਰੈਟਫੋਰਡ ਹੀ ਜਾਣਾ ਪਵੇਗਾ।

ਹਾਂ! ਸੁਰਜੀਤ ਸ਼ਿਮਲਾ ਵਿਖੇ ਅੱਜ-ਕੱਲ੍ਹ ਇੰਡੀਆ ਦੇ ਸਾਰੇ ਵੱਡੇ ਨੇਤਾ ਆਏ ਹੋਏ ਹਨ। ਅਸੀਂ ਸਭਨਾਂ ਦੇ ਆਟੋਗਰਾਫ (ਹੱਥ ਲਿਖਤ) ਲੈਣ ਵਿਚ ਸਫਲ ਹੋਏ ਸਿਵਾਏ ਪੰਡਤ ਨਹਿਰੂ ਦੇ, ਜਿਸ ਦਾ ਸਾਨੂੰ ਬੜਾ ਅਫਸੋਸ ਹੈ। ਸਭ ਤੋਂ ਪਹਿਲਾਂ ਅਸੀਂ ਮਹਾਤਮਾ ਗਾਂਧੀ ਦੀ ਪ੍ਰਾਰਥਨਾ ਸਭਾ ਵਿਚ ਸ਼ਿਰਕਤ ਕੀਤੀ। ਜਿਉਂ ਹੀ ਸਭਾ ਸਮਾਪਤ ਹੋਈ ਅਸੀਂ ਆਚਾਰੀਆ ਕ੍ਰਿਪਲਾਨੀ ਨੂੰ ਮਿਲੇ ਤੇ ਉਨ੍ਹਾਂ ਦੇ ਆਟੋਗਰਾਫ ਲਏ। ਵਾਪਸੀ ਉਤੇ ਅਸੀਂ ਫਰੰਟੀਅਰ ਗਾਂਧੀ ਨੂੰ ਪਹਿਚਾਣ ਲਿਆ। ਮੈਂ ਉਨ੍ਹਾਂ ਦਾ ਹੱਥ ਫੜ ਕੇ ਕਿਹਾ ਕਿ ਮੈਂ ਉਨ੍ਹਾਂ ਤੋਂ ਆਟੋਗਰਾਫ ਲੈਣਾ ਹੈ। ਜਦੋਂ ਤਕ ਉਹ ਮੈਨੂੰ ਆਪਣਾ ਆਟੋਗਰਾਫ ਨਹੀਂ ਦਿੰਦੇ ਮੈਂ ਹੱਥ ਨਹੀਂ ਛੱਡਾਂਗੀ। ਉਹ ਉੱਚੀ ਉੱਚੀ ਹੱਸੇ ਤੇ ਬੋਲੇ ਕਿ ਉਨ੍ਹਾਂ ਕੋਲ ਪੈਂਸਿਲ ਨਹੀਂ ਹੈ। ਉਨ੍ਹਾਂ ਦਾ ਇਕ ਸਾਥੀ ਵੀ ਏਸੇ ਤਰ੍ਹਾਂ ਦੀ ਬਹਾਨੇਬਾਜ਼ੀ ਕਰਨ ਲੱਗਿਆ ਪਰ ਉਸ ਦੀ ਜੇਬ ਵਿਚ ਪੈੱਨ ਸੀ। ਮੈਂ ਉਸ ਦੀ ਜੇਬ ਵਿਚੋਂ ਪੈੱਨ ਕੱਢ ਕੇ ਫਰੰਟੀਅਰ ਗਾਂਧੀ ਨੂੰ ਫੜਾ ਦਿੱਤਾ ਤੇ ਉਨ੍ਹਾਂ ਨੇ ਦਸਤਖਤ ਕਰ ਦਿੱਤੇ। ਇਹ ਸਚਮੁੱਚ ਸਾਡੀ ਖੁਸ਼ਕਿਸਮਤੀ ਸੀ ਕਿਉਂਕਿ ਉਨ੍ਹਾਂ ਨੇ ਬਾਕੀ ਸਾਰਿਆਂ ਨੂੰ ਪੱਕੀ ਨਾਂਹ ਕਰ ਛੱਡੀ ਸੀ।

ਇਸ ਤੋਂ ਪਿੱਛੋਂ ਅਸੀਂ ਰਿਟਰੀਟ ਕਰ ਕੇ ਉਸ ਪਾਸੇ ਖਲੋਅ ਗਏ ਜਿਧਰੋਂ ਦੀ ਪੰਡਤ ਨਹਿਰੂ ਤੇ ਮੌਲਾਨਾ ਅਬਦੁਲ ਕਲਾਮ ਆਜ਼ਾਦ ਨੇ ਲੰਘਣਾ ਸੀ। ਫੇਰ ਉਨ੍ਹਾਂ ਦਾ ਪਿੱਛਾ ਕਰਦਿਆਂ ਅਸੀਂ ਉਨ੍ਹਾਂ ਦੇ ਟਿਕਾਣੇ ਉਤੇ ਵੀ ਪਹੁੰਚ ਗਏ। ਅਸੀਂ ਆਪਣੀ ਮੰਗ ਪਾਈ ਤਾਂ ਬਾਹਰ ਖਲੋਤੇ ਲੜਕੇ ਨੇ ਕਹਿ ਦਿੱਤਾ ਕਿ ਪੰਡਤ ਜੀ ਉਥੇ ਨਹੀਂ ਪਹੁੰਚੇ। ਅਸੀਂ ਮੌਲਾਨਾ ਆਜ਼ਾਦ ਨੂੰ ਮਿਲਣਾ ਚਾਹਿਆ ਤਾਂ ਉਹੀਓ ਲੜਕਾ ਕਹਿਣ ਲੱਗਿਆ ਕਿ ਮੌਲਾਨਾ ਬੜਾ ਜ਼ਰੂਰੀ ਕੰਮ ਕਰ ਰਹੇ ਹਨ। ਅਸੀਂ ਜ਼ਿੱਦ ਕੀਤੀ ਕਿ ਉਹ ਬਾਲਕੋਨੀ ਵਿਚ ਆ ਜਾਣ। ਅਸੀਂ ਅੰਦਰ ਨਹੀਂ ਜਾਵਾਂਗੇ। ਉਹ ਲੜਕਾ ਬੜੀ ਦੁਚਿੱਤੀ ਵਿਚ ਅੰਦਰ ਗਿਆ ਪਰ ਮੌਲਾਨਾ ਸਾਹਿਬ ਬਾਹਰ ਆ ਗਏ। ਅਸੀਂ ਸਾਰਿਆਂ ਨੇ ਮਿਲ ਕੇ ਜੈ ਹਿੰਦ ਕਹੀ ਤਾਂ ਉਨ੍ਹਾਂ ਨੇ ਜੈ ਹਿੰਦ ਕਹਿ ਕੇ ਸਾਥੋਂ ਮਿਲਣ ਦਾ ਮਕਸਦ ਪੁੱਛਿਆ। ਜਦੋਂ ਅਸੀਂ ਆਟੋਗਰਾਫ ਲੈਣ ਦੀ ਮੰਗ ਕੀਤੀ ਤਾਂ ਮੌਲਾਨਾ ਸਾਹਬ ਸਾਨੂੰ ਸਾਰਿਆਂ ਨੂੰ ਕਮਰੇ ਵਿਚ ਲੈ ਗਏ ਤੇ ਇਕ ਇਕ ਤੋਂ ਸਾਡਾ ਨਾਂ ਤੇ ਪਤਾ ਟਿਕਾਣਾ ਵੀ ਪੁੱਛਿਆ ਤੇ ਸਕੂਲ ਦਾ ਨਾਂ ਵੀ ਮੈਂ ਉਨ੍ਹਾਂ ਨਾਲ ਬਹੁਤ ਗੱਲਾਂ ਕੀਤੀਆਂ। ਉਨ੍ਹਾਂ ਨੇ ਇਹ ਵੀ ਪੁੱਛਿਆ ਕਿ ਮੇਰੀ ਸ਼ਿਮਲਾ ਵਿਚ ਪਹੁੰਚੇ ਨੇਤਾਵਾਂ ਬਾਰੇ ਕੀ ਰਾਇ ਹੈ। ਮੇਰੇ ਮੂੰਹੋਂ 'ਸਾਰੇ ਅਸਲੀ ਨੇਤਾ ਹਨ ਤੇ ਸੁਤੰਤਰਤਾ ਦੇ ਸੁੱਚੇ ਪੁਜਾਰੀ' ਸੁਣ ਕੇ ਉਨ੍ਹਾਂ ਨੇ ਆਪਣੇ ਹਸਤਾਖਰ ਵੀ ਦਿੱਤੇ ਅਤੇ ਇਹ ਵੀ ਕਿਹਾ ਕਿ ਅਸੀਂ ਕਦੀ ਵੀ ਉਨ੍ਹਾਂ ਨੂੰ ਬੇਝਿਜਕ ਮਿਲ ਸਕਦੇ ਹਾਂ।

ਅਸੀਂ ਬਾਹਰ ਆ ਕੇ ਬਹੁਤ ਦੇਰ ਤਕ ਪੰਡਤ ਨਹਿਰੂ ਦੀ ਉਡੀਕ ਕਰਦੇ ਰਹੇ। ਜਦੋਂ ਬਹੁਤ ਦੇਰ ਹੋ ਗਈ ਤੇ ਅਸੀਂ ਉਥੋਂ ਜਾਣ ਲੱਗੇ ਤਾਂ ਕੀ ਵੇਖਦੇ ਹਾਂ ਕਿ ਪੰਡਤ ਜੀ ਬਹੁਤ ਵੱਡੀ ਭੀੜ ਵਿਚ ਚਲੇ ਆ ਰਹੇ ਹਨ। ਅਸੀਂ ਉਨ੍ਹਾਂ ਨੂੰ ਤੱਕਿਆ ਜ਼ਰੂਰ ਪਰ ਉਨ੍ਹਾਂ ਤੋਂ ਆਟੋਗਰਾਫ ਨਹੀਂ ਲੈ ਸਕੇ'।

ਪ੍ਰਭਾ ਮਦਾਨ ਦੀ ਇਹ ਚਿੱਠੀ ਓਕਵੁਡ ਪਲੇਸ, ਸ਼ਿਮਲਾ ਤੋਂ 25 ਮਈ, 1946 ਦੀ ਲਿਖੀ ਹੋਈ ਹੈ। ਸੁਰਜੀਤ ਦੇ ਮਜੀਠਾ ਰੋਡ ਅੰਮ੍ਰਿਤਸਰ ਵਾਲੇ ਪਤੇ ਉਤੇ। ਚਿੱਠੀ ਦੱਸਦੀ ਹੈ ਕਿ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਸਕੂਲੀ ਬੱਚਿਆਂ ਵਿਚ ਆਜ਼ਾਦੀ ਲਈ ਕਿੰਨਾ ਉਤਸ਼ਾਹ ਸੀ। ਆਪਣੇ ਨੇਤਾਵਾਂ ਨੂੰ ਦੇਖਣਾ ਤੇ ਉਨ੍ਹਾਂ ਦੇ ਆਟੋਗਰਾਫ ਲੈਣਾ ਕਿੰਨਾ ਮਹੱਤਵ ਰੱਖਦਾ ਸੀ।

ਕਈ ਵਾਰੀ ਪੁਰਾਣੇ ਕਾਗਜ਼ਾਂ ਵਿਚੋਂ ਕਿੰਨਾ ਕੁਝ ਲਭਦਾ ਹੈ। ਇਸ ਚਿੱਠੀ ਦਾ ਹਾਸਲ ਹੈ।

### ਅੰਤਿਕਾ

ਸ਼ਰੀਫ ਕੁੰਜਾਹੀ
ਕੇਹੇ ਦਿਲਾਂ ਵਿਚ ਅੜਚ ਪਏ ਨੇ
ਤੇ ਕੇਹੀਆਂ ਪਈਆਂ ਗੰਢਾਂ।
ਨੌਹਾਂ ਨਾਲੋਂ ਮਾਸ ਨਿਖੇੜਿਆ
ਕਰ ਕਰ ਆਡੀਆਂ ਵੰਡਾਂ।
ਖੈਰੀ ਮਿਹਰੀ ਵਸਦੇ-ਰਸਦੇ
ਪਤਾ ਨਹੀਂ ਕੀ ਵਰਤੀ।
ਲਹੂਓ ਲਹੂ ਦਿਨਾਂ ਵਿਚ ਹੋ ਗਈ
ਫੁੱਲਾਂ ਵਰਗੀ ਧਰਤੀ।
ਭਾਈਆਂ ਨਾਲੋਂ ਭਾਈ ਓੜਕ
ਵੱਖਰੇ ਹੁੰਦੇ ਆਏ।
ਇਹ ਕੋਈ ਏਡੀ ਗੱਲ ਨਹੀਂ ਸੀ
ਜਿਸ ਸਿਆਪੇ ਪਾਏ।
ਸ਼ਾਹ ਫ਼ਰੀਦ ਹੋਰਾਂ ਦੇ ਵਰਗੇ
ਜਿਸ ਧਰਤੀ 'ਤੇ ਵੱਸੇ।
ਨਾਨਕ, ਸੰਤ ਕਬੀਰ ਨੇ ਜਿੱਥੇ
ਰਾਹ ਮਿਲਾਪੜੇ ਦੱਸੇ।
ਉਥੇ ਲੂਤੀ ਲਾਣ ਵਾਲਿਆਂ
ਇੰਜ ਅੱਜ ਲੂਤੀ ਲਾਈ।
ਤਾਣੇ ਪੇਟੇ ਵਾਲੀਆਂ ਤੰਦਾਂ ਨੂੰ
ਤੂੰ ਨਵੀਂ ਸੁਣਾਈ।
ਆਪਣੀ ਹੱਥੀਂ ਆਪਣੇ ਮੂੰਹ 'ਤੇ
ਮਾਰਨ ਲੱਗ ਪਏ ਚੰਡਾਂ।
ਭਾਈ ਭਾਈਆਂ ਨਾਲੋਂ ਰੁੱਸੇ
ਨੰਗੀਆਂ ਹੋਈਆਂ ਕੰਡਾਂ।

---

***(ਪਿਛਲੇ ਸਫੇ ਦਾ ਬਾਕੀ)***

16, ਅਗਸਤ 1941 ਨੂੰ ਬਾਬਾ ਈਸ਼ਰ ਸਿੰਘ ਪੁੱਤਰ ਸ. ਜੀਂਦ ਸਿੰਘ ਪਿੰਡ ਮਰਹਾਣਾ, ਤਰਨਤਾਰਨ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। 1922 'ਚ ਅਮਰੀਕਾ ਤੋਂ ਦੇਸ਼ ਆਜ਼ਾਦ ਕਰਾਉਣ ਲਈ ਵਾਪਸੀ, ਕਿਸਾਨੀ ਦੀ ਬੇਹਤਰੀ ਲਈ ਕੰਮ, 33 ਸਾਲ ਦੇਸ਼ ਹਿੱਤ ਦੇ ਲੇਖੇ ਲਾਏ।

16, ਅਗਸਤ 1947 ਨੂੰ ਸ. ਦਲੀਪ ਸਿੰਘ ਪੁੱਤਰ ਸ. ਹੀਰਾ ਸਿੰਘ ਆਪ ਚੱਕ 13/8ਏਆਰ ਮੀਆਂ ਚੰਨੂ ਮੁਲਤਾਨ ਸਦੀਵੀ ਵਿਛੋੜਾ ਦੇ ਗਏ ਆਪ ਨੇ ਗੁਰਦੁਆਰਾ ਸੁਧਾਰ ਲਹਿਰ ਦੇ ਗੁਰੂ ਕੇ ਬਾਗ਼ ਮੋਰਚੇ 'ਚ ਹਿੱਸਾ ਲਿਆ।

16, ਅਗਸਤ 1947 ਨੂੰ ਸ. ਈਸ਼ਰ ਸਿੰਘ ਪੁੱਤਰ ਸ. ਮੇਵਾ ਸਿੰਘ ਚੱਕ ਨੰ. 273 ਆਰਬੀਟੀ (ਲਾਇਲਪੁਰ) ਸਦੀਵੀ ਵਿਛੋੜਾ ਦੇ ਗਏ। ਆਪ ਬੱਬਰ ਅਕਾਲੀ ਲਹਿਰ 'ਚ ਸਨ।

17, ਅਗਸਤ 1909 ਨੂੰ ਸ. ਮਦਨ ਲਾਲ ਢੀਂਗਰਾ ਨੂੰ ਲੰਡਨ ਦੀ ਪੈਂਟਨਵਿਲੇ ਜੇਲ੍ਹ 'ਚ ਫ਼ਾਂਸੀ। ਆਪ ਨੇ ਕਰਜ਼ਨ ਵਾਇਲੀ ਨੂੰ ਮਾਰਿਆ ਸੀ। ਕਰਜ਼ਨ ਵਾਇਲੀ ਨੇ ਹਿੰਦੋਸਤਾਨ ਦੀ ਤਾਕਤ ਨੂੰ ਪਾੜ ਕੇ ਰੱਖਣ ਦਾ ਕੰਮ ਕੀਤਾ ਸੀ।

17, ਅਗਸਤ 1957 ਨੂੰ ਸ. ਗੰਗਾ ਰਾਮ ਸਦੀਵੀ ਵਿਛੋੜਾ ਦੇ ਗਏ। ਆਪ ਨੇ Q.I.M. 'ਚਹਿੱਸਾ ਲਿਆ।

19, ਅਗਸਤ 1942 ਨੂੰ ਸ. ਸੁੱਖਨਾ ਲੁਹਾਰ ਪੁੱਤਰ ਸ. ਸਿਓ ਪ੍ਰਕਾਸ਼ ਪਿੰਡ ਕਨਸ ਸਰਾਏ ਜ਼ਿਲ੍ਹਾ ਸ਼ਾਹਬਾਦ (ਬਿਹਾਰ) ਸਦੀਵੀ ਵਿਛੋੜਾ ਦੇ ਗਏ। ਆਪ ਭਾਰਤ ਛੱਡੋ ਲਹਿਰ ਦੇ ਇਨਕਲਾਬੀ ਸਨ।

19, ਅਗਸਤ 1947 ਨੂੰ ਸ. ਰਾਮ ਲਾਲ ਪੁੱਤਰ ਸ. ਢਾਂਗਾ ਰਾਮ ਪਿੰਡ ਗੱਜਰ ਡਾਕਖਾਨਾ ਕੁੱਕੜਾਂ (ਗੜ੍ਹਸ਼ੰਕਰ, ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਏ. ਅਤੇ ਆਈ.ਐਨ.ਏ. ਦੇ ਫੌਜੀ ਸਨ। ਚਾਰ ਸਾਲ ਜਿੱਗਰ ਕੈਂਪ ਤੇ ਮੁਲਤਾਨ ਜੇਲ੍ਹ ਯਾਤਰਾ।

19, ਅਗਸਤ 1954 ਨੂੰ ਸ. ਮਾਧੋਰਾਮ ਪੁੱਤਰ ਸ. ਖੁਬੀ ਰਾਮ ਪਿੰਡ ਬਾਹੂ ਅਕਬਰਪੁਰ ਜ਼ਿਲ੍ਹਾ ਰੋਹਤਕ ਸਦੀਵੀ ਵਿਛੋੜਾ ਦੇ ਗਏ। ਆਪ ਸਿਵਲ ਨਾ ਫੁਰਮਾਨੀ ਲਹਿਰ ਦੇ ਇਨਕਲਾਬੀ ਸਨ। ਸਾਢੇ ਸੱਤ ਸਾਲ, ਸਿਆਲਕੋਟ ਜੇਲ੍ਹ ਯਾਤਰਾ।

19, ਅਗਸਤ 1991 ਨੂੰ ਸ. ਪ੍ਰੀਤਮ ਸਿੰਘ ਘੁੰਦ ਸਦੀਵੀ ਵਿਛੋੜਾ ਦੇ ਗਏ। ਆਪ ਪਿੰਡ ਚੁਗਾਵਾਂ (ਅੰਮ੍ਰਿਤਸਰ) ਤੋਂ ਸਨ। ਆਜ਼ਾਦੀ ਘੁਲਾਟੀਏ ਸਨ।

20, ਅਗਸਤ 1943 ਨੂੰ ਸ. ਗੁਰਦਿਆਲ ਸਿੰਘ ਪੁੱਤਰ ਰੂੜ ਸਿੰਘ ਪਿੰਡ ਢੀਂਗਰ, ਬਰਨਾਲਾ (ਸੰਗਰੂਰ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਐਨ.ਏ. ਦੇ ਗੁਰੀਲਾ ਸਨ।

20, ਅਗਸਤ 1947 ਨੂੰ ਸ. ਜਗਮੇਲ ਸਿੰਘ ਪੁੱਤਰ ਸ. ਮਾਨ ਸਿੰਘ , ਪਿੰਡ ਪਾਲੀ ਤਹਿਸੀਲ ਰਿਵਾੜੀ (ਗੁੜਗਾਉਂ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਐਨ.ਏ. ਅਤੇ Heavy Artiller 'ਚ ਸਨ।

20, ਅਗਸਤ 1947 ਨੂੰ ਸ. ਅਮਰ ਸਿੰਘ ਪੁੱਤਰ ਸ. ਲੋਕ ਰਾਮ ਪਿੰਡ ਗੁਭਾਨਾ ਬਹਾਦਰਗੜ੍ਹ ਰੋਹਤਕ ਸਦੀਵੀ ਵਿਛੋੜਾ ਦੇ ਗਏ। ਆਪ ਆਈ.ਏ. ਆਈ.ਐਨ.ਏ. ਹੌਲਦਾਰ ਸਨ।

21, ਅਗਸਤ 1945 ਨੂੰ ਸ. ਦਲੀਪ ਸਿੰਘ ਪੁੱਤਰ ਸ. ਮਨਬੀਰ ਪਿੰਡ ਸਯੋੜ ਜ਼ਿਲ੍ਹਾ ਕਾਂਗੜਾ ਸਦੀਵੀ ਵਿਛੋੜਾ ਦੇ ਗਏ। ਆਪ ਆਈ.ਏ. ਅਤੇ ਆਈ.ਐਨ.ਏ. 'ਚ ਸਨ।

22, ਅਗਸਤ 1958 ਨੂੰ ਸ. ਨੱਥਾ ਸਿੰਘ ਪੁੱਤਰ ਸ. ਹੀਰਾ ਸਿੰਘ, ਪਿੰਡ ਭਾਈ ਫੇਰੂ ਤਹਿਸੀਲ ਚੂਨੀਆਂ (ਲਾਹੌਰ) ਸਦੀਵੀ ਵਿਛੋੜਾ ਦੇ ਗਏ। ਆਪ ਨੇ ਕਾਂਗਰਸ ਮੂਵਮੈਂਟਸ 'ਚ ਸ਼ਮੂਲੀਅਤ ਕੀਤੀ ਅਤੇ 4 ਮਹੀਨੇ ਜੇਲ੍ਹ ਯਾਤਰਾ।

23, ਅਗਸਤ 1943 ਨੂੰ ਸ. ਜ਼ਾਹਿਰ ਅਹਿਮਦ ਪਿੰਡ ਜ਼ਾਹਿਰ ਮੁਖ਼ਲੀਆ ਡਾਕਖਾਨਾ ਸੰਗਲਾ ਹਿੱਲ (ਸ਼ੇਖੂਪੁਰਾ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਐਨ.ਏ. ਦੇ ਸਿਪਾਹੀ ਸਨ।

24, ਅਗਸਤ 1925 ਨੂੰ ਸ. ਸੁਦਾਗਰ ਸਿੰਘ ਪਿੰਡ ਕਾਲਾ ਚੱਕ (ਲਾਇਲਪੁਰ) ਸਦੀਵੀ ਵਿਛੋੜਾ ਦੇ ਗਏ। ਆਪ ਜੈਤੋਂ ਮੋਰਚਾ ਪੰਜ 'ਚ ਸਨ ਅਤੇ ਨਾਭਾ ਬੀੜ ਜੇਲ੍ਹ 'ਚ ਸ਼ਹੀਦੀ।

24, ਅਗਸਤ 1944 ਨੂੰ ਸ. ਅਜਾਇਬ ਸਿੰਘ ਪਿੰਡ ਕੱਲਾ (ਅੰਮ੍ਰਿਤਸਰ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਐਨ.ਏ. 'ਚ ਸਨ। ਸੈਂਟਰਲ ਜੇਲ੍ਹ ਦਿੱਲੀ 'ਚ ਫ਼ਾਂਸੀ।

24 , ਅਗਸਤ 2002 ਨੂੰ ਸ. ਜਗੀਰ ਸਿੰਘ 'ਜੋਗਾ' ਪੁੱਤਰ ਸ. ਉੱਤਮ ਸਿੰਘ ਪਿੰਡ ਜੋਗਾ ਜ਼ਿਲ੍ਹਾ ਬਠਿੰਡਾ (ਹੁਣ ਮਾਨਸਾ) ਸਦੀਵੀ ਵਿਛੋੜਾ ਦੇ ਗਏ। ਆਪ ਨੇ ਪਰਜਾਤੰਤਰ ਲਹਿਰ 'ਚ ਅਗੂ ਰੋਲ ਅਦਾ ਕੀਤਾ। ਅੰਗਰੇਜ਼ ਸਾਮਰਾਜ ਵਿਰੁੱਧ ਮੂਵਮੈਂਟਸ ਵਿਚ ਅਗਲੀਆਂ ਕਤਾਰਾਂ ਦੇ ਸੰਗਰਾਮੀ ਸਨ ਕਈ ਵਾਰ ਜੇਲ੍ਹ ਯਾਤਰਾ ਕੀਤੀ।

25, ਅਗਸਤ 1943 ਨੂੰ ਸ. ਪ੍ਰਿਥੀ ਸਿੰਘ ਪੁੱਤਰ ਸ. ਠਾਕਰ ਮੁਨਸ਼ੀ ਰਾਮ ਪਿੰਡ ਤੇ ਡਾਕਖਾਨਾ ਪਦਰਾਣਾ (ਹੁਸ਼ਿਆਰਪੁਰ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਐਨ.ਏ. 'ਚ ਸਨ।

25, ਅਗਸਤ 1944 ਨੂੰ ਸ. ਦੁਰਗਾ ਦਾਸ ਪੁੱਤਰ ਸ. ਗੰਗਾ ਰਾਮ ਮੱਲ ਪਿੰਡ ਢੋਈਵਾਲਾ (ਦੇਹਰਾਦੂਨ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਏ. ਅਤੇ ਆਈ.ਐਨ.ਏ. 'ਚ ਸਨ।

25, ਅਗਸਤ 1947 ਨੂੰ ਸ. ਤਰਲੋਕ ਸਿੰਘ ਪੁੱਤਰ ਸ. ਸ਼ੇਰ ਸਿੰਘ ਪਿੰਡ ਲਾਗਰ (ਸ਼ੇਖੂਪੁਰਾ) ਸਦੀਵੀ ਵਿਛੋੜਾ ਦੇ ਗਏ। ਆਪ ਜੈਤੋਂ ਮੋਰਚੇ 'ਚ ਸਨ, ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਵਾਲੀ ਮੀਟਿੰਗ 'ਚ ਹਿੱਸਾ ਲਿਆ ਅਤੇ ਢਾਈ ਸਾਲ ਅੱਟਕ ਜੇਲ੍ਹ ਦੀ ਯਾਤਰਾ ਕੀਤੀ।

25, ਅਗਸਤ 1948 ਨੂੰ ਸ. ਮਈਓਜੀ ਕਸਤੱਈਆ ਪੁੱਤਰ ਸ. ਲਿੰਗੀਆ ਪਿੰਡ ਬੋਹਰਾਨਪਾਲੀ ਜ਼ਿਲ੍ਹਾ ਵਾਰੰਗਲ (ਆਂਧਰਾ ਪ੍ਰਦੇਸ਼) ਸਦੀਵੀ ਵਿਛੋੜਾ ਦੇ ਗਏ। ਆਪ ਨਿਜ਼ਾਮ ਦੀਆਂ ਫੌਜਾਂ ਵਿਰੁੱਧ ਲੜਦਿਆ ਸ਼ਹੀਦ ਹੋਏ। ਰਾਜਕਾਰਾਂ (ਨਿਜ਼ਾਮ ਦੀਆਂ ਫੌਜਾਂ) ਨੇ ਪਿੰਡ ਉਪਰ ਹਮਲਾ ਕਰ ਕੇ 75 ਬੱਚੇ, ਔਰਤਾਂ ਅਤੇ ਬੇਕਸੂਰਿਆਂ ਨੂੰ ਕਤਲ ਕੀਤਾ।

26, ਅਗਸਤ 1942 ਨੂੰ ਸ. ਚੰਗਣ ਪੁੱਤਰ ਸ. ਰਾਜਾ ਰਾਮ ਲੁਹਾਰ, ਪਿੰਡ ਨੇਰੀ ਜ਼ਿਲ੍ਹਾ ਜਲਗਾਉਂ (ਮਹਾਰਾਸ਼ਟਰ) ਪਬਲਿਕ ਜਲਸੇ ਉੱਪਰ ਪੁਲੀਸ ਦੀ ਫ਼ਾਇਰਿੰਗ ਵਿਚ ਦਮ ਤੋੜ ਗਏ।

26, ਅਗਸਤ 1947 ਨੂੰ ਸ. ਕਰਤਾਰ ਸਿੰਘ ਪੁੱਤਰ ਸ. ਬਿਸ਼ਨ ਸਿੰਘ ਪਿੰਡ ਲੰਡੇ ਤਹਿਸੀਲ ਮੋਗਾ (ਫਿਰੋਜ਼ਪੁਰ) ਦਾ ਕਤਲ ਹੋਇਆ। ਆਪ ਨੇ ਜੈਤੋਂ ਮੋਰਚੇ 'ਚ ਸ਼ਮੂਲੀਅਤ ਕੀਤੀ, ਸਾਈਮਨ ਕਮਿਸ਼ਨ ਦੇ ਬਾਈਕਾਟ ਵਿਚ ਹਿੱਸਾ, ਨੌਜਵਾਨ ਭਾਰਤ ਸਭਾ ਅੰਗਰੇਜ਼ ਸਾਮਰਾਜ ਵਿਰੁੱਧ ਕੰਮ ਕੀਤਾ, ਕਿਰਤੀ ਕਿਸਾਨ ਪਾਰਟੀ ਦੇ ਚੜ੍ਹਿਕ ਮੋਰਚੇ 'ਚ ਹਿੱਸਾ ਲਿਆ ਅਤੇ ਲਾਹੌਰ ਬੰਬ ਧਮਾਕੇ ਦੇ ਦੋਸ਼ 'ਚ ਜੇਲ੍ਹ ਯਾਤਰਾ ਕੀਤੀ।

28, ਅਗਸਤ 1940 ਨੂੰ ਸ. ਸਾਧੂ ਸਿੰਘ ਪੁੱਤਰ ਸ. ਨੌਰੰਗ ਸਿੰਘ, ਪਿੰਡ ਦਦੇਹਰ (ਅੰਮ੍ਰਿਤਸਰ) ਆਪ I.A. Brand C.I.H.(Central Indian House) 'ਚ ਸਨ, ਬਾਹਰ ਡਿਊਟੀ ਕਰਨ ਤੋਂ ਇਨਕਾਰੀ ਕਰ ਕੇ ਕੋਰਟ ਮਾਰਸ਼ਲ ਕੀਤਾ ਤੇ ਅੰਗਰੇਜ਼ ਸਾਮਰਾਜ ਦੀ ਬੇਰਹਿਮ ਫ਼ੌਜ ਨੇ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ।

28, ਅਗਸਤ 1940 ਨੂੰ ਸ.ਅਜਾਇਬ ਸਿੰਘ ਪਿੰਡ ਨੰਦ ਪੁਰ (ਅੰਮ੍ਰਿਤਸਰ) ਆਪ ਆਈ.ਏ ਦੀ ਸੈਂਟਰਲ ਹਾਊਸ ਆਫ ਇੰਡੀਆ ਬਰਾਂਚ 'ਚ ਸਨ। ਬਾਹਰ (abroad) ਜਾ ਕੇ ਨੌਕਰੀ ਕਰਨ ਲਈ ਨਾਂਹ। ਫ਼ਰੰਗੀਆਂ ਨੇ ਕੋਰਟ ਮਾਰਸ਼ਲ ਕਰ ਕੇ ਗੋਲੀ ਮਾਰ ਕੇ ਸ਼ਹੀਦ ਕੀਤਾ।

28, ਅਗਸਤ 1972 ਨੂੰ ਬਾਬਾ ਸ. ਮੱਸਾ ਸਿੰਘ ਪਿੰਡ ਘੱਲ ਕਲਾਂ (ਲੁਧਿਆਣਾ) ਸਦੀਵੀ ਵਿਛੋੜਾ ਦੇ ਗਏ। ਆਪ ਅਮਰੀਕਾ ਤੋਂ ਗ਼ਦਰ ਪਾਰਟੀ 'ਚ ਦੇਸ਼ ਆਜ਼ਾਦ ਕਰਾਉਣ ਲਈ ਵਾਪਿਸ ਆਏ। ਆਖਰੀ ਸਾਹ ਤਕ ਲੋਕ ਹਿਤੈਸ਼ੀ ਰਹੇ।

29 , ਅਗਸਤ 1924 ਨੂੰ ਸ. ਹੁਕਮ ਸਿੰਘ ਪੁੱਤਰ ਜੈਮਲ ਸਿੰਘ ਪਿੰਡ ਟੁਬਲ ਕਪੂਰਥਲਾ ਸਦੀਵੀ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚਾ 7 'ਚ ਹਿੱਸਾ ਲਿਆ।

29, ਅਗਸਤ 1944 ਨੂੰ ਸ. ਬੱਚਨ ਸਿੰਘ ਪਿੰਡ ਤੇ ਡਾਕਖਾਨਾ ਟਿੱਬਾ (ਕਪੂਰਥਲਾ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਐਨ.ਏ. ਦੇ ਲੈਫਟੀਨੈਂਟ ਗੁਰੀਲਾ ਰੈਜਮੈਂਟ ਵਿਚ ਸਨ।

30, ਅਗਸਤ 1924 ਨੂੰ ਸ. ਸਰਮੁੱਖ ਸਿੰਘ ਪਿੰਡ ਝੰਗ ਬੜਾਲਾ (ਲਾਇਲਪੁਰ) ਸਦੀਵੀ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚੇ 'ਚ ਹਿੱਸਾ ਲਿਆ ਤੇ ਨਾਭਾ ਜੇਲ੍ਹ 'ਚ ਦਮ ਤੋੜ ਦਿੱਤਾ।

31, ਅਗਸਤ 1924 ਨੂੰ ਸ. ਆਸਾ ਸਿੰਘ ਪਿੰਡ ਨੱਥੂਕੇ (ਲਾਹੌਰ) 8ਵੇਂ ਜੈਤੋਂ ਮੋਰਚੇ 'ਚ ਸ਼ਮੂਲੀਅਤ ਕੀਤੀ। ਨਾਭਾ ਬੀੜ ਜੇਲ੍ਹ ਯਾਤਰਾ ਸਮੇਂ ਸਦੀਵੀ ਵਿਛੋੜਾ ਦੇ ਗਏ।

***ਅਗਸਤ ਮਹੀਨੇ ਦੇ ਹੋਰ ਸ਼ਹੀਦ:***

ਅਗਸਤ, 1925 ਨੂੰ ਸ. ਬਿਸ਼ਨ ਸਿੰਘ ਪੁੱਤਰ ਸ. ਕਾਕਾ ਸਿੰਘ ਪਿੰਡ ਸਵੱਦੀ, ਜਗਰਾਉਂ (ਲੁਧਿਆਣਾ) ਰਾਵਲਪਿੰਡੀ ਜੇਲ੍ਹ 'ਚ ਸਦੀਵੀਂ ਵਿਛੋੜਾ ਦੇ ਗਏ।

ਅਗਸਤ, 1944 ਨੂੰ ਸ. ਉਜਾਗਰ ਸਿੰਘ ਪਿੰਡ ਬੁਰਜੀ ਚੰਦਾ ਸਿੰਘ (ਸਿਆਲਕੋਟ) I.N.A ਕਲੇਵਾ ਐਕਸ਼ਨ ਦੇ ਸ਼ਹੀਦ ਪਾ ਗਏ।

ਅਗਸਤ, 1944 ਨੂੰ ਸ. ਸੁਰੈਣ ਸਿੰਘ ਪਿੰਡ ਤੇ ਡਾਕ ਠੱਠੀਆਂ , ਆਈ.ਐਨ.ਏ ਦੇ ਕਲੇਵਾ ਐਕਸ਼ਨ 'ਚ ਸ਼ਹੀਦੀ ਪਾ ਗਏ।

ਅਗਸਤ, 1944 ਨੂੰ ਸ. ਵਰਿਆਮ ਸਿੰਘ ਪਿੰਡ ਤੇ ਡਾਕਖਾਨਾ ਨਾਹਰ ਸਿੰਘ ਚੱਕ ਨੰ. 13 (ਸ਼ੇਖੂਪੁਰਾ) ਸਦੀਵੀਂ ਵਿਛੋੜਾ ਦੇ ਗਏ। ਆਪ ਆਈ.ਏ. ਅਤੇ ਆਈ ਐਨ ਏ ਦੇ ਸਿਪਾਹੀ ਸਨ।

ਅਗਸਤ, 1944 ਨੂੰ ਸ.ਗੋਪਾਲ ਸਿੰਘ ਪਿੰਡ ਸਾਲਾਗੜ੍ਹੀ (ਧਰਮਸ਼ਾਲਾ) ਆਪ ਆਈ ਏ ਅਤੇ ਆਈ ਐਨ ਏ ਦੀ ਬਰਮ੍ਹਾ ਲੜਾਈ 'ਚ ਸ਼ਹੀਦੀ ਪਾ ਗਏ।

ਅਗਸਤ, 1946 ਨੂੰਸ. ਭੀਮ ਸਿੰਘ ਪੁੱਤਰ ਸ. ਰਾਮੂ ਪਿੰਡ ਚਿਰੀਆ ਚਰਖ਼ੀ (ਮਹਿੰਦਰਗੜ੍ਹ) ਸਦੀਵੀਂ ਵਿਛੋੜਾ ਦੇ ਗਏ। ਆਪ ਆਈ.ਐਨ.ਏ. ਦੇ ਗੁਰੀਲਾ ਸਨ।

ਅਗਸਤ, 1947 ਨੂੰ ਸ. ਮੰਗਲ ਸਿੰਘ ਪੁੱਤਰ ਸ. ਅਤਰ ਸਿੰਘ ਪਿੰਡ ਕਹੋੜਾ ਦਸੂਹਾ (ਹੁਸ਼ਿਆਰਪੁਰ) ਸਦੀਵੀਂ ਵਿਛੋੜਾ ਦੇ ਗਏ। ਆਪ ਆਈ ਏ ਅਤੇ ਆਈ ਐਨ ਏ 'ਚ ਸਨ।

ਅਗਸਤ, 1947 ਨੂੰ ਸ. ਓਮ ਪ੍ਰਕਾਸ਼ ਪੁੱਤਰ ਹਰੀ ਰਾਮ ਪਿੰਡ ਬੱਡੋਮਾਲੀ, ਤਹਿਸੀਲ ਨਾਰੋਵਾਲ (ਸਿਆਲਕੋਟ) ਸਦੀਵੀਂ ਵਿਛੋੜਾ ਦੇ ਗਏ। ਅੰਗਰੇਜ਼ ਸਾਮਰਾਜ ਵਿਰੁੱਧ ਸੰਗਰਾਮ ਵਿਚ ਕਈ ਸਾਲ ਜੇਲ੍ਹ ਯਾਤਰਾ।

ਅਗਸਤ, 1947 ਸ. ਰਾਮ ਨਾਥ ਪੁੱਤਰ ਸ. ਨੌਬਤ ਰਾਮ ਪਿੰਡ ਰਾਧੀ ਡਾਕਖਾਨਾ ਹਾਂਸੀ (ਹਿਸਾਰ) ਸਦੀਵੀ ਵਿਛੋੜਾ ਦੇ ਗਏ। ਆਪ ਆਈ.ਏ. ਅਤੇ ਆਈ.ਐਨ.ਏ. 'ਚ ਲੈਂਸ ਨਾਇਕ ਸਨ।

ਅਗਸਤ, 1947 ਨੂੰ ਸ. ਸੂਬਾ ਸਿੰਘ ਉਰਫ਼ ਭਗਵਾਨ ਸਿੰਘ ਪੁੱਤਰ ਸ. ਈਸ਼ਰ ਸਿੰਘ ਪਿੰਡ ਕੋਟ ਧਰਮ ਚੰਦ, ਤਰਨ ਤਾਰਨ (ਅੰਮ੍ਰਿਤਸਰ) ਸਦੀਵੀਂ ਵਿਛੋੜਾ ਦੇ ਗਏ। ਆਪ ਗੁਰਦੁਆਰਾ ਸੁਧਾਰ ਲਹਿਰ ਦੇ ਜੈਤੋਂ ਮੋਰਚੇ 'ਚ ਸ਼ਾਮਲ ਸਨ ਅਤੇ ਜੇਲ੍ਹ ਯਾਤਰਾ ਕੀਤੀ।

ਅਗਸਤ, 1947 ਸ. ਬੇਲਾ ਸਿੰਘ ਪੁੱਤਰ ਸ. ਗੰਡਾ ਸਿੰਘ ਪਿੰਡ ਮੱਤੇ ਨੰਗਲ (ਅਜਨਾਲਾ) ਅੰਮ੍ਰਿਤਸਰ ਸਦੀਵੀਂ ਵਿਛੋੜਾ ਦੇ ਗਏ। ਆਪ ਗੁਰੂ ਕੇ ਬਾਗ਼ ਤੇ ਫੇਰੂ ਮੋਰਚੇ 'ਚ ਸ਼ਾਮਲ ਹੋਏ।

ਅਗਸਤ, 1948 ਨੂੰ ਡਾ. ਨੰਦ ਸਿੰਘ ਸੀਹਰਾ ਪੁੱਤਰ ਸ.ਦੇਵਾ ਸਿੰਘ ਆਪ ਕਸਬਾ ਫਿਲੌਰ (ਜਲੰਧਰ) ਤੋਂ ਸਨ, ਗ਼ਦਰ ਲਹਿਰ ਦੇ ਹਿਤੈਸ਼ੀ ਤੇ ਆਸਨਸੋਲ (ਬੰਗਾਲ) 'ਚ ਸਦੀਵੀ ਵਿਛੋੜਾ।

ਅਗਸਤ 1952 ਨੂੰ ਸ.ਤਾਰਾ ਸਿੰਘ ਪੁੱਤਰ ਸ. ਮਾਨ ਸਿੰਘ ਪਿੰਡ ਬਰਿਆਣਾ (ਹੁਸ਼ਿਆਰਪੁਰ) ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚੇ 'ਚ ਜੇਲ੍ਹ ਕੱਟੀ।

ਅਗਸਤ 1954 ਨੂੰ ਬੀਬੀ ਸਵਦੇਸ਼ ਕੁਮਾਰੀ ਪਿਤਾ ਐਮ. ਐੱਸ. ਸ਼ਾਹ ਮਾਤਾ ਪ੍ਰਮੇਸ਼ਵਰੀ ਜੀ ਸਦੀਵੀਂ ਵਿਛੋੜਾ ਦੇ ਗਏ। ਆਪ ਅੰਗਰੇਜ਼ ਰਾਜ ਵਿਰੁੱਧ ਲਾਮਬੰਦੀ ਦੇ ਦੋਸ਼ੀ ਸਨ।

ਅਗਸਤ 1954 ਨੂੰ ਸ. ਸ਼ਾਮ ਸਿੰਘ ਪੁੱਤਰ ਸਦਾ ਸਿੰਘ ਪਿੰਡ ਚੱਕਰ, ਤਹਿ. ਜਗਰਾਉਂ (ਲੁਧਿਆਣਾ) ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਜੈਤੋਂ ਮੋਰਚੇ 'ਚ ਹਿੱਸਾ ਲਿਆ।

ਅਗਸਤ 1955 ਨੂੰ ਸ. ਸਰਵਣ ਸਿੰਘ ਪੁੱਤਰ ਮੰਗੂਰਾਮ ਆਪ ਪਿੰਡ ਹੁਸ਼ਿਆਰਪੁਰ, ਖਰੜ, (ਅੰਬਾਲਾ) ਸਦੀਵੀਂ ਵਿਛੋੜਾ ਦੇ ਗਏ। ਆਪ ਆਈ.ਐਨ.ਏ. ਦੇ ਪੀ ਓ ਡਬਲਿਊ ਸਨ।

ਅਗਸਤ 1955 ਨੂੰ ਸ. ਹਰਨਾਮ ਸਿੰਘ ਪੁੱਤਰ ਸ. ਸ਼ਾਮ ਸਿੰਘ ਆਪ ਪਿੰਡ ਚੱਕ ਨੰ. 41 ਜਗਦੇਵ ਕਲਾਂ, ਤਹਿਸੀਲ ਸਮੁੰਦਰੀ (ਲਾਇਲਪੁਰ) ਸਦੀਵੀਂ ਵਿਛੋੜਾ ਦੇ ਗਏ। ਆਪ ਨੇ ਗੁਰੂ ਕੇ ਬਾਗ਼ ਤੇ ਜੈਤੋਂ ਦੇ ਮੋਰਚਾ 'ਚ ਹਿੱਸਾ ਲਿਆ।

ਅਗਸਤ 1958 ਨੂੰ ਸ. ਕੇਸਰ ਸਿੰਘ ਪੁੱਤਰ ਸ. ਭੂਪ ਸਿੰਘ ਪਿੰਡ ਠੱਠਗੜ੍ਹ ਤਰਨਤਾਰਨ ਸਦੀਵੀਂ ਵਿਛੋੜਾ ਦੇ ਗਏ। ਆਪ ਗ਼ਦਰ ਪਾਰਟੀ ਦੇ ਮੈਂਬਰ ਸਨ।

ਅਗਸਤ 1971 ਨੂੰ ਸ. ਰਣ ਸਿੰਘ ਹਰੀਪੁਰ, ਆਦਮਪੁਰ (ਜਲੰਧਰ) ਸਦੀਵੀਂ ਵਿਛੋੜਾ ਦੇ ਗਏ। ਆਪ ਤਕਰੀਰਾਂ ਦੇ ਧਨੀ ਬੱਬਰ ਅਕਾਲੀ ਸਨ।

ਹਿੰਦੋਸਤਾਨ ਉੱਤੇ ਫ਼ਰੰਗੀ ਰਾਜ 'ਚ ਕਿੰਨੀਆਂ ਜਵਾਨੀਆਂ, ਗੁਣਵਾਨ, ਪ੍ਰਤਿਭਾਸ਼ਾਲੀ ਅਤੇ ਪਰਿਵਾਰਕ ਮਨੁੱਖਾਂ ਦਾ ਘਾਣ ਹੋਇਆ ਕੀ ਅਸੀਂ ਕਦੀ ਅੰਦਾਜ਼ਾ ਲਾਇਆ ਜਾਂ ਕਹੀਏ ਕੀ ਅਸੀਂ ਯਾਦ ਕੀਤਾ? ਉਹ ਸਮਾਂ ਕਿਹੋ ਜਿਹਾ ਹੋਵੇਗਾ ਕਿ ਸੱਤ ਸਮੁੰਦਰੋਂ ਪਾਰ ਤੋਂ ਆ ਕੇ ਹਿੰਦੋਸਤਾਨ ਨੂੰ ਆਪਣੀ ਮਰਜ਼ੀ ਮੁਤਾਬਕ ਚਲਾ ਕੇ ਗੋਰੇ ਹੁਕਮਰਾਨ ਕੀ ਕੁਝ ਲੁੱਟ ਕੇ ਲੈ ਗਏ ਤੇ ਕੀ ਕੁਝ ਤਬਾਹ ਕਰ ਗਏ।

ਸਮੇਂ ਨੇ ਅਣਖੀ ਯੋਧਿਆਂ ਨੂੰ ਜਨਮ ਦਿੱਤਾ ਜੋ ਘਰਾਂ ਤੋਂ ਬੇਘਰ ਹੋਏ, ਆਪਣੇ ਸੁੱਖ ਅਰਾਮ ਇਕ ਪਾਸੇ ਧਰ ਕੇ, ਦੇਸ਼ ਨੂੰ ਆਜ਼ਾਦ ਕਰਾਉਣ ਲਈ ਜਾਨਾਂ ਤਲੀ ਉਪਰ ਰੱਖ ਕੇ ਹਿੰਦੋਸਤਾਨ ਦੀ ਜੰਗ-ਏ- ਆਜ਼ਾਦੀ ਦੀ ਲਹਿਰ ਵਿਚ ਸ਼ਾਮਿਲ ਹੋਏ।

ਵੱਖ ਵੱਖ ਲਹਿਰਾਂ ਜਿਵੇਂ ਕੂਕਾ ਲਹਿਰ, ਗ਼ਦਰ ਲਹਿਰ, ਬੰਗਾਲ ਲਹਿਰ, ਬੱਬਰ ਅਕਾਲੀ ਲਹਿਰ, ਪਗੜੀ ਸੰਭਾਲ ਜੱਟਾ ਲਹਿਰ ਅਤੇ ਅਨੇਕ ਮੋਰਚੇ ਜਿਵੇਂ ਜੈਤੋਂ, ਫੇਰੂ, ਗੁਰੂ ਕੇ ਬਾਗ਼ ਅਤੇ ਨਨਕਾਣਾ ਸਾਹਿਬ ਦਾ ਮੋਰਚਾ। ਆਈ.ਏ. ਅਤੇ ਆਈ.ਐਨ.ਏ. ਦੇ ਫੌਜੀ, ਦੇਸ਼ ਤੋਂ ਪਰਦੇਸ ਪੜ੍ਹਨ ਆਏ ਵਿਦਿਆਰਥੀਆਂ ਆਦਿ ਨੇ ਆਜ਼ਾਦੀ ਦੇ ਸੰਗਰਾਮ ਵਿਚ ਹਿੱਸਾ ਪਾਇਆ।

ਇੰਡੋ-ਅਮੈਰੀਕਨ ਹੈਰੀਟੇਜ ਫ਼ਾਊਂਡੇਸ਼ਨ ਨਿਊਯਾਰਕ ਦੇ ਯਤਨ ਹਨ ਕਿ ਹਿੰਦੋਸਤਾਨ ਦੀ ਆਜ਼ਾਦੀ ਲਈ ਜਿਨ੍ਹਾਂ ਯੋਧਿਆਂ, ਸ਼ਹੀਦਾਂ ਅਤੇ ਸੰਗਰਾਮੀਆਂ ਨੇ ਹਿੱਸਾ ਪਾਇਆ ਬਾਰੇ ਵੱਧ ਤੋਂ ਵੱਧ ਜਾਣਕਾਰੀ ਪ੍ਰਾਪਤ ਕਰ ਕੇ ਅਣਖੀ ਵਿਰਸੇ ਬਾਰੇ ਦੱਸਿਆ ਜਾਵੇ। ਭੁੱਲੇ-ਵਿਸਰੇ ਸ਼ਹੀਦਾਂ ਬਾਰੇ ਜੇ ਕਿਸੇ ਕੋਲ ਜਾਣਕਾਰੀ ਹੋਵੇ ਤਾਂ ਫ਼ੋਨ: 1-347-753-5940 ਰਾਹੀਂ ਸਾਂਝੀ ਕਰ ਸਕਦੇ ਹੋ।

# ਬਿਲਕਿਸ ਬਾਨੋ ਕੇਸ ਅਤੇ ਭਾਜਪਾ

**ਭਖਦਾ ਮਸਲਾ**

***ਬਿਲਕੀਸ ਬਾਨੋ ਕੇਸ ਦੇ ਮੁਜਰਿਮਾਂ ਬਾਰੇ ਗੁਜਰਾਤ ਸਰਕਾਰ ਦੇ ਫੈਸਲੇ ਤੋਂ ਸਭ ਹੱਕੇ-ਬੱਕੇ ਰਹਿ ਗਏ ਹਨ। 2002 ਵਿਚ ਹੋਏ ਭਿਅੰਕਰ ਗੁਜਰਾਤ ਕਤਲੇਆਮ ਦੀ ਪੀੜਤ ਬਿਲਕੀਸ ਬਾਨੋ ਨੇ ਬਹੁਤ ਮੁਸੀਬਤਾਂ ਝਾਗ ਕੇ ਇਨ੍ਹਾਂ ਮੁਜਰਿਮਾਂ ਨੂੰ ਸੀਖਾਂ ਪਿੱਛੇ ਭਿਜਵਾਇਆ ਸੀ, ਪਰ ਭਾਜਪਾ ਨੇ ਨਿਰੋਲ ਸਿਆਸਤ ਦੇ ਰੱਥ ਉਤੇ ਸਵਾਰ ਹੁੰਦਿਆਂ ਇਨ੍ਹਾਂ ਮੁਜਰਿਮਾਂ ਨੂੰ ਮੁਆਫੀ ਦੇ ਦਿੱਤੀ। ਸ. ਨਰਿੰਦਰ ਸਿੰਘ ਢਿੱਲੋਂ ਨੇ ਇਸ ਭਖਦੇ ਮਸਲੇ ਅਤੇ ਇਸ ਪਿਛਲੀ ਸਿਆਸਤ ਦੀ ਚੀਰ-ਫਾੜ ਆਪਣੇ ਇਸ ਲੇਖ ਵਿਚ ਵਿਸਥਾਰ ਨਾਲ ਕੀਤੀ ਹੈ।***

ਬਿਲਕਿਸ ਬਾਨੋ ਗੁਜਰਾਤ ਦੀ ਇਕ ਮੁਸਲਮਾਨ ਔਰਤ ਹੈ। ਮਾਰਚ 2002 ਵਿਚ ਗੋਧਰਾ (ਗੁਜਰਾਤ) ਵਿਚ ਮੁਸਲਮਾਨ ਵਿਰੋਧੀ ਹਿੰਸਾ ਹੋਈ ਸੀ। ਉਸ ਹਿੰਸਾ ਨਾਲ ਸਬੰਧਤ ਬਲਾਤਕਾਰ, ਕਤਲਾਂ ਆਦਿ ਜੁਰਮਾਂ ਦਾ ਇਕ ਕੇਸ ਬਿਲਕਿਸ ਬਾਨੋ ਨੇ ਅਦਾਲਤ ਵਿਚ ਚਲਾਇਆ ਸੀ, ਜਿਸ ਵਿਚ ਗਿਆਰਾਂ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਹੋਈ ਸੀ। ਉਸ ਸਮੇਂ ਨਰਿੰਦਰ ਮੋਦੀ ਗੁਜਰਾਤ ਦੇ ਮੁੱਖ ਮੰਤਰੀ ਸਨ। 15 ਅਗਸਤ, 2022 ਨੂੰ ਉਨ੍ਹਾਂ ਗਿਆਰਾਂ ਕੈਦੀਆਂ ਨੂੰ ਭਾਜਪਾ ਦੀ ਗੁਜਰਾਤ ਸਰਕਾਰ ਨੇ ਵਿਸ਼ੇਸ਼ ਸਜ਼ਾ ਮੁਆਫੀ ਦੇ ਕੇ ਰਿਹਾਅ ਕਰ ਦਿੱਤਾ ਹੈ ਜਿਸ ਕਰਕੇ ਇਹ ਘਟਨਾ ਮੁੜ ਚਰਚਾ ਵਿਚ ਆ ਗਈ ਹੈ। ਇਸ ਹਿੰਸਾ ਦਾ ਮੁੱਢ ਉਦੋਂ ਬੱਝਾ ਜਦੋਂ ਅਯੁੱਧਿਆ ਤੋਂ ਗੋਧਰਾ ਨੂੰ ਆ ਰਹੀ ਸਾਬਰਮਤੀ ਐਕਸਪ੍ਰੈੱਸ ਗੱਡੀ ਨੂੰ ਅੱਗ ਲੱਗ ਗਈ ਜਿਸ ਨਾਲ ਦਰਜਨਾਂ ਕਾਰਸੇਵਕ ਮਾਰੇ ਗਏ ਅਤੇ ਕਈ ਜ਼ਖ਼ਮੀ ਹੋ

**ਨਰਿੰਦਰ ਸਿੰਘ ਢਿੱਲੋਂ**
**ਫੋਨ: 587 436 4032**

ਗਏ ਸਨ। ਭਾਜਪਾ ਖੇਮੇ ਵਿਚ ਇਹ ਸਮਝਿਆ ਜਾਣ ਲੱਗਾ ਕਿ ਇਸ ਗੱਡੀ ਨੂੰ ਅੱਗ ਮੁਸਲਮਾਨਾਂ ਨੇ ਲਾਈ ਹੈ। ਬੱਸ ਫੇਰ ਕੀ ਸੀ ਮੁਸਲਮਾਨਾਂ ਨੂੰ ਸਬਕ ਸਿਖਾਉਣ ਲਈ ਉਨ੍ਹਾਂ ਵਿਰੁੱਧ ਲੁੱਟਮਾਰ, ਅੱਗਜ਼ਨੀ, ਕਤਲ ਅਤੇ ਬਲਾਤਕਾਰ ਆਦਿ ਦੇ ਰੂਪ ਵਿਚ ਹਿੰਸਾ ਭੜਕ ਉੱਠੀ। ਮੁਸਲਮਾਨ ਪਰਿਵਾਰਾਂ ਦੇ ਘਰਾਂ ਦੀ ਲੁੱਟਮਾਰ ਕੀਤੀ ਗਈ, ਘਰਾਂ ਨੂੰ ਅੱਗ ਲਾ ਦਿੱਤੀ ਗਈ, ਕਤਲ ਕੀਤੇ ਗਏ ਅਤੇ ਜਬਰ-ਜਨਾਹ ਦੀਆਂ ਘਟਨਾਵਾਂ ਵਾਪਰੀਆਂ।

ਬਿਲਕਿਸ ਬਾਨੋ ਅਤੇ ਉਸ ਦਾ ਪਰਿਵਾਰ ਅਹਿਮਦਾਬਾਦ ਨੇੜੇ ਪਿੰਡ ਰਾਧਿਕਪੁਰ ਜ਼ਿਲ੍ਹਾ ਦਾਹੋਦ ਵਿਚ ਰਹਿੰਦਾ ਸੀ। ਹਿੰਸਾ ਤੋਂ ਡਰਦਿਆਂ ਉਹ 3 ਮਾਰਚ, 2002 ਨੂੰ ਆਪਣੇ ਪਿੱਤਰੀ ਪਿੰਡ ਛਾਪਰਵੱਧ ਚਲੇ ਗਏ। ਅਦਾਲਤ ਵਿਚ ਪੇਸ਼ ਕੀਤੀ ਚਾਰਜਸ਼ੀਟ ਦੇ ਮੁਤਾਬਕ ਉਨ੍ਹਾਂ ਉਤੇ 20-30 ਵਿਅਕਤੀਆਂ ਨੇ ਹਮਲਾ ਕਰ ਦਿੱਤਾ ਜਿਨ੍ਹਾਂ ਨੇ ਹੱਥਾਂ ਵਿਚ ਡਾਂਗਾਂ, ਕਿਰਪਾਨਾਂ ਅਤੇ ਦਾਤਰੀਆਂ ਆਦਿ ਹਥਿਆਰ ਫੜੇ ਹੋਏ ਸਨ। ਉਸ ਸਮੇਂ ਘਰ ਵਿਚ ਬੱਚਿਆਂ ਸਮੇਤ ਛੋਟੇ ਵੱਡੇ 17 ਵਿਅਕਤੀ ਹਾਜ਼ਰ ਸਨ ਜਿਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਿਆ ਅਤੇ ਕੁੱਟਿਆ ਗਿਆ। ਕੁੱਲ 14 ਵਿਅਕਤੀਆਂ ਦੀ ਮੌਤ ਹੋ ਗਈ ਜਿਨ੍ਹਾਂ ਵਿਚੋਂ 7 ਬਿਲਕਿਸ ਬਾਨੋ ਦੇ ਪਰਿਵਾਰ ਦੇ ਸਨ। ਉਸ ਦੀ ਤਿੰਨ ਸਾਲਾ ਬੇਟੀ ਨੂੰ ਹਮਲਾਵਰਾਂ ਨੇ ਪਟਕਾ ਕੇ ਜ਼ਮੀਨ 'ਤੇ ਮਾਰ ਕੇ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਪਰਿਵਾਰ ਵਿਚ ਇਕ-ਦੋ ਦਿਨ ਦੀ ਬੱਚੀ ਨੂੰ ਵੀ ਮਾਰ ਦਿੱਤਾ ਗਿਆ ਜਿਸ ਦਾ ਜਨਮ ਇਸੇ ਹਿੰਸਾ ਦੇ ਦੌਰ ਵਿਚ ਹੋਇਆ ਸੀ। ਬਿਲਕਿਸ ਬਾਨੋ ਦੀ ਉਮਰ ਉਸ ਸਮੇਂ 21 ਸਾਲ ਸੀ ਤੇ ਉਹ 5 ਮਹੀਨਿਆਂ ਦੀ ਗਰਭਵਤੀ ਸੀ। ਉਹ, ਉਸ ਦੀ ਮਾਂ, ਦੋ ਭੈਣਾਂ ਅਤੇ ਇਕ ਹੋਰ ਔਰਤ ਦਾ ਸਮੂਹਿਕ ਬਲਾਤਕਾਰ ਕੀਤਾ ਗਿਆ। ਬਿਲਕਿਸ ਬਾਨੋ ਬੇਹੋਸ਼ ਹੋ ਗਈ ਅਤੇ ਨਗਨ ਹਾਲਤ ਵਿਚ ਤਿੰਨ ਘੰਟੇ ਬਾਅਦ ਹੋਸ਼ 'ਚ ਆਈ। ਮੀਡੀਆ ਰਿਪੋਰਟ ਦੇ ਮੁਤਾਬਕ ਉਸ ਨੇ ਇਕ ਆਦਿਵਾਸੀ ਔਰਤ ਕੋਲੋਂ ਕੱਪੜੇ ਮੰਗ ਕੇ ਲਏ ਜਿਨ੍ਹਾਂ ਨਾਲ ਉਸ ਨੇ ਆਪਣੇ ਸਰੀਰ ਨੂੰ ਢਕਿਆ।

ਕੁਝ ਲੋਕਾਂ ਦੀ ਮਦਦ ਨਾਲ ਉਹ ਇਕ ਹੋਮਗਾਰਡ ਦੇ ਜਵਾਨ ਨੂੰ ਨਾਲ ਲੈ ਕੇ ਲਿਮਖੇੜਾ ਪੁਲਿਸ ਥਾਣੇ ਵਿਚ ਗਈ। ਸੀਬੀਆਈ ਵਲੋਂ ਕੀਤੀ ਜਾਂਚ ਦੇ ਮੁਤਾਬਕ ਥਾਣੇ ਵਿਚ ਸੋਮਾ ਭਾਈ ਗੋੜ ਨਾਂ ਦੇ ਹੈੱਡ ਕਾਂਸਟੇਬਲ ਨੇ ਉਸ ਦੀ ਅਧੂਰੀ ਰਿਪੋਰਟ ਦਰਜ ਕੀਤੀ, ਬਹੁਤ ਸਾਰੇ ਤੱਥ ਲੁਕਾ ਲਏ ਅਤੇ ਸਾਰੀ ਰਿਪੋਰਟ ਨੂੰ ਤੋੜ ਮਰੋੜ ਕੇ ਲਿਖਿਆ।

ਬਿਲਕਿਸ ਬਾਨੋ ਨੂੰ ਮੈਡੀਕਲ ਚੈੱਕਅਪ ਲਈ ਸਰਕਾਰੀ ਹਸਪਤਾਲ ਵਿਚ ਲਿਜਾਇਆ ਗਿਆ ਅਤੇ ਬਾਅਦ ਵਿਚ ਗੋਧਰਾ ਸਹਾਇਤਾ ਕੈਂਪ ਵਿਚ ਭੇਜ ਦਿੱਤਾ ਗਿਆ। ਉਸ ਦੇ ਕੇਸ ਨੂੰ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਅਤੇ ਮਾਨਯੋਗ ਸੁਪਰੀਮ ਕੋਰਟ ਨੇ ਆਪਣੇ ਹੱਥ ਵਿਚ ਲਿਆ ਤੇ ਸੀ.ਬੀ.ਆਈ. ਨੂੰ ਜਾਂਚ ਦਾ ਹੁਕਮ ਦਿੱਤਾ। ਸੀ.ਬੀ.ਆਈ. ਦੀ ਜਾਂਚ ਵਿਚ ਇਹ ਆਇਆ ਕਿ ਮ੍ਰਿਤਕਾਂ ਦਾ ਪੋਸਟਮਾਰਟਮ ਠੀਕ ਢੰਗ ਨਾਲ ਨਹੀਂ ਕੀਤਾ ਗਿਆ। ਸੀ.ਬੀ.ਆਈ. ਨੇ ਮ੍ਰਿਤਕਾਂ ਦੀਆਂ ਲਾਸ਼ਾਂ ਕਬਰਾਂ ਵਿਚੋਂ ਕਢਵਾ ਕੇ ਵੇਖੀਆਂ ਜਿਨ੍ਹਾਂ ਨਾਲ ਸਿਰ ਨਹੀਂ ਸਨ। ਜਾਂਚ ਵਿਚ ਇਹ ਗੱਲ ਸਪੱਸ਼ਟ ਹੋ ਗਈ ਕਿ ਸਿਰ ਤੋੜ-ਫੋੜ ਦਿੱਤੇ ਗਏ ਸਨ ਤਾਂ ਕਿ ਲਾਸ਼ਾਂ ਦੀ ਸ਼ਨਾਖਤ ਨਾ ਹੋ ਸਕੇ। ਬਿਲਕਿਸ ਬਾਨੋ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਸ ਸਮੇਂ ਪੁਲੀਸ ਅਤੇ ਅਪਰਾਧੀ ਰਲੇ ਹੋਏ ਸਨ। ਦੋਸ਼ੀਆਂ ਨੂੰ ਬਲਾਤਕਾਰ ਕਰਨ ਅਤੇ ਲੁੱਟ-ਖੋਹ ਦੀ ਪੂਰੀ ਆਜ਼ਾਦੀ ਦਿੱਤੀ ਹੋਈ ਸੀ। ਉਸ ਨੇ ਕਿਹਾ ਕਿ ਪੁਲੀਸ ਅਤੇ ਪ੍ਰਸ਼ਾਸਨ ਨੇ ਉਸ ਦਾ



ਕਾਨੂੰਨੀ ਰਾਹ ਰੋਕਣ ਲਈ ਹਰ ਕੋਸ਼ਿਸ਼ ਕੀਤੀ, ਧਮਕੀਆਂ ਦਿੱਤੀਆਂ ਅਤੇ ਸਬੂਤ ਨਸ਼ਟ ਕੀਤੇ। ਇੱਥੋਂ ਤਕ ਕਿ ਡਾਕਟਰਾਂ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਬਿਲਕਿਸ ਬਾਨੋ ਨਾਲ ਜਬਰ-ਜਨਾਹ ਹੋਇਆ ਹੀ ਨਹੀਂ। ਅਪਰਾਧ ਦੀ ਗੰਭੀਰਤਾ ਅਤੇ ਦੋਸ਼ੀਆਂ ਦੀ ਪਛਾਣ ਦੇ ਬਾਵਜੂਦ ਪਹਿਲੀ ਗ੍ਰਿਫ਼ਤਾਰੀ 2004 ਵਿਚ ਉਸ ਸਮੇਂ ਹੋਈ ਜਦ ਸੁਪਰੀਮ ਕੋਰਟ ਨੇ ਕੇਸ ਸੀ.ਬੀ.ਆਈ. ਦੇ ਹਵਾਲੇ ਕਰ ਦਿੱਤਾ।

ਪੀੜਤ ਔਰਤ ਨੇ ਸੁਪਰੀਮ ਕੋਰਟ ਕੋਲੋਂ ਇਹ ਮੰਗ ਕੀਤੀ ਕਿ ਉਸ ਨੂੰ ਗੁਜਰਾਤ ਵਿਚ ਇਨਸਾਫ਼ ਨਹੀਂ ਮਿਲ ਸਕਦਾ ਇਸ ਕਰਕੇ ਉਸ ਦਾ ਕੇਸ ਗੁਜਰਾਤ ਤੋਂ ਬਾਹਰ ਭੇਜਿਆ ਜਾਵੇ। ਉਸ ਦੀ ਬੇਨਤੀ ਨੂੰ ਸਵੀਕਾਰ ਕਰ ਕੇ ਸੁਪਰੀਮ ਕੋਰਟ ਨੇ ਕੇਸ ਮੁੰਬਈ ਦੀ ਅਦਾਲਤ ਵਿਚ ਭੇਜ ਦਿੱਤਾ।

ਸੀ.ਬੀ.ਆਈ. ਨੇ ਇਸ ਕੇਸ ਵਿਚ 19 ਵਿਅਕਤੀਆਂ ਨੂੰ ਨਾਮਜ਼ਦ ਕੀਤਾ ਜਿਨ੍ਹਾਂ ਵਿਚ 6 ਪੁਲੀਸ ਮੁਲਾਜ਼ਮ ਅਤੇ ਇਕ ਡਾਕਟਰ ਵੀ ਸ਼ਾਮਲ ਸੀ। 21 ਜਨਵਰੀ, 2008 ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ ਗਿਆਰਾਂ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਨੂੰ ਗਰਭਵਤੀ ਔਰਤ ਨਾਲ ਸਮੂਹਿਕ ਜਬਰ-ਜਨਾਹ ਕਰਨ, ਦੂਜੀਆਂ ਔਰਤਾਂ ਦਾ ਸਮੂਹਿਕ ਬਲਾਤਕਾਰ ਕਰਨ, ਕਤਲ ਅਤੇ ਗ਼ੈਰਕਾਨੂੰਨੀ ਢੰਗ ਨਾਲ ਇਕੱਠੇ ਹੋਣ ਆਦਿ ਧਾਰਾਵਾਂ ਤਹਿਤ ਉਮਰ ਕੈਦ ਦੀ ਸਜ਼ਾ ਸੁਣਾਈ। ਇਕ ਵਿਅਕਤੀ ਦੀ ਅਦਾਲਤ ਵਿਚ ਕੇਸ ਚੱਲਦਿਆਂ ਮੌਤ ਹੋ ਗਈ ਅਤੇ 7 ਬਰੀ ਕਰ ਦਿੱਤੇ ਗਏ।

ਦੋਸ਼ੀਆਂ ਨੇ ਹਾਈ ਕੋਰਟ ਵਿਚ ਅਪੀਲ ਕੀਤੀ ਪਰ ਹਾਈ ਕੋਰਟ ਨੇ 2017 ਵਿਚ ਦਿੱਤੇ ਫੈਸਲੇ ਅਨੁਸਾਰ ਉਨ੍ਹਾਂ ਦੀ ਸਜ਼ਾ ਬਹਾਲ ਰੱਖੀ। ਹੁਣ 15 ਅਗਸਤ 2022 ਨੂੰ ਜਦ ਉਹ 11 ਦੋਸ਼ੀਆਂ ਦੀ ਸਜ਼ਾ ਮੁਆਫ ਕਰ ਕੇ ਗੋਧਰਾ ਦੀ ਸਬ-ਜੇਲ੍ਹ ਵਿਚੋਂ ਰਿਹਾਅ ਕਰ ਦਿੱਤੇ ਗਏ ਹਨ ਤਾਂ ਦੇਸ਼ ਵਿਚ ਇਸ ਦੀ ਬੜੀ ਚਰਚਾ ਹੈ। ਦੋਸ਼ੀਆਂ ਦੇ ਵਕੀਲ ਨੇ ਆਖਿਆ ਹੈ ਕਿ ਇਸ ਵਿਚ ਕੁਝ ਵੀ ਗੈਰ-ਕਾਨੂੰਨੀ ਨਹੀਂ ਹੈ, ਕਾਨੂੰਨ ਮੁਤਾਬਕ ਹੀ ਰਿਹਾਅ ਕੀਤੇ ਗਏ ਹਨ।

ਅਸਲ ਵਿਚ ਹੋਇਆ ਇੰਜ ਕਿ ਇਨ੍ਹਾਂ ਦੋਸ਼ੀਆਂ ਵਿਚੋਂ ਇਕ ਰਾਧੇਸ਼ਿਆਮ ਸ਼ਾਹ ਨਾਂ ਦੇ ਵਿਅਕਤੀ ਨੇ ਅਦਾਲਤ ਵਿਚ ਅਪੀਲ ਕੀਤੀ ਸੀ ਕਿ ਉਸ ਨੂੰ ਸਜ਼ਾ 'ਚ ਛੋਟ ਦਿੱਤੀ ਜਾਵੇ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਇਹ ਨਿਰਦੇਸ਼ ਦਿੱਤੇ ਸਨ ਕਿ ਇਨ੍ਹਾਂ ਦੋਸ਼ੀਆਂ ਦੇ ਪੱਖ 'ਤੇ ਵਿਚਾਰ ਕੀਤਾ ਜਾਵੇ। ਇਸ ਤੋਂ ਬਾਅਦ ਗੁਜਰਾਤ ਸਰਕਾਰ ਨੇ ਇਕ ਕਮੇਟੀ ਦਾ ਗਠਨ ਕੀਤਾ ਜਿਸ ਨੇ ਕੁਝ ਸਮਾਂ ਪਹਿਲਾਂ ਸਰਬਸੰਮਤੀ ਨਾਲ ਇਹ ਸਿਫ਼ਾਰਸ਼ ਕੀਤੀ ਕਿ ਇਨ੍ਹਾਂ ਨੂੰ ਰਿਹਾਅ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਰਾਜ ਸਰਕਾਰ ਨੇ ਰਿਹਾਈ ਦੇ ਹੁਕਮ ਦਿੱਤੇ। ਗੁਜਰਾਤ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਸ੍ਰੀ ਰਾਜ ਕੁਮਾਰ ਨੇ ਪ੍ਰੈੱਸ ਨੂੰ ਦੱਸਿਆ ਕਿ ਉਮਰ, ਅਪਰਾਧ ਅਤੇ ਜੇਲ੍ਹ ਵਿਚ ਕੈਦੀ ਦੇ ਵਿਹਾਰ ਨੂੰ ਮੁੱਖ ਰੱਖ ਕੇ ਸਜ਼ਾ 'ਚ ਛੋਟ ਦੇਣ ਦਾ ਫ਼ੈਸਲਾ ਕੀਤਾ ਗਿਆ ਹੈ। ਕਾਨੂੰਨੀ ਪੱਖ ਤੋਂ ਜੇ ਵੇਖੀਏ ਤਾਂ ਕਿਸੇ ਵੀ ਕੈਦੀ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨਾ ਸਰਕਾਰ ਦਾ ਅਧਿਕਾਰ ਹੈ ਲੇਕਿਨ ਅਪਰਾਧ ਬਾਰੇ ਨਿਰਣਾ ਕਰਨਾ ਬੜਾ ਜ਼ਰੂਰੀ ਹੁੰਦਾ ਹੈ। ਗਰਭਵਤੀ ਔਰਤ ਅਤੇ ਦੂਜੀਆਂ ਔਰਤਾਂ ਨਾਲ ਸਮੂਹਿਕ ਬਲਾਤਕਾਰ ਕਰਨਾ ਸਮੂਹਿਕ ਕਤਲ ਕਰਨੇ, ਛੋਟੀ ਬੱਚੀ ਨੂੰ ਜ਼ਮੀਨ 'ਤੇ ਪਟਕਾ ਕੇ ਮਾਰ ਦੇਣਾ ਬੜੇ ਸੰਗੀਨ ਅਪਰਾਧ ਹਨ ਅਤੇ ਇਨ੍ਹਾਂ ਅਪਰਾਧੀਆਂ 'ਤੇ ਕਿਸੇ ਵੀ ਸੂਰਤ ਵਿਚ ਰਹਿਮ ਨਹੀਂ ਸੀ ਕਰਨਾ ਚਾਹੀਦਾ। ਗੁਜਰਾਤ ਸਰਕਾਰ ਦੇ ਵਧੀਕ ਮੁੱਖ ਸਕੱਤਰ (ਗ੍ਰਹਿ) ਦਾ ਰਿਹਾਅ ਕਰਨ ਬਾਰੇ ਬਿਆਨ ਹਾਸੋਹੀਣਾ ਹੈ ਅਤੇ ਦੋਸ਼ੀਆਂ ਦੀ ਪਿੱਠ ਪੂਰਦਾ ਹੈ।

ਅਸਲ ਵਿਚ ਮੁਸਲਮਾਨ ਵਿਰੋਧੀ ਗੋਦਰਾ ਹਿੰਸਾ ਕਾਂਡ ਬਾਰੇ ਇਹੀ ਚਰਚਾ ਰਹੀ ਹੈ ਕਿ ਇਹ ਸਰਕਾਰੀ ਸ਼ਹਿ 'ਤੇ ਪੁਲੀਸ ਦੀ ਮਿਲੀਭੁਗਤ ਨਾਲ ਕੀਤਾ ਗਿਆ ਸੀ। ਬਿਲਕਿਸ ਬਾਨੋ ਦਾ ਤਾਂ ਇਕ ਕੇਸ ਹੈ ਉੱਥੇ ਅਨੇਕਾਂ ਦਿਲ ਕੰਬਾਊ ਘਟਨਾਵਾਂ ਨੂੰ ਅੰਜਾਮ ਦਿੱਤਾ ਗਿਆ ਸੀ ਜੋ ਮੀਡੀਆ ਦੀਆਂ ਸੁਰਖੀਆਂ ਬਣਦੀਆਂ ਰਹੀਆਂ ਹਨ।

ਇਨ੍ਹਾਂ ਅਪਰਾਧੀਆਂ ਨੂੰ 15 ਅਗਸਤ, 2022 ਨੂੰ ਉਸ ਸਮੇਂ ਰਿਹਾਅ ਕੀਤਾ ਗਿਆ ਜਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਾਲ ਕਿਲੇ ਤੋਂ ਔਰਤਾਂ ਦੇ ਸਨਮਾਨ ਸਬੰਧੀ ਲੱਛੇਦਾਰ ਭਾਸ਼ਣ ਕਰ ਰਹੇ ਸਨ। ਇਹ ਵੀ ਚਰਚਾ ਹੈ ਕਿ ਇਨ੍ਹਾਂ ਅਪਰਾਧੀਆਂ ਨੂੰ ਗੁਜਰਾਤ ਦੀ ਭਾਜਪਾ ਸਰਕਾਰ ਵਲੋਂ ਰਿਹਾਅ ਕਰਨ ਲਈ ਨਰਿੰਦਰ ਮੋਦੀ ਦੀ ਸਹਿਮਤੀ ਜ਼ਰੂਰ ਹੋਵੇਗੀ। ਲੋਕਾਂ ਦੇ ਮਨਾਂ ਵਿਚ ਇਹ ਸਵਾਲ ਹਨ ਕਿ ਔਰਤਾਂ ਤਾਂ ਵਾਕਈ ਸਨਮਾਨ ਯੋਗ ਹਨ ਲੇਕਿਨ ਭਾਜਪਾ ਔਰਤਾਂ ਪ੍ਰਤੀ ਕਿੰਨਾ ਕੁ ਸਨਮਾਨ ਰੱਖਦੀ ਹੈ? ਲੋਕਾਂ ਨੂੰ ਅਜੇ ਯਾਦ ਹੈ ਕਿ ਕਠੂਆ ਵਿਚ ਭਾਜਪਾ ਨੇ ਬਲਾਤਕਾਰੀਆਂ ਦੇ ਹੱਕ ਵਿਚ ਮੁਜ਼ਾਹਰਾ ਕਰਦਿਆਂ ਬਲਾਤਕਾਰੀਆਂ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ ਕੀਤੀ ਸੀ। ਉਸ ਮੁਜ਼ਾਹਰੇ ਵਿਚ ਭਾਜਪਾ ਦੇ ਪ੍ਰਮੁੱਖ ਲੀਡਰ ਵੀ ਸ਼ਾਮਲ ਹੋਏ ਸਨ। ਲੋਕਾਂ ਨੂੰ ਉੱਤਰ ਪ੍ਰਦੇਸ਼ ਦਾ ਉਨਾਓ ਕੇਸ ਅਜੇ ਭੁੱਲਿਆ ਨਹੀਂ ਜਿੱਥੇ ਭਾਜਪਾ ਦੇ ਇਕ ਐਮ.ਐਲ.ਏ. ਕੁਲਦੀਪ ਸਿੰਘ ਸੇਂਗਰ ਨੇ ਸਤਾਰਾਂ ਸਾਲਾ ਲੜਕੀ ਨਾਲ ਜੂਨ 2017 ਵਿਚ ਬਲਾਤਕਾਰ ਕੀਤਾ ਸੀ ਅਤੇ ਯੂ ਪੀ ਦੀ ਸਾਰੀ ਭਾਜਪਾ ਸਰਕਾਰ ਅਤੇ ਪੁਲੀਸ ਉਸ ਦੀ ਪਿੱਠ 'ਤੇ ਸੀ। ਇਸ ਕੇਸ ਦੀ ਜਾਂਚ ਵੀ ਸੀ.ਬੀ.ਆਈ. ਨੂੰ ਦਿੱਤੀ ਗਈ ਸੀ ਤਾਂ ਹੀ ਜਾਂਚ ਅੱਗੇ ਤੁਰ ਸਕੀ ਸੀ। ਕੁਲਦੀਪ ਸਿੰਘ ਸੇਂਗਰ ਹੁਣ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਅਜੇ ਹੁਣੇ ਹੁਣੇ ਦਿੱਲੀ ਹਾਈ ਕੋਰਟ ਨੇ ਭਾਜਪਾ ਦੇ ਨੇਤਾ ਸ਼ਾਹਨਵਾਜ਼ ਹੁਸੈਨ 'ਤੇ ਜਬਰ-ਜਨਾਹ ਦੇ ਦੋਸ਼ ਤਹਿਤ ਐਫ.ਆਈ.ਆਰ. ਦਰਜ ਕਰਨ ਦੇ ਹੁਕਮ ਦਿੱਤੇ ਹਨ। ਇਕ ਭਾਜਪਾ ਲੀਡਰ ਪ੍ਰਮੋਦ ਗੁਪਤਾ ਜੋ ਕੋਆਪਰੇਟਿਵ ਬੈਂਕ ਦੇ ਚੇਅਰਮੈਨ ਸਨ ਨੂੰ ਪੰਜ ਸਾਲਾ ਬੱਚੀ ਨਾਲ ਜਬਰ-ਜਨਾਹ ਕਰਨ ਦੇ ਦੋਸ਼ ਵਿਚ ਉਮਰ ਕੈਦ ਦੀ ਸਜ਼ਾ ਹੋਈ ਸੀ। ਨਿਹਾਲ ਚੰਦ ਜੋ ਰਾਜਸਥਾਨ ਤੋਂ ਮੈਂਬਰ ਪਾਰਲੀਮੈਂਟ ਅਤੇ ਮੋਦੀ ਸਾਹਿਬ ਦੀ ਕੈਬਨਿਟ ਵਿਚ ਮਨਿਸਟਰ ਸੀ, ਨੂੰ ਜੂਨ 2014 ਵਿਚ ਵੀਹ ਸਾਲਾ ਲੜਕੀ 'ਤੇ ਸੈਕਸੂਅਲ ਹਮਲਾ ਕਰਨ ਦਾ ਦੋਸ਼ੀ ਪਾਇਆ ਗਿਆ ਸੀ। ਇਹੋ ਜਿਹੀਆਂ ਘਟਨਾਵਾਂ ਦੀ ਬੀਜੇਪੀ ਆਗੂਆਂ ਦੀ ਲਿਸਟ ਬਹੁਤ ਲੰਬੀ ਹੈ। ਬਿਲਕਿਸ ਬਾਨੋ ਕੇਸ ਵਿਚ ਅਪਰਾਧੀਆਂ ਨੂੰ ਛੱਡਣ ਲਈ ਭਾਜਪਾ ਸਰਕਾਰ ਦੇ ਇਸ ਕਦਮ ਦੀ ਨਿਖੇਧੀ ਕਰਨੀ ਬਣਦੀ ਹੈ। ਇਨ੍ਹਾਂ ਗਿਆਰਾਂ ਵਿਅਕਤੀਆਂ ਦੀ ਰਿਹਾਈ ਤੋਂ ਬਾਅਦ ਬਿਲਕਿਸ ਬਾਨੋ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਅਜੇ ਵੀ ਲੁਕ-ਛਿਪ ਕੇ ਰਹਿ ਰਹੀ ਹੈ। ਉਹ ਲੰਮਾ ਸਮਾਂ ਇਕ ਜਗ੍ਹਾ ਨਹੀਂ ਰਹਿ ਸਕਦੀ। ਉਹ ਪਹਿਲਾਂ ਹੀ ਆਪਣਾ ਪਰਿਵਾਰ ਗੁਆ ਚੁੱਕੀ ਹੈ। ਸਰਕਾਰ ਨੇ ਆਪਣੇ ਐਲਾਨ ਦੇ ਮੁਤਾਬਕ ਉਨ੍ਹਾਂ ਨੂੰ ਕੋਈ ਘਰ ਜਾਂ ਨੌਕਰੀ ਨਹੀਂ ਦਿੱਤੀ।

ਹੁਣ ਇਸ ਕੇਸ ਉਤੇ ਕਾਨੂੰਨ ਦੇ ਮਾਹਿਰਾਂ ਵਲੋਂ ਬਹਿਸ ਸ਼ੁਰੂ ਹੋ ਗਈ ਹੈ। ਇਨ੍ਹਾਂ ਕੈਦੀਆਂ ਨੂੰ 1992 ਦੀ ਸਜ਼ਾ ਮੁਆਫੀ ਨੀਤੀ ਤਹਿਤ ਰਿਹਾਅ ਕੀਤਾ ਗਿਆ ਸੀ। ਇਸ ਨੀਤੀ ਵਿਚ ਕਿਸੇ ਵੀ ਸ਼੍ਰੇਣੀ ਦੇ ਮੁਲਜ਼ਮ ਨੂੰ ਰਿਹਾਅ ਕਰਨ 'ਤੇ ਕੋਈ ਰੋਕ ਨਹੀਂ ਸੀ। ਮੀਡੀਆ ਵਿਚ ਆਈਆਂ ਖਬਰਾਂ ਮੁਤਾਬਕ ਸੁਪਰੀਮ ਕੋਰਟ ਨੇ ਰਾਧੇ ਸ਼ਾਮ ਸ਼ਾਹ ਦੀ ਅਰਜ਼ੀ ਨੂੰ ਧਿਆਨ 'ਚ ਰੱਖਦਿਆਂ ਫ਼ੈਸਲਾ ਲੈਣ ਲਈ ਕਿਹਾ ਸੀ, ਪਰ ਗੁਜਰਾਤ ਸਰਕਾਰ ਨੇ 2014 ਵਿਚ ਸਜ਼ਾ ਮੁਆਫੀ ਲਈ ਇਕ ਨਵੀਂ ਨੀਤੀ ਬਣਾਈ ਸੀ ਜਿਸ 'ਚ ਕਈ ਸ਼੍ਰੇਣੀਆਂ ਦੇ ਕੈਦੀਆਂ ਦੀ ਰਿਹਾਈ 'ਤੇ ਰੋਕ ਲਾਉਣ ਦਾ ਪ੍ਰਾਵਧਾਨ ਹੈ। ਇਸ ਨੀਤੀ ਵਿਚ ਕਿਹਾ ਗਿਆ ਸੀ ਕਿ ਬਲਾਤਕਾਰ ਅਤੇ ਕਤਲ ਦੇ ਦੋਸ਼ੀਆਂ ਨੂੰ ਮੁਆਫ਼ੀ ਨਹੀਂ ਦਿੱਤੀ ਜਾਵੇਗੀ। ਇਹ ਵੀ ਕਿਹਾ ਗਿਆ ਸੀ ਕਿ ਜੇ ਮਾਮਲੇ ਦੀ ਜਾਂਚ ਸੀ.ਬੀ.ਆਈ. ਨੇ ਕੀਤੀ ਹੋਵੇ ਤਾਂ ਕੇਂਦਰ ਸਰਕਾਰ ਦੀ ਸਹਿਮਤੀ ਤੋਂ ਬਿਨਾਂ ਰਾਜ ਸਰਕਾਰ ਮੁਆਫ਼ੀ ਨਹੀਂ ਦੇ ਸਕਦੀ। ਇਸ ਨੀਤੀ ਦੇ ਆਧਾਰ 'ਤੇ ਇਨ੍ਹਾਂ ਕੈਦੀਆਂ ਦੀ ਰਿਹਾਈ ਨਹੀਂ ਹੋ ਸਕਦੀ ਸੀ। ਮਾਹਿਰਾਂ ਦਾ ਵਿਚਾਰ ਹੈ ਕਿ ਫ਼ੈਸਲਾ ਲਾਗੂ ਕਰਨ ਵੇਲੇ ਉਸ ਸਮੇਂ ਲਾਗੂ 2014 ਦੀ ਪਾਲਿਸੀ ਨੂੰ ਆਧਾਰ ਬਣਾਇਆ ਜਾਣਾ ਚਾਹੀਦਾ ਸੀ। ਇਸ ਤਰ੍ਹਾਂ ਇਹ ਫ਼ੈਸਲਾ ਮਨਮਾਨੀ ਵਾਲਾ ਹੈ। ਕੁਝ ਲੋਕਾਂ ਵਲੋਂ ਇਹ ਵੀ ਇਤਰਾਜ਼ ਜਤਾਇਆ ਜਾ ਰਿਹਾ ਹੈ ਕਿ ਫ਼ੈਸਲਾ ਲੈਣ ਵਾਲੀ ਕਮੇਟੀ ਜੋ ਗੁਜਰਾਤ ਸਰਕਾਰ ਨੇ ਬਣਾਈ ਸੀ, ਉਸ ਵਿਚ ਦੋ ਮੈਂਬਰ ਭਾਜਪਾ ਦੇ ਐੱਮ.ਐੱਲ.ਏ., ਇਕ ਭਾਜਪਾ ਦਾ ਕੌਂਸਲਰ ਅਤੇ ਇਕ ਭਾਜਪਾ ਦੀ ਮਹਿਲਾ ਵਿੰਗ ਦੀ ਲੀਡਰ ਵੀ ਮੈਂਬਰ ਸਨ। ਇਸ ਤਰ੍ਹਾਂ ਇਸ ਕਮੇਟੀ ਉੱਤੇ ਰਾਜਨੀਤੀ ਦੇ ਪਰਛਾਂਵੇਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਮੁਲਜ਼ਮਾਂ ਦੀ ਰਿਹਾਈ ਤੋਂ ਬਾਅਦ ਕੁਝ ਲੋਕਾਂ ਵਲੋਂ ਬੜੇ ਹੈਰਾਨੀ ਵਾਲੇ ਬਿਆਨ ਦਿੱਤੇ ਜਾ ਰਹੇ ਹਨ। ਗੋਧਰਾ ਤੋਂ ਭਾਜਪਾ ਦੇ ਐੱਮ.ਐੱਲ.ਏ. ਸੀ.ਕੇ. ਰੌਲਜੀ ਜੋ ਕਮੇਟੀ ਮੈਂਬਰ ਵੀ ਸਨ ਨੇ ਟਿੱਪਣੀ ਕੀਤੀ ਸੀ, 'ਵੈਸੇ ਵੀ ਉਹ ਸਾਰੇ ਬ੍ਰਾਹਮਣ ਲੋਕ ਸਨ। ਉਨ੍ਹਾਂ ਦੇ ਸੰਸਕਾਰ ਬਹੁਤ ਚੰਗੇ ਸਨ ਅਤੇ ਹੋ ਸਕਦਾ ਹੈ ਸਜ਼ਾ ਕਰਾਉਣ ਪਿੱਛੇ ਬੁਰਾ ਇਰਾਦਾ ਹੋਵੇ'।

ਕੁਝ ਸੀਨੀਅਰ ਜੱਜਾਂ ਨੇ ਵੀ ਇਸ ਫ਼ੈਸਲੇ 'ਤੇ ਟਿੱਪਣੀਆਂ ਕੀਤੀਆਂ ਹਨ। ਮਾਣਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਸ੍ਰੀ ਐਨ.ਵੀ. ਰਮੰਨਾ ਦੀ ਅਗਵਾਈ ਵਾਲੇ ਬੈਂਚ ਨੇ ਇਨ੍ਹਾਂ ਮੁਲਜ਼ਮਾਂ ਦੀ ਰਿਹਾਈ ਵਿਰੁੱਧ ਅਪੀਲ 'ਤੇ ਸੁਣਵਾਈ ਕਰਦਿਆਂ ਇਹ ਟਿੱਪਣੀ ਕੀਤੀ ਹੈ, 'ਰਿਹਾਈ ਦਾ ਫੈਸਲਾ ਕਰਦੇ ਸਮੇਂ ਕੀ ਦਿਮਾਗ਼ ਵਰਤਿਆ ਗਿਆ? ਕੀ ਰਾਹਤ ਕਾਨੂੰਨ ਦੇ ਪੈਮਾਨਿਆਂ ਮੁਤਾਬਕ ਦਿੱਤੀ ਗਈ ਹੈ'? ਜੰਮੂ ਅਤੇ ਕਸ਼ਮੀਰ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ, ਜਸਟਿਸ ਬਸ਼ੀਰ ਅਹਿਮਦ ਖਾਨ ਨੇ ਕਿਹਾ, 'ਦੋਸ਼ੀਆਂ ਦੀ ਸਜ਼ਾ ਮੁਆਫ਼ੀ ਦਾ ਫ਼ੈਸਲਾ ਰੇਪ ਦੇ ਕਾਨੂੰਨ ਦਾ ਰੇਪ ਹੋਣ ਵਾਂਗੂ ਹੈ'।

ਦਿੱਲੀ ਹਾਈ ਕੋਰਟ ਦੇ ਸੇਵਾਮੁਕਤ ਜੱਜ ਜਸਟਿਸ ਆਰ.ਐਸ. ਸੋਢੀ ਇਸ ਨੂੰ ਮਨਮਾਨੇ ਢੰਗ ਨਾਲ ਲਿਆ ਫ਼ੈਸਲਾ ਮੰਨਦੇ ਹਨ। ਉਨ੍ਹਾਂ ਮੁਤਾਬਕ "ਚੌਦਾਂ ਸਾਲ ਜੇਲ੍ਹ ਵਿਚ ਰਹਿਣ ਤੋਂ ਬਾਅਦ ਮੁਲਜ਼ਮਾਂ ਨੂੰ ਮੁਆਫ਼ੀ ਲਈ ਕੇਵਲ ਅਰਜ਼ੀ ਦੇਣ ਦਾ ਅਧਿਕਾਰ ਮਿਲਦਾ ਹੈ ਰਿਹਾਅ ਹੋਣ ਦਾ ਨਹੀਂ। ਇਹ ਫ਼ੈਸਲਾ ਨਿਆਂ ਦਾ ਮਜ਼ਾਕ ਹੈ। ਇਸ ਤਰ੍ਹਾਂ ਕੀ ਜਬਰ-ਜਨਾਹ ਦੇ ਕੇਸਾਂ ਵਿਚ ਕੈਦ ਕੱਟ ਰਹੇ ਅਪਰਾਧੀ ਲੋਕ ਸਾਰੇ ਰਿਹਾਅ ਹੋਣ ਦੇ ਹੱਕਦਾਰ ਹਨ? ਇਸ ਮਾਮਲੇ ਵਿਚੋਂ ਪੱਖਪਾਤ ਦੀ ਬੂ ਆ ਰਹੀ ਹੈ"।

ਦਿੱਲੀ ਹਾਈ ਕੋਰਟ ਦੇ ਇਕ ਹੋਰ ਰਿਟਾਇਰਡ ਜੱਜ, ਜਸਟਿਸ ਐੱਸ.ਐਨ. ਢੀਂਗਰਾ ਦਾ ਵਿਚਾਰ ਹੈ ਕਿ 'ਸਜ਼ਾ ਮੁਆਫ਼ੀ 'ਤੇ ਵਿਚਾਰ ਕਰਨ ਲਈ ਉਸ ਸਮੇਂ ਲਾਗੂ ਪਾਲਿਸੀ ਨੂੰ ਆਧਾਰ ਬਣਾ ਕੇ ਫ਼ੈਸਲਾ ਲਿਆ ਜਾਂਦਾ ਹੈ ਜੁਰਮ ਹੋਣ ਵੇਲੇ ਲਾਗੂ ਪਾਲਿਸੀ 'ਤੇ ਨਹੀਂ।" ਉਹ ਕਹਿੰਦੇ ਹਨ, 'ਜੇਕਰ ਅੱਜ ਸਜ਼ਾ ਮੁਆਫ਼ੀ ਦਾ ਫ਼ੈਸਲਾ ਕਰ ਰਹੇ ਹੋ ਤਾਂ ਵੀਹ-ਤੀਹ ਸਾਲ ਪੁਰਾਣੀਆਂ ਨੀਤੀਆਂ ਜੋ ਰੱਦ ਹੋ ਚੁੱਕੀਆਂ ਹਨ, ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ ਜੋ ਨਵੀਆਂ ਨੀਤੀਆਂ ਹਨ ਉਹ ਲਾਗੂ ਹੋਣੀਆਂ ਚਾਹੀਦੀਆਂ ਹਨ'।

ਅਲਾਹਾਬਾਦ ਹਾਈ ਕੋਰਟ ਦੇ ਰਿਟਾਇਰਡ ਜੱਜ, ਜਸਟਿਸ ਗਿਰੀਧਰ ਮਾਲਵੀਆ ਆਖਦੇ ਹਨ, 'ਹਮੇਸ਼ਾਂ ਇਹ ਰਿਹਾ ਹੈ ਕਿ ਬਾਅਦ ਵਿਚ ਲਾਗੂ ਕੀਤੀ ਗਈ ਨੀਤੀ ਨੂੰ ਤਰਜੀਹ ਦਿੱਤੀ ਜਾਂਦੀ ਹੈ ਤੇ ਪੁਰਾਣੀਆਂ ਨੀਤੀਆਂ ਨੂੰ ਅਣਦੇਖਿਆ ਕੀਤਾ ਜਾਂਦਾ ਹੈ'। ਉਨ੍ਹਾਂ ਮੁਤਾਬਕ 2014 ਵਾਲੀ ਪਾਲਿਸੀ ਵੇਖੀ ਜਾਣੀ ਚਾਹੀਦੀ ਸੀ ਨਾ ਕਿ 1992 ਵਾਲੀ।

ਮੇਰੇ ਵਿਚਾਰ ਅਨੁਸਾਰ ਜਿਵੇਂ ਗੋਧਰਾ ਕਾਂਡ ਵਿਚ ਵਾਪਰੀ ਹਿੰਸਾ ਦੀ ਪਿੱਠਭੂਮੀ 'ਤੇ ਭਾਜਪਾ ਦੀ ਰਾਜਨੀਤੀ ਦੱਸੀ ਜਾਂਦੀ ਸੀ, ਉਸੇ ਤਰ੍ਹਾਂ ਇਹ ਕੇਸ ਵੀ ਰਾਜਨੀਤੀ ਦੀ ਭੇਟ ਚੜ੍ਹ ਰਿਹਾ ਹੈ। ਰਾਜਨੀਤੀ ਵਿਚ ਇਹ ਰੁਝਾਨ ਬੁਰਾ ਤਾਂ ਹੈ ਹੀ, ਸ਼ਰਮਨਾਕ ਵੀ ਹੈ। ਦੇਸ਼ ਦੇ ਹਰ ਨਾਗਰਿਕ ਨੂੰ ਇਸ ਕੇਸ ਦੀ ਪਿੱਠਭੂਮੀ ਨੂੰ ਵਾਚਣਾ ਚਾਹੀਦਾ ਹੈ ਅਤੇ ਭਾਜਪਾ ਦੀ ਰਾਜਨੀਤੀ ਤੋਂ ਜਾਗਰੂਕ ਹੋਣ ਦੀ ਲੋੜ ਹੈ।

# ਬੱਬਰ ਅਕਾਲੀ ਦੀ ਬਰਸੀ ਤੇ ਸਾਡੀ ਤੀਜੀ ਪੀੜ੍ਹੀ

**ਦੇਸ ਦੇ ਗਲੋਂ ਗੁਲਾਮੀ ਦਾ ਜੂਲਾ ਲਾਹੁਣ ਲਈ ਕੈਨੇਡਾ ਤੋਂ ਆਪਣੇ ਭਰੇ**-ਭਕੁੰਨੇ ਘਰ ਤੇ ਜ਼ਮੀਨ ਜਾਇਦਾਦ ਛੱਡ ਕੇ ਪੰਜਾਬ ਪਹੁੰਚੇ ਬੱਬਰ ਅਕਾਲੀ ਸੂਰਮਿਆਂ ਵਿਚ 'ਐਡੀਟਰ' ਦਾ ਤਖੱਲਸ ਗ੍ਰਹਿਣ ਕਰਨ ਵਾਲੇ ਬੱਬਰ ਕਰਮ ਸਿੰਘ ਥਾਂਦ੍ਹੀ ਦਾ ਪਿੰਡ ਦੌਲਤ ਪੁਰ ਅਤੇ ਮੇਰਾ ਪਿੰਡ ਦੁਪਾਲ ਪੁਰ, ਜ਼ਿਲ੍ਹਾ ਨਵਾਂ ਸ਼ਹਿਰ ਦੇ ਪੁਰਾਤਨ ਕਸਬੇ ਜਾਡਲੇ ਦੇ ਸੱਜੇ ਖੱਬੇ ਵਾਕਿਆ ਸਥਿਤ ਹਨ। ਜਾਡਲੇ ਤੋਂ ਉੱਤਰ ਵੱਲ ਜਿੰਨਾ ਕੁ ਦੂਰ ਦੌਲਤ ਪੁਰ ਪੈਂਦਾ ਹੈ, ਓਦੂੰ ਕੁੱਝ ਵੱਧ ਦੂਰ ਦੱਖਣ ਵੱਲ ਦੁਪਾਲ ਪੁਰ। ਸਾਡੇ ਲਈ ਇਹ ਮਾਣ ਭਰਿਆ ਇਤਫਾਕ ਹੀ ਸਮਝੋ ਕਿ ਸਾਨੂੰ ਆਪਣੇ ਨਾਨਕੇ, ਦੋ ਮਾਸੀਆਂ ਅਤੇ ਕੁੱਝ ਹੋਰ ਰਿਸ਼ਤੇਦਾਰਾਂ ਦੇ ਪਿੰਡਾਂ 'ਚ ਜਾਣ-ਆਉਣ ਸਮੇਂ ਦੌਲਤ ਪੁਰ ਵਿਚੋਂ ਹੀ ਲੰਘਣਾ



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-915-1268

ਪੈਂਦਾ। ਦੌਲਤ ਪੁਰ ਪਿੰਡ ਦੀ ਮਹੱਤਤਾ ਇਤਹਾਸਕ ਅਸਥਾਨ ਟਾਹਲੀ ਸਾਹਿਬ ਕਰਕੇ ਵੀ ਹੈ, ਜਿੱਥੇ ਮਹਾਨ ਕੋਸ਼ ਮੁਤਾਬਿਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਸ੍ਰੀ ਚੰਦ ਜੀ, ਕੀਰਤਪੁਰ ਸਾਹਿਬ ਨੂੰ ਜਾਣ ਸਮੇਂ ਕੁੱਝ ਸਮਾਂ ਬਿਰਾਜੇ ਸਨ। ਪਰ ਇੱਥੇ ਮੈਂ ਬੱਬਰ ਕਰਮ ਸਿੰਘ ਦੌਲਤ ਪੁਰ ਦੀ ਸਾਲਾਨਾ ਬਰਸੀ ਬਾਰੇ ਗੱਲ ਕਰ ਰਿਹਾ ਹਾਂ ਜੋ ਹਰ ਸਾਲ ਇੱਕ ਸਤੰਬਰ ਨੂੰ ਇਸ ਪਿੰਡ ਵਿਚ ਵੱਡੇ ਪੱਧਰ 'ਤੇ ਮਨਾਈ ਜਾਂਦੀ ਹੈ।

ਮੇਰੇ ਸੁਰਤਿ ਸੰਭਾਲਣ ਤਕ ਸਾਡੇ ਭਾਈਆ ਜੀ ਦੌਲਤ ਪੁਰ ਟਾਹਲੀ ਸਾਹਿਬ ਵਿਖੇ ਮਨਾਏ ਜਾਂਦੇ ਪਹਿਲੀ ਪਾਤਸ਼ਾਹੀ ਦੇ ਪ੍ਰਕਾਸ਼ ਪੁਰਬ ਮੌਕੇ ਵੀ ਜ਼ਰੂਰ ਜਾਂਦੇ ਹੁੰਦੇ ਸਨ ਅਤੇ ਬੱਬਰ ਦੀ ਬਰਸੀ ਮੌਕੇ ਵੀ। ਮੈਨੂੰ ਯਾਦ ਹੈ ਕਿ ਟਾਹਲੀ ਸਾਹਿਬ ਦੇ ਮੁੱਖ ਸੇਵਾਦਾਰ ਸੋਢੀ ਨਿਰਮਲ ਸਿੰਘ ਦਾ ਪੋਸਟ ਕਾਰਡ ਡਾਕ ਰਾਹੀਂ ਆਉਂਦਾ ਹੁੰਦਾ ਸੀ ਅਤੇ ਬਰਸੀ ਮੌਕੇ ਭਾਈਆ ਜੀ ਆਪਣੇ ਸਾਥੀਆਂ ਸਮੇਤ ਹਾਜ਼ਰੀ ਭਰਿਆ ਕਰਦੇ ਸਨ। ਮੈਨੂੰ ਇਹ ਵੀ ਯਾਦ ਹੈ ਕਿ ਜਦੋਂ ਬੱਬਰ ਕਰਮ ਸਿੰਘ ਦੀ ਬਰਸੀ, ਕੁੱਝ ਕਮਿਊਨਿਸਟ ਜਥੇਬੰਦੀਆਂ ਆਪਣੇ ਢੰਗ ਨਾਲ ਮਨਾਉਣ ਲੱਗ ਪਈਆਂ ਤਾਂ ਪੁਰਾਤਨ ਸਿੰਘ ਸਭੀਏ ਸੁਭਾਅ ਦੇ ਹੋਣ ਕਾਰਨ ਭਾਈਆ ਜੀ ਦੀ ਬਰਸੀ ਮਨਾਉਣ ਦੇ ਢੰਗ-ਤਰੀਕਿਆਂ ਦੀ ਇਹ ਕਹਿ ਕੇ ਨੁਕਤਾਚੀਨੀ ਕਰਦੇ ਹੁੰਦੇ ਸਨ ਕਿ ਬੱਬਰ ਅਕਾਲੀ ਸਿੰਘ ਦੀ ਬਰਸੀ 'ਤੇ 'ਡਰਾਮਿਆਂ' ਦਾ ਕੀ ਕੰਮ? ਪਰ ਉਹ ਬਰਸੀ ਸਮਾਗਮ ਲਈ ਦੁੱਧ ਵਗੈਰਾ ਇਕੱਠਾ ਕਰ ਕੇ ਇੱਕ ਸਤੰਬਰ ਨੂੰ ਦੌਲਤ ਪੁਰ ਜ਼ਰੂਰ ਪਹੁੰਚਦੇ!

ਫਿਰ ਆਈ ਸਾਡੀ ਵਾਰੀ। ਇਹ ਗੱਲ ਸੰਨ 1977-78 ਦੀ ਹੋਵੇਗੀ। ਮੈਂ ਤੇ ਛੋਟਾ ਭਰਾ ਸਾਈਕਲ 'ਤੇ ਆਪਣੇ ਨਾਨਕੇ ਪਿੰਡ ਧਮਾਈ ਮਿਲਣ-ਗਿਲਣ ਜਾ ਰਹੇ ਸਾਂ। ਜਦ ਅਸੀਂ ਦੌਲਤ ਪੁਰ ਵਿਚ ਵੜਨ ਲੱਗੇ ਤਾਂ ਦੇਖਿਆ ਕਿ ਪਿੰਡ ਦੀਆਂ ਗਲ਼ੀਆਂ ਵਿਚ ਰੰਗ-ਬਰੰਗੀਆਂ ਪਤੰਗੀਆਂ (ਝੰਡੀਆਂ) ਲੱਗੀਆਂ ਹੋਈਆਂ ਹਨ ਅਤੇ ਆਲੇ-ਦੁਆਲੇ ਦੇ ਪਿੰਡਾਂ ਦੀਆਂ ਦੌਲਤ ਪੁਰ ਨੂੰ ਆਉਂਦੀਆਂ ਫਿਰਨੀਆਂ ਉੱਤੇ ਲੋਕ ਵਾਹੋ-ਦਾਹੀ ਏਧਰ ਨੂੰ ਤੁਰੇ ਆ ਰਹੇ ਹਨ। ਅਸੀਂ ਆਪਣੇ ਹਾਣ-ਪ੍ਰਵਾਣ ਦੇ ਇੱਕ ਮੁੰਡੇ ਨੂੰ ਪੁੱਛਿਆ ਤਾਂ ਉਸਨੇ ਹੁੱਬ ਕੇ ਦੱਸਿਆ ਕਿ ਅੱਜ ਇੱਥੇ ਕੁਲਦੀਪ ਮਾਣਕ ਨੇ ਆਉਣਾ ਐਂ! ਮਾਣਕ ਦਾ ਨਾਂ ਸੁਣ ਕੇ ਸਾਨੂੰ ਵੀ ਨਾਨਕੇ ਜਾਣਾ ਭੁੱਲ ਗਿਆ ਤੇ ਤੂੰਬੀ ਸੁਣਨ ਦਾ ਚਾਅ ਚੜ੍ਹ ਗਿਆ। ਅਸੀਂ ਵੀ ਨਾਨਕੇ ਪਿੰਡ ਧਮਾਈ ਦਾ ਰਾਹ ਛੱਡ ਕੇ ਲੋਕਾਂ ਮਗਰ ਪਿੰਡ ਵਿਚ ਨੂੰ ਹੋ ਤੁਰੇ, ਜਿੱਧਰੋਂ ਲਾਊਡ ਸਪੀਕਰ ਰਾਹੀਂ ਪਾਠ ਦੇ ਭੋਗ ਪੈਂਦੇ ਦੀ ਅਵਾਜ਼ ਆ ਰਹੀ ਸੀ!



*ਲੇਖਕ ਸਰਦਾਰ ਦੁਪਾਲਪੁਰੀ ਬਰਸੀ ਸਮਾਗਮ ਵਿਚ ਜਥੇਦਾਰ ਟੌਹੜਾ ਸਾਹਿਬ ਦੇ ਸਵਾਗਤੀ-ਚਿੰਨ੍ਹ ਲਗਾਉਂਦੇ ਹੋਏ।*



*ਹੁਣ ਬਰਸੀ ਮੌਕੇ ਦੀਆਂ ਤਿਆਰੀਆਂ ਲਈ ਬਬੇਲੀ ਦੀ ਸੰਗਤ ਨਾਲ ਕੀਤੀ ਗਈ ਮੀਟਿੰਗ ਵਿਚ ਲੇਖਕ ਦਾ ਪੁੱਤਰ ਹਰਦੀਪ ਸਿੰਘ (ਹਰੀ ਦਸਤਾਰ) ਕਾਰਵਾਈ ਲਿਖਦੇ ਹੋਏ।*

ਦੌਲਤ ਪੁਰ ਦੇ ਵਿਚਕਾਰ ਜਿਹੇ ਚਾਨਣੀਆਂ-ਕਨਾਤਾਂ ਲੱਗੀਆਂ ਹੋਈਆਂ ਸਨ ਤੇ ਭੋਗ ਉਪਰੰਤ ਲੱਗੇ ਢਾਡੀ ਜਥੇ ਤੋਂ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਕੱਠ ਨੂੰ ਸੰਬੋਧਨ ਕੀਤਾ। ਮੇਰਾ ਇਹ ਸ਼ਾਇਦ ਪਹਿਲਾ ਮੌਕਾ ਸੀ ਜਦ ਮੈਂ ਟੌਹੜਾ ਸਾਹਿਬ ਨੂੰ ਸਾਹਮਣੇ ਬਹਿ ਕੇ ਸੁਣਿਆ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਉਸ ਵੇਲੇ ਇਕੱਠ, ਮਾਣਕ ਨੂੰ ਸੁਣਨ ਲਈ ਕਾਹਲ਼ਾ ਪੈ ਰਿਹਾ ਸੀ ਪਰ ਟੌਹੜਾ ਸਾਹਿਬ ਦੇ ਲੰਮੇ ਲੈਕਚਰ ਦੌਰਾਨ ਅਚਾਨਕ ਬਿਜਲੀ ਫੇਲ੍ਹ ਹੋਣ 'ਤੇ ਜਦੋਂ ਮੋਹਰੇ ਬੈਠੇ ਕਈ ਨੌਜਵਾਨ ਸਰੋਤੇ ਹਵਾ ਝੱਲਣ ਲਈ ਆਪਣੇ ਰੁਮਾਲ ਕੱਢ ਕੇ ਲਹਿਰਾਉਣ ਲੱਗੇ ਤਾਂ ਟੌਹੜਾ ਸਾਹਿਬ ਨੇ ਉਨ੍ਹਾਂ 'ਤੇ ਤਨਜ ਕੱਸਦਿਆਂ ਆਖਿਆ-'ਹੱਦ ਹੋ ਗਈ! ਐਨੀ ਕੁ ਗਰਮੀ ਵੀ ਨਹੀਂ ਸਹਾਰ ਸਕਦੇ ਵੱਡੇ ਇਨਕਲਾਬੀਓ?'

ਟੌਹੜਾ ਸਾਹਿਬ ਤੋਂ ਬਾਅਦ ਜਦ ਮਾਣਕ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਵਾਰ ਸ਼ੁਰੂ ਕੀਤੀ ਤਾਂ ਪੰਡਾਲ ਵਿਚ ਸੰਨਾਟਾ ਛਾ ਗਿਆ! ਇਕ ਮਨਚਲੇ ਵਲੋਂ 'ਤੇਰੇ ਟਿੱਲੇ ਤੋਂ ਔਹ ਸੂਰਤ ਦੀਂਹਦੀ ਆ ਹੀਰ ਦੀ' ਫਰਮਾਇਸ਼ ਸੁਣ ਕੇ ਮਾਣਕ ਨੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੱਲ ਹੱਥ ਜੋੜ ਕੇ ਕਿਹਾ ਸੀ ਕਿ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਮੈਂ ਅਜਿਹੇ ਗੀਤ ਨਹੀਂ ਗਾ ਸਕਦਾ!

ਫਿਰ ਆਇਆ ਸੰਨ 96-97 ਦਾ ਦੌਰ। ਮੈਂ ਬਤੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਅੰਮ੍ਰਿਤਸਰ), ਬੱਬਰ ਕਰਮ ਸਿੰਘ ਜੀ ਦੀ ਸਾਲਾਨਾ ਬਰਸੀ ਮੌਕੇ ਜਥੇਦਾਰ ਟੌਹੜਾ ਸਾਹਿਬ ਦੇ ਨਾਲ਼ ਹਾਜ਼ਰੀ ਭਰਦਾ ਰਿਹਾ। ਉਦੋਂ ਸਟੇਜ ਉਤੇ ਟੌਹੜਾ ਸਾਹਿਬ ਨਾਲ ਬੈਠਿਆਂ-ਬੈਠਿਆਂ ਮੈਂ ਅਤੀਤ ਵਿਚ ਇਸੇ ਬਰਸੀ ਸਮਾਗਮ ਵਿਚ ਕੀਤੀ ਓਸ ਪੁਰਾਣੀ ਸ਼ਮੂਲੀਅਤ ਬਾਰੇ ਸੋਚਦਾ ਕਿ ਉਸ ਵੇਲੇ ਇਹ ਚਿੱਤ-ਚੇਤਾ ਵੀ ਨਹੀਂ ਸੀ ਕਿ ਟੌਹੜਾ ਸਾਹਿਬ ਬਰਾਬਰ ਕਦੇ ਇਸੇ ਸਟੇਜ ਉਪਰ ਵੀ ਬੈਠਾਂਗਾ! ਜਥੇਦਾਰ ਟੌਹੜਾ ਤੋਂ ਇਲਾਵਾ ਪ੍ਰੋਫੈਸਰ ਕ੍ਰਿਪਾਲ ਸਿੰਘ ਬਡੂੰਗਰ ਅਤੇ ਜਥੇਦਾਰ ਤਲਵੰਡੀ ਸਾਹਿਬ ਨਾਲ ਵੀ ਬਰਸੀ ਸਮਾਗਮ ਵਿਚ ਸ਼ਾਮਲ ਹੁੰਦਾ ਰਿਹਾ।


ਹੁਣ ਬਰਸੀ ਸਮਾਗਮ ਵਿਚ ਸੇਵਾ ਨਿਭਾਉਣ ਦੀ ਵਾਰੀ ਹੈ ਸਾਡੀ ਤੀਜੀ ਪੀੜ੍ਹੀ ਦੀ! ਮੇਰਾ ਵੱਡਾ ਬੇਟਾ ਹਰਦੀਪ ਸਿੰਘ ਬੱਬਰ ਕਰਮ ਸਿੰਘ ਮੈਮੋਰੀਅਲ ਸਕੂਲ ਦੌਲਤ ਪੁਰ ਵਿਖੇ ਸੰਗੀਤ ਅਧਿਆਪਕ ਦੀ ਡਿਊਟੀ ਨਿਭਾਉਂਦਿਆਂ ਹਰ ਸਾਲ ਸਤੰਬਰ ਮਹੀਨੇ ਬਰਸੀ ਸਮਾਗਮ ਦੀ ਪ੍ਰਬੰਧਕੀ ਪ੍ਰਕਿਰਿਆ ਵਿਚ ਮੋਹਰੀ ਰੋਲ ਅਦਾ ਕਰਦਾ ਹੈ। ਇਸ ਵਾਰ ਇੱਕ ਸਤੰਬਰ, 2022 ਨੂੰ ਬੱਬਰ ਕਰਮ ਸਿੰਘ ਜੀ ਦੀ ਬਰਸੀ ਮੌਕੇ ਬੱਬਰ ਦੇ ਸ਼ਹੀਦੀ



*ਬਬਰ ਕਰਮ ਸਿੰਘ ਅਤੇ ਉਨ੍ਹਾਂ ਦੇ ਤਿੰਨ ਹੋਰ ਸਾਥੀ ਬਬਰਾਂ ਦਾ ਸ਼ਹੀਦੀ ਅਸਥਾਨ ਨੇੜੇ ਗੁਰਦੁਆਰਾ ਚੌਂਤਾ ਸਾਹਿਬ ਬਬੇਲੀ (ਕਪੂਰਥਲ਼ਾ)*

ਅਸਥਾਨ ਬਬੇਲੀ ਤੋਂ ਦੌਲਤ ਪੁਰ ਤੱਕ 28 ਅਗਸਤ ਨੂੰ ਵਿਸ਼ਾਲ ਨਗਰ-ਕੀਰਤਨ ਸਜਾਇਆ ਗਿਆ, ਜਿਸਦੀ ਰੂਪ-ਰੇਖਾ ਉਲੀਕਣ ਲਈ ਬੱਬਰ ਕਰਮ ਸਿੰਘ ਟਰੱਸਟ ਦੇ ਮੁੱਖ ਸੇਵਾਦਾਰ ਭਾਈ ਤਰਨਜੀਤ ਸਿੰਘ ਥਾਂਦ੍ਹੀ (ਸਪੁੱਤਰ ਬਾਨੀ ਪ੍ਰਧਾਨ ਕਮਾਂਡਰ ਬਚਨ ਸਿੰਘ ਥਾਂਦ੍ਹੀ) ਦੀ ਸਰਪ੍ਰਸਤੀ ਹੇਠ ਬਬੇਲੀ ਵਿਖੇ ਅਹਿਮ ਮੀਟਿੰਗ ਕੀਤੀ ਗਈ। ਸਾਰੀਆਂ ਤਿਆਰੀਆਂ ਦਾ ਲਿਖਤੀ ਰਿਕਾਰਡ ਸਾਂਭਣ ਦੀ ਸੇਵਾ ਆਪਣੇ ਪੁੱਤਰ ਹਰਦੀਪ ਸਿੰਘ ਨੂੰ ਨਿਭਾਉਂਦਾ ਦੇਖ ਕੇ ਮੈਨੂੰ ਹਾਰਦਿਕ ਪ੍ਰਸੰਨਤਾ ਹੋਣੀ ਵਾਜਬ ਹੀ ਹੈ!

ਜਿਸ ਬਰਸੀ ਸਮਾਗਮ ਵਿਚ ਮੈਂ ਜਥੇਦਾਰ ਟੌਹੜਾ ਸਾਹਿਬ ਤੇ ਕੁਲਦੀਪ ਮਾਣਕ ਨੂੰ ਪਹਿਲੀ ਵਾਰ ਸਾਹਮਣੇ ਬਹਿ ਕੇ ਸੁਣਿਆ ਸੀ, ਉਸਦੇ ਪ੍ਰਬੰਧਕ ਨੌਜਵਾਨਾਂ ਵਿਚ ਉਦੋਂ ਸ਼ਾਮਲ ਰਹੇ ਦੌਲਤ ਪੁਰ ਵਾਲ਼ੇ ਨਰਿੰਦਰ ਸਿੰਘ ਥਾਂਦ੍ਹੀ ਜੋ ਹੁਣ ਸੈਕਰਾਮੈਂਟੋ ਯੂ.ਐਸ.ਏ ਵਿਚ ਰਹਿੰਦੇ ਹਨ, ਨਾਲ ਜਦੋਂ ਮੈਂ ਉਕਤ ਬਰਸੀ ਵੇਲੇ ਦੀ ਯਾਦ ਸਾਂਝੀ ਕੀਤੀ ਤਾਂ ਉਨ੍ਹਾਂ ਮੈਨੂੰ ਦੱਸਿਆ ਕਿ ਓਸ ਮੌਕੇ ਅਸੀਂ ਕੁਲਦੀਪ ਮਾਣਕ ਨੂੰ ਕੁੱਲ ਨੌਂ ਸੌ ਰੁਪਏ ਵਿਚ ਲਿਆਂਦਾ ਸੀ। ਉਨ੍ਹਾਂ ਉਸ ਮੌਕੇ ਦੀਆਂ ਹੋਰ ਕਈ ਹੋਰ ਦਿਲਚਸਪ ਗੱਲਾਂ ਵੀ ਸੁਣਾਈਆਂ। ਆਪਣੇ ਸਕੂਲ ਵੇਲੇ ਤੋਂ ਹੀ ਬੱਬਰ ਕਰਮ ਸਿੰਘ ਦੀ ਬਰਸੀ ਮੌਕੇ ਦਿਲੋਂ ਮਨੋਂ ਸਹਿਯੋਗ ਦਿੰਦੇ ਆ ਰਹੇ ਸਰਦਾਰ ਨਰਿੰਦਰ ਸਿੰਘ ਹੁਰਾਂ ਦੱਸਿਆ ਕਿ ਆਉਂਦੇ ਸਾਲ ਸਤੰਬਰ 2023 ਵਿਚ ਬਾਬਾ ਜੀ (ਥਾਂਦ੍ਹੀ ਜੀ ਬੱਬਰ ਕਰਮ ਸਿੰਘ ਹੁਰਾਂ ਨੂੰ ਹਮੇਸ਼ਾਂ 'ਬਾਬਾ ਜੀ' ਹੀ ਕਹਿੰਦੇ ਹਨ) ਅਤੇ ਉਨ੍ਹਾਂ ਦੇ ਤਿੰਨ ਸਾਥੀਆਂ ਭਾਈ ਉਦੈ ਸਿੰਘ ਰਾਮਗੜ੍ਹ ਝੁੰਗੀਆਂ, ਭਾਈ ਬਿਸ਼ਨ ਸਿੰਘ ਮਾਂਗਟ ਅਤੇ ਭਾਈ ਮਹਿੰਦਰ ਸਿੰਘ ਪੰਡੋਰੀ ਗੰਗਾ ਸਿੰਘ ਦੀ ਸ਼ਹੀਦੀ ਸ਼ਤਾਬਦੀ ਅਸੀਂ ਕੌਮਾਂਤਰੀ ਪੱਧਰ 'ਤੇ ਮਨਾਉਣ ਦਾ ਟੀਚਾ ਮਿੱਥਿਆ ਹੈ, ਜਿਸ ਵਿਚ ਪੰਜਾਬ ਸਰਕਾਰ ਅਤੇ ਦੇਸਾਂ-ਵਿਦੇਸ਼ਾਂ ਵਿਚ ਵਸਦੇ ਬੱਬਰ ਅਕਾਲੀ ਲਹਿਰ ਦੇ ਪ੍ਰਸ਼ੰਸਕ ਅਤੇ ਸ਼ੁੱਭਚਿੰਤਕ ਵੀ ਸ਼ਾਮਲ ਹੋਣਗੇ। ਸਰਦਾਰ ਨਰਿੰਦਰ ਸਿੰਘ ਥਾਂਦ੍ਹੀ ਨੇ ਦੌਲਤ ਪੁਰ ਨਾਲ ਸਬੰਧਿਤ ਵਿਦੇਸ਼ਾਂ ਵਿਚ ਵੱਸਦੇ ਸਮੂਹ ਵੀਰਾਂ-ਭੈਣਾਂ ਅਤੇ ਬੱਚਿਆਂ ਨੂੰ ਅਪੀਲ ਕੀਤੀ ਹੈ ਕਿ ਹੁਣ ਤੱਕ ਬੱਬਰ ਅਕਾਲੀ




*ਨਰਿੰਦਰ ਸਿੰਘ ਥਾਂਦੀ*

ਸੂਰਮਿਆਂ ਨੂੰ ਓਨਾ ਮਾਣ-ਸਨਮਾਨ ਨਹੀਂ ਮਿਲਿਆ, ਜਿੱਡੀ ਵੱਡੀ ਉਨ੍ਹਾਂ ਦੀ ਕੁਰਬਾਨੀ ਹੈ। ਇਸ ਕਰਕੇ ਅਗਲੇ ਸਾਲ ਬੱਬਰ ਸ਼ਹੀਦਾਂ ਦੀ ਸ਼ਹੀਦੀ ਸ਼ਤਾਬਦੀ ਮੌਕੇ ਕੋਈ ਵਿਲੱਖਣ ਪ੍ਰੋਗਰਾਮ ਉਲੀਕੀਏ!

# ਕਿਸ ਨੂੰ ਹੈ ਪੰਜਾਬ ਦਾ ਫਿਕਰ?

'ਪੰਜਾਬ ਟਾਈਮਜ਼' ਦੇ 23 ਜੁਲਾਈ 2022 ਦੇ ਅੰਕ ਵਿਚ ਕਰਮਜੀਤ ਸਿੰਘ ਦੇ ਲੇਖ 'ਭਗਤ ਸਿੰਘ ਦਾ ਬਿਰਤਾਂਤ ਬਨਾਮ ਸਿਮਰਨਜੀਤ ਸਿੰਘ ਮਾਨ ਦਾ ਬਿਆਨ' ਅਤੇ 27 ਅਗਸਤ 2022 ਦੇ ਅੰਕ ਵਿਚ ਐਸ.ਪੀ. ਸਿੰਘ ਦਾ ਲੇਖ 'ਪ੍ਰੀਤਮ ਸਿੰਘ ਕੁਮੇਦਾਨ- ਹਸ਼ਰ ਤੀਕ ਯਾਦ ਰਹੇਗਾ ਤੇਰਾ ਇਸ਼ਕ ਦੇਸ਼ ਪੰਜਾਬ ਦੇ ਨਾਲ' ਪੜ੍ਹਿਆ। ਦੋਵਾਂ ਲੇਖਾਂ ਵਿਚ ਦੋ ਸ਼ਖਸੀਅਤਾਂ ਦੇ ਹਵਾਲੇ ਨਾਲ ਪੰਜਾਬ ਅਤੇ

ਕਮਲਜੀਤ ਸਿੰਘ
ਫਰੀਮਾਂਟ (ਕੈਲੀਫੋਨੀਆ)

ਸੁਪਨਈ ਦੇਸ਼ ਖਾਲਿਸਤਾਨ 'ਤੇ ਨਜ਼ਰ ਮਾਰੀ ਜਾ ਸਕਦੀ ਹੈ।

ਆਓ ਪਹਿਲਾਂ ਗੱਲ ਕਰਦੇ ਹਾਂ ਸਿਮਰਨਜੀਤ ਸਿੰਘ ਮਾਨ ਦੇ ਫਲਸਫੇ ਦੀ ਜਿਸ ਲਈ ਕਰਮਜੀਤ ਸਿੰਘ ਨੇ ਲਫਜ਼ਾਂ ਦਾ ਪਿੜ ਗਾਹ ਕੇ ਬੋਹਲ ਵਿਚ ਸਿਰਫ ਆਪਣੇ ਪੁਰਾਣੇ ਉਲਾਰਵਾਦ ਅਤੇ ਨਫਰਤ ਨੂੰ ਹੀ ਇਕੱਤਰ ਕੀਤਾ ਹੈ ਜਦਕਿ ਐਸ.ਪੀ. ਸਿੰਘ ਨੇ ਲੇਖ ਵਿਚ ਪ੍ਰੀਤਮ ਸਿੰਘ ਕੁਮੇਦਾਨ ਦਾ ਪੰਜਾਬ ਪ੍ਰਤੀ ਪਿਆਰ ਅੰਕੜਿਆਂ ਦੀ ਠੋਸ ਬੁਨਿਆਦ 'ਤੇ ਖੜ੍ਹਾ ਕੀਤਾ ਹੈ।

ਕਰਮਜੀਤ ਸਿੰਘ ਨੇ ਸਿਮਰਨਜੀਤ ਸਿੰਘ ਮਾਨ ਵਲੋਂ ਭਗਤ ਸਿੰਘ ਨੂੰ ਦਹਿਸ਼ਤਗਰਦ ਗਰਦਾਨਣ 'ਤੇ ਸਹਿਮਤੀ ਹੀ ਦਰਸਾਈ ਹੈ। ਅਗਾਂਹ ਉਸ ਵਲੋਂ ਭਾਰਤ ਦੀ ਆਜ਼ਾਦੀ ਨੂੰ ਅਖੌਤੀ ਆਜ਼ਾਦੀ ਦੱਸਿਆ ਗਿਆ ਹੈ ਜਿਸ ਵਾਸਤੇ ਸਭ ਸਿੱਖ ਸ਼ਹੀਦ ਹਿੰਦੂ ਰਾਜ ਵਾਸਤੇ ਲੜੇ ਸਨ ਪਰ ਨਾਲ ਹੀ ਲੇਖਕ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਅਤੇ ਵੀਹਵੀਂ ਸਦੀ ਦੇ ਏ.ਕੇ. 47 ਦੇ ਜ਼ੋਰ-ਜਬਰ ਨਾਲ ਰਾਜ ਸਥਾਪਨਾ ਦੀ ਕੋਸ਼ਿਸ਼ ਨੂੰ ਇਕੋ ਤਰਜ਼ ਦਾ ਖਾਲਸਾ ਰਾਜ ਦੱਸਦਾ ਹੈ। ਇਥੇ ਕਰਮਜੀਤ ਸਿੰਘ ਵਹਿਮ ਦਾ ਸ਼ਿਕਾਰ ਹੈ ਕਿ 'ਸੋਚ ਵਿਚਾਰ ਦਾ ਅੰਮ੍ਰਿਤ ਵੇਲਾ' ਉਸ ਉਪਰ ਹੀ ਚੜ੍ਹਿਆ ਹੈ।

ਕੀ ਲੇਖਕ ਦੱਸ ਸਕਦਾ ਹੈ ਕਿ ਪਿਛਲੇ ਸਮੇਂ ਵਿਚ ਉਸ ਦੇ ਹੀਰੋ ਏ.ਕੇ. 47 ਬਦੌਲਤ ਉਹੀ ਖਾਲਸਾ ਰਾਜ ਸਥਾਪਤ ਕਰਨ ਵਿਚ ਲੱਗੇ ਹੋਏ ਸਨ ਜੋ ਮਹਾਰਾਜਾ ਰਣਜੀਤ ਸਿੰਘ ਨੇ ਕਦੇ ਕਾਇਮ ਕੀਤਾ ਸੀ ਜਿਸ ਵਿਚ ਹਿੰਦੂ, ਮੁਸਲਮਾਨ ਅਤੇ ਇਸਾਈ ਵੀ ਸਨ; ਰਣਜੀਤ ਸਿੰਘ ਮੰਦਰ ਅਤੇ ਮਸਜਿਦ ਦੀ ਓਨੀ ਹੀ ਸੇਵਾ ਸ਼ਰਧਾ ਕਰਦਾ ਸੀ ਜਿੰਨੀ ਗੁਰਦੁਆਰਿਆਂ ਨੂੰ। ਕੀ ਲੇਖਕ ਦੇ 'ਯੋਧੇ' ਕਦੇ ਹਿੰਦੂ ਸਿੱਖਾਂ ਦੀ ਸਾਂਝੀਵਾਲਤਾ ਦੀ ਗੱਲ ਕਰਦੇ ਹਨ? ਕੀ ਉਨ੍ਹਾਂ ਨੂੰ ਪਤਾ ਵੀ ਹੈ ਕਿ ਟੋਡਰ ਮੱਲ ਕੌਣ ਸੀ ਅਤੇ ਉਸ ਨੇ ਕੀ ਕੀਤਾ ਸੀ?

ਸਿੱਖ ਜਗਤ ਵਿਚ ਬਹੁਤ ਵੱਡੇ ਵਿਦਵਾਨ ਅਤੇ ਸਿਆਸਤਦਾਨ ਹੋ ਚੁੱਕੇ ਹਨ, ਅੱਜ ਵੀ ਹਨ। ਕਰਮਜੀਤ ਸਿੰਘ ਨੂੰ ਸਿਰਫ ਇਕੋ ਆਈਕੌਨ ਸਿਮਰਨਜੀਤ ਸਿਮਘ ਮਾਨ ਮਿਲਿਆ ਹੈ ਜਿਸ ਨੇ ਹਾਸੋ-ਹੀਣਾ ਬਿਆਨ ਦੇ ਕੇ ਖਬਰਾਂ ਵਿਚ ਰਹਿਣ ਦਾ ਹੀਲਾ ਕੀਤਾ ਹੈ। ਇਸ ਤੋਂ ਪਹਿਲਾਂ ਵੀ ਉਹਨੇ ਤਿੰਨ ਫੁੱਟੀ ਕਿਰਪਾਨ ਦੇ ਮਸਲੇ ਨੂੰ ਆਪਣਾ ਇਸ਼ਤਿਹਾਰੀ ਲੋਗੋ ਬਣਾਇਆ ਸੀ ਪਰ ਨਾ ਲੋਕਾਂ ਅਤੇ ਨਾ ਹੀ 'ਪੰਥ' ਨੇ ਇਸ ਨੂੰ ਖਰੀਦਿਆ ਸੀ।

ਕਰਮਜੀਤ ਸਿੰਘ ਗਦਰ ਪਾਰਟੀ ਦੇ ਸ਼ਹੀਦਾਂ ਨੂੰ 'ਆਪਣੇ' ਸ਼ਹੀਦ ਮੰਨਦਾ ਹੈ। ਉਸ ਦੇ 'ਆਪਣੇ' ਦਾ ਸਿੱਧਾ ਜਿਹਾ ਮਤਲਬ ਹੈ ਖਾਲਿਸਤਾਨੀ। ਕਰਮਜੀਤ ਸਿੰਘ ਵਾਸਤੇ ਇਹ ਬੜੀ ਹੈਰਾਨੀ ਵਾਲੀ ਗੱਲ ਹੋਵੇਗੀ ਕਿ ਗਦਰ ਪਾਰਟੀ ਦੇ ਸ਼ਹੀਦਾਂ ਵਿਚ ਹਿੰਦੂ (ਤਰਕਨਾਥ ਦਾਸ, ਰਾਮਚੰਦਰ, ਪੰਡਤ ਕਾਂਸੀ ਰਾਮ), ਮੁਸਲਮਮਾਨ (ਬਰਕਤ ਉੱਲ੍ਹਾ, ਹੁਸੈਨ ਰਹੀਮ) ਵੀ ਸਨ। ਇਸ ਵਿਚ ਆਪਣੀ ਸ਼ੱਕ ਦੂਰ ਕਰਨ ਵਾਸਤੇ ਉਸ ਨੂੰ ਨੈਸ਼ਨਲ ਬੁੱਕ ਟਰਸਟ ਦੀ ਕਿਤਾਬ 'ਗਦਰ ਮੂਵਮੈਂਟ' ਵਿਚ ਲੱਗੀਆਂ ਤਸਵੀਰਾਂ ਦੇਖ ਲੈਣੀਆਂ ਚਾਹੀਦੀਆਂ ਹਨ। ਉਸ ਨੂੰ ਵਰਤਮਾਨ ਇਤਿਹਾਸ ਦੇ ਨਾਇਕਾਂ ਦਾ ਚਰਿੱਤਰ ਚਿਤਰਨ ਅਤੇ ਗਦਰ ਲਹਿਰ ਦੇ ਸ਼ਹੀਦਾਂ ਦੇ ਕਿਰਦਾਰ ਦਾ ਮੁਕਾਬਲਾ ਕਿਤੇ ਇਕਾਂਤ ਵਿਚ ਬਹਿ ਕੇ ਕਰਨਾ ਬਣਦਾ ਹੈ।

ਸਿੱਖ ਧਰਮ ਤਾਂ ਕੁਲ ਸੰਸਾਰ ਦਾ ਭਲਾ ਮੰਗਦਾ ਹੈ। ਗਦਰੀ ਸ਼ਹੀਦ ਅਤੇ ਭਗਤ ਸਿੰਘ, ਸਾਰੇ ਭਾਰਤ ਦੀ ਆਜ਼ਾਦੀ ਦੇ ਪ੍ਰਵਾਨੇ ਸਨ ਜਿਸ ਵਿਚ ਹਿੰਦੂ, ਸਿੱਖ, ਇਸਾਈ, ਮੁਸਲਮਾਨ, ਪਾਰਸੀ, ਜੈਨ ਅਤੇ ਬੋਧੀ ਵੀ ਹਨ। ਇਨ੍ਹਾਂ ਸੂਰਬੀਰਾਂ ਦੀ ਸੋਚ ਅਸਲ ਸਿੱਖੀ ਦੇ 'ਸਰਬਤ ਦੇ ਭਲੇ' ਦੇ ਆਸ਼ੇ ਮੁਤਾਬਕ ਸੀ। ਸਾਬਤ ਇਹੀ ਹੋਇਆ ਕਿ ਇਹ ਸਾਰੇ ਸਿੱਖੀ ਸੋਚ ਦੇ ਮਾਲਕ ਅਤੇ ਨਾਇਕ ਸਨ। ਸਿੱਖੀ ਸਿਧਾਂਤ, ਸਰਬੱਤ ਦੇ ਭਲੇ ਦੀ ਸਮਝ ਅਸਲ ਵਿਚ, ਕਰਮਜੀਤ ਸਿੰਘ ਦੀ ਸੋਚ ਦੇ ਦਾਇਰੇ ਤੋਂ ਵੱਡੀ ਹੈ। ਉਹ ਆਪਣੇ ਲੇਖਾਂ ਵਿਚ ਕੁੱਲ ਪੰਜਾਬੀਆਂ ਨੂੰ ਬੇਸਮਝ ਅਤੇ ਲਾਈਲੱਗ ਗਰਦਾਨ ਚੁੱਕੇ ਹਨ।

ਕਰਮਜੀਤ ਸਿੰਘ ਨੂੰ ਸਿਮਰਨਜੀਤ ਸਿੰਘ ਮਾਨ ਦੇ ਬਜ਼ੁਰਗਾਂ ਵਲੋਂ ਜਲ੍ਹਿਆਂਵਲੇ ਬਾਗ ਦੇ ਬੁੱਚੜ ਨੂੰ ਅਕਾਲ ਤਖਤ 'ਤੇ ਸਿਰੋਪਾਓ ਦੇਣ ਬਾਰੇ ਪਤਾ ਕਰ ਲੈਣਾ ਚਾਹੀਦਾ ਹੈ। ਨਾਲ ਹੀ ਮਾਨ ਵਲੋਂ ਆਪਣੀ ਪੁਲਿਸ ਦੀ ਨੌਕਰੀ ਦੌਰਾਨ ਅੰਮ੍ਰਿਤਧਾਰੀ ਨਿਹੰਗਾਂ ਨੂੰ ਮਾਰਨ ਬਾਰੇ ਵੀ ਪਤਾ ਕਰ ਲੈਣਾ ਬਣਦਾ ਹੈ।

ਹੁਣ ਜਦੋਂ ਸਿਮਰਨਜੀਤ ਸਿੰਘ ਮਾਨ ਨੇ ਭਾਰਤੀ ਸੰਵਿਧਾਨ ਦੀ ਸਹੁੰ ਬੰਦ ਕਮਰੇ ਵਿਚ ਚੁੱਕ ਲਈ ਹੈ ਤਾਂ ਦੇਖਣਾ ਬਣਦਾ ਹੈ ਕਿ ਕਰਮਜੀਤ ਸਿੰਘ ਜਿਸ ਸ਼ੇਰ ਦੀ ਸਵਾਰੀ ਕਰ ਰਹੇ ਸਨ, ਉਸ ਨੇ ਆਪਣੀ ਖੱਲ ਉਤਾਰ ਦਿੱਤੀ ਹੈ ਤੇ ਹੁਣ ਕੀ ਉਨ੍ਹਾਂ ਪਾਸ ਨਵਜੋਤ ਸਿੰਘ ਸਿੱਧੂ ਜਿਸ ਦੀਆਂ ਸਿਫਤਾਂ ਦੇ ਪੁਲ ਉਹ ਬੰਨ੍ਹ ਚੁੱਕੇ ਹਨ, ਤੋਂ ਇਲਾਵਾ ਵੀ ਕੋਈ ਹੋਰ ਕਾਂਗਰਸੀ ਹੀਰੋ ਹੈ ਕਿ ਨਹੀਂ?

ਪ੍ਰੀਤਮ ਸਿੰਘ ਕੁਮੇਦਾਨ ਬਾਰੇ ਸਭ ਲੋਕ ਜਾਣਦੇ ਹਨ ਕਿ ਉਨ੍ਹਾਂ ਨੇ ਕਿਵੇਂ ਪੰਜਾਬ ਦੇ ਪਾਣੀਆਂ ਦਾ ਕੇਸ ਤੱਥਾਂ ਦੇ ਆਧਾਰ 'ਤੇ ਖੜ੍ਹਾ ਕੀਤਾ ਅਤੇ ਸਾਰੀਆਂ ਸਿਆਸੀ ਪਾਰਟੀਆਂ ਉਨ੍ਹਾਂ ਨੂੰ ਪੰਜਾਬ ਦੇ ਪਾਣੀਆਂ ਬਾਰੇ ਆਪਣਾ ਸਲਾਹਕਾਰ ਮੰਨਦੀਆਂ ਹਨ। ਜੋ ਤੱਥ ਅਤੇ ਦਲੀਲਾਂ ਉਨ੍ਹਾਂ ਨੇ ਸਿਆਸਤਦਾਨਾਂ ਦੇ ਹੱਥ ਦਿੱਤੀਆਂ, ਕੋਈ ਵੀ ਉਨ੍ਹਾਂ ਨੂੰ ਅਣਗੌਲਿਆ ਨਹੀਂ ਕਰ ਸਕਦਾ। ਕੁਮੇਦਾਨ ਪੰਜਾਬ ਅਤੇ ਪੰਜਾਬੀਅਤ ਵਾਸਤੇ ਵਿਚਾਰਾਤਮਕ ਧਰਾਤਲ ਤਿਆਰ ਕਰਕੇ ਗਏ ਹਨ।

ਇਸ ਸਬੰਧ ਵਿਚ ਉਨ੍ਹਾਂ ਜੋ ਸਵਾਲ ਖਾਲਿਸਤਾਨੀਆਂ ਵਾਸਤੇ ਖੜ੍ਹੇ ਕੀਤੇ ਹਨ, ਉਹ ਕਰਮਜੀਤ ਸਿੰਘ ਅਤੇ ਅਜਿਹੇ ਹੋਰ ਵਿਦਵਾਨਾਂ ਜੋ ਏ.ਸੀ. ਕਮਰਿਆਂ ਵਿਚੋਂ ਆਮ ਨੌਜਵਾਨ ਨੂੰ ਭੜਕਾਊ ਸਮੱਗਰੀ ਵੰਡਦੇ ਹਨ, ਵਾਸਤੇ ਆਪਣੇ ਅੰਦਰ ਝਾਤ ਮਾਰਨ ਲਈ ਮੂੰਹ ਅੱਡੀ ਖੜ੍ਹੇ ਹਨ।

# 'ਸੀਤੇ ਬੁੱਲ੍ਹਾਂ ਦਾ ਸੁਨੇਹਾ'

## ਪ੍ਰਮਾਣਿਕ ਮਨੁੱਖੀ ਅਹਿਸਾਸਾਂ ਦੇ ਸੁਹਜ ਅਤੇ ਸੰਜਮ ਦਾ ਬਿਰਤਾਂਤ

'ਸੀਤੇ ਬੁੱਲ੍ਹਾਂ ਦਾ ਸੁਨੇਹਾ' ਮਨੁੱਖ ਦੇ ਸੱਚੇ-ਸੁੱਚੇ, ਸਾਫ਼-ਸ਼ਫਾਫ ਅਹਿਸਾਸਾਂ, ਭਾਵਾਂ, ਜਜ਼ਬਿਆਂ ਅਤੇ ਕਦਰਾਂ ਨੂੰ ਉਨ੍ਹਾਂ ਦੀ ਮਨੁੱਖੀ ਖ਼ਸਲਤਾਂ ਵਿਚ ਮੌਜੂਦਗੀ, ਸਜਿੰਦਤਾ ਤੇ ਅਮਰਤਾ ਸਮੇਤ ਸਾਂਭਣ ਦੀ ਜੁਸਤਜੂ ਰੱਖਣ ਵਾਲੇ ਗਲਪਕਾਰ ਬਲਦੇਵ ਸਿੰਘ ਗਰੇਵਾਲ ਰਚਿਤ ਮੌਲਿਕ ਕਹਾਣੀਆਂ ਦਾ ਸੰਗ੍ਰਹਿ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ 28 ਕਹਾਣੀਆਂ ਦੇ ਰਚਨਾ ਕਾਲ ਅਤੇ ਰਚਨਾ ਸੰਸਾਰ ਦੇ ਅੰਦਰੂਨੀ ਹਵਾਲੇ



**ਧਨਵੰਤ ਕੌਰ (ਡਾ.)**
**ਸਾਬਕਾ ਪ੍ਰੋਫ਼ੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਇਸ ਗੱਲ ਦਾ ਪ੍ਰਮਾਣ ਹਨ ਕਿ ਗਰੇਵਾਲ ਦੀ ਕਥਾ ਸੰਵੇਦਨਾ ਆਪਣੇ ਸਮੇਂ ਅਤੇ ਸਥਾਨ ਨਾਲ, ਨਿਰੰਤਰ ਤੌਰ 'ਤੇ ਸੰਵਾਦੀ ਸੁਰ ਵਿਚ ਰਹੀ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ 'ਆਜ਼ਾਦ ਲੋਕ', 'ਦੇਸ਼ ਭਗਤ', 'ਤੋਚੀ' ਵਰਗੀਆਂ ਕਹਾਣੀਆਂ ਦੇ 1966-67 ਵਿਚ ਪ੍ਰੀਤਲੜੀ ਮੈਗਜ਼ੀਨ ਵਿਚ ਛਪੀਆਂ ਹੋਣ ਦੇ ਹਵਾਲੇ ਇਸ ਗੱਲ ਦੀ ਗਵਾਹੀ ਹਨ ਕਿ ਇਸ ਸੰਗ੍ਰਹਿ ਵਿਚ ਸ਼ਾਮਿਲ ਕਹਾਣੀਆਂ ਦਾ ਰਚਨਾ ਕਾਲ ਲਗਭਗ ਪੰਜ ਦਹਾਕਿਆਂ ਦੇ ਕਾਲ ਅੰਤਰਾਲ ਵਿਚ ਫੈਲਿਆ ਹੋਇਆ ਹੈ। ਇਸੇ ਤਰ੍ਹਾਂ, ਇਸ ਸੰਗ੍ਰਹਿ ਦੀਆਂ ਕਹਾਣੀਆਂ ਦੇ ਕਥਾਨਕੀ ਵੇਰਵਿਆਂ ਵਿਚ ਸੰਤਾਲੀ ਵਿਚ ਉੱਜੜੇ-ਉੱਖੜੇ, ਬਟਵਾਰੇ ਵਿਚੋਂ ਨਿਕਲ ਕੇ ਅਜ਼ਾਦ ਭਾਰਤ ਵਿਚ ਸੁਰਤ ਸੰਭਾਲਦੇ, ਪੰਜਾਬ ਤੋਂ ਲੈ ਕੇ ਪਰਵਾਸੀ ਹੋ ਕੇ ਪੰਜਾਬੀ ਡਾਇਸਪੋਰੇ ਵਿਚ ਵਸਦੇ ਪੰਜਾਬੀ ਬੰਦੇ ਅਤੇ ਸਮਾਜ ਦੇ ਅਨੁਭਵੀ ਹਵਾਲੇ ਦੱਸਦੇ ਹਨ ਕਿ ਗਰੇਵਾਲ ਦੀ ਕਹਾਣੀ ਨੇ ਆਪਣੀ ਵਾਬਸਤਗੀ ਉਸ ਸੰਸਾਰ ਨਾਲ ਨਿਰੰਤਰ ਬਣਾਈ ਰੱਖੀ ਹੈ, ਜਿਸ ਵਿਚ ਉਹ ਰਹਿੰਦਾ ਹੈ।


ਸ. ਗਰੇਵਾਲ ਨੇ ਕਹਾਣੀਆਂ ਦੇ ਥੀਮ ਨੂੰ ਜਿਸ ਕੇਂਦਰੀ ਸੂਤਰ ਵਿਚ ਪਰੋਇਆ ਹੈ, ਉਹ ਹੈ 'ਸੀਤੇ ਬੁੱਲ੍ਹਾਂ ਦਾ ਸੁਨੇਹਾ'। ਮਨੁੱਖ ਦੀਆਂ ਸਥਿਤੀਆਂ ਅਤੇ ਖ਼ਸਲਤਾਂ ਵਿਚ, ਮਨੁੱਖ ਦੀਆਂ ਚਾਹਤਾਂ ਤੇ ਚੁਣੌਤੀਆਂ ਵਿਚ ਸਮਨਵੈ ਬਿਠਾਉਣਾ, ਅਕਥ ਨੂੰ ਕਥਣਾ ਮੁੱਢ ਕਦੀਮ ਤੋਂ ਕਹਾਣੀ ਦੀ ਬਿਰਤੀ ਤੇ ਸ਼ਕਤੀ ਰਿਹਾ ਹੈ। ਪਰ 'ਸੀਤੇ ਬੁੱਲ੍ਹਾਂ' ਦੇ ਮੈਟਾਫਰ ਰਾਹੀਂ ਗਰੇਵਾਲ ਨੇ ਇਨ੍ਹਾਂ ਕਹਾਣੀਆਂ ਵਿਚਲੇ ਸੰਸਾਰ ਨੂੰ ਵੱਖਰੇ ਤੇ ਵਿਸ਼ੇਸ਼ ਰੂਪ ਵਿਚ ਸਨਦੀ ਬਣਾਇਆ ਹੈ। ਇਨ੍ਹਾਂ ਕਹਾਣੀਆਂ ਦੇ ਪ੍ਰਤੱਖਣ ਦੀ ਮਨੋਭੂਮੀ, ਇਨ੍ਹਾਂ ਕਹਾਣੀਆਂ ਦੇ ਪਾਤਰ ਉਹ ਲੋਕ ਹਨ, ਜਿਨ੍ਹਾਂ ਦੇ ਬੁੱਲ੍ਹ ਸਾਡੀਆਂ ਸਮਾਜਿਕ ਰੀਤਾਂ, ਮਨੌਤਾਂ, ਮਰਯਾਦਾਵਾਂ ਜਾਂ ਜਾਤੀ-ਜਮਾਤੀ ਲਿੰਗਕ ਦਰਜਾਬੰਦੀਆਂ ਦੇ ਤਕੜਿਆਂ ਪੱਖੀ ਵਿਧੀ-ਵਿਧਾਨਾਂ ਨੇ ਸੀਤੇ ਹੋਏ ਹਨ, ਜਿਹੜੇ ਸਭ ਕੁੱਝ ਸਮਝਦੇ ਹੋਏ ਵੀ ਚੁੱਪ ਰਹਿ ਕੇ ਜਰਨ ਲਈ ਮਜਬੂਰ ਹਨ। ਅਜੋਕਾ ਸਮਾਜਿਕ ਸਭਿਆਚਾਰਕ ਚਿੰਤਨ ਇਨ੍ਹਾਂ ਲੋਕਾਂ ਨੂੰ ਹਾਸ਼ੀਅਤਾਂ ਵਜੋਂ ਜਾਂ ਸਬਾਲਟਰਨ ਵਜੋਂ ਪਰਿਭਾਸ਼ਿਤ ਕਰਦਾ ਹੈ। ਇਹ ਚਿੰਤਨ ਮੁੱਖ ਰੂਪ ਵਿਚ ਦਲਿਤਾਂ, ਨਾਰੀਆਂ ਤੇ ਪਰਵਾਸੀਆਂ ਨੂੰ ਇਸ ਕੈਟੇਗਰੀ ਵਿਚ ਰੱਖ ਕੇ ਵਿਚਾਰਦਾ ਹੈ ਅਤੇ ਇਨ੍ਹਾਂ ਦੇ ਬੋਲਣ ਦੀ ਸੰਭਵਤਾ ਤੇ ਸੰਭਾਵਨਾ ਨੂੰ ਪ੍ਰਤੀਰੋਧ ਦੇ ਮੁਹਾਵਰੇ ਵਿਚ ਬੰਨ੍ਹਣ ਦੀ ਚੇਸ਼ਟਾ ਰੱਖਦਾ ਹੈ। ਤਕੜਿਆਂ ਦੀ ਜਾਤੀ-ਜਮਾਤੀ ਧੌਂਸ ਵਿਚ ਦਲੀ ਜਾ ਰਹੀ ਗਰੀਬ ਲੋਕਾਈ, ਪਿਤਰਕੀ ਦੇ ਮਰਿਯਾਦਾ ਤੰਤਰ ਵਿਚ ਪਿਸ ਰਹੀ ਨਾਰੀ ਅਤੇ ਪਰਾਏ ਮੁਲਕਾਂ ਤੇ ਬਿਗਾਨੇ ਲੋਕਾਂ ਵਿਚ ਹਾਸ਼ੀਏ 'ਤੇ ਵਿਚਰਦੇ ਪਰਵਾਸੀ, ਤਿੰਨੋਂ ਹੀ ਆਪਣੀਆਂ ਉਭਰਵੀਆਂ, ਨਿੱਖੜਵੀਆਂ ਪਛਾਣਾਂ ਸਮੇਤ ਬਲਦੇਵ ਸਿੰਘ ਗਰੇਵਾਲ ਦੀ ਕਹਾਣੀ ਦੇ ਪਾਤਰ ਹਨ। ਪਰ ਇਨ੍ਹਾਂ ਕਹਾਣੀਆਂ ਦਾ ਸਰਸਰੀ ਪਾਠ ਵੀ ਪਾਠਕ ਨੂੰ ਇਸ ਸਿੱਟੇ 'ਤੇ ਪਹੁੰਚਾਵੇਗਾ ਕਿ ਇਨ੍ਹਾਂ ਦਾ ਮਨੋਰਥ ਪਾਠਕ ਨੂੰ ਇਨ੍ਹਾਂ ਲੋਕਾਂ ਦੀ ਹੋਂਦ-ਸਥਿਤੀ ਬਾਰੇ ਬੌਧਿਕ ਤੌਰ 'ਤੇ ਜਾਗਰੂਕ ਕਰਨਾ ਜਾਂ ਉਨ੍ਹਾਂ ਪਾਤਰਾਂ ਦੀ ਹੋਂਦ-ਚੇਤਨਾ ਨੂੰ ਤਰਕ-ਵਿਤਰਕ ਦੀਆਂ ਸੋਝੀਆਂ ਨਾਲ ਲੈਸ ਕਰਨਾ ਨਹੀਂ। ਗਰੇਵਾਲ ਦੀਆਂ ਕਹਾਣੀਆਂ ਦੇ ਗਲਪੀ ਬਿੰਬ ਆਪਣੇ ਕਥਾਨਕ ਤੇ ਪਾਤਰਾਂ ਰਾਹੀਂ, ਜ਼ਿੰਦਗੀ ਦੇ ਵਰਤ-ਵਰਤਾਰਿਆਂ ਨੂੰ ਜਿਹੜੀ ਤਰਤੀਬ ਤੇ ਧੁਨੀ ਦੇ ਰਹੇ ਹਨ, ਉਹ ਸਾਨੂੰ ਦਮਿਤ ਆਵਾਜ਼ਾਂ ਨੂੰ ਜੀਵਨ ਦੇ ਅਤਿ-ਨਿਕਟੀ ਪ੍ਰਸੰਗਾਂ ਅਤੇ ਬਹੁ-ਕੋਣੀ ਸੰਦਰਭਾਂ ਵਿਚੋਂ ਵੇਖਣ, ਪਛਾਣਨ ਅਤੇ ਸਮਝਣ ਦੇ ਯੋਗ ਬਣਾ ਰਹੀ ਹੈ। 'ਖੱਟੀ ਕਮਾਈ', 'ਜ਼ਖ਼ਮੀ ਹੱਥ', 'ਲੋਹ ਪੁਰਸ਼', 'ਸੀਤੇ ਬੁੱਲ੍ਹਾਂ ਦਾ ਸੁਨੇਹਾ', 'ਉਨਾਭੀ ਕੋਟ', 'ਤੋਚੀ' 'ਦੇਸ ਪਰਾਏ' ਅਤੇ 'ਝੂਠ' ਵਰਗੀਆਂ ਕਈ ਕਹਾਣੀਆਂ ਇਸ ਗੱਲ ਦਾ ਪ੍ਰਮਾਣ ਹਨ ਕਿ ਉਸਦੀ ਕਹਾਣੀ ਬਿਗਾਨਿਆਂ ਹੱਥੋਂ ਹੀ ਨਹੀਂ, ਆਪਣਿਆਂ ਹੱਥੋਂ ਹੀ ਆਤੁਰ ਹੋਏ ਪਾਤਰਾਂ ਦੀ ਗਹਿਰੀ ਚੁੱਪ ਨੂੰ ਉਠਾਲਣ ਦਾ ਮਨੋਰਥ ਵੀ ਰੱਖਦੀ ਹੈ।

ਕਹਾਣੀਆਂ ਦੇ ਪ੍ਰਤੱਖਣ ਅਤੇ ਪਰਿਪੇਖ ਸੋਝੀ ਦੇ ਲਿਹਾਜ਼ ਨਾਲ ਵਿਚਾਰੀਏ ਤਾਂ ਗਰੇਵਾਲ ਦੇ ਬਿਰਤਾਂਤਕ ਮੂਡ ਦੀ ਮੁੱਖ ਟੇਕ ਹਨ-ਮਨੁੱਖੀ ਖ਼ਸਲਤਾਂ ਵਿਚ ਗੁੱਝੇ ਨਪੀੜੇ ਅਹਿਸਾਸ। ਆਪਣੇ ਪਾਤਰਾਂ ਨੂੰ ਜੀਵੰਤ ਚਰਿੱਤਰ ਪ੍ਰਦਾਨ ਕਰਨ ਲਈ, ਉਨ੍ਹਾਂ ਦੇ ਅਹਿਸਾਸਾਂ, ਜਜ਼ਬਿਆਂ ਦੇ ਹੋਂਦਵਾਨ ਹੋ ਸਕਣ ਦੀ ਗੁੰਜਾਇਸ਼ ਬਣਾਉਣ ਲਈ ਉਹ ਉਨ੍ਹਾਂ ਨੂੰ ਉਨ੍ਹਾਂ ਦੇ ਅਨੁਭਵੀ ਸੰਸਾਰ ਵਿਚ ਸਥਿਤ ਕਰਦਾ ਹੈ ਅਤੇ ਮਨੁੱਖੀ ਖ਼ਸਲਤਾਂ ਦੇ ਹੋਣ/ਥੀਣ ਦੀਆਂ ਹਰਕਤਾਂ/ਸੰਕਟਾਂ/ਸੰਭਾਵਨਾਵਾਂ ਨੂੰ ਉਨ੍ਹਾਂ ਦੇ ਨਿਕਟਵਰਤੀ ਰਿਸ਼ਤਿਆਂ ਦੇ ਤਣਾਓ ਜਾਂ ਇਕਸੁਰਤਾ ਵਿਚੋਂ ਤਲਾਸ਼ਦਾ ਹੈ। ਮਨੁੱਖੀ ਅਹਿਸਾਸਾਂ ਦੇ ਹਨਨ ਨੂੰ ਉਸਨੇ ਆਰਥਿਕ ਸਮਾਜਿਕ ਦਰਜਾਬੰਦੀਆਂ ਵਾਲੇ ਸੰਦਰਭਾਂ ਵਿਚ ਵੀ ਤਲਾਸ਼ਿਆ ਹੈ। 'ਆਜ਼ਾਦ ਲੋਕ' ਅਤੇ 'ਦੇਸ਼ ਭਗਤ' ਕਹਾਣੀਆਂ ਤਕੜਿਆਂ ਦੇ ਦਾਬੇ ਅਤੇ ਦਮਨ ਵਿਚ ਦਹਿਲੀਆਂ ਹੋਂਦਾਂ ਦੀ ਪ੍ਰਮਾਣਿਕ ਪੇਸ਼ਕਾਰੀ ਹਨ, ਪਰ ਪਰਵਾਸੀ ਅਨੁਭਵ ਅਤੇ ਮਰਦ-ਔਰਤ ਵਿਚਲੇ ਪਿਆਰ ਸੰਬੰਧ, ਯਕੀਨਨ, ਉਸਦੀ ਕਥਾ ਸੰਵੇਦਨਾ ਦੇ ਉਹ ਝਰੋਖੇ ਹਨ, ਜਿਨ੍ਹਾਂ ਦੀ ਬਦੌਲਤ ਉਸ ਦੇ ਬਿਰਤਾਂਤਕ ਮੂਡ ਨੇ ਬੜੀਆਂ ਜਾਨਦਾਰ ਕਹਾਣੀਆਂ ਲਿਖੀਆਂ ਹਨ।

ਇਸ ਸੰਗ੍ਰਹਿ ਦੀਆਂ 28 ਵਿਚੋਂ 17 ਕਹਾਣੀਆਂ ਦੀ ਪ੍ਰਤੱਖਣ ਭੂਮੀ ਪੰਜਾਬੀ ਬੰਦੇ ਦਾ ਪਰਵਾਸੀ ਅਨੁਭਵ ਹੈ। ਪਰਵਾਸੀ ਘਰ ਛੱਡਣ ਜਾਂ ਘਰ ਛੁਟਣ ਦੇ ਦੁੱਖ ਨਾਲ ਕਿਵੇਂ ਜੂਝਦਾ ਹੈ, ਉਸ ਦੀਆਂ ਸਿਮਰਤੀਆਂ ਉਸਦਾ ਸਾਰ ਅਤੇ ਭਾਰ ਕਿਵੇਂ ਬਣਦੀਆਂ ਹਨ, ਨਵੇਂ ਪਰਿਵੇਸ਼ ਵਿਚ ਉਸਦਾ ਅਨੁਕੂਲਣ ਉਸਨੂੰ ਕਿਹੋ ਜਿਹੀਆਂ ਘਾੜਤਾਂ ਵਿਚ ਪਾਉਂਦਾ ਹੈ ਅਤੇ ਕੀਮਤਾਂ ਦੇ ਦੋਹਰੇ ਪਰਿਪੇਖਾਂ ਵਿਚ ਪੰਜਾਬੀ ਖ਼ਸਲਤਾਂ ਕੀ ਗੁਆਉਂਦੀਆਂ ਤੇ ਕੀ ਪਾਉਂਦੀਆਂ ਹਨ, ਵਰਗੇ ਵਰਤਾਰਿਆਂ ਨੂੰ ਪ੍ਰਤੱਖਦਿਆਂ ਉਸਨੇ ਯਾਦਗਾਰੀ ਕਹਾਣੀਆਂ ਰਚੀਆਂ ਹਨ। ਪਰਵਾਸੀ ਦੇ ਘਰ ਛੱਡਣ ਅਤੇ ਘਰ ਛੁੱਟਣ ਦੇ ਅਹਿਸਾਸ ਨੂੰ ਅਜਿਹੇ ਬਿਰਤਾਂਤ ਵਿਚ ਬੰਨ੍ਹਣ ਪੱਖੋਂ ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਖੱਟੀ ਕਮਾਈ' ਇੱਕ ਜ਼ਿਕਰਯੋਗ ਕਹਾਣੀ ਹੈ। ਕਹਾਣੀ ਦਾ ਮੈਂ ਪਾਤਰ ਪੰਜਾਬੀ ਪਰਵਾਸੀਆਂ ਦੀ ਉਸ ਪਹਿਲੀ ਪੀੜ੍ਹੀ ਦੀ ਪ੍ਰਤਿਨਿੱਧਤਾ ਕਰਦਾ ਹੈ, ਜਿਹੜੇ ਬਿਗਾਨੇ ਮੁਲਕਾਂ ਵਿਚ ਨਿਰੋਲ ਕਮਾਈਆਂ ਕਰਨ ਗਏ ਸਨ ਤੇ ਪਿਛਲੀ ਉਮਰੇ ਘਰ ਮੁੜਨ ਦਾ ਇਰਾਦਾ ਰੱਖਦੇ ਸਨ। ਇਸ ਕਹਾਣੀ ਦੇ 'ਮੈਂ' ਪਾਤਰ ਨੇ ਪਰਦੇਸ ਦੀਆਂ ਕਮਾਈਆਂ ਨਾਲ ਪਿਛਲਿਆਂ ਦੀ ਸਥਿਤੀ ਸੁਧਾਰੀ ਹੈ, ਜਾਇਦਾਦ ਬਣਾਈ ਹੈ। ਜਿਉਂ ਹੀ ਉਸਨੇ ਪਰਤਣਾ ਚਾਹਿਆ ਹੈ, ਉਸਦੇ ਸਕਿਆਂ ਨੇ ਉਸਨੂੰ ਜੱਦੀ ਜਾਇਦਾਦ ਤਾਂ ਕੀ, ਉਸਦੀ ਕਮਾਈ ਨਾਲ ਖਰੀਦੀ ਜਾਇਦਾਦ ਤੋਂ ਵੀ ਬਾਹਰ ਹੋਣ ਦਾ ਰਸਤਾ ਵਿਖਾ ਦਿੱਤਾ ਹੈ। 'ਆਪਣਿਆਂ', 'ਸਕਿਆਂ' ਦੀ



*ਲੇਖਕ ਬਲਦੇਵ ਸਿੰਘ ਗਰੇਵਾਲ*




*ਪੁਸਤਕ 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਦਾ ਮੁਖੜਾ*

ਵਾਰਸ ਜਿਸਨੇ ਉਸਨੂੰ ਪਰਦੇਸ਼ ਵਿਚ ਵੀ ਪਰਦੇਸੀ, ਬੇਵਤਨੇ, ਬੇਘਰੇ ਹੋਣ ਦੀ ਹੌਲਨਾਕ ਸਥਿਤੀ ਤੋਂ ਬਚਾਉਣਾ ਸੀ, ਦੇ ਬਿਨਸ ਜਾਣ ਦੀ ਅਕਹਿ ਵੇਦਨਾ ਨੂੰ ਪੋਂਹਦੀ ਬਿੰਬਕਾਰੀ ਦੇਣ ਪੱਖੋਂ ਇਹ ਕਹਾਣੀ ਮਿਸਾਲੀ ਹੈ। ਆਪਣੇ ਹੀ ਘਰੋਂ ਅਜਨਬੀ ਹੋ ਤੁਰਨ ਦੇ ਮਾਰਮਿਕ ਅਹਿਸਾਸਾਂ ਨੂੰ ਮਹਿਸੂਸਦੇ ਪਾਤਰ ਦੇ ਬੋਲ ਹਨ:

'ਮੈਂ ਆਪਣਾ ਹੱਥ ਆਪਣੇ ਮੋਢੇ 'ਤੇ ਰੱਖਿਆ। ਬਾਪੂ ਦਾ ਬੁੱਢਾ ਹੱਥ ਟੋਲਿਆ ਪਰ ਉਹ ਤਾਂ ਉਥੇ ਹੈ ਹੀ ਨਹੀਂ ਸੀ। ਮੇਰਾ ਹਉਕਾ ਨਿੱਕਲ ਗਿਆ। ਮੈਂ ਅੱਖਾਂ ਖੋਲ੍ਹੀਆਂ। ਪਹਿਲੀ ਵਾਰ ਤੋਰਨ ਆਏ ਇਕ ਇਕ ਨੂੰ ਅਲਵਿਦਾ ਆਖੀ ਤੇ ਪਿੱਛੇ ਵੱਲ ਪਿੱਠ ਕਰਕੇ ਤੁਰ ਪਿਆ। ਮੈਂ ਕਈ ਵਾਰ ਪਿੱਛੇ ਮੁੜ ਕੇ ਵੇਖਿਆ। ਪਰ ਮਾਂ ਤਾਂ ਕਿਤੇ ਵੀ ਖਲੋਤੀ ਨਹੀਂ ਸੀ।'

ਮੋਹ-ਸ੍ਰੋਤਾਂ ਦੇ ਮੁਕੰਮਲ ਤੌਰ ਤੇ ਬਿਨਸ ਜਾਣ, ਮੂਲ ਵਾਸ ਤੋਂ ਮੋਹ-ਭੰਗ ਹੋਣ ਦੀ ਇਹ ਸਰਾਪੀ ਸਥਿਤੀ, ਮੋਹ ਦੇ ਰਿਸ਼ਤਿਆਂ ਦੀ ਥਾਂ ਗਰਜ਼ਾਂ ਦੇ ਰਿਸ਼ਤਿਆਂ ਦਾ ਇਹ ਨੰਗਾ ਸੱਚ ਪਰਵਾਸੀ ਨੂੰ ਆਪਣੀ ਅਸਲ ਤੇ ਤ੍ਰਾਸਦਿਕ ਹੋਣੀ ਤੋਂ ਵਾਕਫ਼ ਕਰਵਾਉਂਦਾ ਹੈ।

'ਖੱਟੀ ਕਮਾਈ' ਜੇ ਮੂਲਵਾਸ ਵੱਲੋਂ ਹਾਸ਼ੀਏ ਤੇ ਧਕੇਲੇ ਪਰਵਾਸੀ ਦੇ 'ਸੀਤੇ ਬੁੱਲ੍ਹਾਂ' ਦੀ ਕਹਾਣੀ ਹੈ ਤਾਂ 'ਲੋਹ ਪੁਰਸ਼', 'ਰਜਨੀ', 'ਕਰਜ਼', 'ਸੀਤੇ ਬੁੱਲ੍ਹਾਂ ਦਾ ਸੁਨੇਹਾ', ਡਾਇਸਪੋਰਿਕ ਪਰਿਵੇਸ਼ ਦੇ ਪ੍ਰਭਾਵਾਂ/ਦਬਾਵਾਂ ਹੇਠ ਨਵੀਆਂ ਘਾੜਤਾਂ ਵਿਚ ਪਈਆਂ ਪਰਵਾਸੀ ਪੰਜਾਬੀ ਸ਼ਨਾਖਤਾਂ ਦੀਆਂ ਕਹਾਣੀਆਂ ਹਨ। 'ਲੋਹ ਪੁਰਸ਼' ਕਹਾਣੀ ਦਾ ਕਥਾ ਨਾਇਕ ਸੂਬੇਦਾਰ ਬਿਸ਼ਨ ਸਿੰਘ ਡਾਇਸਪੋਰਿਕ ਪਰਿਵੇਸ਼ ਵਿਚ ਆਪਣੇ ਹੱਥੀਂ ਉਸਾਰੇ ਆਪਣੇ ਹੀ ਘਰ ਵਿਚ, ਆਪਣੇ ਹੀ ਜੀਆਂ ਵਿਚ ਆਪਣੇ ਆਪ ਨੂੰ, ਆਪਣੀ ਥਾਂ ਨੂੰ ਪਛਾਣਨ ਦੇ ਔਖੇ ਅਭਿਆਸ ਵਿਚੋਂ ਗੁਜ਼ਰ ਰਿਹਾ ਹੈ। ਉਹ ਇੰਡੀਅਨ ਆਰਮੀ ਵਿਚੋਂ ਪੈਨਸ਼ਨ ਲੈਣ ਉਪਰੰਤ ਅਮਰੀਕਾ ਪਹੁੰਚਿਆ ਹੈ। ਸੰਘਰਸ਼ ਉਪਰੰਤ ਚੰਗੇ ਜੀਵਨ ਤੇ ਸੁਰੱਖਿਅਤ ਭਵਿੱਖ ਦੇ ਆਨੰਦ ਪ੍ਰਤਿ ਆਸਥਾ ਰੱਖ ਕੇ ਉਹ ਬਾਰਾਂ ਬਾਰਾਂ ਘੰਟੇ ਯੈਲੋ ਕੈਬ ਚਲਾਉਂਦਾ ਰਿਹਾ ਹੈ। ਆਪਣੇ ਪੁੱਤਰ ਨੂੰ ਇੰਜੀਨੀਅਰ ਬਣਾ ਕੇ ਅਤੇ ਆਪਣੇ ਹੀ ਕਲਚਰ ਵਿਚ ਵਿਆਹ ਕੇ ਉਹ ਜੱਗ ਜਿੱਤ ਲੈਣ ਵਾਲੀ ਸ਼ੋਭਾ ਅਤੇ ਖੁਸ਼ੀ ਮਹਿਸੂਸ ਕਰਨਾ ਚਾਹੁੰਦਾ ਹੈ। ਪਰ ਉਸਦੇ ਨੂੰਹ-ਪੁੱਤ ਦੇ ਨਿੱਤ ਹੁੰਦੇ ਕਲੇਸ਼ ਉਪਰੰਤ ਟੁੱਟੇ ਘਰ ਨੇ ਉਸਦੇ ਆਪਣੇ ਸਾਵੇਂ, ਸੁਖਾਵੇਂ ਬੁਢਾਪੇ ਦੇ ਸੁਪਨਿਆਂ ਅਤੇ ਦਾਅਵਿਆਂ ਤੇ ਹੀ ਕਾਲਖ਼ ਨਹੀਂ ਪੋਤੀ, ਉਸਦੇ ਜਾਨ ਤੋਂ ਪਿਆਰੇ ਪੋਤੇ ਸੋਨੂੰ ਨੂੰ ਵੀ ਮਤ੍ਰੇਏ ਪਿਓ, ਮਤ੍ਰੇਏ ਭੈਣ-ਭਰਾਵਾਂ ਵਾਲੇ ਨਰਕ ਕੁੰਡ ਵਿਚ ਸੁੱਟ ਦਿੱਤਾ ਹੈ। ਬੁੱਢੀ ਉਮਰੇ ਸਟੀਲ ਦੇ ਗੋਡੇ ਪੁਆ ਕੇ ਉਠਿਆ ਸੂਬੇਦਾਰ ਆਪਣੇ ਪੋਤੇ ਸੋਨੂੰ ਨੂੰ ਭੰਵਰ ਵਿਚੋਂ ਕੱਢਣ ਲਈ, ਪੜ੍ਹਾ-ਲਿਖਾ ਕੇ ਵਧੀਆ ਭਵਿੱਖ ਦੇਣ ਲਈ ਆਪਣੇ ਆਪ ਨੂੰ ਇੱਕ ਵਾਰ ਫਿਰ ਹੌਂਸਲੇ ਵਿਚ ਲਿਆਉਂਦਾ ਹੈ, 'ਲੋਹ ਪੁਰਸ਼' ਬਣਨਾ ਚਾਹੁੰਦਾ ਹੈ। ਪਰ ਸੋਨੂੰ ਦੀ ਮਾਂ ਦੀ ਵਰਜਣਾ ਉਸਤੋਂ ਇਹ ਸੁਪਨਾ, ਇਹ ਮਕਸਦ, ਇਹ ਕਲੇਮ ਇਕ ਝਟਕੇ ਨਾਲ ਖੋਹ ਲੈਂਦੀ ਹੈ। ਪੰਜਾਬੀ ਪਰਿਵਾਰ ਦੇ ਮੁਖੀ ਦਾ ਜਿਹੜਾ ਤਸੱਵਰ ਸੂਬੇਦਾਰ ਦੇ ਜ਼ਿਹਨ ਵਿਚ ਵੱਸਿਆ ਹੋਇਆ ਹੈ, ਉਸਦੇ ਸਾਰੇ ਹੱਕ, ਫ਼ਰਜ਼, ਸੁਪਨੇ, ਦਾਅਵੇ ਖਿੰਡ ਜਾਂਦੇ ਹਨ। ਯਾਦਾਂ ਸਿਮਰਤੀਆਂ ਵਿਚ ਉਸ ਕੋਲ ਪਰਿਵਾਰ ਦੇ ਮੁਖੀ ਦਾ ਜਿਹੜਾ ਬਿੰਬ ਹੈ, ਉਹ ਬਿੰਬ 'ਡਿਊਢੀ ਵਿਚ ਬੈਠੇ', 'ਹੱਡੀਆਂ ਦੀ ਮੁੱਠ' ਆਪਣੇ ਬਾਬੇ ਦਾ ਹੈ, ਜਿਸਦੇ ਇਕ ਖੰਘੂਰੇ ਨਾਲ ਸਾਰਾ ਟੱਬਰ ਕੰਬ ਜਾਂਦਾ ਸੀ ਤੇ ਜਿਸਦੀ ਆਖੀ ਗੱਲ ਖ਼ਾਨਦਾਨ ਦੇ ਹਰ ਜੀਅ ਲਈ ਕਾਨੂੰਨ ਹੁੰਦੀ ਸੀ। ਉਥੇ ਉਸਦੇ ਪੋਤੇ ਸੋਨੂੰ ਦੀ ਮਾਂ ਉਸਨੂੰ ਪੁੱਛ ਰਹੀ ਹੈ 'ਤੁਸੀਂ ਕੌਣ ਹੁੰਦੇ ਓ ਉਸਦੀ ਫ਼ਿਕਰ ਕਰਨ ਵਾਲੇ।' ਇਨ੍ਹਾਂ ਨਵੀਆਂ ਘਾੜਤਾਂ, ਸਥਿਤੀਆਂ ਵਿਚ ਪਰਿਵਾਰ ਦੇ ਮੁਖੀ ਵੱਜੋਂ ਉਸਦੇ ਪੱਲੇ ਵਿਚ ਜੋ ਪੈ ਰਿਹਾ ਹੈ, ਉਹ ਹੈ ਬੇਦਖਲੀ, ਬੇਬਸੀ, ਵਿਚਾਰਗੀ, ਅਲਹਿਦਗੀ ਤੇ ਅੰਨ੍ਹਾ ਬੋਲਾ ਸੱਖਣਾਪਣ।

ਬਲਦੇਵ ਸਿੰਘ ਗਰੇਵਾਲ ਇਨ੍ਹਾਂ ਕਹਾਣੀਆਂ ਵਿਚ ਮੂਲ ਘਰ ਜਾਂ ਡਾਇਸਪੋਰਿਕ ਪਰਿਵੇਸ਼ ਵਿਚ ਘਰ ਵਰਗਾ ਸਭ ਕੁਝ ਭਾਲਦੇ ਬੰਦੇ ਦੀ ਬੇਬਸੀ ਨੂੰ ਜਾਂ ਨਿਰਮੋਹੇ ਜੀਆਂ ਕਰਕੇ ਪੰਜਾਬੀ ਘਰ ਪਰਿਵਾਰਾਂ ਦੇ ਸੁਹਜ ਸਲੀਕੇ ਨੂੰ ਲੱਗ ਰਹੇ ਖਸਾਰਿਆਂ ਦੀ ਬਾਤ ਪਾ ਰਿਹਾ ਹੈ ਤਾਂ ਇਸਦਾ ਭਾਵ ਇਹ ਕਦਾਚਿੱਤ ਨਹੀਂ ਕਿ ਪੰਜਾਬੀ ਘਰ-ਪਰਿਵਾਰਾਂ ਦੀਆਂ ਕਦਰਾਂ-ਕੀਮਤਾਂ ਜਾਂ ਮਰਯਾਦਾਵਾਂ ਉਸ ਲਈ ਨਿਰਪੇਖ ਆਦਰਸ਼ ਹਨ ਬਲਕਿ ਪੰਜਾਬੀ ਪਿਤਰਕੀ ਦੇ ਬੰਦ ਵਿਧਾਨਕ ਅਤੇ ਗਲਘੋਟੂ ਵਿਧੀ-ਵਿਧਾਨਾਂ ਨੂੰ ਉਸਨੇ ਇੱਕ ਤੋਂ ਵੱਧ ਕਹਾਣੀਆਂ ਵਿਚ ਨਸ਼ਰ ਕੀਤਾ ਹੈ। 'ਅਰਥ ਗੁਆ ਚੁੱਕੇ ਬੋਲ', 'ਰਜਨੀ', 'ਦੇਸ ਪਰਾਏ', 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਵਰਗੀਆਂ ਕਈ ਕਹਾਣੀਆਂ ਵਿਚ ਉਹ ਪੰਜਾਬੀ ਪਰਿਵਾਰਾਂ ਵਿਚ ਧੀਆਂ ਲਈ ਮਰਿਯਾਦਾਵਾਂ ਦੇ ਰੂਪ ਵਿਚ ਰੱਚੜ ਹੋ ਚੁੱਕੇ ਹੱਕਾਂ ਤੇ ਅਧਿਕਾਰਾਂ ਨੂੰ ਨਵੇਂ ਪ੍ਰਸੰਗਾਂ, ਸੰਦਰਭਾਂ ਦੀ ਤੁਲਨਾ ਵਿਚ ਪੜ੍ਹ ਕੇ ਵਿਖਾਉਂਦਾ ਹੈ ਅਤੇ ਉਨ੍ਹਾਂ ਦੇ ਗ਼ਲਤ, ਕੁਰੱਖਤ, ਪੱਖਪਾਤੀ ਤੇ ਦੁਖਾਂਤਕ ਹੋਣ ਦਾ ਖੌਰੂ ਇਨ੍ਹਾਂ ਨੂੰ ਲਾਗੂ ਕਰਨ ਵਾਲਿਆਂ ਦੇ ਮਨ ਵਿਚ ਹੀ ਮਚਾਉਂਦਾ ਹੈ। ਇਨ੍ਹਾਂ ਕਹਾਣੀਆਂ ਦੀਆਂ ਨਾਇਕਾਵਾਂ ਚੁੱਪ ਪਰ ਆਪਣੇ ਫੈਸਲੇ ਤੇ ਅਡੋਲ ਰਹਿ ਕੇ ਪਿਤਰਕੀ ਤੰਤਰ ਦੀ ਅਵੈਧਤਾ ਦਾ ਸੁਨੇਹਾ ਦਿੰਦੀਆਂ ਹਨ।

ਡਾਇਸਪੋਰਿਕ ਪਰਿਵੇਸ਼ ਵਿਚੋਂ ਅਰਜਿਤ ਕੀਤੀ ਦੋਹਰੀ ਦ੍ਰਿਸ਼ਟੀ ਦਾ ਲਾਭ ਲੈਂਦਿਆਂ ਉਸਨੇ ਪਿਤਰਕੀ ਨੂੰ ਸਿਰਫ਼ ਨਾਰੀ ਦੇ ਹਵਾਲੇ ਨਾਲ ਹੀ ਨਹੀਂ, ਪੰਜਾਬੀ ਮਰਦ ਦੀਆਂ ਮਰਿਯਾਦਿਤ ਘਾੜਤਾਂ ਦੀਆਂ ਘਾਟਾਂ ਅਤੇ ਕਮੀਆਂ ਦੇ ਪ੍ਰਸੰਗ ਵਿਚ ਵੀ ਪੜ੍ਹਿਆ ਹੈ। 'ਜ਼ਖ਼ਮੀ ਹੱਥ' ਕਹਾਣੀ ਇਸ ਪ੍ਰਥਾਇ ਇੱਕ ਮਾਅਨੇਖੇਜ਼ ਗਲਪੀ ਬਿੰਬ ਸਿਰਜਦੀ ਹੈ। ਸਾਰੀ ਉਮਰ ਆਗਿਆਕਾਰੀ ਪੁੱਤਰ, ਵਫ਼ਾਦਾਰ ਪਤੀ ਅਤੇ ਜ਼ੁੰਮੇਵਾਰ ਪਿਓ ਵਜੋਂ ਵਿਚਰਿਆ ਇਸ ਕਹਾਣੀ ਦਾ ਨਾਇਕ 65 ਸਾਲ ਦੀ ਉਮਰ ਵਿਚ ਜਦੋਂ ਦੁਬਾਰਾ ਵਿਆਹ ਕਰਨ ਦਾ ਫੈਸਲਾ ਲੈਂਦਾ ਹੈ ਤਾਂ ਘਰੋਂ-ਘਰੀਂ ਤੜੀ, ਘੁੱਗ ਵੱਸਦੀ ਸਾਰੀ ਰਿਸ਼ਤੇਦਾਰੀ ਨਮੋਸ਼ੀ ਮੰਨਦੀ ਹੈ। ਹਾਲਾਂਕਿ ਉਸਦੀ ਪਤਨੀ ਨੂੰ ਮਰਿਆਂ 15 ਸਾਲ ਹੋ ਚੁੱਕੇ ਹਨ ਅਤੇ ਬੱਚੇ ਵਿਆਹੇ ਜਾ ਚੁੱਕੇ ਹਨ। ਕਥਾਨਕੀ ਵੇਰਵੇ ਦੱਸਦੇ ਹਨ ਕਿ ਕਹਾਣੀ ਦਾ ਇਹ ਹੋਣਹਾਰ ਨਾਇਕ ਪਹਿਲੀ ਉਮਰੇ ਪੜ੍ਹਨਾ ਚਾਹੁੰਦਾ ਸੀ। ਪਰ ਘਰ ਦੀਆਂ, ਖੇਤੀ ਦੀਆਂ ਲੋੜਾਂ ਅਤੇ ਪਿਓ ਦੀ ਮਰਜ਼ੀ ਕਰਕੇ ਉਸਨੂੰ ਖੇਤੀ ਕਰਨੀ ਪਈ। ਜਵਾਨੀ ਵਿਚ ਉਸਦਾ ਕਿਸੇ ਕੁੜੀ ਨਾਲ ਪਿਆਰ ਹੋਇਆ ਪਰ ਪਿਓ ਦੇ ਮੁਗਲਈ ਫ਼ੁਰਮਾਨ ਕਰਕੇ ਉਸਨੂੰ ਆਪਣੀ ਚਾਹਤ ਤਿਆਗਣੀ ਪਈ। ਪਤਨੀ ਨਾਪਸੰਦ ਹੋਣ ਦੇ ਬਾਵਜੂਦ ਉਹ ਉਸ ਨਾਲ ਨਿਭਿਆ ਤੇ ਉਸਦੇ ਮਰਨ ਉਪਰੰਤ ਬੱਚਿਆਂ ਦੀ ਜ਼ੁੰਮੇਵਾਰੀ ਬੜੀ ਵਫ਼ਾਦਾਰੀ ਨਾਲ ਨਿਭਾਈ। ਬੱਚੇ ਵਿਆਹ ਕਰਵਾ ਕੇ ਆਪੋ-ਆਪਣੇ ਘਰੀਂ ਚਲੇ ਗਏ ਤੇ ਉਹ ਬਿਲਕੁਲ ਇਕੱਲਾ ਰਹਿ ਗਿਆ। ਪਰ ਜਿਉਂ ਹੀ ਉਸਨੇ ਆਪਣੇ ਬਾਰੇ ਸੋਚਦਿਆਂ ਦੂਜੇ ਵਿਆਹ ਦਾ ਫ਼ੈਸਲਾ ਲਿਆ, ਸਾਰੀ ਰਿਸ਼ਤੇਦਾਰੀ ਪੰਚਾਇਤ ਬਣ ਆ ਢੁਕੀ, ਉਸਨੂੰ ਸਮਝਾਉਣ ਕਿ ਇਹ ਵੇਲਾ ਭਜਨ ਬੰਦਗੀ ਦਾ ਹੈ, ਕੁਲ ਨੂੰ ਕਲੰਕ ਲਾਉਣ ਦਾ ਨਹੀਂ। ਪਰ ਗਰੇਵਾਲ ਨੇ ਇਨ੍ਹਾਂ ਵੇਰਵਿਆਂ ਨੂੰ ਜਿਹੜੀ ਬਿਰਤਾਂਤਕ ਗੁਲਾਈ ਦਿੱਤੀ ਹੈ ਉਹ ਸਾਡੀ ਮਰਿਯਾਦਿਤ ਜੀਵਨ ਜਾਚ ਦੀਆਂ ਉਨ੍ਹਾਂ ਊਣਤਾਈਆਂ ਤੇ ਜਕੜਾਂ ਨੂੰ ਨਸ਼ਰ ਕਰਦੀ ਹੈ, ਜਿਹੜੀਆਂ ਬੰਦੇ ਦੇ ਸਿਰਜਣਾਤਮਕ ਆਪੇ ਦਾ ਗਲਾ ਘੁੱਟ ਕੇ ਰੱਖਦੀਆਂ ਹਨ। ਕਹਾਣੀ ਇਨ੍ਹਾਂ ਦਮਘੋਟੂ, ਦਕਿਆਨੂਸੀ ਸਿਊਣਾ ਦੇ ਬਖੀਏ ਬਾਖ਼ੂਬੀ ਉਧੇੜਦੀ ਹੈ।


ਬਲਦੇਵ ਸਿੰਘ ਗਰੇਵਾਲ ਦੀ ਡਾਇਸਪੋਰਿਕ ਪਰਿਵੇਸ਼ ਵਿਚੋਂ ਅਰਜਿਤ ਕੀਤੀ ਦੋਹਰੀ ਦ੍ਰਿਸ਼ਟੀ ਵਾਲੀ ਕਥਾ ਸੰਵੇਦਨਾ ਪੰਜਾਬੀ ਸ਼ਨਾਖ਼ਤਾਂ ਵਿਚ ਪੰਜਾਬੀਅਤ ਦੀ ਵੱਖਰੀ ਤੇ ਵਸ਼ਿਸ਼ਟ ਪਛਾਣ ਬਣਾਉਣ ਵਾਲੀਆਂ ਖ਼ਸਲਤਾਂ ਦੀ ਬਰਕਰਾਰੀ ਵੀ ਚਾਹੁੰਦੀ ਹੈ ਪਰ ਪਿਤਰਕੀ ਦੀਆਂ ਦਕਿਆਨੂਸੀ ਰੱਚੜਤਾਵਾਂ ਦੇ ਤਿਆਗ ਦਾ ਸੁਨੇਹਾ ਵੀ ਦਿੰਦੀ ਹੈ। ਉਸਦੇ ਖੁੱਲ੍ਹੇ ਅਤੇ ਸੰਵਾਦੀ ਬਿਰਤਾਂਤਕ ਮੂਡ ਦਾ ਇੱਕ ਪ੍ਰਮਾਣ ਇਹ ਵੀ ਹੈ ਕਿ ਇਸ ਸੰਗ੍ਰਹਿ ਦੀਆਂ ਪੰਜ ਕਹਾਣੀਆਂ ਦਾ ਨਾਇਕਤਵ ਵਿਦੇਸ਼ੀ ਪਾਤਰਾਂ ਕੋਲ ਹੈ ਅਤੇ ਇਹ ਉਹ ਪਾਤਰ ਹਨ ਜਿਹੜੇ ਸਾਡੀ ਵਿਦੇਸ਼ੀਆਂ ਪ੍ਰਤੀ ਇੱਕ ਪੱਖੀ ਤੇ ਅੰਤਮ ਪੱਖੀ ਰਾਏ ਨੂੰ ਹੀ ਨਹੀਂ, ਸਾਡੇ ਜ਼ਿੰਦਗੀ

*(ਬਾਕੀ ਸਫਾ 29 'ਤੇ)*

# ਪ੍ਰੋਫੈਸਰ ਗਰੇਵਾਲ: ਇਤਿਹਾਸ ਰਚਨਾ ਤੇ ਇਤਿਹਾਸਕਾਰੀ

***ਪੰਜਾਬ ਦੇ ਉੱਘੇ ਇਤਿਹਾਸਕਾਰ ਜਗਤਾਰ ਸਿੰਘ ਗਰੇਵਾਲ ਨੇ ਮੱਧਕਾਲੀ ਭਾਰਤ, ਪੰਜਾਬ ਅਤੇ ਸਿੱਖ ਇਤਿਹਾਸ ਬਾਰੇ ਯਾਦਗਾਰੀ ਖੋਜ ਕਾਰਜ ਕੀਤੇ। ਉਨ੍ਹਾਂ ਇਤਿਹਾਸ ਦੇ ਖੇਤਰ ਵਿਚ ਨਵੀਆਂ ਪਿਰਤਾਂ ਪਾਈਆਂ। 18 ਅਗਸਤ ਨੂੰ ਉਨ੍ਹਾਂ ਦੇ ਚਲਾਣੇ ਨਾਲ ਪੰਜਾਬ ਦੀ ਇਤਿਹਾਸਕਾਰੀ ਦਾ ਇਕ ਯੁੱਗ ਖਤਮ ਹੋ ਗਿਆ ਹੈ। ਅਸੀਂ ਉਨ੍ਹਾਂ ਨੂੰ ਭਗਵਾਨ ਜੋਸ਼ ਅਤੇ ਤੇਜਵੰਤ ਸਿੰਘ ਗਿੱਲ ਦੇ ਲੇਖਾਂ ਰਾਹੀਂ ਯਾਦ ਕਰ ਰਹੇ ਹਾਂ।***

ਪ੍ਰੋਫੈਸਰ ਜਗਤਾਰ ਸਿੰਘ ਗਰੇਵਾਲ ਦੇ ਸਮੁੱਚੇ ਕੰਮ 'ਤੇ ਨਜ਼ਰ ਮਾਰਦਿਆਂ ਕਈ ਗੱਲਾਂ ਉੱਭਰ ਕੇ ਸਾਹਮਣੇ ਆਉਂਦੀਆਂ ਹਨ। 'ਪੰਜਾਬ ਇਤਿਹਾਸ' ਅਤੇ 'ਸਿੱਖ ਇਤਿਹਾਸ' ਦਾ ਕੋਈ ਵੀ ਅਜਿਹਾ ਪੱਖ ਨਹੀਂ ਹੋਵੇਗਾ ਜਿਸ ਬਾਰੇ ਪ੍ਰੋਫੈਸਰ ਗਰੇਵਾਲ ਨੇ ਨਾ ਲਿਖਿਆ ਹੋਵੇ। ਉਨ੍ਹਾਂ ਦੇ ਕੰਮ ਨੂੰ ਉਸ ਪ੍ਰਸੰਗ ਤੋਂ ਅਲੱਗ ਕਰਕੇ ਵੀ ਨਹੀਂ ਵੇਖਿਆ ਜਾ ਸਕਦਾ ਜਿਸ ਨੂੰ ਸਿੱਖ ਇਤਿਹਾਸ ਲੇਖਨ ਦੀ ਪਰੰਪਰਾ ਦਾ ਮੁੱਢ ਸਮਝਿਆ ਜਾਂਦਾ ਹੈ। ਇਸ ਲੇਖਨ ਪਰੰਪਰਾ ਦੇ ਦੋ ਮਹੱਤਵਪੂਰਨ ਨਾਂ ਹਨ: ਪ੍ਰੋਫੈਸਰ ਗੰਡਾ ਸਿੰਘ ਤੇ ਪ੍ਰੋਫੈਸਰ ਫੌਜਾ ਸਿੰਘ ਜਿਨ੍ਹਾਂ ਨੇ ਸਿੱਖ ਇਤਿਹਾਸ ਲੇਖਨ ਨੂੰ 'ਆਧੁਨਿਕ/ਮਾਡਰਨ' ਦਿਸ਼ਾ ਵੱਲ ਰੁਚਿਤ ਕਰਨ ਦੀ ਵੱਡੀ ਵਚਨਬੱਧਤਾ ਦਿਖਾਈ। 'ਆਧੁਨਿਕਤਾਵਾਦੀ/ਮਾਡਰਨਵੀ' ਵੱਲ ਰੁਚਿਤ ਇਸ ਲੇਖਨ ਪਰੰਪਰਾ ਨੂੰ ਗਰੇਵਾਲ ਨੇ ਆਪਣੀਆਂ



**ਭਗਵਾਨ ਜੋਸ਼**
ਫੋਨ: +91-98184-98464

ਸਮੁੱਚੀਆਂ ਲਿਖਤਾਂ ਵਿਚ ਹੋਰ ਵਿਸਤਾਰ ਤੇ ਡੂੰਘਾਈ ਦੇਣ ਦੀ ਕੋਸ਼ਿਸ਼ ਕੀਤੀ। ਗਰੇਵਾਲ ਨੇ ਆਪਣੀ ਪੀ.ਐਚ.ਡੀ. ਡਾਕਟਰ ਪੀਟਰ ਗਾਰਡੀ ਦੀ ਨਿਗਰਾਨੀ ਹੇਠ 'ਸਕੂਲ ਆਫ ਅਫਰੀਕਨ ਐਂਡ ਓਰੀਐਂਟਲ ਸਟੱਡੀਜ਼' ਲੰਡਨ ਤੋਂ ਹਾਸਿਲ ਕੀਤੀ। ਪੜ੍ਹਾਈ ਤੇ ਖੋਜ ਦਾ ਇਹ ਉਹ ਸਮਾਂ ਵਕਤ ਹੁੰਦਾ ਹੈ ਜਦੋਂ ਕੋਈ ਵੀ ਖੋਜਾਰਥੀ, ਅਚੇਤ ਅਤੇ ਸੁਚੇਤ ਪੱਧਰ 'ਤੇ, ਇਤਿਹਾਸ ਰਚਨਾ ਦੇ ਢੰਗਾਂ-ਤਰੀਕਿਆਂ ਨੂੰ ਆਪਣੀ ਸੋਚਣ ਵਿਧੀ ਵਿਚ ਸਮੋ ਲੈਂਦਾ ਹੈ। ਜਿਨ੍ਹਾਂ ਇਤਿਹਾਸਕਾਰਾਂ ਦੀਆਂ ਲਿਖਤਾਂ ਉਹ ਪੜ੍ਹਦਾ ਹੈ, ਉਨ੍ਹਾਂ ਦੇ ਇਤਿਹਾਸਕ ਪ੍ਰਵਚਨ ਦਾ ਵੀ ਉਸ ਦੇ ਮਨ ਉੱਪਰ ਅਸਰ ਪੈਂਦਾ ਰਹਿੰਦਾ ਹੈ। ਇਸੇ ਕਾਰਨ 'ਐਂਗਲੋ ਸੈਕਸਿਨ' ਇਤਿਹਾਸਕਾਰੀ ਦੀ ਪਰੰਪਰਾ ਉਨ੍ਹਾਂ ਦੀ ਆਪਣੇ ਵਿਸ਼ੇ ਪ੍ਰਤੀ ਪਹੁੰਚ ਦਾ ਅਟੁੱਟ ਅੰਗ ਬਣ ਗਈ।

ਉਨ੍ਹਾਂ 'ਤੇ ਇਨ੍ਹਾਂ ਬ੍ਰਿਟਿਸ਼ ਇਤਿਹਾਸਕਾਰਾਂ, ਖਾਸਕਰ ਇੰਗਲੈਂਡ ਵਿਚ ਰਚੇ ਜਾਂਦੇ ਮੱਧਕਾਲ ਬਾਰੇ ਲੇਖਨ ਦੀ ਪਰੰਪਰਾ ਦਾ ਅਸਰ ਦੇਖਿਆ ਜਾ ਸਕਦਾ ਹੈ। ਪ੍ਰਸਿੱਧ ਇਤਿਹਾਸਕਾਰ ਈ.ਐਚ. ਕਾਰ ਦੀ ਪੁਸਤਕ 'ਇਤਿਹਾਸ ਕੀ ਹੈ?' ਨੂੰ ਉਹ ਇਤਿਹਾਸਕਾਰੀ ਦੀ ਕਲਾ ਸਿੱਖਣ ਬਾਰੇ ਬਹੁਤ ਮਹੱਤਵ ਦਿੰਦੇ ਸਨ। ਈ.ਐਚ. ਕਾਰ ਉਹ ਇਤਿਹਾਸਕਾਰ ਹੈ ਜਿਸ ਨੇ ਅੱਠ ਜਿਲਦਾਂ ਵਿਚ ਰੂਸੀ ਇਨਕਲਾਬ ਦਾ ਇਤਿਹਾਸ ਲਿਖਿਆ ਹੈ। ਅੱਜ ਕੱਲ੍ਹ ਈ.ਐਚ. ਕਾਰ ਦੀ ਇਸ ਪੁਸਤਕ ਤੋਂ ਅੱਗੇ ਲੰਘ ਕੇ ਇਤਿਹਾਸਕਾਰਾਂ ਨੇ ਇਤਿਹਾਸ ਲਿਖਣ ਦੀਆਂ ਵਿਧੀਆਂ ਨੂੰ ਹੋਰ ਵੀ ਅਗਾਂਹ ਤੋਰਿਆ ਹੈ ਤੇ ਸਮਾਜ ਵਿਗਿਆਨ ਦੇ ਹੋਰ ਖੇਤਰਾਂ, ਜਿਵੇਂ ਸੋਸ਼ਿਆਲੋਜੀ ਤੇ ਐਂਥਰੋਪਾਲੋਜੀ ਤੇ ਸਾਹਿਤ ਦੇ ਖੇਤਰਾਂ ਨਾਲ ਇਤਿਹਾਸ ਦੇ ਗੁੰਝਲਦਾਰ ਢੰਗਾਂ ਨਾਲ ਜੁੜੇ ਹੋਣ ਦੀ ਵੀ ਗੱਲ ਕੀਤੀ ਹੈ। ਅੱਜ ਭਾਸ਼ਾ ਤੇ ਇਤਿਹਾਸ ਦੇ ਜੁੜੇ ਹੋਣ ਦੇ ਸਵਾਲ ਨੂੰ ਵੀ ਬਹੁਤ ਮਹੱਤਤਾ ਪ੍ਰਾਪਤ ਹੈ। ਇਸ ਨੂੰ 'ਇਤਿਹਾਸ ਵਿਚ ਭਾਸ਼ਾਈ ਮੋੜ' (ਲਿੰਗੂਇਸਟਿਕ ਟਰਨ ਇਨ ਹਿਸਟਰੀ) ਦਾ ਨਾਂ ਦਿੱਤਾ ਗਿਆ ਹੈ। ਅੱਜ ਇਤਿਹਾਸ ਨੂੰ 'ਰਾਸ਼ਟਰਵਾਦ' ਤੇ 'ਰਾਸ਼ਟਰ-ਰਿਆਸਤ/ਨੇਸ਼ਨ-ਸਟੇਟ' ਜਿਹੇ ਸੰਕਲਪਾਂ ਤੋਂ ਮੁਕਤੀ ਦਿਵਾਉਣ ਬਾਰੇ ਵੀ ਇਤਿਹਾਸਕਾਰ ਚੇਤੰਨ ਹਨ। ਸ੍ਰੀ ਗਰੇਵਾਲ ਦੇ ਹਰਨਾ ਕਾਲ ਵਿਚ ਇਹ ਸਵਾਲ ਐਨ ਉੱਭਰ ਕੇ ਸਾਹਮਣੇ ਨਹੀਂ ਸਨ ਆਏ। ਉਹ ਸਮਾਂ ਵਧੇਰੇ ਕਰਕੇ ਇਤਿਹਾਸ ਨੂੰ 'ਮਾਸਟਰ ਡਿਸਕੋਰਸ' ਵਜੋਂ ਲਿਖਣ ਦਾ ਹੀ ਜ਼ਮਾਨਾ ਸੀ।

ਆਪਣੀ ਖੋਜ ਰਾਹੀਂ ਪ੍ਰੋਫੈਸਰ ਗਰੇਵਾਲ ਨੇ ਦੋ ਮਹੱਤਵਪੂਰਨ ਗੱਲਾਂ ਜਾਂ ਮਨੌਤਾਂ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ। ਪਹਿਲੀ ਇਹ ਕਿ ਆਧੁਨਿਕ ਯੁੱਗ ਵਿਚ 'ਸਿੱਖ ਇਤਿਹਾਸ' ਦੀ ਪੁਨਰ-ਸੰਰਚਨਾ ਨੂੰ ਪੱਛਮ ਵਿਚ ਲਿਖੇ ਜਾ ਰਹੇ ਇਤਿਹਾਸ ਵਾਂਗ ਤੱਥ-ਆਧਾਰਿਤ ਇਤਿਹਾਸ ਬਣਾਉਣ ਦੀ ਜ਼ਰੂਰਤ ਹੈ। ਅਜਿਹਾ ਕਰਨ ਲਈ ਲਾਜ਼ਮੀ ਤੌਰ 'ਤੇ ਸਿੱਖ ਇਤਿਹਾਸ ਨੂੰ ਉਨ੍ਹਾਂ ਪ੍ਰਵਚਨਾਂ/ਡਿਸਕੋਰਸਜ਼ ਤੋਂ ਮੁਕਤ ਕਰਨ ਦੀ ਲੋੜ ਹੈ ਜੋ ਕਿੱਸੇ-ਕਹਾਣੀਆਂ ਦੇ ਵਧੇਰੇ ਨਜ਼ਦੀਕ ਹਨ।

ਉਨ੍ਹਾਂ ਦੀ ਲੇਖਨ ਵਿਧੀ ਇਹ ਮੰਨ ਕੇ ਚੱਲਦੀ ਹੈ ਕਿ ਸਿੱਖ ਵਿਰਸੇ ਵਿਚ ਰਚੇ ਗਏ ਬਹੁਤ ਸਾਰੇ ਸਾਹਿਤਕ ਸੋਮਿਆਂ ਵਿਚ ਬਿਖਰੇ ਤੱਥਾਂ ਨੂੰ ਅਸੀਂ ਉਨ੍ਹਾਂ ਨਾਲ ਲਿਪਟੀਆਂ ਚਮਤਕਾਰੀ ਮਿਥਿਆਵਾਂ ਤੋਂ ਅਲੱਗ ਕਰ ਸਕਦੇ ਹਾਂ। ਇੰਝ ਸਾਨੂੰ ਉਹ ਤੱਥ ਮੁਹੱਈਆ ਹੋ ਜਾਣਗੇ ਜਿਨ੍ਹਾਂ ਨੂੰ ਲੈ ਕੇ ਅਸੀਂ ਨਵੇਂ ਸਿਰਿਓਂ ਸਿੱਖਾਂ (ਜਾਂ ਸਿੱਖ ਕੌਮ) ਦਾ ਤੱਥ-ਆਧਾਰਿਤ ਇਤਿਹਾਸ ਲਿਖ ਸਕਦੇ ਹਾਂ। ਇਹ ਪਹੁੰਚ ਤੇ ਮਨੌਤ ਉਨ੍ਹਾਂ ਦੀਆਂ ਲਗਭਗ ਸਾਰੀਆਂ ਲਿਖਤਾਂ ਵਿਚ ਪਿੱਠ-ਭੂਮੀ ਦੇ ਸੰਗੀਤ ਵਾਂਗ ਚੱਲਦੀ ਦਿਖਾਈ ਦਿੰਦੀ ਹੈ। ਗਰੇਵਾਲ ਦੇ ਅਜਿਹੇ ਯਤਨਾਂ ਨੇ ਹੀ ਉਨ੍ਹਾਂ ਨੂੰ ਭਾਰਤ ਦੇ ਉੱਘੇ ਇਤਿਹਾਸਕਾਰਾਂ ਵਿਚ ਮਾਨਤਾ ਦਿਵਾਈ ਅਤੇ ਉਹ ਇਨ੍ਹਾਂ ਇਤਿਹਾਸਕਾਰਾਂ ਦੀਆਂ ਸਾਲਾਨਾ ਕਾਨਫਰੰਸਾਂ ਵਿਚ ਸਿੱਖ ਇਤਿਹਾਸ ਦੇ ਲੇਖਕ ਵਜੋਂ ਸਥਾਪਿਤ ਹੋਏ।

ਆਪਣੇ ਵਿਦਿਆਰਥੀਆਂ ਦੀ ਸਿਖਲਾਈ ਤੇ ਢਲਾਈ ਰਾਹੀਂ ਉਨ੍ਹਾਂ ਨੇ ਆਪਣੀ ਇਸ ਪਹੁੰਚ ਨੂੰ ਨਵੀਂ ਪਰੰਪਰਾ ਵਜੋਂ ਪੰਜਾਬ ਦੀਆਂ ਯੂਨੀਵਰਸਿਟੀਆਂ ਤੇ ਕਾਲਜ ਅਧਿਆਪਕਾਂ ਵਿਚ ਅੱਗੇ ਤੋਰਨ ਵਿਚ ਉੱਘੀ ਭੂਮਿਕਾ ਨਿਭਾਈ ਹੈ। ਦੂਸਰੀ ਮਹੱਤਵਪੂਰਨ ਗੱਲ ਜੋ ਉਨ੍ਹਾਂ ਦੀ ਇਤਿਹਾਸਕਾਰੀ ਵਿਚ ਲਗਾਤਾਰ ਕਾਰਜਸ਼ੀਲ ਹੈ, ਉਹ ਹੈ 'ਸਿੱਖ ਇਤਿਹਾਸ' ਤੇ 'ਪੰਜਾਬ ਇਤਿਹਾਸ' ਦੇ ਆਪਸੀ ਰਿਸ਼ਤੇ ਦੀ



ਇਤਿਹਾਸਕਾਰ ਜਗਤਾਰ ਸਿੰਘ ਗਰੇਵਾਲ

ਗੁੰਝਲਦਾਰ ਵਿਥਿਆ। ਇਸ ਵਿਚ ਪੰਜਾਬ ਦੇ ਸਭਿਆਚਾਰ ਦੀਆਂ ਬਹੁਤ ਸਾਰੀਆਂ ਜਿਸ ਵਿਚ ਪੰਜਾਬੀ ਬੋਲੀ ਤੇ ਉਸ ਨਾਲ ਜੁੜੀ ਸਿਆਸਤ ਵੀ ਸ਼ਾਮਿਲ ਹੈ, ਦੁਬਿਧਾਵਾਂ ਦੀ ਡੂੰਘੀ ਤੇ ਗੁੰਝਲਦਾਰ ਖਾਣ ਹੈ ਜਿਸ ਦੀ ਖੁਦਾਈ ਕਰਕੇ ਤੇ ਕੁਰੇਦ ਕੇ ਇਸ ਖਿੱਤੇ ਦੇ ਲੋਕ, ਖਾਸਕਰ ਸਿਆਸਤਦਾਨ ਬਹੁਤ ਕੁਝ ਕੱਢ ਸਕਦੇ ਹਨ ਤੇ ਉਨ੍ਹਾਂ ਨੇ ਲਗਾਤਾਰ ਇਸ ਖਾਣ ਨੂੰ ਪੁੱਟਿਆ ਵੀ ਹੈ ਤੇ ਕੁਰੇਦਿਆ ਵੀ। ਅਜੋਕੇ ਪੰਜਾਬ ਦੇ ਬਹੁਤ ਸਾਰੇ ਮਸਲਿਆਂ ਦੀਆਂ ਜੜ੍ਹਾਂ ਇੱਥੇ ਹੀ ਹਨ। ਪ੍ਰੋਫੈਸਰ ਗਰੇਵਾਲ ਦੇ ਕੰਮ ਤੋਂ ਇਹ ਗੱਲ ਉੱਭਰਦੀ ਹੈ ਕਿ ਇਨ੍ਹਾਂ ਦੋਵਾਂ ਇਤਿਹਾਸਾਂ ਦਾ ਰਿਸ਼ਤਾ ਉਨ੍ਹਾਂ ਮੁਤਾਬਿਕ ਸਪਸ਼ਟ ਹੀ ਹੈ ਕਿਉਂਕਿ 'ਸਿੱਖ ਇਤਿਹਾਸ' ਅਸਲ ਵਿਚ 'ਪੰਜਾਬ ਇਤਿਹਾਸ' ਦਾ ਕੇਂਦਰੀ ਧੁਰਾ ਹੈ; ਦਰਅਸਲ, ਇਨ੍ਹਾਂ ਦੋਵੇਂ ਤਰ੍ਹਾਂ ਦੇ ਇਤਿਹਾਸਾਂ ਵਿਚ ਸਾਵੇਂਪਨ ਦੀ ਲੋੜ ਹੈ। ਉਨ੍ਹਾਂ ਦੀ ਆਪਣੀ ਇਤਿਹਾਸ ਲੇਖਣੀ ਵਿਚ ਇਹ 'ਸਾਵਾਂਪਣ' ਕਿੱਥੋਂ ਤਕ ਉਨ੍ਹਾਂ ਦੇ ਇਤਿਹਾਸ ਪ੍ਰਵਚਨ ਨੂੰ ਮੁਖਾਤਿਬ ਹੁੰਦਾ ਹੈ? ਇਸ ਦਾ ਸਪਸ਼ਟ ਉੱਤਰ ਉਨ੍ਹਾਂ ਦੇ ਇਤਿਹਾਸਕ ਪ੍ਰਵਚਨ ਦੀ ਡੂੰਘੀ ਛਾਣ-ਬੀਣ ਤੋਂ ਹੀ ਮਿਲ ਸਕਦਾ ਹੈ।

ਇਕ ਹੋਰ ਮਹੱਤਵਪੂਰਨ ਸਵਾਲ ਜੋ ਉਨ੍ਹਾਂ ਦੀਆਂ ਰਚਨਾਵਾਂ ਨੂੰ ਲੈ ਕੇ ਉਠਾਇਆ ਜਾਵੇਗਾ, ਉਹ ਇਹ ਕਿ ਉਨ੍ਹਾਂ ਦੇ ਤੱਥ-ਆਧਾਰਿਤ ਇਤਿਹਾਸ ਉੱਪਰ ਕਿੱਥੋਂ ਤਕ 'ਸਿੱਖ-ਸਵੈ ਪਛਾਣ' ਨੂੰ ਸਥਾਪਿਤ ਕਰਨ ਵਾਲੀ 'ਸਿੱਖ ਇਕ ਕੌਮ - ਵਿਚਾਰਧਾਰਾ' ਦੀ ਪਾਣ ਚੜ੍ਹੀ ਹੋਈ ਹੈ? ਕੀ ਗਰੇਵਾਲ ਆਪਣੇ ਇਤਿਹਾਸ ਲੇਖਨ ਵਿਚ ਇਸ ਪੱਖ ਤੋਂ ਚੇਤੰਨ ਸਨ? ਕਿਸੇ ਵੀ ਖਿੱਤੇ ਵਿਚ ਉੱਥੋਂ ਦੀ ਰੋਜ਼ਮਰ੍ਹਾ ਜ਼ਿੰਦਗੀ ਨੂੰ ਲੈ ਕੇ ਉੱਥੋਂ ਦੇ ਵਾਸੀਆਂ ਦੀ ਆਪਣੀ 'ਸਵੈ-ਪਛਾਣ' ਅਤੇ ਉਨ੍ਹਾਂ ਲੋਕਾਂ ਬਾਰੇ ਕੀਤੀ ਇਤਿਹਾਸਕਾਰਾਂ ਦੀ ਇਤਿਹਾਸਕਾਰੀ ਵਿਚ ਜ਼ਰੂਰ ਹੀ ਕੌਮੀ ਕਿਸਮ ਦਾ ਗੁੰਝਲਦਾਰ ਰਿਸ਼ਤਾ ਹੁੰਦਾ ਹੈ। ਪ੍ਰੋਫੈਸਰ ਗਰੇਵਾਲ ਦੇ ਸਮੁੱਚੇ ਕੰਮ ਨੂੰ ਲੈ ਕੇ ਉਨ੍ਹਾਂ ਨੂੰ ਕੇਵਲ 'ਸਿੱਖ ਇਤਿਹਾਸ' ਦੇ ਦਾਇਰੇ ਵਿਚ ਰੱਖਣ ਦੀ ਕੋਸ਼ਿਸ਼ ਕਿੱਥੋਂ ਤਕ ਜਾਇਜ਼ ਹੋਵੇਗੀ?

ਕੁਦਰਤ ਨੇ ਪ੍ਰੋਫੈਸਰ ਗਰੇਵਾਲ ਨੂੰ ਚੰਗੀ ਸਿਹਤ ਅਤੇ ਲੰਮੀ ਉਮਰ ਬਖਸ਼ੀ ਜਿਸ ਕਾਰਨ ਉਨ੍ਹਾਂ ਨੂੰ ਕਾਫੀ ਲੰਮੇ ਸਮੇਂ ਲਈ ਇਤਿਹਾਸ ਰਚਣ ਦਾ ਮੌਕਾ ਮਿਲਿਆ। ਉਨ੍ਹਾਂ ਦੀਆਂ ਲਿਖਤਾਂ ਦੀ ਪੁਸਤਕ ਸੂਚੀ ਬਹੁਤ ਲੰਮੀ ਹੈ। ਇਸੇ ਕਾਰਨ ਕੌਮਾਂਤਰੀ ਪ੍ਰਸੰਗ ਵਿਚ ਜੋ ਮੁਕਾਮ ਉਨ੍ਹਾਂ ਨੂੰ ਹਾਸਿਲ ਹੋਇਆ, ਉਸ ਦੀ ਜ਼ਰੂਰ ਹੀ ਪ੍ਰਸ਼ੰਸਾ ਹੋਣੀ ਚਾਹੀਦੀ ਹੈ।

ਹਫਤਾਵਾਰੀ 'ਗੁਰਮੁਖੀ' (21 ਅਗਸਤ 2022) ਪਰਚੇ ਵਿਚ ਜਾਣੇ-ਪਛਾਣੇ ਬੁੱਧੀਜੀਵੀ ਤੇ ਚਿੰਤਕ ਡਾ. ਬਲਕਾਰ ਸਿੰਘ ਨੇ ਡਾ. ਗਰੇਵਾਲ ਸਬੰਧੀ ਲਿਖਤ ਵਿਚ ਉਨ੍ਹਾਂ ਨੂੰ ਯਾਦ ਕਰਦਿਆਂ ਕਿਹਾ ਹੈ: "ਮੈਂ ਅਮਰਜੀਤ ਗਰੇਵਾਲ ਨੂੰ ਨਾਲ ਲੈ ਕੇ ਇਕ ਵਾਰ ਉਨ੍ਹਾਂ ਦਾ ਹਾਲ-ਚਾਲ ਪੁੱਛਣ ਗਿਆ। ਇਸ ਗੱਲ 'ਤੇ ਉਹ ਖੁੱਲ੍ਹ ਕੇ ਹੱਸੇ ਸਨ ਕਿ ਦੋ ਜ਼ਹੀਨ ਗਰੇਵਾਲਾਂ ਵਿਚਕਾਰ ਤੀਜੇ ਜੱਟ ਦਾ ਕੀ ਬਣੇਗਾ।" ਇਹ ਗੱਲ ਭਾਵੇਂ ਹਾਸੇ ਦੇ ਮਾਹੌਲ ਵਿਚ ਸੂਤੇ-ਸਿੱਧ ਹੀ ਕੀਤੀ ਗਈ ਸੀ ਪਰ ਗੱਲਬਾਤ ਆਪਣੇ ਆਪ ਵਿਚ ਅਚਾਨਕ ਹੀ ਪਾਪੂਲਰ ਸਭਿਆਚਾਰ ਦੇ ਸੰਕਲਪ 'ਜੱਟ' ਨੂੰ ਘਸੀਟ ਲਿਆਈ ਸੀ। ਪੰਜਾਬ ਦੇ ਸੰਦਰਭ ਵਿਚ ਇਹ ਸਵਾਲ ਉੱਠਦਾ ਹੈ ਕਿ ਕੀ ਸੰਕਲਪ 'ਜੱਟ' ਤੇ 'ਜੱਟ ਸਿੱਖ' ਦੋ ਵੱਖਰੇ ਸੰਕਲਪ ਹਨ; ਕੀ ਇਹ ਹੋ ਸਕਦਾ ਹੈ ਕਿ ਕੁਝ ਲੋਕ 'ਸਿੱਖ' ਵਧੇਰੇ ਤੇ 'ਜੱਟ' ਘੱਟ ਹੋਣ ਅਤੇ ਕੁਝ 'ਜੱਟ' ਵਧੇਰੇ ਤੇ 'ਸਿੱਖ' ਘੱਟ ਹੋਣ? ਇਹ ਪ੍ਰਸ਼ਨ ਪੁੱਛਿਆ ਜਾਣਾ ਸੁਭਾਵਿਕ ਹੈ ਕਿ ਕੀ ਸਿੱਖਾਂ ਦੇ ਇਤਿਹਾਸ ਵਿਚ ਜੱਟ ਪ੍ਰਵਚਨ ਹਮੇਸ਼ਾ ਹੀ ਆਪਣੀ ਮੌਜੂਦਗੀ ਅਣਜਾਣੇ ਤੇ ਅਚੇਤ ਤੌਰ 'ਤੇ ਬਣਾਈ ਰੱਖਦਾ ਹੈ; ਇਸ ਦਾ ਕਾਰਨ ਸ਼ਾਇਦ ਇਹ ਹੋਵੇ ਕਿ ਸਿੱਖਾਂ ਵਿਚ ਜੱਟ ਸਭਿਆਚਾਰ ਵਧੇਰੇ ਭਾਰੂ ਹੈ ਤੇ ਪੰਜਾਬ ਦੇ ਪਾਪੂਲਰ ਸਭਿਆਚਾਰ ਵਿਚ ਤਾਂ ਇਹ ਸਾਰੇ ਸਭਿਆਚਾਰਕ ਸਪੇਸ ਨੂੰ ਪ੍ਰਭਾਵਿਤ ਕਰਦਾ ਨਜ਼ਰ ਆਉਂਦਾ ਹੈ। ਇੱਥੋਂ ਇਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਕੀ ਇਤਿਹਾਸ ਲੇਖਨ ਵਿਚ 'ਜੱਟ' ਤੇ 'ਸਿੱਖ' ਵਾਲੇ ਸੰਧੀਛੇਦ/ਸਮਾਸ ਚਿੰਨ੍ਹ ਦਾ ਚੇਤੰਨ ਤੌਰ 'ਤੇ ਜ਼ਿਕਰ ਕਰਨਾ ਵੀ ਜ਼ਰੂਰੀ ਨਹੀਂ ਹੋ ਜਾਂਦਾ? ਪ੍ਰੋਫੈਸਰ ਗਰੇਵਾਲ ਦੀ ਇਤਿਹਾਸਕਾਰੀ ਇਸ ਬਾਰੇ 'ਚੁੱਪ' ਹੀ ਨਜ਼ਰ ਆਉਂਦੀ ਹੈ।

ਪ੍ਰੋਫੈਸਰ ਗਰੇਵਾਲ ਦੀ ਇਤਿਹਾਸਕਾਰੀ ਵਿਚ ਇਕ ਹੋਰ 'ਚੁੱਪ' ਦਿਸਦੀ ਹੈ ਜੋ ਅੱਜ ਇੱਕੀਵੀਂ ਸਦੀ ਵਿਚ ਕਿਸੇ ਵੀ ਇਤਿਹਾਸ ਲੇਖਨ ਵਿਚ ਚੁੱਭਦੀ ਹੈ। ਉਹ ਹੈ ਦਲਿਤ ਸਿੱਖਾਂ ਤੇ ਦਲਿਤ ਸਿੱਖ ਸਮਾਜ ਬਾਰੇ ਇਤਿਹਾਸਕਾਰੀ। ਅੱਜ ਪੰਜਾਬ ਵਿਚ ਦਲਿਤਾਂ ਦੀ ਸੰਖਿਆ 30 ਫੀਸਦੀ ਤੋਂ ਵੀ ਵਧੇਰੇ ਹੈ। ਕੁਦਰਤੀ ਹੈ ਕਿ ਪੰਜਾਬ ਬਾਰੇ ਜਾਣਕਾਰੀ ਹਾਸਿਲ ਕਰਨ ਵਾਲਾ ਕੋਈ ਵੀ ਪਾਠਕ ਇਨ੍ਹਾਂ ਸਵਾਲਾਂ ਬਾਰੇ ਗਰੇਵਾਲ ਦੀ ਇਤਿਹਾਸ ਰਚਨਾ ਦੇ ਵਰਕੇ ਫੋਲੇਗਾ। ਪੰਜਾਬ ਵਿਚ ਐਨੇ ਦਲਿਤ ਕਿੱਥੋਂ ਆਏ? ਆਖਰ ਇਨ੍ਹਾਂ ਦਾ ਪਿਛੋਕੜ ਕੀ ਹੈ? ਸਿੱਖ ਇਨਕਲਾਬ ਦੀਆਂ ਬਰਕਤਾਂ ਕਾਰਨ ਜੱਟਾਂ ਨੂੰ ਜ਼ਮੀਨਾਂ ਦੀ ਮਲਕੀਅਤ ਨਸੀਬ ਹੋਈ ਅਤੇ ਦਲਿਤ ਉਸ ਤੋਂ ਕਿਉਂ ਤੇ ਕਿਵੇਂ ਵਾਂਝੇ ਰਹਿ ਗਏ? ਪ੍ਰੋਫੈਸਰ ਗਰੇਵਾਲ ਦਾ ਸਿੱਖ ਦਾ ਸੰਕਲਪ ਐਨਾ ਵਿਰਾਟ ਤੇ ਸੰਘਣਾ ਮੋਕਲਾ ਹੈ ਕਿ ਉਹ ਸਿੱਖ ਔਰਤ ਦੀ ਇਕ ਔਰਤ ਹੋਣ ਦੇ ਨਾਤੇ ਵੱਖਰੀ ਪਛਾਣ ਨੂੰ ਵੀ ਆਪਣੇ ਅੰਦਰ ਜਜ਼ਬ ਕਰੀ ਬੈਠਾ ਹੈ। ਉਨ੍ਹਾਂ ਦੀ ਇਤਿਹਾਸਕਾਰੀ ਸਿੱਖ ਔਰਤਾਂ ਬਾਰੇ ਅਲੱਗ ਤੌਰ 'ਤੇ ਕੁਝ ਵੀ ਕਹਿਣ ਤੋਂ ਝਿਜਕਦੀ ਹੈ। ਔਰਤ ਪ੍ਰਤੀ ਕਿਸੇ ਸਮਾਜ ਵਿਚ ਬੰਦਿਆਂ ਦਾ ਰਵੱਈਆ ਕਿਹੋ ਜਿਹਾ ਹੈ; ਅੱਜ ਇਸ ਗੱਲ ਨੂੰ ਬਹੁਤ ਮਹੱਤਵ ਪ੍ਰਾਪਤ ਹੈ ਤੇ ਨਵੇਂ ਇਤਿਹਾਸਕਾਰਾਂ ਨੇ ਔਰਤਾਂ ਦਾ ਵੱਖਰਾ ਇਤਿਹਾਸ ਲਿਖਣ ਦੀ ਪਿਰਤ ਪਾਈ ਹੈ। ਇਤਿਹਾਸਕਾਰੀ ਦੀ ਨਵੀਂ ਸਮਝ ਅਨੁਸਾਰ ਬੰਦਿਆਂ ਦਾ ਔਰਤ ਪ੍ਰਤੀ ਰੁਖ ਕਿਸੇ ਵੀ ਸਮਾਜ ਦੇ ਇਤਿਹਾਸ ਦੇ ਕੇਂਦਰ ਵਿਚ ਰੱਖ ਕੇ ਉਸ ਦੀ ਖਾਸ ਤੌਰ 'ਤੇ ਜਾਂਚ ਪੜਤਾਲ ਕਰਨਾ ਤੇ ਸਮਝਣਾ ਅੱਜਕੱਲ੍ਹ ਚੇਤੰਨ ਇਤਿਹਾਸਕਾਰ ਦੀ ਨਿਸ਼ਾਨੀ ਹੈ।

ਉਪਰੋਕਤ ਚੁੱਪਾਂ ਦੇ ਬਾਵਜੂਦ ਡਾ. ਗਰੇਵਾਲ ਦੀ ਇਤਿਹਾਸਕਾਰੀ ਸਿੱਖ ਭਾਈਚਾਰੇ ਬਾਰੇ ਮਹਾਂ ਪ੍ਰਵਚਨ ਖੜ੍ਹਾ ਕਰਨ ਦੀ ਅਦੁੱਤੀ ਕੋਸ਼ਿਸ਼ ਹੈ। ਅਜਿਹਾ ਮਹਾਂ ਪ੍ਰਵਚਨ ਸਾਨੂੰ ਇਤਿਹਾਸ ਅਤੇ ਸਿਆਸਤ ਦੇ ਆਪਸੀ ਸਬੰਧਾਂ ਬਾਰੇ ਬਹੁਤ ਕੁਝ ਸਮਝਣ-ਸਮਝਾਉਣ ਦੀ ਸਮਰੱਥਾ ਰੱਖਦਾ ਹੈ।

# ਮੁਕੰਮਲ ਇਤਿਹਾਸਕਾਰ

ਲਗਭਗ ਸੱਤਰ ਸਾਲਾਂ ਤੋਂ ਪ੍ਰੋਫੈਸਰ ਜਗਤਾਰ ਸਿੰਘ ਗਰੇਵਾਲ ਨੂੰ ਜਾਣਦਾ ਸਾਂ। ਪਿਛਲੀ ਸਦੀ ਦੇ ਪੰਜਾਹਵਿਆਂ ਦੇ ਅੱਧ ਜਿਹੇ ਦੀ ਗੱਲ ਹੈ ਕਿ ਮਾਡਲ ਟਾਊਨ ਲੁਧਿਆਣਾ ਵਿਚ ਰਹਿੰਦਿਆਂ ਉਨ੍ਹਾਂ ਦੀ ਮੇਰੇ ਮਾਮਾ ਜੀ ਸੰਤ ਸਿੰਘ ਸੇਖੋਂ ਨਾਲ ਨੇੜਤਾ ਹੋ ਗਈ ਸੀ। ਨੇੜੇ ਹੀ ਉਹ

**ਤੇਜਵੰਤ ਸਿੰਘ ਗਿੱਲ**

ਦੀਵਾਨ ਸਿੰਘ ਕਾਲੇਪਾਣੀ ਦੇ ਪੁੱਤਰ ਮੁਹਿੰਦਰ ਸਿੰਘ ਨਾਲ ਕੋਠੀ ਕਿਰਾਏ 'ਤੇ ਲੈ ਕੇ ਰਹਿੰਦੇ ਸਨ। ਮੈਨੂੰ ਤਾਂ ਬਸ ਐਨਾ ਕੁ ਪਤਾ ਸੀ ਕਿ ਉਨ੍ਹਾਂ ਦਾ ਪਿਛੋਕੜ ਧਾਂਦਰਾ ਪਿੰਡ ਸੀ ਜੋ ਮੇਰੇ ਪਿੰਡ ਗਿੱਲ ਤੋਂ ਕੋਈ ਦੋ ਢਾਈ ਕੋਹ 'ਤੇ ਧੂਰੀ ਨੂੰ ਜਾਂਦੀ ਰੇਲਵੇ ਲਾਈਨ ਤੋਂ ਪਾਰ ਵਸਿਆ ਹੋਇਆ। ਸਥਾਨਕ ਕਾਲਜ ਵਿਚ ਉਹ ਕਿਸ ਵਿਸ਼ੇ ਦੇ ਅਧਿਆਪਕ ਸਨ, ਇਸ ਦਾ ਮੈਨੂੰ ਕੋਈ ਪਤਾ ਨਹੀਂ ਸੀ। ਉਨ੍ਹਾਂ ਦੇ ਮੇਜ਼ 'ਤੇ ਦੋ ਕਾਵਿ ਸੰਗ੍ਰਹਿ ਮਿਰਜ਼ਾ ਗਾਲਿਬ ਦੀਆਂ ਗਜ਼ਲਾਂ ਦਾ ਸੰਗ੍ਰਹਿ ਅਤੇ ਹੀਰ ਵਾਰਸ ਦੀ ਜਿਲਦ ਜ਼ਰੂਰ ਪਏ ਰਹਿੰਦੇ ਸਨ। ਇਨ੍ਹਾਂ ਵਿਚਲੇ ਭਾਗਾਂ ਨੂੰ ਪੜ੍ਹਨਾ ਅਤੇ ਗੁਣ-ਗੁਣਾਉਣਾ ਉਨ੍ਹਾਂ ਦਾ ਮਨ ਭਾਉਂਦਾ ਕਾਰਜ ਸੀ।

ਦਸ ਵਰ੍ਹਿਆਂ ਬਾਅਦ ਪਤਾ ਲੱਗਿਆ ਕਿ ਗਰੇਵਾਲ ਇੰਗਲੈਂਡ ਦੀ ਕਿਸੇ ਮੰਨੀ-ਪ੍ਰਮੰਨੀ ਯੂਨੀਵਰਸਿਟੀ ਤੋਂ ਪੀ.ਐਚ.ਡੀ. ਦੀ ਡਿਗਰੀ ਲੈ ਕੇ ਆਏ ਸਨ। ਪੰਜਾਬ ਯੂਨੀਵਰਸਿਟੀ ਦੇ ਇਤਿਹਾਸ ਵਿਭਾਗ ਵਿਚ ਰੀਡਰ ਲੱਗ ਗਏ। ਫਿਰ ਉਹ ਗੁਰੂ ਨਾਨਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਬਣੇ।

ਪੰਜਾਬ ਵੱਲ ਉਨ੍ਹਾਂ ਦਾ ਧਿਆਨ ਮੁੜਿਆ ਤਾਂ ਉਹ ਇਸ ਦੇ ਭੂਗੋਲ, ਇਤਿਹਾਸ, ਸਮਾਜ ਅਤੇ ਵਿਹਾਰ ਦੀਆਂ ਪਰਤਾਂ ਖੋਲ੍ਹਣ ਵਿਚ ਜੁਟ ਗਏ। ਉਨ੍ਹਾਂ ਨੇ ਆਪਣੇ ਲੇਖ ਵਿਚ 'ਪੰਜਾਬ ਪੰਜ ਦਰਿਆਵਾਂ ਦਾ ਦੇਸ਼' ਨਾਮੀ ਲੋਕ ਭਾਵਨਾ ਨੂੰ ਇਸ ਦੇ ਕੱਚ ਤੋਂ ਮੁਕਤ ਕਰਕੇ, ਪੰਜਾਬ - ਪੰਜ ਦੁਆਬਾਂ ਦਾ ਦੇਸ਼ ਸਿੱਧ ਕਰ ਕੇ ਭੂਗੋਲਕ, ਇਤਿਹਾਸਕ ਅਤੇ ਸਭਿਆਚਾਰਕ ਪੱਖ ਤੋਂ ਨਿਆਂ ਯੁਕਤ ਧਾਰਨਾ ਪੇਸ਼ ਕੀਤੀ। ਲੋਕ ਧਾਰਨਾ ਅਨੁਸਾਰ ਪੰਜਾਬ ਪੰਜ ਦਰਿਆਵਾਂ- ਸਤਲੁਜ, ਬਿਆਸ, ਰਾਵੀ, ਚਨਾਬ ਤੇ ਜਿਹਲਮ- ਦਾ ਦੇਸ਼ ਹੀ ਬਣਦਾ ਸੀ। ਡਾ. ਗਰੇਵਾਲ ਨੇ ਪੰਜਾਬ ਨੂੰ ਪੰਜ ਦੁਆਬਾਂ ਦਾ ਦੇਸ਼ ਗਰਦਾਨਿਆ। ਇਸ ਨਾਲ ਪੰਜਾਬ ਦੀ ਪੱਛਮੀ ਹੱਦ ਦਰਿਆ ਜਿਹਲਮ 'ਤੇ ਰੁਕਣ ਦੀ ਥਾਂ ਦਰਿਆ ਸਿੰਧ ਤੱਕ ਫੈਲ ਗਈ। ਇਹ ਉਨ੍ਹਾਂ ਦੀ ਮੌਲਿਕ ਧਾਰਨਾ ਸੀ ਜਿਸ ਦੀ ਗਵਾਹੀ ਇਤਿਹਾਸਕ ਤੱਥ ਭਰਦੇ ਸਨ। ਪੰਜਾਬ ਦੀ ਸਭ ਤੋਂ ਪੁਰਾਤਨ ਅਤੇ ਮੌਲਿਕ ਮਿਥਿਕ ਕਥਾ ਵਿਚਲੇ ਦੋ ਭਰਾਵਾਂ ਪੂਰਨ ਅਤੇ ਰਸਾਲੂ ਵਿਚੋਂ ਪਹਿਲਾ ਜੋਗੀ ਬਣ ਕੇ ਦੂਰ-ਦੁਰਾਡੇ ਘੁੰਮਦਾ ਰਹਿੰਦਾ ਹੈ। ਦੂਜਾ ਦੈਂਤਾਂ ਵਿਰੁੱਧ ਯੁੱਧ ਕਰਦਾ ਸਿੰਧ ਦਰਿਆ ਦੇ ਕੰਢੇ 'ਤੇ ਜਾਨ ਦੇ ਦਿੰਦਾ ਹੈ ਪਰ ਦੈਂਤਾਂ ਨੂੰ ਪੰਜਾਬ ਵਿਚ ਘੁਸਣ ਨਹੀਂ ਦਿੰਦਾ। ਸਿਕੰਦਰ ਦੇ ਹਮਲੇ ਤੋਂ ਸ਼ੁਰੂ ਹੋ ਕੇ ਅਠਾਰਵੀਂ ਸਦੀ ਤੱਕ ਪੰਜਾਬ 'ਤੇ ਹੁੰਦੇ ਆਏ ਧਾਵਿਆਂ ਨੂੰ ਪਛਾੜਨ ਲਈ ਪੰਜਾਬ ਵਾਸੀ, ਖਾਸ ਤੌਰ 'ਤੇ ਅਠਾਰਵੀਂ ਸਦੀ ਦੇ ਸਿੱਖ ਯੋਧੇ ਸਿੰਧ ਦਰਿਆ ਤੱਕ ਉਨ੍ਹਾਂ ਦਾ ਪਿੱਛਾ ਕਰਦੇ ਸਨ। ਪੰਜਾਬ ਨੂੰ ਪੰਜ ਦਰਿਆਵਾਂ ਦੀ ਥਾਂ ਪੰਜ ਦੁਆਬਾਂ ਦਾ ਦੇਸ਼ ਸਿੱਧ ਕਰ ਕੇ ਡਾ. ਗਰੇਵਾਲ ਨੇ ਲੋਕ ਜੀਵਨ 'ਤੇ ਪਏ ਇਸਲਾਮ ਦੇ ਪ੍ਰਭਾਵ ਨੂੰ ਨਿੱਗ ਦਾ ਧਾਰਨੀ ਬਣਾ ਕੇ ਕਿੱਸਾ ਅਤੇ ਸੂਫੀ ਸਾਹਿਤ ਨੂੰ ਪੰਜਾਬ ਦਾ ਆਪਣਾ ਸਾਹਿਤ ਸਿੱਧ ਕਰਨ 'ਚ ਵੱਡੀ ਮੱਲ ਮਾਰੀ ਹੈ। ਉਨ੍ਹਾਂ ਦੀ ਪੁਸਤਕ ਦੇ ਅਧਿਐਨ ਤੋਂ ਇਹ ਧਾਰਨਾ ਸੱਚ ਸਿੱਧ ਹੋ ਜਾਂਦੀ ਹੈ।

ਗਰੇਵਾਲ ਵਧੇਰੇ ਵਡਿਆਈ ਦਾ ਹੱਕਦਾਰ ਬੁੱਲੇ ਸ਼ਾਹ ਨੂੰ ਮੰਨਦਾ ਹੈ ਜਿਸ ਨੇ ਹਰੇਕ ਤਰ੍ਹਾਂ ਦੀ ਸਥਾਪਤ ਰਸਮ, ਮਰਿਯਾਦਾ ਅਤੇ ਅੰਧਵਿਸ਼ਵਾਸ ਵਿਰੁੱਧ ਬੀੜਾ ਚੁੱਕਿਆ ਹੋਇਆ ਸੀ। ਉਸ ਦੀ ਇਹ ਖੁੱਲ੍ਹਦਿਲੀ ਮਨੁੱਖਾ ਮਨ ਨੂੰ ਧੂਹ ਪਾਉਂਦੀ ਹੈ, ਅਜੋਕੇ ਯੁੱਗ ਵਿਚ ਤਾਂ ਖਾਸ ਕਰਕੇ ਜਦ ਸਭ ਕੁਝ ਦਾ ਮਸ਼ੀਨੀਕਰਨ ਹੋ ਰਿਹਾ ਹੈ। ਜਿੱਥੇ ਉਸ ਦੇ ਔਕੜਾਂ, ਖ਼ਤਰਿਆਂ, ਭੁਲਾਵਿਆਂ ਅਤੇ ਵਹਿਮਾਂ ਭਰਮਾਂ ਨੂੰ ਬੇਪਰਦ ਕਰਨ ਦੇ ਉਸ ਦੇ ਬੁਲੰਦ ਹੌਸਲੇ, ਵਿਸ਼ਾਲ ਹਿਰਦੇ ਅਤੇ ਤੀਖਣ ਬੋਧ ਦੀ ਵਡਿਆਈ ਕਰਨੀ ਬਣਦੀ ਹੈ, ਉੱਥੇ ਜਿਸ ਤਰ੍ਹਾਂ ਘੁੰਮਣਘੇਰੀ ਵਿਚ ਵਿਚਰਨਾ ਪੈਂਦਾ ਹੈ, ਉਸ ਨੂੰ ਵੀ ਅੱਖੋਂ-ਪਰੋਖੇ ਨਹੀਂ ਕੀਤਾ ਜਾ ਸਕਦਾ। 'ਭੂਰਿਆਂ ਵਾਲੇ ਰਾਜੇ ਕੀਤੇ/ਮੁਗਲਾਂ ਜ਼ਹਿਰ ਪਿਆਲੇ ਪੀਤੇ', ਇਨ੍ਹਾਂ ਬੋਲਾਂ ਦੀ ਮਿਸਾਲ ਲਈ ਜਾ ਸਕਦੀ ਹੈ।

ਗੁਰਬਾਣੀ, ਗੁਰੂ ਨਾਨਕ ਦੇਵ ਅਤੇ ਗੁਰੂ ਗੋਬਿੰਦ ਸਿੰਘ ਜੀ ਵੱਲ ਵੀ ਗਰੇਵਾਲ ਦਾ ਧਿਆਨ ਮੁੜਿਆ, ਭਾਵੇਂ ਬਹੁਤ ਗਹਿਰ-ਗੰਭੀਰ ਰੂਪ ਵਿਚ ਨਹੀਂ। ਗੁਰੂ ਨਾਨਕ ਦੇਵ ਜੀ ਨਾਲ ਸਬੰਧਿਤ ਪੁਸਤਕ ਦਾ ਇਨ੍ਹਾਂ ਵਿਚ ਸਭ ਤੋਂ ਗੌਰਵਮਈ ਸਥਾਨ ਬਣਦਾ ਹੈ। ਇਸ ਵਿਚ ਵਧੇਰੇ ਵੇਰਵਾ ਉਨ੍ਹਾਂ ਤਾਣਿਆਂ ਬਾਣਿਆਂ ਦਾ ਸੀ ਜਿਨ੍ਹਾਂ ਨੇ ਉਨ੍ਹਾਂ ਨੂੰ ਚੁਣੌਤੀਆਂ ਪੇਸ਼ ਕੀਤੀਆਂ, ਜਿਨ੍ਹਾਂ ਤੋਂ ਪਾਰ ਦਾ ਤਸੱਵਰ ਬਖਸ਼ ਕੇ ਉਨ੍ਹਾਂ ਰਹਿੰਦੀ ਦੁਨੀਆ ਤੱਕ ਸਨਮਾਨਯੋਗ ਜੀਵਨ ਜਿਉਣ ਦਾ ਰਾਹ ਦਿਖਾਇਆ। ਕਰੜੀ ਮਿਹਨਤ ਨਾਲ ਲਿਖੀ, ਪ੍ਰਮਾਣਕ ਤੱਥਾਂ 'ਤੇ ਆਧਾਰਿਤ ਇਹ ਕਿਤਾਬ ਉਸ ਦੀ ਤਸੱਲੀ ਨਾ ਕਰਵਾ ਸਕੀ। ਪਹਿਲੀ ਵਾਰ ਛਪਣ ਤੋਂ ਝੱਟ ਮਗਰੋਂ ਉਹ ਇਸ ਵਿਚ ਖਾਸ ਤਬਦੀਲੀਆਂ ਲਿਆਉਣ ਬਾਰੇ ਸੋਚਣ ਲੱਗ ਪਿਆ ਸੀ। ਆਪਣੇ ਕਸਬ ਨੂੰ ਪ੍ਰਤੀਬੱਧਤਾ ਅਤੇ ਵਿਸ਼ੇ ਦੇ ਮਹੱਤਵ ਨੂੰ ਦੇਖਦਿਆਂ ਇਹ ਲਾਜ਼ਮੀ ਸੀ। ਕਈ ਸਾਲਾਂ ਤੋਂ ਹੁਣ ਤਾਂ ਉਹ ਇਸ ਪੁਸਤਕ ਨੂੰ ਨਵੀਂ ਨੁਹਾਰ ਦੇਣ ਦੀ ਗੱਲ ਕਰ ਰਿਹਾ ਸੀ। ਨਵੀਂ ਨੁਹਾਰ ਦਾ ਸਾਰ ਕੀ ਹੋਣਾ ਸੀ, ਇਸ ਦਾ ਪਤਾ ਤਾਂ ਉਸ ਨੂੰ ਹੀ ਸੀ। ਮੇਰੇ ਅਨੁਮਾਨ ਅਨੁਸਾਰ ਉਹ ਮਹਿਸੂਸ ਕਰਦਾ ਸੀ ਕਿ ਛਪ ਚੁੱਕੀ ਪੁਸਤਕ ਵਿਚ ਗੁਰੂ ਨਾਨਕ ਦੇਵ ਜੀ ਦਾ ਘੱਟ ਅਤੇ ਉਸ ਦੇ ਸਮੇਂ ਦਾ ਵੱਧ ਜ਼ਿਕਰ ਹੋਇਆ ਸੀ। ਕਈ ਵਰ੍ਹਿਆਂ ਤੋਂ ਉਹ ਇਹ ਅਸੰਤੁਲਨ ਦੂਰ ਕਰਨ ਵਿਚ ਲੱਗਾ ਹੋਇਆ ਸੀ।

ਇਸ ਸੰਦਰਭ ਵਿਚ ਗਰੇਵਾਲ ਦੀਆਂ ਹੋਰ ਕਈ ਲਿਖਤਾਂ ਵਿਚਾਰਨਯੋਗ ਹਨ ਪਰ ਇੱਥੇ ਦੋ ਤਿੰਨ ਲਿਖਤਾਂ ਦਾ ਸੰਖੇਪ ਜਿਹਾ ਵਰਣਨ ਕਰਨਾ ਹੀ ਯੋਗ ਸਮਝਦਾ ਹਾਂ। ਪਹਿਲੀ ਹੈ ਮਾਸਟਰ ਤਾਰਾ ਸਿੰਘ ਬਾਰੇ, ਜੋ ਬਾਹਰੀ ਸੂਚਨਾਵਾਂ ਨਾਲ ਇਉਂ ਲੱਦੀ ਪਈ ਹੈ ਕਿ ਸਿੱਖ ਨੇਤਾ ਦਾ ਆਪਾ ਅਤੇ ਤਸੱਵੁਰ ਉਨ੍ਹਾਂ ਦੇ ਬੋਝ ਹੇਠ ਦਬ ਕੇ ਰਹਿ ਗਿਆ ਹੈ। ਦੂਜੀ ਹੈ ਨਾਭਾ ਦੇ ਮਹਾਰਾਜ ਰਿਪੁਦਮਨ ਸਿੰਘ ਦੀ ਜੀਵਨੀ ਜਿਸ ਬਾਹਰੀ ਸੂਚਨਾਵਾਂ, ਭਾਵੁਕ ਲਾਲਸਾਵਾਂ, ਮਨੋਭਾਵੁਕ ਆਸਾਂ ਅਤੇ ਉਮੀਦਾਂ ਦਾ ਅਜਿਹਾ ਨੈਟਵਰਕ ਪੇਸ਼ ਹੈ ਕਿ ਵਿਅਕਤੀ ਵਿਸ਼ੇਸ਼ ਦੀ ਜੀਵਨੀ ਦੇ ਨਾਲ ਇਹ ਬਹੁ-ਦਿਸ਼ਾਵੀ ਰਚਨਾ ਹੋ ਨਿਬੜਤੀ ਹੈ। ਮੈਨੂੰ ਤਾਂ ਇਸ ਦੀ ਸ਼ੈਲੀ ਵਿਚ ਸੂਚਨਾਵਾਂ ਦੇਣ ਤੋਂ ਪਾਰ ਅਜਿਹੇ ਭਾਵ ਅਤੇ ਮਨੋਭਾਵ ਜਗਾਉਣ ਵਾਲੀ ਲੱਗਦੀ ਹੈ ਜੋ ਕਿਸੇ ਉੱਤਮ ਲਿਖਤ ਦਾ ਪ੍ਰਧਾਨ ਗੁਣ ਹੋਣਾ ਚਾਹੀਦਾ ਹੈ। ਕੀ ਇਸ ਦੇ ਇਹ ਪ੍ਰਧਾਨ ਗੁਣ ਦਾ ਧਾਰਨੀ ਹੋ ਨਿਬੜਨ ਦਾ ਕਾਰਨ ਇਹ ਤਾਂ ਨਹੀਂ ਕਿ ਲੰਮੇ ਸਮੇਂ ਤੋਂ ਚੱਲੀ ਆਈ ਗਰੇਵਾਲ ਦੀ ਸਹਿਯੋਗਣ, ਭਾਵ ਪ੍ਰੋਫੈਸਰ ਇੰਦੂ ਬਾਂਗਾ ਦਾ ਇਸ ਨੂੰ ਲਿਖਣ ਵਿਚ ਵਿਸ਼ੇਸ਼ ਯੋਗਦਾਨ ਰਿਹਾ ਹੈ।

ਕਹਾਣੀ

# ਨਿੱਕੇ ਅੰਬਰ ਤੇ ਵੱਡੀ ਉਡਾਰੀ

***ਮਨੁੱਖ ਦੀਆਂ ਇਛਾਵਾਂ ਅਮੁੱਕ ਹਨ ਪਰ ਜਦੋਂ ਇਹ ਅਰੋਕ ਹੋ ਜਾਂਦੀਆਂ ਹਨ ਤਾਂ ਰਿਸ਼ਤਿਆਂ ਦਾ ਜੁਗਰਾਫੀਆ ਬਦਲਣਾ ਸ਼ੁਰੂ ਹੋ ਜਾਂਦਾ ਹੈ। ਸਿਤਮਜ਼ਰੀਫੀ ਇਹ ਕਿ ਬੰਦੇ ਨੂੰ ਇਸ ਤਬਦੀਲੀ ਬਾਰੇ ਪਤਾ ਤੱਕ ਨਹੀਂ ਲੱਗਦਾ ਤੇ ਉਹ ਉਸ ਅੰਨ੍ਹੀ ਦੌੜ ਵਿਚ ਸ਼ਾਮਿਲ ਹੋ ਜਾਂਦਾ ਹੈ ਜਿਸ ਦਾ ਕੋਈ ਲੜ-ਸਿਰਾ ਨਹੀਂ ਹੈ। ਉੱਘੇ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਆਪਣੀ ਕਹਾਣੀ 'ਨਿੱਕੇ ਅੰਬਰ ਤੇ ਵੱਡੀ ਉਡਾਰੀ' ਵਿਚ ਇਸ ਮਨੁੱਖੀ ਬਿਰਤੀ ਦੀ ਬਾਤ ਪਰਵਾਸ ਨਾਲ ਜੋੜ ਕੇ ਪਾਈ ਹੈ।***

ਮੈਂ ਬਾਂਹ 'ਤੇ ਸੁੱਤੀ ਪਈ ਜੈਸਿਕਾ ਦੇ ਚਿਹਰੇ ਨੂੰ ਗਹੁ ਨਾਲ ਨਿਹਾਰਿਆ। ਕਿੰਨੀ ਮਾਸੂਮੀਅਤ ਹੈ। ਕਿਸੇ ਬੱਚੇ ਵਰਗੀ। ਮੂੰਹ 'ਤੇ ਲਾਲੀ ਖਿੜੀ ਪਈ ਹੈ ਜਿਵੇਂ ਫੱਗਣ ਚੇਤ ਦੀ ਕੋਸੀ ਕੋਸੀ ਧੁੱਪ 'ਚ ਗੁਲਾਬ ਖਿੜਿਆ ਹੋਵੇ ਜਾਂ ਜਿਵੇਂ ਕਿਸੇ ਜੁਆਕ ਨੇ ਸਫੈਦ ਕੰਧ 'ਤੇ ਸੂਹੇ ਰੰਗ ਦੀ ਪਿਚਕਾਰੀ ਮਾਰ ਦਿੱਤੀ ਹੋਵੇ।

'ਇਸਦੀ ਥਾਵੇਂ ਹਰਜੀਤ ਨੂੰ ਹੋਣਾ ਚਾਹੀਦਾ ਸੀ।' ਸੋਚਦਿਆਂ ਉਦਾਸ ਹੋ ਗਿਆ ਹਾਂ। ਜਿਵੇਂ ਜੈਸਿਕਾ ਨੂੰ ਆਪਣੀ ਬਾਂਹ 'ਤੇ ਸੰਵਾਂ ਕੇ ਹਰਜੀਤ ਤੋਂ ਬਦਲਾ ਲੈ ਰਿਹਾ ਹੋਵਾਂ। ਦਿਨ ਵੇਲੇ ਜੈਸਿਕਾ ਨਾਲ ਇਹ ਸੋਚ ਕੇ ਫੋਟੋ ਵੀ ਖਿੱਚੇ ਸਨ ਕਿ ਕਿਸੇ ਨਾ ਕਿਸੇ ਤਰ੍ਹਾਂ ਹਰਜੀਤ ਤੱਕ ਪੁੱਜਦੀਆਂ ਕਰਾਂਗਾ। ਹਰਜੀਤ ਇਹ ਫੋਟੋ ਵੇਖ



**ਗੁਰਮੀਤ ਕੜਿਆਲਵੀ**
**ਫੋਨ: 98726-40994**

ਕੇ ਅੰਦਰ ਤੱਕ ਤੜਫ ਜਾਵੇਗੀ-ਬਿਲਕੁੱਲ ਉਸੇ ਤਰ੍ਹਾਂ ਜਿਵੇਂ ਉਸ ਦੀਆਂ ਗੈਰੀ ਨਾਲ ਫੋਟੋਆਂ ਵੇਖ ਕੇ ਤੜਫਦਾ ਹਾਂ।

ਹਰਜੀਤ ਨਾਲ ਗੁਜ਼ਾਰਿਆ ਸਮਾਂ ਨਾ ਚਾਹੁੰਦਿਆਂ ਵੀ ਅੱਖਾਂ ਅੱਗੇ ਆ ਖੜਾ ਹੈ। ਮੈਂ ਮਲਕੜੇ ਜਿਹੇ ਜੈਸਿਕਾ ਦੇ ਸਿਰ ਥੱਲਿਓਂ ਬਾਂਹ ਖਿੱਚ ਕੇ, ਖਿੜਕੀ ਕੋਲ ਆ ਖੜ੍ਹਿਆ ਹਾਂ। ਦੂਰ ਸਮੁੰਦਰ ਵੱਲ ਵੇਖਿਆ ਹੈ। ਸਮੁੰਦਰ ਦੇ ਪਾਣੀਆਂ 'ਚੋਂ ਉੱਠਦੀਆਂ ਲਹਿਰਾਂ ਖੌਰੂ ਪਾਉਂਦੀਆਂ ਹਨ। ਸਮੁੰਦਰ ਹਾਬੜਿਆ ਹਾਬੜਿਆ ਲੱਗਦਾ ਹੈ ਜਿਵੇਂ ਚਿਰਾਂ ਦਾ ਭੁੱਖਾ ਹੋਵੇ, ਆਲੇ-ਦੁਆਲੇ ਦੇ ਸਾਰੇ ਕੁੱਝ ਨੂੰ ਖਾ ਜਾਣ ਲਈ ਕਾਹਲਾ।

ਸਮੁੰਦਰ ਬਾਰੇ ਸੋਚਣਾ ਛੱਡ ਮੈਂ ਆਪਣੇ ਨਾਲਦਿਆਂ ਅੰਦਰਲੀ ਭੁੱਖ ਬਾਰੇ ਸੋਚਦਾ ਹਾਂ। ਤਿੰਨਾਂ ਅੰਦਰ ਅੱਡੋ-ਅੱਡਰੀ ਭੁੱਖ ਹੈ। ਤਿੰਨਾਂ ਦੀਆਂ ਅੱਡੋ-ਅੱਡਰੀਆਂ ਲੋੜਾਂ। ਟਰਾਂਸਪੋਰਟ ਮਹਿਕਮੇ ਵਾਲਾ ਸੁਭਾਸ਼ ਕੁਰੱਪਸ਼ਨ ਦੇ ਪੈਸਿਆਂ ਨਾਲ ਆਫਰਿਆ ਪਿਆ ਹੈ। ਗੱਡੀਆਂ ਦੀ ਪਾਸਿੰਗ ਕਰਨ ਬਦਲੇ ਰਿਸ਼ਵਤ ਦੇ ਮਿਲੇ ਪੈਸਿਆਂ ਨਾਲ ਜੇਬ ਭਰੀ ਰਹਿੰਦੀ ਹੈ। ਹਰਾਮ ਦੇ ਆਉਂਦੇ ਪੈਸੇ ਨੇ ਉਸ ਦੀਆਂ ਅੱਖਾਂ ਨੂੰ ਹੀ ਨਹੀਂ, ਸਰੀਰ ਦੇ ਸਾਰੇ ਅੰਗਾਂ ਨੂੰ ਹਰਾਮੀ ਬਣਾ ਦਿੱਤਾ ਹੈ। ਪਤਾ ਨਹੀਂ ਕਿੰਨਾ ਕੁ ਲਾਵਾ ਉਸਦੇ ਅੰਦਰ ਜੰਮਿਆ ਪਿਆ ਹੈ। ਜਿਵੇਂ ਵਰ੍ਹਿਆਂ ਤੋਂ ਕੋਈ ਔਰਤ ਹੀ ਨਾ ਵੇਖੀ ਹੋਵੇ। ਹਾਬੜਿਆ ਪਿਆ ਹੈ। ਬੈਂਕਾਕ ਦੇ ਸਵਰਨਭੂਮੀ ਏਅਰਪੋਰਟ 'ਤੇ ਉਤਰਦਿਆਂ ਹੀ ਉਸ ਦੀਆਂ ਲਾਰਾਂ ਵਗਣ ਲੱਗ ਪਈਆਂ ਸਨ। ਜਿੱਦਣ ਦਾ ਆਇਆ ਹੈ ਆਪਣੇ ਅੰਦਰਲੀ ਭੁੱਖ ਨੂੰ ਭਰਨ 'ਚ ਲੱਗਾ ਹੋਇਆ ਹੈ। ਹਰ ਵੇਲੇ ਕੋਈ ਕੁੜੀ ਉਸਦੇ ਕਮਰੇ 'ਚ ਰਹਿੰਦੀ ਹੈ। ਕਦੇ ਕੋਈ ਚੀਨਣ, ਕਦੇ ਫਿਲਪਾਈਨਣ, ਕਦੇ ਮਲੇਸ਼ੀਅਨ, ਕੰਬੋਡੀਅਨ, ਬੰਗਲਾਦੇਸ਼ੀ ਜਾਂ ਕਿਸੇ ਹੋਰ ਦੇਸ਼ ਦੀ। ਉਸ ਦੇ ਕਹਿਣ ਅਨੁਸਾਰ, ਜਿੰਨੇ ਦਿਨ-ਓਨੇ ਮੁਲਕ। ਉਹ ਵੱਧ ਤੋਂ ਵੱਧ ਦੇਸ਼ਾਂ ਦੀਆਂ ਕੁੜੀਆਂ ਵੇਖ ਲੈਣਾ ਚਾਹੁੰਦਾ ਹੈ।

'ਬੰਦੇ ਨੂੰ ਹਰੇਕ ਦੇਸ਼ ਦੀ ਔਰਤ ਦੇ ਜਿਸਮ 'ਚੋਂ ਆਉਂਦੀ ਮਹਿਕ ਦਾ ਪਤਾ ਹੋਣਾ ਚਾਹੀਦਾ। ਕੀ ਸਮਝੇ?" ਸੁਭਾਸ਼ ਦਲੀਲ ਦਿੰਦਾ ਹੈ। ਹਰੇਕ ਗੱਲ ਨਾਲ 'ਕੀ ਸਮਝੇ' ਕਹਿਣ ਦੀ ਆਦਤ ਕਰਕੇ ਉਸਨੂੰ ਜਾਨਣ ਵਾਲਿਆਂ ਨੇ ਉਸਦਾ ਨਾਂ ਹੀ 'ਕੀ ਸਮਝੇ' ਪਾਇਆ ਹੋਇਆ ਹੈ।

ਪੰਕਜ ਅਰੋੜਾ ਸ਼ਹਿਰ ਦੀ ਨਾਮੀ ਪਾਰਟੀ ਹੈ। ਅਰੋੜਾ ਟਰੇਡਿੰਗ ਕੰਪਨੀ ਦਾ ਮਾਲਕ। ਵੱਡੇ ਵੱਡੇ ਅਫਸਰਾਂ ਨਾਲ ਮੇਲ ਜੋਲ ਰੱਖਣਾ ਉਸ ਦਾ ਸ਼ੌਕ ਹੀ ਨਹੀਂ, ਲੋੜ ਵੀ ਹੈ। ਆਏ ਸਾਲ ਕਿਸੇ ਨਾ ਕਿਸੇ ਅਫਸਰ ਜਾਂ ਨੇਤਾ ਨੂੰ ਬੈਂਕਾਕ ਦਾ ਗੇੜਾ ਲੁਆਣ ਲਿਜਾਂਦਾ ਹੈ। ਪਿਛਲੇ ਸਾਲ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਬਤਰੇ ਅਤੇ ਈ ਟੀ ਓ ਨਵਰਾਜ ਨੂੰ ਲਿਆਇਆ ਸੀ। ਇਸ ਵਾਰ ਸੁਭਾਸ਼ ਅਤੇ ਪੱਤਰਕਾਰ ਅਰਜਨ ਵਿਵੇਕ ਨੂੰ ਲੈ ਕੇ ਆਇਆ ਹੈ। ਪੰਕਜ ਦੇ ਆਪਣੇ ਸ਼ਬਦਾਂ 'ਚ, 'ਇਨ੍ਹਾਂ ਨੂੰ ਹੌਲਾ ਕਰਨ ਲਈ ਲਿਆਇਆ ਹਾਂ। ਆਵਦਾ ਉੱਬਲਦਾ ਖੂਨ ਠੰਡਾ ਕਰ ਲੈਣਗੇ। ਹੁਣ ਏਹ ਸਾਲ ਭਰ ਏਧਰ ਓਧਰ ਦੀ ਝਾਕ ਨ੍ਹੀ ਕਰਦੇ ਨਹੀਂ ਤਾਂ ਸੁਭਾਸ਼ ਬਾਬੂ ਵਰਗੇ ਹਲਕੇ ਕੁੱਤੇ ਜਣੀ ਖਣੀ ਨੂੰ ਚੱਕ ਮਾਰਨ ਨੂੰ ਤਿਆਰ ਰਹਿੰਦੇ।'

ਅਰਜਨ ਵਿਵੇਕ ਬਿਨਾ ਬਹੁਤੇ ਅਫਸਰਾਂ, ਨੇਤਾਵਾਂ ਅਤੇ ਵਪਾਰੀਆਂ ਦਾ ਗੁਜ਼ਾਰਾ ਨਹੀਂ ਹੁੰਦਾ। ਅਰਜਨ ਦੋਸਤੀਆਂ ਗੰਢਣ 'ਚ ਮਾਹਰ ਹੈ। ਜ਼ਿਲ੍ਹੇ 'ਚ ਆਉਣ ਵਾਲੇ ਹਰ ਨਵੇਂ ਡੀ ਸੀ, ਐਸ ਐਸ ਪੀ ਤੇ ਹੋਰ ਮਹਿਕਮਿਆਂ ਦੇ ਵੱਡੇ ਅਫਸਰਾਂ ਨਾਲ ਆਉਂਦਿਆਂ ਹੀ ਗਾਟੀ ਪਾ ਲੈਂਦਾ ਹੈ। ਅਰਜਨ ਜਿਸ ਅਖਬਾਰ ਦਾ ਪੱਤਰਕਾਰ ਹੈ, ਉਹ ਦੇਸ਼ ਦਾ ਵੱਡਾ ਅਖਬਾਰ ਹੈ। ਵੱਡੇ ਅਖਬਾਰ ਦਾ ਪੱਤਰਕਾਰ ਭਾਵੇਂ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਵੱਡਾ ਹੀ ਹੁੰਦਾ ਹੈ। ਪ੍ਰਸ਼ਾਸਨਿਕ ਅਧਿਕਾਰੀਆਂ ਦਾ ਵੱਡੇ ਪੱਤਰਕਾਰਾਂ ਨਾਲ ਆੜੀ ਪਾਏ ਬਿਨਾ ਕਦੋਂ ਸਰਦਾ ਹੈ। ਵੱਡੇ ਅਖਬਾਰ ਦਾ ਪੱਤਰਕਾਰ ਪ੍ਰਸ਼ਾਸਨ ਦੀ ਨਿੱਕੀ ਜਿਹੀ ਗ਼ਲਤੀ ਨੂੰ ਵੀ ਵੱਡੀ ਬਣਾ ਕੇ ਪੇਸ਼ ਕਰ ਸਕਦਾ ਹੈ। ਫਿਰ ਅਰਜਨ ਦੀ ਪੱਤਰਕਾਰੀ ਅੱਖ ਤਾਂ ਚਾਰ ਚੁਫੇਰੇ ਮਸ਼ਹੂਰ ਹੈ। ਉਸਦੀ ਕਲਮ ਤੇ ਅੱਖ ਸ਼ਿਕਾਰ ਦੇ ਮਗਰ ਮਗਰ ਦੌੜਨ 'ਚ ਮਾਹਰ ਨੇ। ਉਹ ਕਾਲੇ ਨੂੰ ਚਿੱਟਾ ਅਤੇ ਚਿੱਟੇ ਨੂੰ ਕਾਲਾ ਬਣਾ ਸਕਦਾ ਹੈ। ਕੀ ਅਧਿਕਾਰੀ ਤੇ ਕੀ ਵਪਾਰੀ-ਵਿਵੇਕ ਤੋਂ ਕੰਨ ਭੰਨਦੇ ਹਨ ਤੇ ਉਸਨੂੰ ਖੁਸ਼ ਕਰਨ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ।

ਅਰਜਨ ਸਕੀ ਭੂਆ ਦਾ ਪੁੱਤ ਹੋਣ ਕਰਕੇ ਭਰਾ ਲੱਗਦਾ ਹੈ ਪਰ ਕਈ ਮਾਮਲਿਆਂ 'ਚ ਭਰਾਵਾਂ ਨਾਲੋਂ ਵੀ ਵੱਧ ਹੈ। ਨਿੱਕੇ ਹੁੰਦਿਆਂ ਤੋਂ ਇਕੱਠੇ ਖੇਡਦੇ ਰਹੇ ਹਾਂ। ਮੇਰੇ ਨਾਲ ਖਾਸਾ ਮੋਹ ਰੱਖਦਾ ਹੈ। ਉਹ ਪੜ੍ਹਿਆ ਵੀ ਸਾਡੇ ਕੋਲ ਨਾਨਕੇ ਰਹਿ ਕੇ ਹੈ। ਫੁੱਫੜ ਫੌਜ ਵਿੱਚ ਸੀ। ਜਿੰਨਾ ਚਿਰ ਲੇਹ ਲਦਾਖ ਵੱਲ ਰਿਹਾ, ਅਰਜਨ ਸਾਡੇ ਕੋਲ ਰਿਹਾ। ਫਿਰ ਜਦੋਂ ਫੁੱਫੜ ਦੀ ਬਦਲੀ ਭੂਪਾਲ ਦੀ ਹੋ ਗਈ ਤਾਂ ਉਹ ਪਰਿਵਾਰ ਨੂੰ ਵੀ ਨਾਲ ਲੈ ਗਿਆ। ਦਸਵੀਂ ਤੱਕ ਅਰਜਨ ਭੂਪਾਲ ਦੇ ਮਿਲਟਰੀ ਸਕੂਲ 'ਚ ਹੀ ਪੜ੍ਹਿਆ। ਉਸਤੋਂ ਅਗਲੇਰੀ ਪੜ੍ਹਾਈ ਚੰਡੀਗੜ੍ਹ ਰਹਿ ਕੇ ਕੀਤੀ। ਪਹਿਲਾਂ ਚੰਡੀਗੜ੍ਹ ਤੇ ਫੇਰ ਦਿੱਲੀ ਦੇ ਅਖਬਾਰਾਂ ਨਾਲ ਜੁੜਨ ਤੱਕ ਉਸਦੇ ਰੁਝੇਵੇਂ ਵਧਦੇ ਗਏ। ਮਿਲਣ ਗਿਲਣ ਭਾਵੇਂ ਘਟਦਾ ਗਿਆ ਪਰ ਨਾਨਕਿਆਂ ਨਾਲ ਮੋਹ ਘੱਟ ਨਹੀਂ ਹੋਇਆ। ਗਾਹੇ ਬਗਾਹੇ ਜਦੋਂ ਵੀ ਵਕਤ ਮਿਲਦਾ, ਮਾਮਿਆਂ ਕੋਲ ਗੇੜਾ ਮਾਰ ਜਾਂਦਾ। ਹੁਣ ਜਦੋਂ ਅਖਬਾਰ ਦੇ ਸਟਾਫ ਰਿਪੋਰਟਰ ਵਜੋਂ ਨਾਨਕਿਆਂ ਵਾਲੇ ਜ਼ਿਲ੍ਹੇ 'ਚ ਆ ਗਿਆ ਸੀ-ਦੁਬਾਰਾ ਮੇਲ-ਜੋਲ ਵਧਣ ਲੱਗਾ ਸੀ।

ਉਹ ਜਦੋਂ ਵੀ ਆਉਂਦਾ, ਮੈਨੂੰ ਉਦਾਸ ਵੇਖ ਕੇ ਆਖਦਾ, "ਐਨੀ ਉਦਾਸੀ ਚੰਗੀ ਨਹੀਂ ਹੁੰਦੀ। ਉਦਾਸੀ ਬੰਦੇ ਨੂੰ ਅੰਦਰੋਂ ਅੰਦਰੀਂ ਘੁਣ ਵਾਂਗ ਖਾ ਜਾਂਦੀ ਹੈ।"

ਫਿਰ ਉਹ ਮੇਰੇ ਅੱਗੇ ਸਵਾਲ ਬਣ ਕੇ ਖੜ੍ਹਾ ਹੋ ਜਾਂਦਾ ਹੈ, "ਯਾਰ ਇਉਂ ਕਿੰਨਾ ਕੁ ਚਿਰ ਝੂਰਦਾ ਰਹੇਂਗਾ ਹਰਜੀਤ ਦੀ ਬੇਵਫ਼ਾਈ 'ਤੇ ?"

ਥਾਈਲੈਂਡ ਵੀ ਉਹੀ ਜ਼ੋਰ ਪਾ ਕੇ ਲਿਆਇਆ, "ਮੇ ਬੀ ਚਾਰ ਸਾਲ ਹੋ ਗਏ ਹਰਜੀਤ ਨੂੰ ਛੱਡ ਕੇ ਗਈ ਨੂੰ, ਤੈਨੂੰ ਕਦੇ ਹੱਸਦਿਆਂ ਨ੍ਹੀਂ ਵੇਖਿਆ। ਪਤਾ ਨ੍ਹੀਂ ਤੂੰ ਉਦੋਂ ਦੀ ਕੋਈ ਔਰਤ ਨੇੜਿਓਂ ਜਾ ਕੇ ਵੇਖੀ ਵੀ ਐ ਕਿ ਨਹੀਂ। ਯਾਰ ਐਨੇ ਚਿਰ 'ਚ ਤਾਂ ਬੰਦੇ ਅੰਦਰ ਖੂਹ ਬਣ ਜਾਂਦਾ! ਚੱਲ ਹੋ ਤਿਆਰ ਤੈਨੂੰ ਘੁਮਾ ਫਿਰਾ ਲਿਆਈਏ। ਚਾਰ ਦਿਨ ਫੰਨ ਸ਼ੰਨ ਹੋਜੂ।"

"ਕਾਹਦੇ ਫੰਨ ਸ਼ੰਨ ? ਹੁਣ ਤਾਂ—।" ਮੇਰੇ ਤੋਂ ਵਾਕ ਅਧੂਰਾ ਹੀ ਰਹਿ ਗਿਆ ਸੀ।

"ਬਾਈ ਅਮਰ, ਤੂੰ ਨਾ ਕਰੀਂ ਫੰਨ-ਸ਼ੰਨ। ਫੰਨ-ਸ਼ੰਨ ਕਰਨ ਨੂੰ ਅਸੀਂ ਬਥੇਰੇ ਆਂ। ਚੱਲ ਚਾਰ ਦਿਨ ਪੌਣ ਪਾਣੀ ਤਾਂ ਬਦਲੂ। ਮਾਹੌਲ ਬਦਲਣ ਨਾਲ ਬੰਦੇ ਦਾ ਮਨ ਵੀ ਬਦਲ ਜਾਂਦਾ ਹੁੰਦਾ। ਨਾਲੇ ਦੁਨੀਆਂ ਦੇ ਰੰਗ ਈ ਵੇਖਲੀਂ। ਤੈਨੂੰ ਦੁਨੀਆ ਦਾ ਪਤਾ ਤਾਂ ਲੱਗੇ ਕਿਵੇਂ ਹਾਬੜੀ ਫਿਰਦੀ ਆ। ਚੰਗੇ ਭਲੇ ਬੰਦਿਆਂ ਦੀਆਂ ਲਾਲ਼ਾਂ ਡਿੱਗਦੀਆਂ। ਦੁਨੀਆ ਭਰ ਦੇ ਸੈਲਾਨੀ ਆਉਂਦੇ ਥਾਈਲੈਂਡ ਘੁੰਮਣ ਫਿਰਨ ਵਾਸਤੇ। ਸਾਰੇ ਦੇ ਸਾਰੇ ਹਾਬੜੇ ਹੋਏ। ਯੁਗਾਂ ਯੁਗਾਂਤਰਾਂ ਦੇ ਭੁੱਖੇ। ਪੈਸੇ ਆਲੇ ਬੰਦੇ— ਬਹੁਤੇ ਓਥੇ ਈ ਜਾਂਦੇ ਅੰਦਰਲੀ ਭੁੱਖ ਮਿਟਾਉਣ ਵਾਸਤੇ। ਯਾਰ ਕੀ ਪਤਾ ਲੱਗਦਾ-ਪੱਬਾਂ-ਕਲੱਬਾਂ 'ਚ ਥਿਰਕਦੀ ਜਵਾਨੀ ਵੇਖ ਕੇ ਮੇ ਬੀ ਤੇਰੇ ਅੰਦਰ ਵੀ ਕੁੱਝ ਹਿਲਜੁੱਲ ਹੋਜੇ ? ਮੇ ਬੀ ਦੱਬੀ ਪਈ ਭੁੱਖ ਈ ਜਾਗ ਪਏ ?" ਏਧਰ ਓਧਰ ਦੀਆਂ ਮਾਰ ਕੇ ਉਸ ਨੇ ਮੱਲੋ ਮੱਲੀ ਆਪਣੇ ਨਾਲ ਤਿਆਰ ਕਰ ਲਿਆ ਸੀ।



ਜੈਸਿਕਾ ਨੂੰ ਜਾਗ ਆ ਗਈ। ਮੇਰੇ ਵੱਲ ਵੇਖਦਿਆਂ ਹਲਕਾ ਜਿਹਾ ਮੁਸਕਰਾਈ। ਮੇਰੇ ਕੋਲ ਆ ਖਿੜਕੀ ਦੇ ਬਾਹਰ ਮਚਲਦੇ ਸਮੁੰਦਰ ਵੱਲ ਵੇਖਣ ਲੱਗੀ। ਸਿਰ ਮੇਰੇ ਮੋਢੇ 'ਤੇ ਸੁੱਟ ਲਿਆ।

"ਸਮੁੰਦਰ ਵੀ ਮੇਰੇ ਵਾਂਗ ਬੇਚੈਨ ਹੀ ਰਹਿੰਦਾ ਹੈ।" ਮੈਂ ਮੂੰਹ ਵਿਚ ਹੀ ਬੁੜਬੁੜਾਇਆ। ਜੈਸਿਕਾ ਨੂੰ ਭਲਾ ਕੀ ਸਮਝ ਲੱਗਦੀ ? ਉਹ ਸਮੁੰਦਰ ਅੰਦਰਲੀਆਂ ਤੂਫ਼ਾਨੀ ਲਹਿਰਾਂ ਵੱਲ ਇਸ਼ਾਰਾ ਕਰਨ ਲੱਗੀ। ਲਹਿਰਾਂ ਪਤਾਇਆ ਬੀਚ ਤੋਂ ਕੁੱਝ ਹਟਵੀਆਂ ਬਣੀਆਂ ਜਗਮਗ ਜਗਮਗ ਕਰਦੀਆਂ ਗਗਨਚੁੰਬੀ ਇਮਾਰਤਾਂ ਨੂੰ ਕਲਾਵੇ ਭਰਨ ਲਈ ਧਾਅ ਰਹੀਆਂ ਹਨ। ਜੈਸਿਕਾ ਮੇਰੇ ਅੰਦਰ ਖੌਰੂ ਪਾਈ ਫਿਰਦੇ ਤੂਫ਼ਾਨ ਤੋਂ ਬੇਖ਼ਬਰ, ਅਠਖੇਲੀਆਂ ਕਰਦੀਆਂ ਲਹਿਰਾਂ ਵੱਲ ਵੇਖਦਿਆਂ ਮੁਸਕਰਾਈ। ਮੈਂ ਉਸਦੇ ਮੁਸਕਰਾਉਂਦੇ ਚਿਹਰੇ ਵੱਲ ਵੇਖਿਆ। ਮੁਸਕਰਾਹਟ ਨੇ ਮੇਰੇ ਅੰਦਰਲੇ ਤੂਫਾਨ ਨੂੰ ਹੋਰ ਤਿੱਖਾ ਕਰ ਦਿੱਤਾ। ਮੈਂ ਹਰਜੀਤ ਬਾਰੇ ਸੋਚਣ ਲੱਗਾਂ। ਵਿਆਹ ਤੋਂ ਬਾਅਦ ਹਰਜੀਤ ਇਸ ਤਰ੍ਹਾਂ ਕਦੋਂ ਮੁਸਕਰਾਈ ਸੀ?

ਵਿਆਹ ਤੋਂ ਤੀਜੇ ਦਿਨ ਮੈਂ ਤੇ ਹਰਜੀਤ ਘੁੰਮਣ ਫਿਰਨ ਲਈ ਨਿਕਲ ਤੁਰੇ ਸਾਂ। ਬੇਬੇ ਨੇ ਤਾਂ ਅਜੇ ਚੱਜ ਨਾਲ ਸਾਰੇ ਸ਼ਗਨ ਵਿਹਾਰ ਵੀ ਨਹੀਂ ਸਨ ਕੀਤੇ। ਸਹੁਰਿਆਂ ਤੋਂ ਆਈਆਂ ਭੈਣਾਂ ਵੀ ਅਜੇ ਭਾਬੋ ਨਾਲ ਗੱਲਾਂ ਕਰ ਕੇ ਰੱਜੀਆਂ ਨਹੀਂ ਸਨ। ਅਜੇ ਤਾਂ ਸ਼ਰੀਕੇ ਕਬੀਲੇ ਦੀਆਂ ਜਨਾਨੀਆਂ ਨਵੀਂ ਆਈ ਵਹੁਟੀ ਨੂੰ ਵੇਖਣ ਆ ਰਹੀਆਂ ਸਨ। ਅਸੀਂ ਦੋਵੇਂ ਸਾਰਾ ਕੁੱਝ ਛੱਡ ਛੁਡਾ ਕੇ ਹਿਮਾਚਲ ਦੀਆਂ ਰੰਗੀਨ ਵਾਦੀਆਂ 'ਚ ਆ ਗਏ ਸਾਂ। ਵਾਦੀਆਂ ਹਰਜੀਤ ਦੀਆਂ ਪੰਜੇਬਾਂ ਦੀ ਛਣ-ਛਣ ਨਾਲ ਸੁਰਬੱਧ ਹੋ ਗਈਆਂ। ਕਲੀਆਂ 'ਚੋਂ ਖਾਸ ਕਿਸਮ ਦੀ ਮਹਿਕ ਆਉਣ ਲੱਗੀ। ਰੰਗ ਬਿਰੰਗੇ ਫੁੱਲ ਸਾਡੇ ਦੋਵਾਂ ਦੇ ਹਾਸੇ ਨਾਲ ਹੋਰ ਸੋਹਣੇ ਹੋ ਗਏ। ਝਰਨਿਆਂ 'ਚੋਂ ਵਹਿੰਦੀ ਚਾਂਦੀ ਅਸੀਂ ਇੱਕ ਦੂਜੇ ਉੱਪਰ ਬੁੱਕਾਂ ਭਰ ਭਰ ਉਛਾਲਦੇ। ਪਾਣੀ ਨਾਲ ਭਿੱਜੀ ਉਹ ਸੋਭਾ ਸਿੰਘ ਦੀ ਬਣਾਈ ਤਸਵੀਰ ਵਿਚਲੀ ਸੋਹਣੀ ਵਰਗੀ ਜਾਪਦੀ। ਅਸੀਂ ਹੱਥਾਂ 'ਚ ਹੱਥ ਪਾਈ ਪਹਾੜੀ ਢਲਾਣਾਂ 'ਤੇ ਅਠਖੇਲੀਆਂ ਕਰਦੇ। ਉਹ ਬਿੰਦੇ ਝੱਟੇ ਬੁੱਕਲ ਵਿੱਚ ਆ ਡਿਗਦੀ। ਚੀੜ ਦੇ ਰੁੱਖਾਂ 'ਤੇ ਬੈਠੀਆਂ ਨਿੱਕੀਆਂ-ਨਿੱਕੀਆਂ ਪਹਾੜੀ ਚਿੜੀਆਂ ਸਾਡੀ ਚੋਹਲ ਮੋਹਲ 'ਤੇ ਤਾੜੀ ਮਾਰ ਕੇ ਹੱਸਦੀਆਂ। ਏਧਰ ਓਧਰ ਭੱਜੀਆਂ ਫਿਰਦੀਆਂ ਗਾਲੜ੍ਹਾਂ ਪਿਛਲੇ ਪਹੁੰਚਿਆਂ 'ਤੇ ਖੜੀਆਂ ਹੋ ਸਾਡੇ ਵੱਲ ਹੈਰਾਨੀ ਨਾਲ ਵੇਖਦੀਆਂ।

"ਮੈਨੂੰ ਤਾਂ ਬਚਪਨ ਤੋਂ ਹੀ ਘੁੰਮਣ ਫਿਰਨ ਦਾ ਬੁਹਤ ਸ਼ੌਕ ਹੈ। ਮੇਰਾ ਵੱਸ ਚੱਲੇ ਤਾਂ ਸਾਰੀ ਦੁਨੀਆ ਹੀ ਘੁੰਮ ਲਵਾਂ।" ਹਰਜੀਤ ਨੇ ਮੇਰੇ ਮੋਢੇ 'ਤੇ ਸਿਰ ਟਿਕਾਉਂਦਿਆਂ ਆਖਿਆ ਸੀ।

"ਇਹਦੇ 'ਚ ਕੀ ਵੱਡੀ ਗੱਲ ਹੈ? ਘੁੰਮ ਲਵਾਂਗੇ ਸਾਰੀ ਦੁਨੀਆ। ਘੁੰਮਣ ਫਿਰਨ ਜੋਗੀ ਤਨਖਾਹ ਆਪਾਂ ਨੂੰ ਮਿਲ ਜਾਂਦੀ ਹੈ। ਨਿਕਲ ਤੁਰਿਆ ਕਰਾਂਗੇ ਆਏ ਸਾਲ। ਨਾਲੇ ਵਾਦੀਆਂ, ਪਰਬਤਾਂ, ਜੰਗਲਾਂ, ਬੇਲਿਆਂ ਤੇ ਮਾਰੂਥਲਾਂ ਨੂੰ ਹੱਸਣਾ ਖੇਡਣਾ ਸਿਖਾ ਜਾਇਆ ਕਰਾਂਗੇ।" ਹੱਸਦਿਆਂ ਹੱਸਦਿਆਂ ਮੈਂ ਹਰਜੀਤ ਨੂੰ ਨਾਲ ਘੁੱਟ ਲਿਆ ਸੀ।

ਪੂਰੇ ਵੀਹ ਦਿਨ ਪਹਾੜਾਂ ਦੀਆਂ ਕੰਦਰਾਂ 'ਚ ਹਾਸੇ ਖਿਲਾਰਨ ਬਾਅਦ ਵਾਪਸ ਮੁੜੇ ਸਾਂ। ਬੀਬੀ ਬਾਈ ਦਾ ਚਾਅ ਚੱਕਿਆ ਨਹੀਂ ਸੀ ਜਾਂਦਾ।

"ਸ਼ਰੀਕਾਂ ਕਹਿਣਾ ਹਜੇ ਕੱਲ੍ਹ ਆਈ ਤੇ ਅੱਜ ਚੌਕੇ ਵੀ ਚਾੜ੍ਹ ਲਈ। ਨਾ ਭਾਈ ਮੈਂ ਤਾਂ ਆਪਣੀ ਨੂੰਹ ਨੂੰ ਛੇ ਮਹੀਨੇ ਕੰਮ ਨੂੰ ਹੱਥ ਨ੍ਹੀਂ ਲਾਉਣ ਦੇਣਾ। ਬਥੇਰੀ ਉਮਰ ਪਈ ਐ ਕੰਮਾਂ ਨੂੰ। ਮੈਂ ਤਾਂ ਚਾਅ ਪੂਰੇ ਕਰਨੇ। ਹਜੇ ਮੇਰੇ ਨੈਣ ਪਰਾਣ ਚੱਲਦੇ। ਮੈਂ ਆਪੇ ਕਰਲੂੰ ਸਾਰੇ ਕੰਮ ਧੰਦੇ।" ਬੀਬੀ ਨੇ ਹਰਜੀਤ ਹੱਥੋਂ ਭਾਂਡੇ ਛੁਡਾ ਲਏ। ਉਹ ਤਾਂ ਹਰਜੀਤ ਨੂੰ ਪੈਰ ਵੀ ਬੜੀ ਮੁਸ਼ਕਲ ਨਾਲ ਭੁੰਜੇ ਲਾਹੁਣ ਦਿੰਦੀ। ਧੀਏ-ਧੀਏ ਕਰਦੀ ਦਾ ਮੂੰਹ ਸੁੱਕਦਾ।

"ਹਰਜੀਤ ਦੇ ਰੰਗ ਨਾਲ ਤਾਂ ਘਰਦਾ ਵਿਹੜਾ ਵੀ ਗੁਲਾਬੀ ਹੋ ਗਿਆ। ਨਾ ਭਾਈ, ਮੈਂ ਨ੍ਹੀ ਏਹਨੂੰ ਧੁੱਪੇ ਨਿਕਲਣ ਦਿੰਦੀ- ਐਵੇਂ ਕਿਤੇ ਰੰਗ ਈ ਚੋਅ ਜਾਵੇ।" ਜਦੋਂ ਹੀ ਕੋਈ ਗੁਆਂਢਣ ਘਰ ਆ ਕੇ ਜਾਂਦੀ, ਬੀਬੀ ਨਜ਼ਰ ਉਤਾਰਨ ਬਹਿ ਜਾਂਦੀ। ਅਸੀਂ ਬੀਬੀ ਦੇ ਵਹਿਮਾਂ-ਭਰਮਾਂ 'ਤੇ ਹੱਸਦੇ ਰਹਿੰਦੇ।

ਬਾਈ ਪਿਆਰ ਨਾਲ ਹਰਜੀਤ ਨੂੰ "ਜੀਤਿਆ ਸ਼ੇਰਾ" ਆਖਦਾ।

ਹਰਜੀਤ ਦੋ-ਤਿੰਨ ਦਿਨ ਲਈ ਵੀ ਪੇਕੇ ਮਿਲਣ ਜਾਂਦੀ, ਘਰਦੇ ਕੰਧਾਂ ਕੌਲੇ ਉਦਾਸ ਹੋ ਜਾਂਦੇ। ਮੈਨੂੰ ਵੀ ਲੱਗਦਾ ਜਿਵੇਂ ਕੋਈ ਮੇਰੀ ਰੂਹ ਹੀ ਕੱਢ ਕੇ ਲੈ ਗਿਆ ਹੋਵੇ। ਆਵਦਾ ਆਪ ਅਧੂਰਾ ਅਧੂਰਾ ਜਾਪਦਾ। ਹਰਜੀਤ ਮੇਰੇ ਸਰੀਰ ਦਾ ਅੰਗ ਬਣ ਗਈ ਸੀ। ਜਿਵੇਂ ਮੈਂ ਹਰਜੀਤ ਲਈ ਬਣਿਆ ਸਾਂ ਤੇ ਹਰਜੀਤ ਮੇਰੇ ਲਈ।

ਵਿਆਹ ਦਾ ਇੱਕ ਸਾਲ ਇੱਕ ਦਿਨ ਵਾਂਗ ਲੰਘ ਗਿਆ। ਉਸ ਦਿਨ ਵਿਆਹ ਦੀ ਵਰ੍ਹੇਗੰਢ ਸੀ ਜਿਸ ਦਿਨ ਹਰਜੀਤ ਦੀ ਕੈਨੇਡਾ ਵਾਲੀ ਮਾਸੀ ਦੀ ਕੁੜੀ ਜੈਸਮੀਨ ਅਤੇ ਉਸਦਾ ਪਤੀ ਮਿਲਣ ਆਏ। ਇਹ ਦਸੰਬਰ ਜਨਵਰੀ ਦੇ ਠੰਢੇ ਦਿਨ ਸਨ। ਜੈਸਮੀਨ ਦੇ ਦੱਸਣ ਅਨੁਸਾਰ ਇਨ੍ਹਾਂ ਦਿਨਾਂ 'ਚ ਟੋਰਾਂਟੋ ਦੀਆਂ ਸੜਕਾਂ ਅਤੇ ਘਰਾਂ ਉੱਪਰ ਗੋਡੇ ਗੋਡੇ ਬਰਫ ਜੰਮੀ ਪਈ ਹੋਈ ਸੀ। ਹੱਡ-ਚੀਰਵੀਂ ਠੰਢ ਦੇ ਇਨ੍ਹਾਂ ਦਿਨਾਂ 'ਚ ਪਰਵਾਸੀ ਕੂੰਜਾਂ ਵਤਨ ਵੱਲ ਦੀ ਉਡਾਰੀ ਭਰਦੀਆਂ। ਭੈਣ ਅਤੇ ਜੀਜੇ ਦੇ ਆਉਣ 'ਤੇ ਹਰਜੀਤ ਉੱਡੀ ਫਿਰਦੀ ਸੀ। ਉਸਦੇ ਚਾਵਾਂ ਨੂੰ ਜਿਵੇਂ ਖੰਭ ਲੱਗ ਗਏ ਹੋਣ। ਅਸੀਂ ਸਾਰਾ ਟੱਬਰ ਵਿਦੇਸ਼ੀ ਪ੍ਰਾਹੁਣਿਆਂ ਦੀ ਆਓ ਭਗਤ 'ਚ ਲੱਗੇ ਪਏ ਸਾਂ। ਜੈਸਮੀਨ ਗੱਲ਼ ਗੱਲ਼ 'ਤੇ ਕੈਨੇਡਾ ਦੇ ਗੁਣ ਗਾਉਂਦੀ, "ਸਾਡੇ ਓਥੇ ਕੈਨਡਾ 'ਚ ਇੰਦਾਂ—ਸਾਡੇ ਓਥੇ ਕੈਨਡਾ 'ਚ ਓਦਾਂ।"

ਗੱਲ਼ਾਂ ਸੁਣਦਿਆਂ ਹਰਜੀਤ ਦੀਆਂ ਅੱਖਾਂ ਕਦੇ ਸੁੰਗੜ ਕੇ ਨਿੱਕੀਆਂ ਨਿੱਕੀਆਂ ਅਤੇ ਕਦੇ ਫੈਲ਼ ਕੇ ਇੱਲ ਦੇ ਆਂਡੇ ਜਿੱਡੀਆਂ ਹੋ ਜਾਂਦੀਆਂ।

"ਜੀਜੂ ਤੁਸੀਂ ਪੀ ਆਰ ਦਾ ਕੇਸ ਕਿਉਂ ਨ੍ਹੀ ਪਾ ਦਿੰਦੇ ? ਜਿੰਦਾਂ ਤੁਸੀਂ ਐਮ ਐਸ ਸੀ ਪਾਸ ਕੀਤੀ ਹੋਈ ਹੈ। ਜਿੰਦਾਂ ਫਿਰ ਦੀਦੀ ਹਰਜੀਤ ਦੀ ਐਜੂਕੇਸ਼ਨ ਦੇ ਪੁਆਇੰਟ ਵੀ ਕਾਊਂਟ ਹੋ ਜਾਣੇ। ਵਿਦ ਇੰਨ ਵੰਨ ਯੀਅਰ ਤੁਸੀਂ ਕੇਨਡਾ ਮੂਵ ਹੋ ਜਾਣਾ। ਜਿੰਦਾਂ ਤੁਸੀਂ ਜਾਂਦਿਆਂ ਸਾਰ ਵਧੀਆ ਡਾਲਰ ਚੁੱਕਣ ਲੱਗ ਪੈਣਾ। ਇੰਦਾਂ ਇੱਥੇ ਕੀ ਬਣਦਾ ਹੋਊ?" ਜੈਸਮੀਨ ਨੇ ਬੜੇ ਅਜੀਬ ਜਿਹੇ ਢੰਗ ਨਾਲ ਮੋਢੇ ਉਪਰ ਚੁੱਕੇ ਤੇ ਮੂੰਹ ਮਚਕੋੜਿਆ ਸੀ। ਜੈਸਮੀਨ ਦੀ ਤਜਵੀਜ਼ ਸੁਣ ਕੇ ਹਰਜੀਤ ਦਾ ਚਿਹਰਾ ਖਿੜ ਗਿਆ ਸੀ। ਮੈਂ ਕੇਵਲ ਹਲਕਾ ਜਿਹਾ ਮੁਸਕਰਾਇਆ ਸਾਂ।

ਜੈਸਮੀਨ ਤੇ ਉਸਦੇ ਹਸਬੈਂਡ ਦੇ ਜਾਣ ਚਲੇ ਜਾਣ ਤੋਂ ਬਾਅਦ ਹਰ ਵੇਲੇ ਖਿੜੀ ਰਹਿਣ ਵਾਲੀ ਹਰਜੀਤ ਬੁੱਝੀ ਬੁੱਝੀ ਰਹਿਣ ਲੱਗੀ। ਚਿਹਰੇ 'ਤੇ ਤਣਾਅ ਪਸਰਿਆ ਰਹਿੰਦਾ। ਉਸਦਾ ਜ਼ਿਆਦਾ ਸਮਾਂ ਮੋਬਾਇਲ ਨਾਲ ਜੁੜ ਕੇ ਲੰਘਣ ਲੱਗਾ।

"ਜੈਸ ਦੀਦੀ ਦਾ ਫੋਨ ਸੀ।" ਪੁੱਛਣ 'ਤੇ ਹਰ ਵਾਰ ਇੱਕੋ ਜੁਆਬ ਹੁੰਦਾ।

"ਅਮਰ! ਦੀਦੀ ਜੈਸਮੀਨ ਠੀਕ ਕਹਿੰਦੇ ਨੇ। ਆਪਾਂ ਨੂੰ ਕੈਨਡਾ ਲਈ ਅਪਲਾਈ ਕਰਨਾ ਚਾਹੀਦਾ। ਮੈਂ ਆਪਣੇ ਮੰਮੀ-ਪਾਪਾ ਨਾਲ ਵੀ ਗੱਲ਼ ਕੀਤੀ ਐ। ਉਨ੍ਹਾਂ ਨੇ ਵੀ ਇਹੋ ਸੁਜੈਸ਼ਨ ਦਿੱਤੀ ਹੈ। ਉਨ੍ਹਾਂ ਤਾਂ ਸਗੋਂ ਕਿਸੇ ਜਾਣੂ ਇਮੀਗਰੇਸ਼ਨ ਵਾਲੇ ਨਾਲ ਆਪਣੇ ਕੇਸ ਸਬੰਧੀ ਗੱਲ਼ ਵੀ ਕਰ ਲਈ ਐ। ਆਈ ਥਿੰਕ ਤੁਸੀਂ ਜੌਬ ਤੋਂ ਮਹੀਨੇ ਵੀਹ ਦਿਨਾਂ ਦੀਆਂ ਛੁੱਟੀਆਂ ਲੈ ਕੇ ਕੋਈ ਕੋਚਿੰਗ ਸੈਂਟਰ ਜੁਆਇਨ ਕਰ ਲਵੋ। ਜੈਸ ਦੀਦੀ ਕਹਿੰਦੇ ਪੀ ਆਰ ਦੇ ਕੇਸ ਲਈ ਆਈਲੈਟਸ 'ਚੋਂ ਸੈਵਨ ਈਚ ਬੈਂਡ ਹੋਣੇ ਚਾਹੀਦੇ। ਆਈ ਹੋਪ ਏਨੇ ਬੈਂਡ ਤਾਂ ਤੁਸੀਂ ਆਸਾਨੀ ਨਾਲ ਹੀ ਲੈ ਜਾਣੇ।"

"ਜੋਤ ! ਕੀ ਕਰਾਂਗੇ ਬਾਹਰ ਜਾ ਕੇ ? ਤੈਨੂੰ ਪਤਾ ਉੱਥੇ ਜਾ ਕੇ ਲੇਬਰ ਕਰਨੀ ਪਊ? ਏਥੇ ਚੰਗੀ ਭਲੀ ਪ੍ਰੋਫੈਸਰੀ ਕਰਦੇ ਹਾਂ-ਵ੍ਹਾਈਟ ਕਾਲਰ ਜੌਬ। ਠੀਕ ਹੈ ਅਜੇ ਪੂਰਾ ਗਰੇਡ ਨਹੀਂ ਮਿਲਣ ਲੱਗਾ ਪਰ ਕਿਤੇ ਨਾ ਕਿਤੇ ਉਹ ਵੀ ਮਿਲਣ ਲੱਗ ਜਾਊ।" ਮੈਂ ਗੱਲ ਹਾਸੇ ਪਾਉਣ ਦੀ ਕੋਸ਼ਿਸ਼ ਕਰਦਾ ਹਾਂ।

"ਕੈਨੇਡਾ-ਕੈਨੇਡਾ ਹੀ ਐ। ਐਵੇਂ ਤਾਂ ਨਹੀਂ ਸਾਰੀ ਦੁਨੀਆਂ ਭੱਜੀ ਜਾਂਦੀ। ਲੋਕ ਤਾਂ ਜ਼ਮੀਨਾਂ-ਜਾਇਦਾਦਾਂ ਵੇਚ-ਵੇਚ ਕੇ ਦੋ ਨੰਬਰ 'ਚ ਤੁਰੇ ਜਾਂਦੇ, ਆਪਾਂ ਤਾਂ ਫੇਰ ਵੀ ਲੀਗਲ ਵੇਅ ਨਾਲ ਜਾਣੈ। ਤੁਸੀਂ ਆਪ ਸੋਚੋ-ਜੇ ਬਾਹਰ ਏਨਾ ਹੀ ਮਾੜਾ ਹੋਵੇ ਤਾਂ ਲੋਕ ਕਿਉਂ ਦੌੜ ਲਾਉਣ ਓਧਰ ਨੂੰ?" ਹਰਜੀਤ ਤਾਂ ਪੂਰੀ ਸੀਰੀਅਸ ਹੋਈ ਪਈ ਸੀ। ਉਸਦੇ ਚਿਹਰੇ ਦੀ ਰੰਗਤ ਨੇ ਦੱਸ ਦਿੱਤਾ ਸੀ ਕਿ ਉਸਨੂੰ ਮੇਰੀ ਗੱਲ਼ ਉੱਕਾ ਹੀ ਚੰਗੀ ਨਹੀਂ ਸੀ ਲੱਗੀ।

"ਜੋਤ ਮੇਰਾ ਕੋਈ ਵਿਚਾਰ ਨਹੀਂ ਬਾਹਰ ਜਾਣ ਦਾ।" ਮੈਂ ਸਪੱਸ਼ਟ ਹੋਣਾ ਜ਼ਰੂਰੀ ਸਮਝਿਆ।

'ਤੁਸੀਂ ਜਿਸ ਦਿਨ ਵੇਖਣ ਆਏ ਸੀ, ਮੈਂ ਤਾਂ ਉਸ ਦਿਨ ਹੀ ਸੋਚ ਲਿਆ ਸੀ ਕੇ ਅਬਰੌਡ ਜਾਵਾਂਗੇ। ਹੁਣ ਜਦੋਂ ਦੀਦੀ ਤੇ ਜੀਜੂ ਨੇ ਇਨਕਰਜ ਕੀਤਾ, ਮੈਂ ਤਾਂ ਪੱਕਾ ਹੀ ਮਨ ਬਣਾ ਲਿਆ। ਫੇਰ ਆਪਣੇ ਪੁਆਇੰਟ ਵੀ ਤਾਂ ਬਣਦੇ ਆ। ਸਭ ਤੋਂ ਵੱਡੀ ਪਰੋਬਲਮ ਹੁੰਦੀ ਉਥੇ ਗਿਆਂ ਨੂੰ ਸਾਂਭਣ ਦੀ। ਆਪਾਂ ਨੂੰ ਤਾਂ ਉਹ ਵੀ ਨਹੀਂ ਆਉਣ ਲੱਗੀ। ਜੀਜੂ ਤੇ ਜੈਸ ਦੀਦੀ ਸਾਂਭ ਲੈਣਗੇ ਗਿਆਂ ਨੂੰ। ਕੰਮ ਧੰਦਾ ਵੀ ਆਪੇ ਲੱਭ ਕੇ ਦੇਣਗੇ।"

"ਪੁਆਇੰਟ ਬਣਨ ਜਾਂ ਨਾ ਬਣਨ ਦੀ ਤਾਂ ਗੱਲ਼ ਈ ਨਹੀਂ-ਜਦੋਂ ਜਾਣਾ ਈ ਨਹੀਂ ਬਾਹਰ।"

'ਜਿਹੜੇ ਲੋਕ ਡਾਰਾਂ ਬੰਨ੍ਹ-ਬੰਨ੍ਹ ਤੁਰੇ ਜਾਂਦੇ-ਪਾਗਲ ਈ ਨੇ ਸਾਰੇ? ਆਪਾਂ ਈ ਸਿਆਣੇ ਹੋਗੇ ਸਾਰਿਆਂ ਤੋਂ?" ਐਨੇ ਤਿੱਖੇ ਬੋਲ ਹਰਜੀਤ ਦੇ ਮੂੰਹੋਂ ਪਹਿਲੀ ਵਾਰ ਸੁਣੇ ਸਨ। ਮੈਨੂੰ ਝਟਕਾ ਲੱਗਾ

ਸੀ। ਮੈਂ ਮਹਿਸੂਸ ਕੀਤਾ, ਟੋਰਾਂਟੋ ਦੀਆਂ ਸੜਕਾਂ ਅਤੇ ਘਰਾਂ ਵਿਚਲਾ ਬਰਫ਼ ਦਾ ਗਲੇਸ਼ੀਅਰ ਸਾਡੇ ਘਰ ਵੱਲ ਸਰਕ ਆਇਆ ਸੀ।

ਹੁਣ ਉਹ ਹਰ ਦਿਨ ਸੌਣ ਵੇਲੇ ਬਾਹਰ ਚਲੇ ਚੱਲਣ ਦਾ ਰਾਗ ਅਲਾਪਣ ਲੱਗੀ, "ਮੈਂ ਤਾਂ ਇਉਂ ਸੋਚਦੀ ਸੀ, ਮੈਂ ਤਾਂ ਇਉਂ ਸੋਚਿਆ ਸੀ।" ਸਾਡਾ ਕਮਰਾ ਤਣਾਅ ਨਾਲ ਭਰਿਆ ਰਹਿੰਦਾ। ਉਸ ਦੀਆਂ ਪੰਜੇਬਾਂ ਦੀ ਛਣ-ਛਣ ਵਿਚੋਂ ਗੁੱਸਾ ਸਾਫ ਸੁਣਾਈ ਦਿੰਦਾ।

'ਹਰਜੀਤ ਵੇਖ ਵਿਖਾਈ ਵੇਲੇ ਆਪਾਂ ਕਿੰਨਾ ਸਮਾਂ ਇਕੱਲੇ ਬੈਠੇ ਰਹੇ, ਤੈਨੂੰ ਇਹ ਗੱਲ ਉਸੇ ਦਿਨ ਸਾਂਝੀ ਕਰ ਲੈਣੀ ਚਾਹੀਦੀ ਸੀ। ਮੈਂ ਉਦੋਂ ਵੀ ਇਹੀ ਕਹਿਣਾ ਸੀ ਜੋ ਅੱਜ ਕਹਿ ਰਿਹਾਂ। ਫਿਰ ਤੂੰ ਆਪਣੇ ਹਿਸਾਬ ਨਾਲ ਨਿਰਣਾ ਲੈ ਸਕਦੀ ਸੀ।"

"ਨਾ ਮੈਨੂੰ ਇਹ ਤਾਂ ਦੱਸੋ, ਬਾਹਰ ਜਾਣ 'ਚ ਦਿੱਕਤ ਕੀ ਹੈ ? ਕੋਈ ਨੁਕਸਾਨ ਹੈ?"

"ਨਾ ਕੋਈ ਦਿੱਕਤ ਹੈ ਤੇ ਨਾ ਹੀ ਕੋਈ ਨੁਕਸਾਨ। ਹਾਂ ਮੈਨੂੰ ਨਫ਼ਾ ਕੋਈ ਨਹੀਂ ਜਾਪਦਾ। ਜੋਤ! ਕੁੱਝ ਕੁ ਲੋਕ ਬਾਹਰ ਜਾ ਰਹੇ ਨੇ, ਬਹੁਤੇ ਤਾਂ ਏਥੇ ਹੀ ਨੇ ਤੇ ਉਨ੍ਹਾਂ ਏਥੇ ਹੀ ਰਹਿਣਾ। ਤੂੰ ਮੈਨੂੰ ਉਨ੍ਹਾਂ ਬਹੁਤੇ ਲੋਕਾਂ 'ਚ ਸ਼ੁਮਾਰ ਕਰ ਸਕਦੀ ਏਂ। ਵੱਡੀ ਗੱਲ ਤਾਂ ਇਹ ਕਿ ਮੈਂ ਬੀਬੀ ਤੇ ਬਾਈ ਨੂੰ ਛੱਡ ਕੇ ਕਿਧਰੇ ਨਹੀਂ ਜਾਣਾ।"

"ਇੱਕੋ ਜ਼ਿੱਦ ਫੜੀ ਤੁਸੀਂ ਤਾਂ। ਇਨਸਾਨ ਆਪਣੇ ਪਰਿਵਾਰ ਦੀ ਖੁਸ਼ੀ ਲਈ ਕੀ ਨਹੀਂ ਕਰਦਾ? ਇਨਸਾਨ ਨੂੰ ਬਹੁਤ ਕੁੱਝ ਦਾ ਸੈਕਰੀਫਾਈਸ ਕਰਨਾ ਪੈਂਦਾ। ਕੱਲ੍ਹ ਨੂੰ ਬੱਚੇ ਹੋਣਗੇ, ਉਨ੍ਹਾਂ ਦਾ ਫਿਊਚਰ ਤਾਂ ਸੇਫ ਹੋਵੇਗਾ। ਓਥੋਂ ਦੀਆਂ ਤੇ ਏਥੋਂ ਦੀਆਂ ਸਹੂਲਤਾਂ ਨੂੰ ਕੰਪੇਅਰ ਕਰ ਕੇ ਤਾਂ ਦੇਖੋ। ਅਮਰ! ਇੰਡੀਆ ਦਾ ਅੰਬਰ ਬਹੁਤ ਨਿੱਕਾ ਹੈ, ਏਥੇ ਆਪਣੀ ਉਡਾਰੀ ਵੀ ਨਿੱਕੀ ਹੀ ਹੋਵੇਗੀ। ਕੈਨੇਡਾ ਦਾ ਅੰਬਰ ਬਹੁਤ ਵੱਡਾ ਹੈ- ਆਪਣੀ ਉਡਾਰੀ ਵੀ ਵੱਡੀ ਹੋਵੇਗੀ। ਤਾਂ ਹੀ ਤਾਂ ਦੀਦੀ-ਜੀਜੂ ਵਾਰ ਵਾਰ ਜ਼ੋਰ ਪਾ ਰਹੇ-ਉਨ੍ਹਾਂ ਨੂੰ ਕੀ ਬੈਨੀਫਿਟ? ਆਪਣੇ ਭਲੇ ਲਈ ਹੀ ਤਾਂ ਕਹਿੰਦੇ। ਤੁਸੀਂ ਸਮਝਦੇ ਕਿਉਂ ਨਹੀਂ?" ਹਰਜੀਤ ਦੀਆਂ ਗੱਲ਼ਾਂ ਸੁਣ ਕੇ ਮੇਰਾ ਸਿਰ ਫਟਣ ਲੱਗਦਾ। ਉਹ ਦਿਨ 'ਚ ਪਤਾ ਨਹੀਂ ਕਿੰਨੀ ਵਾਰ ਦੀਦੀ-ਦੀਦੀ, ਜੀਜੂ-ਜੀਜੂ ਦਾ ਪਾਠ ਕਰਦੀ। ਮੈਂ ਚੁੱਪ-ਚਾਪ ਬਾਹਰ ਨਿਕਲ ਜਾਂਦਾ।

ਟੋਰਾਂਟੋ ਦੀਆਂ ਸੜਕਾਂ ਵਾਲੀ ਬਰਫ਼ ਹੁਣ ਸਾਡੇ ਰਿਸ਼ਤਿਆਂ 'ਚ ਜੰਮ ਗਈ ਸੀ। ਇਹ ਗਲੇਸ਼ੀਅਰ ਦਿਨੋ-ਦਿਨ ਸੰਘਣਾ ਹੋਈ ਜਾਂਦਾ ਸੀ। ਇਸ ਗਲੇਸ਼ੀਅਰ ਉਪਰੋਂ ਦੀ ਲੰਘ ਕੇ ਜਾਣ ਵਾਲੀ ਠੰਡੀ ਹਵਾ ਬੀਬੀ ਤੇ ਬਾਈ ਕੋਲ ਵੀ ਚਲੀ ਗਈ। ਉਨ੍ਹਾਂ ਦੇ ਮੱਥਿਆਂ ਉੱਪਰ ਚਿੰਤਾਦੀਆਂ ਲਕੀਰਾਂ ਉਭਰ ਆਈਆਂ। ਬੀਬੀ ਹਰਜੀਤ ਦੇ ਵਿਹੜੇ 'ਚ ਫਿਰਦਿਆਂ ਆਖਦੀ, "ਸਾਡੇ ਵਿਹੜੇ 'ਚ ਤਾਂ ਚੰਨ ਰਾਤ ਬਰਾਤੇ ਪੌੜੀਆਂ ਲਾ ਕੇ ਉੱਤਰ ਆਇਆ।" ਹੁਣ ਉਹ ਉਦਾਸ ਉਦਾਸ ਰਹਿਣ ਲੱਗੀ। ਉਸਨੂੰ ਵਿਹੜੇ 'ਚ ਉਤਰਦੀ ਆਉਂਦੀ ਮੱਸਿਆ ਦੀ ਕਨਸੋਅ ਸੁਣਾਈ ਦੇਣ ਲੱਗੀ।

"ਪੁੱਤ ਜ਼ਿੰਦਗੀ ਤੁਸਾਂ ਦੋਵਾਂ ਨੇ ਕੱਢਣੀ ਐ। ਅਸੀਂ ਤਾਂ ਕੱਚੇ ਘੜੇ ਦਾ ਪਾਣੀ ਆਂ। ਕਿੰਨਾ ਕੁ ਚਿਰ ਰਹਾਂਗੇ? ਪੁੱਤ ਅਮਰ, ਬਹੂ ਜਿਮੇ ਕਹਿੰਦੀ ਓਮੇ ਜਿਮੇ ਕਰਲਾ।" ਮੈਨੂੰ ਸਮਝਾਉਂਦਿਆਂ ਬੀਬੀ ਨੇ ਲੰਮਾ ਹਾਉਕਾ ਖਿੱਚ ਲਿਆ ਸੀ।

ਬੀਬੀ ਨੇ ਹੀ ਨਹੀਂ ਬਾਈ ਨੇ ਵੀ ਮੈਨੂੰ ਸਮਝਾਉਣ ਲਈ ਆਪਣੀ ਵਾਹ ਲਾ ਲਈ। ਮੇਰੀ ਨਾਂਹ ਤੋਂ ਤੰਗ ਆ ਆਖਰ ਇੱਕ ਦਿਨ ਉਸਨੇ ਹਰਜੀਤ ਅੱਗੇ ਹੱਥ ਜੋੜ ਦਿੱਤੇ ਸਨ।

"ਜੀਤਿਆ ਸ਼ੇਰਾ! ਇਹ ਤਾਂ ਪਹਿਲੇ ਦਿਨੋਂ ਈ ਹਿੰਡੀ ਐ, ਮੇਰਾ ਪੁੱਤ ਤੂੰ ਈ ਜ਼ਿੱਦ ਛੱਡਦੇ। ਦੇਖ, ਤੇਰੀ ਕੋਈ ਦਰਾਣੀ ਨ੍ਹੀ ਜੇਠਾਣੀ ਨ੍ਹੀ। ਏਥੋਂ ਵਾਲਾ ਸਾਰਾ ਕੁਛ ਥੋਡਾ ਈ ਤਾਂ ਹੈਗਾ। ਥੋਡੇ ਦੋਵਾਂ ਤੋਂ ਨ੍ਹੀ ਮੁੱਕਦਾ। ਫੇਰ ਅਮਰ ਦੀ ਨੌਕਰੀ ਵੀ ਹੈਗੀ। ਜੇ ਕਰਨੀ ਚਾਹੇਂ, ਤੈਨੂੰ ਵੀ ਮਿਲ ਸਕਦੀ। ਫੇ-ਕਾਹਤੋਂ ਐਮੇ ਟੈਸ਼ਨ ਪਾਉਣੀ। ਜ਼ਿੱਦ ਛੱਡ ਦੇ ਮੇਰਾ ਸ਼ੇਰ।"

ਬਾਈ ਦੇ ਜੁੜੇ ਹੱਥ ਵੇਖ ਮੈਨੂੰ ਉਸ 'ਤੇ ਗੁੱਸਾ ਵੀ ਆਇਆ ਤੇ ਤਰਸ ਵੀ। ਉਸ ਤੋਂ ਕਈ ਗੁਣਾਂ ਵੱਧ ਗੁੱਸਾ ਹਰਜੀਤ 'ਤੇ ਆਇਆ ਜਿਸਨੇ ਬਾਈ ਦੇ ਜੁੜੇ ਹੱਥਾਂ ਵੱਲ ਅੱਖ ਚੁੱਕ ਕੇ ਵੀ ਨਾ ਵੇਖਿਆ ਤੇ ਮੱਥੇ ਉਤਲੇ ਵੱਟ ਸੰਘਣੇ ਕਰਦਿਆਂ ਅੰਦਰ ਜਾ ਵੜੀ ਸੀ। ਬਾਈ ਕਿੰਨਾ ਚਿਰ ਹੱਥ ਬੰਨ੍ਹੀਂ ਉਵੇਂ ਦਾ ਉਵੇਂ ਖੜਾ ਰਿਹਾ ਸੀ।

ਮੇਰੇ ਤੇ ਹਰਜੀਤ ਵਿਚਕਾਰ ਠੰਢੀ ਜੰਗ ਚੱਲਣ ਲੱਗੀ ਸੀ ਤੇ ਇਸ ਜੰਗ 'ਚ ਬੀਬੀ ਤੇ ਬਾਈ ਖਾਹ-ਮਖਾਹ ਦਰੜੇ ਜਾ ਰਹੇ ਸਨ।

"ਐਮਰ !" ਜੈਸਿਕਾ ਨੇ ਆਪਣੇ ਹੱਥਾਂ ਨਾਲ ਮੇਰਾ ਮੂੰਹ ਆਪਣੇ ਵੱਲ ਘੁਮਾਇਆ ਤੇ ਮੈਨੂੰ ਯਾਦਾਂ 'ਚੋਂ ਧੂਹ ਕੇ ਵਾਪਸ ਕਮਰੇ 'ਚ ਲੈ ਆਂਦਾ। ਮੱਥੇ 'ਤੇ ਹਲਕਾ ਜਿਹਾ ਚੁੰਮਣ ਲਿਆ ਤੇ ਬਾਂਹ ਦੀ ਕਰਿੰਘੜੀ ਪਾ ਕੇ ਬੈੱਡ 'ਤੇ ਲਿਆ ਬਹਾਇਆ। ਆਪਣੇ ਹੈਂਕੀ ਨਾਲ ਪੋਲਾ-ਪੋਲਾ ਮੇਰੇ ਚਿਹਰੇ ਨੂੰ ਸਾਫ ਕਰਨ ਲੱਗੀ। ਮੈਨੂੰ ਲੱਗਾ ਜਿਵੇਂ ਮੇਰੀ ਉਦਾਸੀ ਪੂੰਝ ਕੇ ਦੂਰ ਸੁੱਟ ਦੇਣਾ ਚਾਹੁੰਦੀ ਹੋਵੇ।

"ਫੈਮਲੀ ਯਾਦ ਆ ਰਹੀ ਹੈ?" ਜੈਸਿਕਾ ਨੇ ਮੇਰਾ ਚਿਹਰਾ ਦੋਵਾਂ ਹੱਥਾਂ 'ਚ ਲੈ ਕੇ ਘੁੱਟਿਆ।

"ਊਂ—ਹੂੰ!" ਮੈਂ ਉਸਦੇ ਦੋਵੇਂ ਹੱਥ ਪਾਸੇ ਕਰ ਮੂੰਹ ਦੂਜੇ ਪਾਸੇ ਘੁਮਾਇਆ ਤੇ ਬੜੀ ਸਫਾਈ ਨਾਲ ਅੱਖਾਂ 'ਚ ਉੱਤਰ ਆਈ ਨਮੀ ਨੂੰ ਛੁਪਾ ਲਿਆ।

"ਕਦੇ ਕਦੇ ਮੈਂ ਵੀ ਆਪਣੀ ਫੈਮਲੀ ਨੂੰ ਬੜਾ ਮਿਸ ਕਰਦੀ ਹਾਂ।" ਉਹ ਕੁੱਝ ਚਿਰ ਚੁੱਪ ਰਹੀ ਤੇ ਫੇਰ ਆਪ ਹੀ ਆਪਣੇ ਪਰਿਵਾਰ ਬਾਰੇ ਦੱਸਣ ਲੱਗੀ, "ਮਾਂ-ਬਾਪ, ਛੋਟੇ ਭੈਣ ਭਰਾਵਾਂ ਤੇ ਆਪਣਿਆਂ ਨੂੰ ਮਿਸ ਕਰਦੀ ਹਾਂ। ਉਨ੍ਹਾਂ ਨਾਲ ਬਿਤਾਏ ਦਿਨ ਯਾਦ ਕਰਦੀ ਹਾਂ ਤਾਂ ਬਹੁਤ ਉਦਾਸ ਹੋ ਜਾਂਦੀ ਹਾਂ। ਮੈਨੂੰ ਲੱਗਦਾ ਤੁਸੀਂ ਵੀ ਆਪਣੀ ਗਰਲ ਫਰੈਂਡ ਨਾਲ ਬਿਤਾਏ ਦਿਨ ਯਾਦ ਕਰ ਕੇ ਉਦਾਸ ਹੋ ਰਹੇ ਹੋਵੋਂਗੇ। ਰਾਈਟ? ਕਿ ਵਾਈਫ ਨੂੰ ਮਿਸ ਕਰ ਰਹੇ ਓਂ?" ਜੈਸਿਕਾ ਦੀ ਟੁੱਟੀ ਫੁੱਟੀ ਅੰਗਰੇਜ਼ੀ ਉਸਦੇ ਜਜ਼ਬਾਤ ਮੇਰੇ ਤੱਕ ਪੁੱਜਦੇ ਕਰਨ ਲਈ ਕਾਫੀ ਹੈ।

ਮੈਂ ਕਾਹਲੀ ਨਾਲ ਸਿਰ ਘੁਮਾ ਕੇ ਜੈਸਿਕਾ ਵੱਲ ਵੇਖਿਆ। ਥਾਈਲੈਂਡ ਦੀਆਂ ਲੱਖਾਂ ਸੈਕਸ ਵਰਕਰਾਂ ਬਾਰੇ ਸੋਚਦਿਆਂ, "ਇਨ੍ਹਾਂ ਦਾ ਵੀ ਪਰਿਵਾਰ ਹੁੰਦਾ ਹੈ?" ਦੇ ਸਵਾਲ ਨੇ ਮੇਰਾ ਜ਼ਿਹਨ ਮੱਲ ਲਿਆ। ਜੈਸਿਕਾ ਨੇ ਮੇਰੇ ਅੰਦਰ ਮਚਲਦੇ ਸਵਾਲ ਨੂੰ ਪੜ੍ਹ ਲਿਆ।

"ਮੇਰੇ ਪਰਿਵਾਰ ਬਾਰੇ ਸੁਣ ਕੇ ਸੋਚਾਂ 'ਚ ਪੈ ਗਿਐਂ? ਬਹੁਤੇ ਲੋਕ ਇਹੀ ਸੋਚਦੇ ਨੇ। ਬਹੁਤੇ ਕੀ ਏਥੇ ਆਉਣ ਵਾਲੇ ਸਾਰੇ ਲੋਕ ਇਹੀ ਸੋਚਦੇ ਨੇ ਜਾਂ ਕਹਿ ਲਵੋ ਸੋਚ ਸਕਦੇ ਨੇ। ਤੇਰਾ ਇੰਜ ਸੋਚਣਾ ਵੀ ਸੁਭਾਵਿਕ ਹੀ ਹੈ।"

ਇਨ੍ਹਾਂ ਨੂੰ ਵੀ ਤਾਂ ਕਿਸੇ ਮਾਵਾਂ ਨੇ ਹੀ ਜਨਮ ਦਿੱਤਾ ਹੈ।" ਮੈਨੂੰ ਆਪਣੀ ਸੋਚ 'ਤੇ ਗਿਲਾਨੀ ਆਈ।

"ਮੇਰੇ ਮਾਤਾ-ਪਿਤਾ ਤੇ ਭੈਣ-ਭਰਾ ਦੂਰ ਦਰਾਜ ਦੇ ਇੱਕ ਪਿੰਡ 'ਚ ਰਹਿੰਦੇ ਨੇ। ਜ਼ਿੰਦਗੀ 'ਚ ਉਨ੍ਹਾਂ ਨੇ ਬੜੇ ਦੁੱਖ ਦੇਖੇ ਨੇ। ਬੜੇ ਹੀ ਔਖੇ ਦਿਨ। ਭਾਵੇਂ ਕੁੱਝ ਕੁ ਚੰਗੀ ਰੋਟੀ ਜੁੜਨ ਲੱਗੀ ਹੈ ਪਰ ਅਜੇ ਵੀ ਬਹੁਤ ਗਰੀਬ ਨੇ। ਮੈਂ ਉਨ੍ਹਾਂ ਨਾਲ ਵਧੀਆ ਘਰ ਬਣਾ ਕੇ ਦੇਣ ਦਾ ਵਾਅਦਾ ਕੀਤਾ ਸੀ, ਜੋ ਪੂਰਾ ਕਰ ਦਿੱਤਾ ਹੈ। ਬਾਪ ਕੋਲ ਥੋੜੀ ਜਿਹੀ ਜ਼ਮੀਨ ਸੀ, ਮੈਂ ਹੋਰ ਜ਼ਮੀਨ ਲੈ ਕੇ ਦੇ ਦਿੱਤੀ ਹੈ। ਹੁਣ ਉਹ ਉਥੇ ਰਬੜ ਦੇ ਰੁੱਖ ਪੈਦਾ ਕਰ ਸਕਣਗੇ। ਮੈਂ ਭੈਣ ਭਰਾ ਦੀ ਪੜ੍ਹਾਈ ਦਾ ਖਰਚਾ ਵੀ ਚੁੱਕਦੀ ਰਹੀ ਹਾਂ। ਦੋਵਾਂ ਨੇ ਇਸੇ ਸਾਲ ਕਾਲਜ ਪਾਸ ਕੀਤਾ ਹੈ। ਹੁਣ ਉਹ ਆਪਣੇ ਕਿਸੇ ਰੋਜ਼ਗਾਰ 'ਤੇ ਹੋ ਜਾਣਗੇ। ਮੇਰੇ 'ਤੇ ਬੋਝ ਉੱਕਾ ਘਟ ਜਾਵੇਗਾ। ਅਸੀਂ ਹੁਣ ਪੇਰੈਂਟਸ ਨੂੰ ਖੁਸ਼ ਰੱਖ ਸਕਾਂਗੇ। ਠੀਕ ਕੀਤਾ ਮੈਂ?"

'ਬਿਲਕੁਲ ਠੀਕ ਕੀਤਾ ਤੂੰ! ਪੇਰੈਂਟਸ ਨੂੰ ਖੁਸ਼ ਰੱਖਣਾ ਭਲਾ ਕਿਵੇਂ ਗ਼ਲ਼ਤ ਹੋ ਸਕਦਾ?"

ਮੇਰਾ ਹਾਂ-ਪੱਖੀ ਹੁੰਗਾਰਾ ਸੁਣ ਕੇ ਉਹ ਬਾਗੋਬਾਗ ਹੋ ਗਈ। ਆਪਣੇ ਖੁੱਲ੍ਹੇ ਵਾਲ਼ਾਂ ਨੂੰ ਝਟਕਾ ਮਾਰ ਕੇ ਪਿੱਛੇ ਨੂੰ ਕੀਤਾ। ਵਾਲ਼ਾਂ 'ਚੋਂ ਅਜੀਬ ਜਿਹੀ ਮਹਿਕ ਨਿਕਲ ਕੇ ਸਾਰੇ ਕਮਰੇ 'ਚ ਫੈਲ਼ ਗਈ। ਜੈਸਿਕਾ ਦੇ ਕੁੰਡਲਦਾਰ ਵਾਲ਼ ਵੇਖ ਕੇ ਹਰਜੀਤ ਦੇ ਘਣੇ ਕਾਲੇ ਵਾਲ਼ ਯਾਦ ਆਏ। ਉਸ ਦੇ ਵਾਲ਼ ਮੋਢਿਆਂ ਤੋਂ ਥੱਲੇ ਤੱਕ ਆਉਂਦੇ ਸਨ। ਉਹ ਨਹਾਉਣ ਤੋਂ ਬਾਅਦ ਵਾਲ਼ ਖੁੱਲ੍ਹੇ ਛੱਡ ਕੇ ਤੁਰਦੀ ਤਾਂ ਜਾਪਦਾ ਜਿਵੇਂ ਸੈਂਕੜੇ ਕਾਲੇ ਨਾਗ ਫੰਨ ਖਿਲਾਰੀ ਖੜ੍ਹੇ ਹੋਣ। ਹਵਾ ਨਾਲ ਉੱਡਦੇ ਵਾਲ਼ ਅਸਮਾਨ 'ਚ ਡਾਰਾਂ ਬੰਨ੍ਹ ਉੱਡਦੀਆਂ ਜਾਂਦੀਆਂ ਕੂੰਜਾਂ ਦਾ ਭੁਲੇਖਾ ਪਾਉਂਦੇ। ਹਰਜੀਤ ਬਿੰਦੇ ਝੱਟੇ ਝਟਕਾ ਮਾਰ ਕੇ ਵਾਲ਼ਾਂ ਨੂੰ ਸੱਜੇ ਖੱਬੇ ਕਰਦੀ ਕਤਲ ਕਰਨ ਤੱਕ ਚਲੀ ਜਾਂਦੀ। ਮੈਂ ਗਹੁ ਨਾਲ ਉਸ ਵੱਲ ਵੇਖੀ ਜਾਂਦਾ। ਉਹ ਸ਼ਰਮਾ ਜਾਂਦੀ।

"ਹੁਣ ਬੱਸ ਵੀ ਕਰੋ—ਟਿਕਟਿਕੀ ਲਾ ਕੇ ਵੇਖੀ ਜਾਨੇ ਓਂ। ਜਵਾਂ ਪਾਗਲ ਲੱਗਦੇ ਓਂ!"

"ਲੱਗਦਾ ਕਾਹਨੂੰ, ਹੋ ਗਿਆ ਹਾਂ। ਸੱਚੀਮੁੱਚੀ ਦਾ ਪਾਗਲ। ਤੇਰੇ ਰੂਪ ਨੇ ਕਰਤਾ।"

"ਤੁਸੀਂ ਮੈਨੂੰ ਨਜ਼ਰ ਲਾ ਦੇਣੀ ਆ। ਸਿਆਣੇ ਕਹਿੰਦੇ, ਆਵਦਿਆਂ ਦੀ ਨਜ਼ਰ ਛੇਤੀ ਲੱਗਦੀ ਹੁੰਦੀ ਐ।"

"ਮੇਰੀ ਨ੍ਹੀਂ ਲੱਗਦੀ, ਮੈਂ ਨਜ਼ਰਵੱਟੂ ਆਂ।" ਮੇਰੀ ਗੱਲ਼ 'ਤੇ ਉਹ ਜ਼ੋਰ ਜ਼ੋਰ ਨਾਲ ਹੱਸਣ ਲੱਗਦੀ।

ਸੱਚਮੁੱਚ ਹਰਜੀਤ ਨੂੰ ਮੇਰੀ ਨਜ਼ਰ ਲੱਗ ਗਈ ਸੀ। ਜਦੋਂ ਦੇ ਜੈਸਮੀਨ ਹੁਰੀਂ ਹੋ ਕੇ ਗਏ ਸਨ, ਉਹ ਉੱਕਾ ਹੀ ਬਦਲ ਗਈ ਸੀ। ਹੁਣ ਉਹ ਵਾਲ਼ ਖੁੱਲ੍ਹੇ ਛੱਡ ਕੇ ਝਟਕੇ ਨਾ ਮਾਰਦੀ। ਉਸਦੇ ਵਾਲ਼ਾਂ ਦੇ ਨਾਗ ਡੰਗਣੋਂ ਹਟ ਗਏ। ਕੂੰਜਾਂ ਹੁਣ ਅਸਮਾਨੀਂ ਨਹੀਂ ਸਨ ਉੱਡਦੀਆਂ।

"ਦੀਦੀ ਤੇ ਜੀਜੂ ਹਰ ਤਰ੍ਹਾਂ ਆਪਣੀ ਮੱਦਦ ਕਰਨੀ ਚਾਹੁੰਦੇ। ਜੇ ਤੁਸੀਂ ਆਈਲੈੱਟਸ ਨਹੀਂ ਕਰਨੀ ਤਾਂ ਦੀਦੀ ਨੇ—ਸੁਜੈਸਟ ਕੀਤਾ।" ਹਰਜੀਤ ਨੇ ਨਵੀਂ ਤਜਵੀਜ਼ ਪੇਸ਼ ਕਰਨ ਲਈ ਭੂਮਿਕਾ ਬੰਨ੍ਹੀ। ਕਿਸੇ ਬੁਰੀ ਖ਼ਬਰ ਦਾ ਕਿਆਸ ਕਰਦਿਆਂ ਮੇਰਾ ਦਿਲ ਜ਼ੋਰ ਨਾਲ ਧਕ-ਧਕ ਕਰਨ ਲੱਗਾ।

"ਜੈਸਮੀਨ ਦੀਦੀ ਆਪਣੇ ਦਿਓਰ ਗੈਰੀ ਨਾਲ ਮੈਨੂੰ ਬਾਹਰ ਕੱਢ ਲੈਣਗੇ। ਉਨ੍ਹਾਂ ਨੇ ਗੈਰੀ ਨੂੰ ਮਨਾ ਲਿਆ ਹੈ।" ਮੈਂ ਹੜਬੜਾ ਕੇ ਸਿਰ ਉੱਪਰ ਚੁੱਕਿਆ ਸੀ।

"ਜੈਸ ਦੀਦੀ ਕਹਿੰਦੇ—ਗੈਰੀ ਦੀ ਮੇਰੇ ਨਾਲ ਪੇਪਰ ਮੈਰਿਜ ਕਰ ਕੇ ਮੈਨੂੰ ਬਾਹਰ ਕੱਢ ਲੈਣਗੇ।" ਹਰਜੀਤ ਦੀ ਗੱਲ਼ ਸੁਣ ਕੇ ਮਣਾ ਮੂੰਹੀਂ ਭਾਰਾ ਪੱਥਰ ਮੇਰੇ ਸਿਰ 'ਤੇ ਆ ਡਿੱਗਿਆ ਸੀ। ਮੈਂ ਆਵਾਕ ਖੜਾ ਹਰਜੀਤ ਦੇ ਮੂੰਹ ਵੱਲ ਵੇਖਦਾ ਰਹਿ ਗਿਆ।

"ਪਹਿਲਾਂ ਸਾਨੂੰ ਦੋਵਾਂ ਨੂੰ ਲੀਗਲੀ ਡਾਈਵੋਰਸ ਲੈਣਾ ਪਊ। ਡਾਈਵੋਰਸ ਤੋਂ ਬਾਅਦ ਹੀ ਮੇਰੀ ਗੈਰੀ ਨਾਲ ਪੇਪਰ ਮੈਰਿਜ ਹੋ ਸਕੇਗੀ। ਬਾਹਰ ਜਾ ਕੇ ਮੈਂ ਗੈਰੀ ਨੂੰ ਤਲਾਕ ਦੇ ਦਿਆਂਗੀ। ਅਸੀਂ ਰੀਮੈਰਿਜ ਕਰ ਲਵਾਂਗੇ ਤੇ ਤੁਹਾਨੂੰ ਬਾਹਰ ਕੱਢਣ ਲਈ ਪੇਪਰ ਲਾ ਦੇਵਾਂਗੀ। ਦੇਟਸ ਈਜ਼ੀ ਵੇਅ-ਕੋਈ ਰਿਸਕ ਵੀ ਨਹੀਂ। ਥੈਂਕ ਗੌਡ! ਦੀਦੀ ਜੈਸ ਤੇ ਜੀਜੂ ਦੋਵੇਂ ਬੜੇ ਨਾਈਸ ਨੇ। ਆਪਣੇ ਲਈ ਬੜਾ ਸੈਕਰੀਫਾਈਸ ਕਰ ਰਹੇ।" ਹਰਜੀਤ ਦੀਦੀ-ਜੀਜੂ ਦਾ ਰਾਗ ਅਲਾਪੀ ਜਾਂਦੀ ਸੀ ਪਰ ਮੈਨੂੰ ਤਾਂ ਕੁੱਝ ਵੀ ਸੁਣਾਈ ਨਹੀਂ ਸੀ ਦਿੰਦਾ।

"ਅਮਰ! ਇਹ ਸਾਰਾ ਕੁੱਝ ਮਹਿਜ਼ ਪੇਪਰ ਵਰਕ ਹੀ ਹੋਵੇਗਾ। ਡਾਈਵੋਰਸ, ਮੈਰਿਜ—ਡਾਈਵੋਰਸ, ਅਗੇਨ ਮੈਰਿਜ। ਲੋਕ ਇੰਜ ਹੀ ਤਾਂ ਕਰਦੇ ਨੇ। ਦੀਦੀ ਜੈਸ ਕਹਿੰਦੇ ਕਈ ਇੰਡੀਅਨਜ਼ ਨੇ ਤਾਂ ਪੰਜ ਪੰਜ ਮੈਰਿਜਜ਼ ਕਰਵਾਈਆਂ।"

ਹਰਜੀਤ ਨੂੰ ਕੀ ਜਵਾਬ ਦਿੰਦਾ? ਜੇ ਬਾਹਰ ਹੀ ਜਾਣਾ ਹੁੰਦਾ, ਆਈਲੈੱਟਸ ਕਰਨੀ ਮੇਰੇ ਲਈ ਕੀ ਔਖਾ ਕੰਮ ਸੀ? ਮੈਂ ਸਮਝ ਗਿਆ ਕਿ ਹਰਜੀਤ ਆਪਣੇ ਵਲੋਂ ਫੈਸਲਾ ਕਰੀ ਬੈਠੀ। ਉਸ ਦਾ ਵਾਪਸ ਮੁੜਨਾ ਔਖਾ। ਉਸ ਨੂੰ ਵਾਪਸ ਮੁੜਨ ਬਾਰੇ ਆਖਣਾ ਹੁਣ ਦਰੁਸਤ ਵੀ ਨਹੀਂ। ਹਰਜੀਤ ਵਲੋਂ ਅੱਧੀ-ਅੱਧੀ ਰਾਤ ਤੱਕ ਫੋਨ 'ਤੇ ਚੈਟਿੰਗ ਕਰਨ ਨੂੰ ਮੈਂ ਕਦੇ ਗੰਭੀਰਤਾ ਨਾਲ ਨਹੀਂ ਸੀ ਲਿਆ। ਗੱਲ ਹੁਣ ਸਾਫ ਹੋ ਗਈ ਸੀ-ਹਰਜੀਤ ਲਗਾਤਾਰ ਗੈਰੀ ਦੇ ਸੰਪਰਕ 'ਚ ਸੀ।

"ਤੂੰ ਕੁੱਝ ਵੀ ਕਰਨ ਲਈ ਆਜ਼ਾਦ ਏਂ ਹਰਜੀਤ! ਮੈਂ ਬਲੈਂਕ ਪੇਪਰ 'ਤੇ ਸਾਈਨ ਕਰ ਦਿੰਦਾ ਹਾਂ-ਜਿੱਥੇ ਚਾਹੇਂ ਵਰਤ ਲਵੀਂ। ਕੋਰਟ ਕਚਹਿਰੀ ਜਿੱਥੇ ਵੀ ਮੇਰੇ ਤੋਂ ਕੁੱਝ ਲਿਖਣ-ਲਿਖਵਾਉਣ ਦੀ ਲੋੜ ਹੋਵੇ, ਦੱਸ ਦੇਣਾ। ਮੈਂ ਤੇਰੇ ਨਾਲ ਚੱਲੇ ਚੱਲਾਂਗਾ। ਬੜੀ ਖੁਸ਼ੀ ਦੀ ਗੱਲ਼ ਹੈ ਕਿ ਤੂੰ ਫੈਸਲਾ ਕਰ ਲਿਆ ਹੈ। ਤੈਨੂੰ ਆਪਣੇ ਸੁਪਨੇ ਪੂਰੇ ਕਰਨੇ ਚਾਹੀਦੇ। ਕੈਨੇਡਾ ਦਾ ਅੰਬਰ ਬੜਾ ਵੱਡਾ ਹੈ, ਤੂੰ ਉਸ ਅੰਬਰ 'ਤੇ ਬੜੀ ਵੱਡੀ ਉਡਾਰੀ ਭਰ ਸਕੇਂਗੀ। ਮੇਰਾ ਫਿਕਰ ਨਾ ਕਰੀਂ—ਮੇਰੀ ਉਡਾਣ ਬੜੀ ਨਿੱਕੀ ਹੈ। ਮੈਂ ਇੰਡੀਆ ਦੇ ਨਿੱਕੇ ਅੰਬਰ ਨਾਲ ਹੀ ਠੀਕ ਰਹਾਂਗਾ। ਮੈਂ ਇਸ ਨਾਲ ਹੀ ਖੁਸ਼ ਹਾਂ।" ਮੈਂ ਹਰਜੀਤ ਵਲੋਂ ਪੇਸ਼ ਕੀਤੀ ਤਜਵੀਜ਼ 'ਚ ਰੰਗ ਭਰ ਦਿੱਤੇ ਸਨ।

ਹਰਜੀਤ ਖੁਸ਼ ਸੀ। ਮੈਂ ਵੀ ਖੁਸ਼ ਹੋਣ ਦਾ ਵਿਖਾਵਾ ਕਰ ਰਿਹਾ ਸਾਂ। ਬੀਬੀ ਤੇ ਬਾਈ ਨੂੰ ਪਤਾ ਲੱਗਾ ਤਾਂ ਉਨ੍ਹਾਂ ਦੇ ਸਿਰ ਉਤਲੀ ਛੱਤ ਹਿੱਲ ਗਈ।

"ਨਿਆਣਮੱਤੀਆਂ ਕਰਦੇ ਓਂ ਤੁਸੀਂ! ਦੋਵੇਂ ਜ਼ਿੱਦ ਫੜ ਕੇ ਬਹਿਗੇ। ਆਏਂ ਕਿਮੇ ਹੋਜੂ? ਵਿਆਹ-ਤਲਾਕ, ਕੋਈ ਗੁੱਡੇ ਗੁੱਡੀ ਦਾ ਖੇਲ ਆ?" ਬੀਬੀ ਬਾਈ ਨੇ ਆਵਦੇ ਵਲੋਂ ਸਮਝਾਉਣ ਦੀ ਵਾਹ ਲਾਉਣ ਤੋਂ ਬਾਅਦ ਸਮਝ ਲਿਆ ਕਿ ਹਰਜੀਤ ਲਈ ਇਹ ਗੁੱਡੇ-ਗੁੱਡੀ ਦੇ ਖੇਡ ਨਾਲੋਂ ਵੀ ਸੌਖੀ ਖੇਡ ਸੀ।

"ਹੱਛਾ, ਜਿਮੇ ਥੋਡੀ ਮਰਜ਼ੀ!" ਬਾਈ ਤੇ ਬੀਬੀ ਨੇ ਹਥਿਆਰ ਸੁੱਟ ਦਿੱਤੇ ਸਨ। ਉਨ੍ਹਾਂ ਦੀਆਂ ਸਿਲ੍ਹੀਆਂ ਅੱਖਾਂ ਦਾ ਸਾਹਮਣਾ ਕਰਨ ਦੀ ਹਿੰਮਤ ਮੇਰੇ 'ਚ ਨਹੀਂ ਸੀ, ਮੈਂ ਬਹਾਨਾ ਬਣਾ ਕੇ ਘਰੋਂ ਬਾਹਰ ਆ ਗਿਆ ਸਾਂ।

"ਐਮਰ! ਮੇਰੇ ਗਰੈਂਡ ਪੇਰੈਂਟਸ ਵੀਅਤਨਾਮ ਤੋਂ ਆਏ ਸਨ। ਸਾਡੇ ਦੇਸ਼ 'ਤੇ ਅਮਰੀਕਾ ਨੇ ਅਟੈਕ ਕਰ ਦਿੱਤਾ ਸੀ। ਬੜੇ ਸਾਲ ਜੰਗ ਲੱਗੀ ਰਹੀ। ਅਮਰੀਕਾ ਵਲੋਂ ਸੁੱਟੇ ਬਾਰੂਦ ਨੇ ਸਾਰਾ ਕੁੱਝ ਤਬਾਹ ਕਰ ਦਿੱਤਾ। ਬੰਬਾਂ ਨੇ ਫਸਲਾਂ ਪੈਦਾ ਕਰਨ ਵਾਲੀ ਧਰਤੀ ਹੀ ਸਾੜ ਦਿੱਤੀ। ਮੇਰੇ ਗਰੈਂਡ ਫਾਦਰ ਅਮਰੀਕਨ ਫੌਜ ਦੀਆਂ ਗੋਲੀਆਂ ਦਾ ਨਿਸ਼ਾਨਾ ਬਣ ਗਏ। ਸਾਡੇ ਵਡੇਰੇ ਭੁੱਖੇ ਮਰਨ ਲੱਗੇ। ਹੋਰ ਬਹੁਤ ਸਾਰੇ ਲੋਕਾਂ ਵਾਂਗ ਮੇਰੀ ਗਰੈਂਡ ਮਾਂ ਆਪਣੇ ਬੱਚਿਆਂ ਨੂੰ ਲੈ ਕੇ ਥਾਈਲੈਂਡ ਆ ਗਈ। ਮੇਰਾ ਫਾਦਰ ਉਦੋਂ ਸੱਤ ਕੁ ਸਾਲ ਦਾ ਸੀ। ਇੱਥੇ ਆ ਕੇ ਉਨ੍ਹਾਂ ਨੇ ਬੜੇ ਔਖੇ ਦਿਨ ਦੇਖੇ। ਬਿਗਾਨੀ ਧਰਤੀ ਛੇਤੀ ਕਿਸੇ ਨੂੰ ਜੜ੍ਹਾਂ ਕਦੋਂ ਲਾਉਣ ਦਿੰਦੀ ਹੈ? ਭੁੱਖ ਪੱਕੀ ਦੋਸਤ ਬਣ ਗਈ ਸੀ। ਮਜਬੂਰੀ ਵੱਸ ਘਰਦੀਆਂ ਔਰਤਾਂ ਨੂੰ ਪਰਿਵਾਰ ਦਾ ਬੋਝ ਚੁੱਕਣਾ ਪਿਆ।" ਜੈਸਿਕਾ ਨੇ ਆਪਣੇ ਪਰਿਵਾਰ ਦੀ ਬਦਨਸੀਬੀ ਦੀ ਕਹਾਣੀ ਸੁਣਾਈ।

"ਓਹ! ਬਦਨਸੀਬੀਆਂ ਸਾਰੀ ਦੁਨੀਆ 'ਚ ਇੱਕੋ ਤਰ੍ਹਾਂ ਹੀ ਸਾਹ ਲੈਂਦੀਆਂ ਨੇ।' ਮੇਰੇ ਅੰਦਰੋਂ ਹਉਕਾ ਨਿਕਲਿਆ। ਭਾਵੇਂ ਇਹ ਹਉਕਾ ਮੇਰੀ ਆਪਣੀ ਮਾਂ-ਬੋਲੀ 'ਚ ਸੀ ਪਰ ਜੈਸਿਕਾ ਨੇ ਮੇਰੇ ਬੋਲਾਂ ਵਿਚਲੀ ਉਦਾਸੀ ਤੇ ਹਮਦਰਦੀ ਨੂੰ ਮਹਿਸੂਸ ਕਰ ਲਿਆ। ਸ਼ਾਇਦ ਦੁੱਖ ਅਤੇ ਹਮਦਰਦੀ ਦੀ ਭਾਸ਼ਾ ਸਾਰੀ ਦੁਨੀਆ 'ਚ ਹੀ ਸਾਂਝੀ ਹੁੰਦੀ ਹੈ।

"ਏਥੇ ਤਾਂ ਲੋਕ ਆਯਾਸ਼ੀ ਕਰਨ ਆਉਂਦੇ ਨੇ...ਤੂੰ ਭਲਾ ਕੀ ਲੈਣ ਆਇਆਂ ? ਤੇਰੇ ਅੰਦਰ ਜੰਗਲੀ ਜਾਨਵਰ ਨਹੀਂ ਹੈ। ਤੂੰ ਬੜਾ ਸਹਿਜ ਏਂ ਵਰਨਾ ਹਾਬੜੇ ਹੋਏ ਮਰਦ ਤਾਂ ਸਾਨੂੰ ਨੋਚ ਕੇ ਖਾ ਜਾਣ ਤੱਕ ਜਾਂਦੇ ਨੇ। ਤੇਰੀਆਂ ਤਾਂ ਬਾਹਾਂ 'ਤੇ ਸਿਰ ਰੱਖ ਕੇ ਸੌਂ ਵੀ ਜਾਨੀ ਹਾਂ। ਐਮਰ, ਮੈਂ ਮਹਿਸੂਸ ਕੀਤਾ-ਤੂੰ ਕਿਤੇ ਗੁਆਚ ਜਿਹਾ ਜਾਨੈਂ। ਲੱਗਦਾ ਕਿਸੇ ਨੇ ਤੇਰੀਆਂ ਨੀਂਦਾਂ ਦਾ ਕਤਲ ਕੀਤਾ ਹੈ।" ਜੈਸਿਕਾ ਮੇਰੇ ਦੋਵੇਂ ਹੱਥਾਂ ਨੂੰ ਆਪਣੇ ਛੋਟੇ ਛੋਟੇ ਤੇ ਮੁਲਾਇਮ ਮੁਲਾਇਮ ਹੱਥਾਂ 'ਚ ਲੈ ਕੇ ਪੋਲ਼ੇ ਪੋਲ਼ੇ ਘੁੱਟਣ ਲੱਗੀ।

ਮੈਂ ਕਹਿਣਾ ਚਾਹੁੰਦਾ, "ਮੇਰੀਆਂ ਨੀਂਦਾਂ ਕਤਲ ਕਰਨ ਵਾਲੇ ਅੱਜ-ਕੱਲ੍ਹ ਆਪਣੇ ਨਵੇਂ ਸੱਜਣਾਂ ਨਾਲ ਕੈਨੇਡਾ ਦੇ ਵੱਡੇ ਅੰਬਰ 'ਤੇ ਉਡਾਰੀਆਂ ਭਰਦੇ ਨੇ।" ਪਰ ਮੈਂ ਕਹਿੰਦਾ ਨਹੀਂ।

ਅਸੀਂ ਕਿੰਨਾ ਚਿਰ ਚੁੱਪ ਬੈਠੇ ਰਹੇ। ਸ਼ਾਇਦ ਜੈਸਿਕਾ ਮੇਰੇ ਅੰਦਰਲੇ ਜ਼ਖ਼ਮਾਂ ਬਾਰੇ ਸੋਚ ਰਹੀ ਹੋਵੇ, ਪਰ ਮੈਂ ਜੈਸਿਕਾ ਵਰਗੀਆਂ ਜਿਸਮ ਵੇਚਦੀਆਂ ਲੱਖਾਂ ਕੁੜੀਆਂ ਬਾਰੇ ਸੋਚਣ ਲੱਗਿਆ।

"ਥਾਈਲੈਂਡ 'ਚ ਹਜ਼ਾਰਾਂ ਲੱਖਾਂ ਔਰਤਾਂ ਜਿਸਮ ਫਰੋਸ਼ੀ ਦੇ ਧੰਦੇ 'ਚ ਨੇ। ਜੇ ਸਿੱਧੇ ਤੇ ਸਾਫ ਸ਼ਬਦਾਂ 'ਚ ਕਹਿਣਾ ਹੋਵੇ, ਮੁਲਕ ਦੀ ਅਰਥ-ਵਿਵਸਥਾ ਚੱਲਦੀ ਹੀ ਏਹਨਾਂ ਆਸਰੇ ਹੈ। ਦੁਨੀਆ ਭਰ ਦੇ ਦੇਸ਼ਾਂ 'ਚੋਂ ਰੱਜੇ-ਪੁੱਜੇ ਲੋਕ ਜਹਾਜ਼ਾਂ ਦੇ ਜਹਾਜ਼ ਭਰ ਕੇ ਬੈਂਕਾਕ ਦੇ ਇੰਟਰਨੈਸ਼ਨਲ ਏਅਰਪੋਰਟ 'ਤੇ ਉਤਰਦੇ। ਹੋਰ ਕੰਮਾਂ ਕਾਰਾਂ ਵਾਲੇ ਤਾਂ ਘੱਟ ਹੀ ਹੁੰਦੇ, ਮੇ ਬੀ ਬਹੁਤੇ 'ਆਪਣੇ' ਸੁਭਾਸ਼ ਵਰਗੇ ਈ ਹੁੰਦੇ। ਅੰਦਰ ਜੰਮਿਆ ਪਿਆ ਜੰਗਾਲ ਲਾਹੁਣ ਵਾਲੇ।" ਥਾਈ ਏਅਰਵੇਜ਼ ਦੇ ਦਿੱਲੀ ਇੰਟਰਨੈਸ਼ਨਲ ਏਅਰਪੋਰਟ ਤੋਂ ਉਡਾਣ ਭਰਦਿਆਂ ਹੀ ਅਰਜਨ ਵਿਵੇਕ ਨੇ ਆਪਣੇ ਗਿਆਨ ਦਾ ਬਹੁਮੁੱਲਾ ਖਜ਼ਾਨਾ ਮੇਰੇ ਅੱਗੇ ਢੇਰੀ ਕਰ ਦਿੱਤਾ ਸੀ।

ਰਬੜ ਦੀ ਗੁੱਡੀ ਵਰਗੀਆਂ ਹਵਾਈ ਪਰੀਆਂ ਖਾਣ ਪੀਣ ਵਾਲੀ ਰੇਹੜੀ ਲੈ ਕੇ ਆਈਆਂ ਤਾਂ ਅਰਜਨ ਦੀਆਂ ਅੱਖਾਂ ਵਿਚਲੀ ਚਮਕ ਦੁਗਣੀ ਹੋ ਗਈ। ਉਸ ਨੇ ਹੱਸਦਿਆਂ ਏਅਰ ਹੋਸਟੇਜ ਤੋਂ ਵਿਸਕੀ ਵਾਲਾ ਗਿਲਾਸ ਫੜਿਆ ਤੇ ਮੇਰੇ ਅੱਗੇ ਕਰ ਦਿੱਤਾ। ਉਸਨੇ ਆਪਣੇ ਲਈ ਥੋੜਾ ਵੱਡਾ ਪੈੱਗ ਬਣਾਉਣ ਦਾ ਇਸ਼ਾਰਾ ਕੀਤਾ। ਅਰਜਨ ਦੇ "ਥੈਂਕਊ" ਦੇ ਜੁਆਬ 'ਚ ਰਬੜ ਦੀ ਗੁੱਡੀ ਦੀ ਦੁੱਧ ਚਿੱਟੀ ਮੁਸਕਰਾਹਟ ਸਾਰੇ ਜਹਾਜ਼ 'ਚ ਖਿੱਲਰ ਗਈ।

"ਦੂਸਰੇ ਸੰਸਾਰ ਯੁੱਧ ਵੇਲੇ ਥਾਈਲੈਂਡ ਲੰਮਾ ਸਮਾਂ ਅਮਰੀਕੀ ਫੌਜੀਆਂ ਦੀ ਛਾਉਣੀ ਬਣਿਆ ਰਿਹਾ। ਤੈਨੂੰ ਪਤਾ ਈ ਐ—ਅਮਰੀਕਾ ਏਥੋਂ ਹਜ਼ਾਰਾਂ ਮੀਲ ਦੂਰ ਹੈ। ਘਰ ਤੋਂ ਕਈ ਕਈ ਮਹੀਨੇ ਦੂਰ ਬੈਠੇ ਅਮਰੀਕੀ ਫੌਜੀਆਂ ਨੇ ਆਪਣੇ ਅੰਦਰਲੀ ਅੱਗ ਕਿਸੇ ਅੱਗ ਨਾਲ ਤਾਂ ਠੰਢੀ ਕਰਨੀ ਈ ਸੀ। ਹੋਰ ਸੁਣ, ਅਮਰੀਕਨ ਸਰਕਾਰ ਆਪਣੇ ਫੌਜੀਆਂ ਨੂੰ ਸਪੈਸ਼ਲ ਖਰਚਾ ਦਿੰਦੀ ਸੀ ਏਸ ਕੰਮ ਵਾਸਤੇ। ਯਾਰ ਏਨਾ ਚਿਰ ਤੀਵੀਂ ਬਿਨਾ ਕੱਟਣਾ ਕਿਤੇ ਸੌਖਾ? ਅਮਰੀਕਨਾਂ ਦੇ ਧੱਕੇ ਨੇ ਥਾਈ ਔਰਤਾਂ ਨੂੰ ਦੇਹ ਵਪਾਰ ਦੇ ਧੰਦੇ 'ਚ ਖਿੱਚ ਲਿਆਂਦਾ। ਸਮਝ ਲੈ ਥਾਈਲੈਂਡ ਦੀ ਸੈਕਸ ਇੰਡਸਟਰੀ ਅਮਰੀਕਾ ਦੀ ਪਰੋਡਕਟ ਹੈ। ਮੇ ਬੀ ਉਦੋਂ ਦਾ ਸ਼ੁਰੂ ਹੋਇਆ ਕੰਮ-ਚੱਲ ਸੋ ਚੱਲ। ਹੁਣ ਤਾਂ ਨਾ ਸਰਕਾਰ ਰੋਕਣਾ ਚਾਹੁੰਦੀ ਹੈ ਤੇ ਨਾ ਰੋਕਦੀ ਹੈ। ਸੱਚੀ ਗੱਲ ਤਾਂ ਏਹ ਕਿ ਨਾ ਰੋਕ ਹੀ ਸਕਦੀ ਐ। ਇਉਂ ਸਮਝ ਲੈ—ਜੇ ਇਹ ਇੰਡਸਟਰੀ ਬੰਦ ਹੋਗੀ, ਅੱਧਿਓਂ ਵੱਧ ਥਾਈਲੈਂਡ ਭੁੱਖਾ ਮਰਜੂ।" ਆਪਣੇ ਗਿਆਨ ਦਾ ਵਿਖਿਆਨ ਕਰਨ ਦੀ ਅਰਜਨ ਨੂੰ ਸ਼ੁਰੂ ਤੋਂ ਹੀ ਆਦਤ ਹੈ। ਸਾਰੇ ਰਾਹ ਉਹ ਥਾਈਲੈਂਡ ਦੀ ਦੇਹ ਵਪਾਰ ਮੰਡੀ ਬਾਰੇ ਜਾਣਕਾਰੀ ਦਿੰਦਾ ਰਿਹਾ।

ਅਰਜਨ ਦੀਆਂ ਗੱਲਾਂ ਸੁਣ ਕੇ ਮੈਂ ਸੋਚਦਾ ਰਿਹਾ ਸਾਂ-ਧੱਕੇਸ਼ਾਹੀ ਕਿਸੇ ਦੀ ਹੋਵੇ, ਕਿਸੇ ਦੇਸ਼ ਦੀ ਜਾਂ ਕਿਸੇ ਵਰਗ ਦੀ, ਇਸ ਦਾ ਸ਼ਿਕਾਰ ਔਰਤਾਂ ਨੂੰ ਹੀ ਹੋਣਾ ਪੈਂਦਾ ਹੈ। ਖਾਸ ਕਰ ਗਰੀਬ ਸਮਾਜ ਦੀਆਂ ਔਰਤਾਂ ਨੂੰ। ਬਹੁਤ ਚਿਰ ਪਹਿਲਾਂ ਕਿਸੇ ਕਿਤਾਬ 'ਚ ਪੜ੍ਹਿਆ ਯਾਦ ਆਇਆ-ਪ੍ਰਾਚੀਨ ਕਾਲ 'ਚ ਔਰਤਾਂ ਨੂੰ ਧੱਕੇ ਨਾਲ ਦੇਵਦਾਸੀਆਂ ਬਣਾ ਕੇ ਧਰਮ ਸਥਾਨਾਂ 'ਚ ਰੱਖਿਆ ਜਾਂਦਾ ਸੀ। ਇਹ ਬੇਵੱਸ ਮਜਬੂਰ ਔਰਤਾਂ ਤੀਰਥ ਯਾਤਰਾ 'ਤੇ ਆਏ ਉੱਚ ਜਾਤੀਆਂ ਦੇ ਲੋਕਾਂ ਦੀ ਹਵਸ ਪੂਰਤੀ ਕਰਨ ਲਈ ਖਿਡੌਣੇ ਵਾਂਗ ਵਰਤੀਆਂ ਜਾਂਦੀਆਂ ਸਨ।

"ਐਮਰ! ਅੱਜ ਚਾਰ ਦਿਨ ਹੋ ਗਏ ਤੇਰੇ ਨਾਲ ਰਹਿੰਦਿਆਂ। ਮੇਰੀ ਚੰਗੀ ਖਾਸੀ ਮਜ਼ਦੂਰੀ ਬਣਦੀ ਹੈ। ਇਸਨੂੰ ਮਜ਼ਦੂਰੀ ਕਹਿ ਲਵੋ ਜਾਂ ਰੈਂਟ—ਇੱਕੋ ਗੱਲ਼ ਹੈ। ਕਿ ਨਹੀਂ? ਕਿੰਨੇ ਬਾਟ ਮਿਲਣਗੇ ਮੈਨੂੰ?" ਜੈਸਿਕਾ ਦੇ ਸਵਾਲ ਨੇ ਮੈਨੂੰ ਯਾਦਾਂ 'ਚੋਂ ਵਾਪਸ ਲਿਆਂਦਾ। ਮੈਨੂੰ ਮਹਿਸੂਸ ਹੋਇਆ, ਜੈਸਿਕਾ ਨੇ ਇਹ ਸਵਾਲ ਮੇਰਾ ਧਿਆਨ ਬਦਲਣ ਲਈ ਹੀ ਕੀਤਾ ਵਰਨਾ ਚਾਰ ਦਿਨਾਂ 'ਚ ਉਸ ਨੇ ਪੈਸੇ ਬਾਰੇ ਤਾਂ ਕਦੇ ਕੋਈ ਗੱਲ ਹੀ ਨਹੀਂ ਕੀਤੀ। ਸ਼ਾਇਦ ਉਸਨੂੰ ਮੇਰੇ ਅੰਦਰਲੇ ਖਲਾਅ ਦੀ ਕੁੱਝ ਟੋਹ ਲੱਗ ਗਈ ਹੋਵੇ।

"ਜਿੰਨੇ ਚਾਹੀਦੇ ਆਪ ਹੀ ਕੱਢ ਲੈ। ਮੈਂ ਤਾਂ ਕਹਿਣਾ ਸਾਰੇ ਹੀ ਲੈ ਲਾ। ਮੇਰੇ ਕਿਸ ਕੰਮ? ਮੈਂ ਕੀ ਕਰਨੇ?" ਮੈਂ ਪਰਸ ਜੈਸਿਕਾ ਦੇ ਹੱਥਾਂ 'ਚ ਦੇ ਦਿੱਤਾ। ਉਸਨੇ ਪਰਸ ਵਿੱਚੋਂ ਸਾਰੇ ਪੈਸੇ ਕੱਢੇ ਤੇ ਬੜੇ ਸਲੀਕੇ ਨਾਲ ਆਪਣੇ ਪਰਸ 'ਚ ਰੱਖੇ। ਆਪਣੀ ਹਰਕਤ ਦਾ ਪ੍ਰਤੀਕਰਮ ਜਾਨਣ ਲਈ ਭੇਤਭਰੀ ਤੱਕਣੀ ਨਾਲ ਮੇਰੇ ਵੱਲ ਵੇਖਿਆ। ਜੁਆਬ 'ਚ ਮੈਂ ਮੁਸਕਰਾ ਦਿੱਤਾ।

"ਤੈਨੂੰ ਪੈਸਿਆਂ ਦੀ ਲੋੜ ਨਹੀਂ?"

"ਕੀ ਕਰਨੇ?" ਮੈਂ ਆਪਣੇ ਪਹਿਲੇ ਸ਼ਬਦ ਮੁੜ ਦੁਹਰਾਏ।

"ਬਾਕੀ ਟੂਰ ਕਿਵੇਂ ਲੰਘਾਵੇਂਗਾ?"

"ਇਸਦਾ ਫਿਕਰ ਪੰਕਜ ਨੂੰ ਹੋਵੇਗਾ ਜਾਂ ਅਰਜਨ ਵਿਵੇਕ ਨੂੰ ਜੋ ਮੈਨੂੰ ਧੱਕੇ ਨਾਲ ਲੈ ਕੇ ਆਇਆ। ਖਾਣ-ਪੀਣ ਤੇ ਰਹਿਣ ਦਾ ਸਾਰਾ ਖਰਚ ਉਹੀ ਕਰ ਰਹੇ ਨੇ। ਆਪਣੇ ਲਈ ਸ਼ੌਪਿੰਗ ਵਗੈਰਾ ਮੈਂ ਕਰਨੀ ਕੋਈ ਨਹੀਂ। ਹੋਰ ਕਿਸ ਲਈ ਚਾਹੀਦੀ ਹੈ ਤੇਰੇ ਦੇਸ਼ ਦੀ ਕਰੰਸੀ ?"

"ਸੱਚ?"

"ਬਿਲਕੁੱਲ ਸੱਚ! ਕੁੱਝ ਨਹੀਂ ਚਾਹੀਦਾ ਮੈਨੂੰ। ਇਸੇ ਲਈ ਕਿਹਾ ਕਿ ਸਾਰੇ ਬਾਟ ਲੈ ਲਾ।"

"ਐਮਰ ਤੂੰ ਬਹੁਤ ਚੰਗਾ ਏਂ! ਔਰਤ ਤੇਰੇ ਨਾਲ ਬਹੁਤ ਖੁਸ਼ ਰਹਿ ਸਕਦੀ ਹੈ। ਮੈਂ ਸੋਚਦੀ ਹਾਂ ਤੇਰੀ ਪਾਰਟਨਰ-ਤੇਰੇ ਨਾਲ ਬੜੀ ਖੁਸ਼ ਹੋਵੇਗੀ।" ਜੈਸਿਕਾ ਦੇ ਸ਼ਬਦਾਂ ਨੇ ਮੈਨੂੰ ਪੀੜ ਪੀੜ ਕਰ ਦਿੱਤਾ।

"ਐਮਰ ਅਸੀਂ ਜਿਸਮ ਵੇਚਦੀਆਂ ਹਾਂ-ਇਮਾਨ ਨਹੀਂ। ਜਿੰਨੇ ਬਣਦੇ ਹੋਏ, ਓਨੇ ਹੀ ਲਵਾਂਗੀ। ਤੇਰੇ ਤੋਂ ਤਾਂ ਉਹ ਵੀ ਨਹੀਂ ਲੈਣੇ ਬਣਦੇ।" ਜੈਸਿਕਾ ਨੇ ਆਪਣੇ ਪਰਸ 'ਚੋਂ ਪੈਸੇ ਕੱਢ ਕੇ ਵਾਪਸ ਮੇਰੇ ਪਰਸ 'ਚ ਪਾ ਦਿੱਤੇ।

"ਜੈਸਿਕਾ ! ਇੱਕ ਗੱਲ਼ ਪੁੱਛਾਂ ? ਸੱਚ ਦੱਸੀਂ।"

"ਕੀ ?"

"ਜੈਸਿਕਾ ਤੇਰਾ ਅਸਲੀ ਨਾਂ ਹੈ ?"

"ਤੈਨੂੰ ਕੀ ਲੱਗਦਾ ?"

"ਮੈਨੂੰ ਤਾਂ ਨਹੀਂ ਲੱਗਦਾ ਇਹ ਤੇਰਾ ਅਸਲੀ ਨਾਂ ਹੈ।"

"ਸਾਡੇ ਧੰਦੇ ਵਾਲੀਆਂ ਨੂੰ ਪਤਾ ਨਹੀਂ ਕਿੰਨੇ ਨਾਂ ਬਦਲਣੇ ਪੈਂਦੇ ਨੇ। ਹਰ ਰੋਜ਼ ਹੀ ਨਾਂ ਬਦਲਣਾ ਪੈਂਦਾ। ਹਰੇਕ ਦੇਸ਼ ਦੇ ਗਾਹਕ ਅਨੁਸਾਰ-ਗਾਹਕ ਦੇ ਧਰਮ ਅਨੁਸਾਰ। ਕਈ ਵਾਰ ਤਾਂ ਗਾਹਕ ਵੀ ਆਪਣੀ ਮਰਜ਼ੀ ਦਾ ਕੋਈ ਨਾਂ ਦੇ ਦਿੰਦੇ ਨੇ।"

"ਜੇ ਕੋਈ ਗਾਹਕ ਜਿਸਮ ਤੋਂ ਰੂਹ ਤੱਕ ਪੁੱਜ ਜਾਵੇ?"

"ਪੁੱਜ ਜਾਂਦੇ ਨੇ ਕਈ ਤੇਰੇ ਵਰਗੇ। ਮੇਰੀ ਇੱਕ ਫਰੈਂਡ ਹੈ ਸੂ-ਚੈਈ। ਉਸ ਦਾ ਫਰੈਂਡ ਜਰਮਨ ਹੈ। ਇੱਥੇ ਹੀ ਮਿਲਿਆ ਸੀ ਗ੍ਰਾਹਕ ਵਜੋਂ। ਹਰ ਮਹੀਨੇ ਮਨੀ ਭੇਜਦਾ ਹੈ। ਚੈਈ ਤੇ ਉਸਦਾ ਜਰਮਨ ਫਰੈਂਡ ਅਗਲੇ ਮਹੀਨੇ ਮੈਰਿਜ ਕਰ ਕੇ ਜਰਮਨ ਚਲੇ ਜਾਣਗੇ।"

"...ਤੇ ਜੇ ਤੈਨੂੰ ਵੀ ਕੋਈ ਮਿਲ ਜਾਵੇ ਦੂਰ ਦੇਸ਼ ਲੈ ਜਾਣ ਵਾਲਾ? ਚਲੇ ਜਾਵੇਂਗੀ?" ਮੈਂ ਹੱਥ ਨਾਲ ਜਹਾਜ਼ ਉਡਾਇਆ।

"ਨਹੀਂ!"

"ਕਿਉਂ ?"

"ਹੁਣ ਤਾਂ ਅਗਲੇ ਸਾਲ ਮੈਰਿਜ ਕਰਨ ਜਾ ਰਹੀ ਹਾਂ।"

"ਮੈਰਿਜ ? ਕਿਸ ਨਾਲ ?"

"ਵੌਂਗ ਨਾਲ। ਆਪਣੇ ਬੁਆਏ ਫਰੈਂਡ ਨਾਲ। ਦਸ ਸਾਲ ਤੋਂ ਅਸੀਂ ਇੱਕ ਦੂਜੇ ਲਈ ਜਿਉਂ ਰਹੇ ਹਾਂ। ਉਹ ਲੰਮੇ ਸਮੇ ਤੋਂ ਮੇਰੀ ਉਡੀਕ ਕਰ ਰਿਹਾ। ਦੂਰ ਦੇ ਕਸਬੇ 'ਚ ਇੱਕ ਨਿੱਕੀ ਜਿਹੀ ਸ਼ੌਪ ਚਲਾ

***(ਬਾਕੀ ਅਗਲੇ ਸਫੇ 'ਤੇ)***

# ਸਿੱਖ ਪਛਾਣ ਨੂੰ ਨਵੇਂ ਸਿਰਿਓਂ ਸਮਝਣ ਦੀ ਲੋੜ

***ਜਲੰਧਰ ਵੱਸਦੇ ਸ. ਗੁਰਬਚਨ ਸਿੰਘ ਪੰਥ ਅਤੇ ਕੌਮੀ ਤੇ ਕੌਮਾਂਤਰੀ ਮਸਲਿਆਂ ਬਾਰੇ ਲਿਖਦੇ ਰਹਿੰਦੇ ਹਨ। ਇਸ ਵਾਰ ਉਨ੍ਹਾਂ ਸਿੱਖ ਪਛਾਣ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਹਨ। ਉਨ੍ਹਾਂ ਬਾਕਾਇਦਾ ਹਵਾਲੇ ਦੇ ਕੇ ਸਿੱਖ ਪਛਾਣ ਨੂੰ ਨਵੇਂ ਸਿਰਿਓਂ ਸਮਝਣ ਅਤੇ ਸਮਝਾਉਣ ਬਾਰੇ ਗੱਲਾਂ ਕੀਤੀਆਂ ਹਨ। ਸਿੱਖ ਸੰਗਤ ਦਾ ਜਿਸ ਤਰ੍ਹਾਂ ਵਿਹਾਰ ਵਾਰ-ਵਾਰ ਸਾਡੇ ਸਾਹਮਣੇ ਆ ਰਿਹਾ ਹੈ, ਉਸ ਪ੍ਰਸੰਗ ਵਿਚ ਇਹ ਗੱਲਾਂ ਵਿਚਾਰਨੀਆਂ ਜ਼ਰੂਰੀ ਹਨ।***

ਸੁਲਤਾਨਪੁਰ ਲੋਧੀ ਵਿਖੇ ਵੇਈਂ ਵਿਚ ਟੁਭੀ ਮਾਰਨ ਤੋਂ ਤਿੰਨ ਦਿਨ ਬਾਅਦ ਜਦੋਂ ਗੁਰੂ ਨਾਨਕ ਸਾਹਿਬ ਪ੍ਰਗਟ ਹੋਏ ਤਾਂ ਉਨ੍ਹਾਂ ਦੇ ਪਹਿਲੇ ਬਚਨ ਸਨ, 'ਨ ਕੋ ਹਿੰਦੂ ਨ ਮੁਸਲਮਾਨ।'

ਗੁਰੂ ਸਾਹਿਬ ਦੇ ਆਤਮਿਕ ਗਿਆਨ ਦਾ ਇਹ ਪਹਿਲਾ ਮਹਾਂਵਾਕ ਸੀ। ਉਨ੍ਹਾਂ ਦੇ ਇਸ ਮਹਾਂਵਾਕ ਨੇ ਵੇਲੇ ਦੇ ਮੁਸਲਿਮ ਰਾਜ ਵਿਚ ਹਲਚਲ ਪੈਦਾ ਕਰ ਦਿੱਤੀ। ਸੁਲਤਾਨਪੁਰ ਲੋਧੀ ਦੇ ਨਵਾਬ ਦੌਲਤ ਖਾਂ ਨੇ ਗੁਰੂ ਨਾਨਕ ਸਾਹਿਬ ਤੇ ਕਾਜ਼ੀ ਦੋਹਾਂ ਨੂੰ ਬੁਲਾ ਭੇਜਿਆ।

ਕਾਜ਼ੀ ਦਾ ਗੁਰੂ ਸਾਹਿਬ ਨੂੰ ਕਹਿਣਾ ਸੀ :

'ਇਕ ਹਿੰਦੂਆਂ ਦਾ ਰਾਹ ਹੈ, ਇਕ ਮੁਸਲਮਾਨਾਂ ਦਾ, ਤੁਸੀਂ ਕਿਸ ਰਾਹ ਉਤੇ ਹੋ?'



ਗੁਰੂ ਸਾਹਿਬ ਦਾ ਜੁਆਬ ਸੀ: ''ਮੈਂ ਖੁਦਾ ਦੇ ਰਾਹ ਉਤੇ ਹਾਂ। ਖੁਦਾ ਨ ਹਿੰਦੂ ਹੈ ਨ ਮੁਸਲਮਾਨ।''

ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:

ਨ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡੁ ਪਰਾਨ ॥ (ਪੰਨਾ 1136)

**ਗੁਰਬਚਨ ਸਿੰਘ**
ਫੋਨ: +91-98156-98451

ਇਹ ਇਕ ਦਮ ਨਵੀਂ ਸੋਚ ਸੀ। ਨਵੀਂ ਚੇਤਨਾ। ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਪਰ ਸਾਡਾ ਮਨੁੱਖੀ ਸਰੀਰ ਤੇ ਜਿੰਦ ਅਲਹ ਤੇ ਰਾਮ ਦੀ ਦੇਣ ਹੈ। ਅਲਹ ਮੁਸਲਮਾਨਾਂ ਲਈ ਉਚਤਮ ਰਬੀ ਹਸਤੀ ਹੈ ਅਤੇ ਰਾਮ ਹਿੰਦੂਆਂ ਲਈ ਅਵਤਾਰੀ ਮਹਾਂਪੁਰਸ਼।

ਗੁਰੂ ਗ੍ਰੰਥ ਸਾਹਿਬ ਵਿਚ ਇਸ ਨਵੀਂ ਸੋਚ ਨੂੰ ਹੋਰ ਵੀ ਸਪੱਸ਼ਟ ਕੀਤਾ ਗਿਆ ਹੈ:

ਕਾਰਨ ਕਰਨ ਕਰੀਮ ॥ ਸਰਬ ਪ੍ਰਤਿਪਾਲ ਰਹੀਮ ॥
ਅਲਹ ਅਲਖ ਅਪਾਰ ॥ ਖੁਦਿ ਖੁਦਾਇ ਵਡ ਬੇਸੁਮਾਰ ॥ ੧॥
ਓੁ ਨਮੋ ਭਗਵੰਤ ਗੁਸਾਈ ॥ ਖਾਲਕੁ ਰਵਿ ਰਹਿਆ ਸਰਬ ਠਾਈ ॥ ੧॥ ਰਹਾਉ॥
ਜਗੰਨਾਥ ਜਗਜੀਵਨ ਮਾਧੋ ॥ ਭਉ ਭੰਜਨ ਰਿਦ ਮਾਹਿ ਅਰਾਧੋ ॥
ਰਿਖੀਕੇਸ ਗੋਪਾਲ ਗੋੁਵਿੰਦ ॥ ਪੂਰਨ ਸਰਬਤ੍ਰ ਮੁਕੰਦ ॥੨॥
ਮਿਹਰਵਾਨ ਮਉਲਾ ਤੂਹੀ ਏਕ ॥ ਪੀਰ ਪੈਕਾਂਬਰ ਸੇਖ ॥
ਦਿਲਾ ਕਾ ਮਾਲਕੁ ਕਰੇ ਹਾਕੁ ॥ ਕੁਰਾਨ ਕਤੇਬ ਤੇ ਪਾਕੁ ॥੩॥
ਨਾਰਾਇਣ ਨਰਹਰ ਦਇਆਲ ॥ ਰਮਤ ਰਾਮ ਘਟ ਘਟ ਆਧਾਰ ॥
ਬਾਸੁਦੇਵ ਬਸਤ ਸਭ ਠਾਇ ॥ ਲੀਲਾ ਕਿਛੁ ਲਖੀ ਨ ਜਾਇ ॥ ੪॥
ਮਿਹਰ ਦਇਆ ਕਰਿ ਕਰਨੈਹਾਰ ॥ ਭਗਤਿ ਬੰਦਗੀ ਦੇਹਿ ਸਿਰਜਣਹਾਰ ॥
ਕਹੁ ਨਾਨਕ ਗੁਰਿ ਖੋਏ ਭਰਮ ॥ ਏਕੋ ਅਲਹੁ ਪਾਰਬ੍ਰਹਮ ॥ (ਪੰਨਾ 896-97)

ਯਥਾ ਸਮੁੱਚੀ ਖ਼ਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਭਨੀਂ ਥਾਈਂ ਰਮਿਆ ਹੋਇਆ ਹੈ। (ਰਹਾਉ) ਇਹੀ ਖਾਲਕ ਕਾਰਨ ਹੈ। ਇਹੀ ਕਰਨ ਵਾਲਾ ਹੈ। ਇਹ ਖਾਲਕ ਬਖ਼ਸ਼ਿੰਦ ਹੈ। ਇਹ ਖਾਲਕ ਸਾਰਿਆਂ ਦੀ ਪਾਲਣਾ ਕਰਨ ਵਾਲਾ ਤੇ ਸਾਰਿਆਂ ਉਤੇ ਰਹਿਮਤਾਂ ਦੀ ਬਖਸ਼ਿਸ਼ ਕਰਨ ਵਾਲਾ ਹੈ। ਅਲਹ ਦੇ ਰੂਪ ਵਿਚ ਇਹ ਖਾਲਕ ਅਪਹੁੰਚ ਤੇ ਬੇਅੰਤ ਹੈ। ਇਸ ਖਾਲਕ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ। ਇਹ ਖਾਲਕ ਆਪ ਹੀ ਖੁਦਾ ਹੈ, ਜਿਹੜਾ ਮਨੁੱਖੀ ਗਿਣਤੀਆਂ-ਮਿਣਤੀਆਂ ਦੇ ਕਲਾਵੇ ਵਿਚ ਨਹੀਂ ਆਉਂਦਾ। ਇਹ ਖਾਲਕ ਹੀ ਹਿੰਦੂ ਮਤਿ ਵਿਚਲਾ ਸਰਬਵਿਆਪੀ ਓਮ, ਨਮੋ, ਭਗਵੰਤ ਤੇ ਗੁਸਾਈਂ ਹੈ। ਇਹੀ ਖਾਲਕ ਧਰਤੀ ਦਾ ਮਾਲਕ ਤੇ ਜਗਤ ਦਾ ਪਾਲਕ ਹੈ। ਸਮੁੱਚੇ ਜਗਤ ਨੂੰ ਜੀਵਨ ਦੇਣ ਵਾਲਾ ਜਗਜੀਵਨ ਦਾਤਾ ਤੇ ਸਮੁੱਚੀ ਦੌਲਤ ਦਾ ਮਾਲਕ ਵੀ ਇਹੀ ਖਾਲਕ ਹੈ। ਇਸ ਖਾਲਕ ਨੂੰ ਹਿਰਦੇ ਭਾਵ ਆਤਮ ਵਿਚ ਵਸਾਉਣ ਨਾਲ ਸਾਰੇ ਡਰ ਦੂਰ ਹੋ ਜਾਂਦੇ ਹਨ।

ਸਾਰੀਆਂ ਮਨੁੱਖੀ ਇੰਦਰੀਆਂ ਦਾ ਮਾਲਕ ਵੀ ਇਹੀ ਖਾਲਕ ਹੈ, ਜਿਹੜਾ ਪੂਰਨ ਹੈ, ਸਰਬਵਿਆਪੀ ਹੈ ਤੇ ਮੁਕਤੀਦਾਤਾ ਹੈ। ਇਹ ਖਾਲਕ ਮਿਹਰਬਾਨ ਅਤੇ ਮੁਕਤੀ ਦੇਣ ਵਾਲਾ ਹੈ। ਇਹੀ ਖਾਲਕ ਸਾਰੇ ਦਿਲਾਂ ਦਾ ਮਾਲਕ ਹੈ। ਪਵਿੱਤਰ ਕੁਰਾਨ ਅਤੇ ਕਤੇਬ ਵਿਚ ਦਰਜ ਖਾਲਕ ਵੀ ਇਹੀ ਹੈ। ਇਹੀ ਨਾਰਾਇਣ ਨਰਹਰ ਦਇਆਲ ਪੁਰਖ ਹੈ। ਇਹੀ ਰਮਿਆ ਹੋਇਆ ਰਾਮ ਹੈ। ਇਹੀ ਵਾਸਦੇਵ ਸਭ ਥਾਂ ਵਸਦਾ ਹੈ। ਮਨੁੱਖੀ ਮਨਾਂ ਵਿਚ ਵਸੇ ਸ੍ਰੀ ਕ੍ਰਿਸ਼ਨ ਜੀ ਨੂੰ ਗੁਰੂ ਸਾਹਿਬ ਨੇ ਸਰਬਤ੍ਰ ਦੇ ਕਣ ਕਣ ਵਿਚ ਰਮੀ ਹੋਈ ਰਬੀ ਹਸਤੀ ਦੇ ਰੂਪ ਵਿਚ ਪ੍ਰਗਟ ਕੀਤਾ ਹੈ। ਗੁਰੂ ਸਾਹਿਬ ਦੇ ਬਚਨ ਹਨ ਕਿ ਹੁਣ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ ਅਤੇ ਮੈਨੂੰ ਪਤਾ ਲੱਗਾ ਹੈ ਕਿ ਸਾਡੇ ਚਾਰ-ਚੁਫੇਰੇ ਪਸਰਿਆ ਏਕੋ ਹੀ ਅਲਹ ਅਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਅਤੇ ਇਸਲਾਮੀ ਫਿਲਾਸਫੀ ਵਿਚਲੀ ਰਬੀ ਹਸਤੀ ਇਕੋ ਹੀ ਹੈ। ਇਸ ਏਕੋ ਨੂੰ ਮੁਖਾਤਿਬ ਹੋ ਕੇ ਗੁਰੂ ਸਾਹਿਬ ਮੇਹਰ ਤੇ ਦਇਆ ਦੀ ਮੰਗ ਕਰ ਰਹੇ ਹਨ। ਤਥਾ ਆਪਣੇ ਆਲੇ ਦੁਆਲੇ ਫੈਲਿਆ ਜੋ ਅਸੀਮ ਬ੍ਰਹਿਮੰਡ ਅਸੀਂ ਵੇਖ ਰਹੇ ਹਾਂ, ਇਹ ਇਕੋ ਹੈ। ਇਹ ਇਕੋ ਹੀ ਨਿਰਆਕਾਰ ਹਸਤੀ ਵਜੋਂ 'ਰੱਬ' ਹੈ ਅਤੇ ਕੁਦਰਤ ਵਜੋਂ ਦਾਤਾ ਭਾਵ ਮਨੁੱਖ ਨੂੰ ਚਾਹੀਦੀਆਂ ਸਾਰੀਆਂ ਦਾਤਾਂ ਦੇਣ ਵਾਲਾ ਦਾਤਾਰ ਹੈ।

ਇਸ ਸਬਦ ਵਿਚ ਗੁਰੂ ਸਾਹਿਬ ਨੇ ਹਿੰਦੂ ਮਤਿ ਅਤੇ ਇਸਲਾਮ ਵਿਚਲੀ 'ਰਬੀ ਹਸਤੀ' ਬਾਰੇ ਵਰਤੇ ਜਾਂਦੇ ਸਾਰੇ ਨਾਵਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾ ਸਕਣ ਵਾਲੇ ਦਾਤਾਰ ਭਾਵ 'ਏਕੋ' (ਦਾਤਾ-ਕਰਤਾ) ਦੀ ਨਵੀਂ ਵਿਆਖਿਆ ਕੀਤੀ ਹੈ। ਇਹ ਏਕੋ ਹੀ ਅਲਹ ਖੁਦਾ ਮਉਲਾ ਪੈਗੰਬਰ ਤੇ ਕੁਰਾਨ ਕਤੇਬ ਵਿਚਲਾ ਪਵਿੱਤਰ ਰੱਬ ਹੈ। ਇਹ ਏਕੋ ਹੀ ਹਿੰਦੂ ਮਤਿ ਵਿਚਲਾ ਭਗਵੰਤ, ਗੁਸਾਈਂ, ਨਾਰਾਇਣ, ਨਰਹਰਿ, ਓਮ, ਨਮੋ, ਬਾਸੁਦੇਵ, ਰਿਖੀਕੇਸ਼, ਗੋਪਾਲ, ਗੋਬਿੰਦ, ਮੁਕੰਦ, ਕ੍ਰਿਸ਼ਨ, ਜਗੰਨਾਥ ਮਾਧੋ ਜਗਜੀਵਨ ਹੈ। ਗੁਰੂ ਸਾਹਿਬ ਹਿੰਦੂਆਂ ਨੂੰ ਇਸੇ ਸਿਰਜਣਹਾਰ ਦੀ ਭਗਤੀ ਤੇ ਮੁਸਲਮਾਨਾਂ ਨੂੰ ਅਲਹ ਦੇ ਰੂਪ ਵਿਚ ਇਸ ਦੀ ਬੰਦਗੀ ਕਰਨ ਦੀ ਪ੍ਰੇਰਨਾ ਕਰਦੇ ਹਨ।

ਹਿੰਦੂ ਮੁਸਲਮਾਨ ਦਾ ਇਹ ਵਖਰੇਵਾਂ ਦੂਰ ਕਿਵੇਂ ਹੋਵੇ?

ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆ ਕੋਈ ਅਲਾਹਿ ॥ ੧॥
ਕਾਰਣ ਕਰਣ ਕਰੀਮ ॥ ਕਿਰਪਾ ਧਾਰਿ ਰਹੀਮ ॥ ੧॥ ਰਹਾਉ॥
ਕੋਈ ਨਾਵੈ ਤੀਰਥਿ ਕੋਈ ਹਜ ਜਾਇ ॥ ਕੋਈ ਕਰੈ ਪੂਜਾ ਕੋਈ ਸਿਰੁ ਨਿਵਾਇ ॥ ੨॥
ਕੋਈ ਪੜੈ ਬੇਦ ਕੋਈ ਕਤੇਬ ॥ ਕੋਈ ਓਢੈ ਨੀਲ ਕੋਈ ਸੁਪੇਦ ॥ ੩॥
ਕੋਈ ਕਹੈ ਤੁਰਕੁ ਕੋਈ ਕਹੈ ਹਿੰਦੂ ॥ ਕੋਈ ਬਾਛੈ ਭਿਸਤੁ ਕੋਈ ਸੁਰਗਿੰਦੂ ॥ ੪॥
ਕਹੁ ਨਾਨਕ ਜਿਨਿ ਹੁਕਮੁ ਪਛਾਤਾ ॥ ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ ॥ ੫॥ (ਪੰਨਾ 885)

ਕਾਰਣ ਭਾਵ ਕਰਨ ਵਾਲਾ ਕਾਦਰ ਬਖ਼ਸ਼ਿੰਦ ਹੈ। ਉਹ ਪਾ ਧਾਰ ਕੇ ਸਾਰਿਆਂ ਉਤੇ ਆਪਣੀ ਰਹਿਮਤ ਕਰ ਰਿਹਾ ਹੈ। ਕੋਈ ਇਸ ਨੂੰ ਰਾਮ ਕਹਿੰਦਾ ਹੈ। ਕੋਈ ਇਸ ਨੂੰ ਖੁਦਾ ਦੇ ਨਾਮ ਨਾਲ ਯਾਦ ਕਰਦਾ ਹੈ। ਕੋਈ ਇਸ ਨੂੰ ਗੁਸਾਈਂ ਤੇ ਕੋਈ ਅਲਹ ਦੇ ਨਾਮ ਨਾਲ ਯਾਦ ਕਰਦਾ ਹੈ। ਜਿਵੇਂ ਉਸ ਕਾਦਰ ਦੇ ਅਨੇਕ ਨਾਂਅ ਹਨ, ਉਵੇਂ ਹੀ ਉਸ ਦੀ ਉਪਾਸਨਾ ਦੇ ਅਨੇਕ ਢੰਗ ਹਨ। ਕੋਈ ਤੀਰਥਾਂ ਉਤੇ ਜਾ ਕੇ ਇਸ਼ਨਾਨ ਕਰਦਾ ਹੈ। ਕੋਈ ਹਜ ਜਾਂਦਾ ਹੈ। ਕੋਈ ਪੂਜਾ ਕਰਦਾ ਹੈ ਤੇ ਕੋਈ ਮੂਰਤੀਆਂ ਅੱਗੇ ਸਿਰ ਨਿਵਾਉਂਦਾ ਹੈ। ਕੋਈ ਵੇਦ ਪੜ੍ਹਦਾ ਹੈ। ਕੋਈ ਕਤੇਬ ਪੜ੍ਹਦਾ ਹੈ। ਕੋਈ ਨੀਲੇ ਬਸਤਰ ਪਹਿਨਦਾ ਹੈ। ਕੋਈ ਸਫੇਦ ਬਸਤਰ ਪਹਿਨਦਾ ਹੈ। ਕੋਈ ਆਪਣੇ-ਆਪ ਨੂੰ ਤੁਰਕ ਕਹਿੰਦਾ ਹੈ। ਕੋਈ ਹਿੰਦੂ ਕਹਿੰਦਾ ਹੈ। ਕੋਈ ਬਹਿਸ਼ਤ ਵਿਚ ਜਾਣਾ ਚਾਹੁੰਦਾ ਹੈ। ਕੋਈ ਸਵਰਗ ਦੀ ਕਾਮਨਾ ਕਰਦਾ ਹੈ। ਗੁਰੂ ਸਾਹਿਬ ਅੱਡ-ਅੱਡ ਧਰਮਾਂ ਦੇ ਪੈਰੋਕਾਰਾਂ ਦੇ ਇਸ ਵਖਰੇਵੇਂ ਨੂੰ ਨਫਰਤ ਕਰਨ ਦੀ ਬਜਾਇ ਇਨ੍ਹਾਂ ਸਾਰਿਆਂ ਦੀ ਏਕਤਾ ਦੇ ਇਸ ਤੋਂ ਵੀ ਵੱਡੇ ਆਧਾਰ ਦਾ ਆਤਮਿਕ ਗਿਆਨ ਦੇਂਦੇ ਹਨ। ਗੁਰੂ ਸਾਹਿਬ ਦੇ ਬਚਨ ਹਨ ਕਿ ਹੁਕਮ (ਭਾਵ ਕੁਦਰਤੀ ਨੇਮਾਂ) ਦੇ ਭੇਦ ਨੂੰ ਬੁੱਝਣ ਵਾਲਾ ਮਨੁੱਖ ਸਰਬ-ਸ਼ਕਤੀਮਾਨ ਮਾਲਕ ਦਾ ਭੇਦ ਪਾ ਲੈਂਦਾ ਹੈ।

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ (ਪੰਨਾ 695)

ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ ॥ (ਪੰਨਾ 141)

ਯਥਾ ਬੰਦੇ ਦਾ ਸਰੀਰ ਬ੍ਰਹਿਮੰਡ ਦਾ ਹੀ ਇਕ ਅੰਸ਼ ਹੈ ਅਤੇ ਰੱਬੀ ਹੋਂਦ ਦੀ ਸ਼ਨਾਖਤ ਕੁਦਰਤ ਵਿਚੋਂ ਹੁੰਦੀ ਹੈ।

'ਪ੍ਰਭ' ਦਾ ਭੇਦ ਪਾਉਣ ਦਾ ਮਤਲਬ ਪ੍ਰਭੁਤਾ ਭਾਵ ਸਾਰੀਆ ਸ਼ਕਤੀਆਂ ਦੇ ਮਾਲਕ ਕਾਦਰ ਦੇ (ਕੁਦਰਤੀ) ਨੇਮਾਂ ਅਨੁਸਾਰ ਜ਼ਿੰਦਗੀ ਜਿਊਣਾ ਹੈ। ਹੁਕਮ ਦੀ ਸੁਚੇਤ ਪਛਾਣ ਹੀ ਸਾਰੇ ਧਰਮਾਂ ਦੀ ਏਕਤਾ ਦਾ ਆਧਾਰ ਹੈ। ਕਿਉਂਕਿ ਕੁਦਰਤ ਦੇ ਇਹ ਨੇਮ ਅਟਲ ਹਨ ਤੇ ਇਨ੍ਹਾਂ ਤੋਂ ਕੋਈ ਬਾਹਰ ਨਹੀਂ ਜਾ ਸਕਦਾ।

ਕੋਊ ਭਇਓ ਮੁੰਡੀਆ ਸਨਿਆਸੀ ਕੋਊ ਜੋਗੀ ਭਇਓ ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥
ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥
ਕਰਤਾ ਕਰੀਮ ਸੋਈ ਰਾਜਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥
ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਓ ਹੈ॥
ਦੇਵਤਾ ਅਦੇਵ ਜਛ ਗੰਧ੍ਰਬ ਤੁਰਕ ਹਿੰਦੂ ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥
ਅਲਹ ਅਭੇਕ ਸੋਈ ਪੁਰਾਨ ਔ ਕੁਰਾਨ ਓਈ ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ॥

ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਹਨ: ਕੋਈ ਮਨੁੱਖ ਮੁੰਡਨ ਕਰਵਾ ਕੇ ਸੰਨਿਆਸੀ ਬਣ ਜਾਂਦਾ ਹੈ। ਕੋਈ ਜੋਗੀ ਬਣ ਜਾਂਦਾ ਹੈ। ਕੋਈ ਮਨੁੱਖ ਬ੍ਰਹਮਚਾਰੀ ਬਣ ਜਾਂਦਾ ਹੈ। ਕੋਈ ਸਾਰਾ ਕੁਝ ਤਿਆਗ ਕੇ ਜਤੀ ਬਣ ਜਾਂਦਾ ਹੈ। ਕੋਈ ਹਿੰਦੂ ਅਖਵਾਉਂਦਾ ਹੈ, ਕੋਈ ਤੁਰਕ ਅਖਵਾਉਂਦਾ ਹੈ। ਕੋਈ ਆਪਣੇ ਆਪ ਨੂੰ ਪ੍ਰਹੇਜਗਾਰ ਕਹਿੰਦਾ ਹੈ। ਕੋਈ ਇਸਲਾਮ ਦੇ ਸ਼ੀਆ ਫਿਰਕੇ ਨਾਲ ਸਬੰਧ ਰੱਖਦਾ ਹੈ। ਕੋਈ ਸੁੰਨੀ ਫਿਰਕੇ ਨਾਲ ਸਬੰਧ ਰੱਖਦਾ ਹੈ ਪਰ ਮਾਨਸ ਦੀ ਜਾਤ ਹੋਣ ਕਰਕੇ ਸਾਰਿਆਂ ਦੀ ਇਕੋ ਹੀ ਪਛਾਣ ਹੈ। ਓਹੀ ਮਿਹਰਵਾਨ ਕਰਤਾ ਹੈ। ਓਹੀ ਰਿਜਕ ਦੇਣ ਵਾਲਾ ਹੈ। ਹੋਰ ਦੂਜਾ ਕੋਈ ਹੈ ਹੀ ਨਹੀਂ। ਬਾਕੀ ਸਾਰੇ ਭਰਮ-ਭੁਲੇਖੇ ਹਨ। ਸਿਰਫ ਇਸ ਇਕ ਦੀ ਸੇਵਾ ਕਰੋ। ਇਹੀ ਇਕ ਸਾਰਿਆਂ ਦਾ ਗੁਰਦੇਵ ਹੈ। ਸਾਰੇ ਇਸ ਇਕ ਦਾ ਹੀ ਰੂਪ ਹਨ। ਸਾਰਿਆਂ ਨੂੰ ਇਕ ਹੀ ਜੋਤ ਜਾਣੋ। ਮੰਦਿਰ ਮਸਜਿਦ ਵਿਚ ਕੋਈ ਫਰਕ ਨਹੀਂ। ਨਾ ਹੀ ਮੰਦਿਰ ਵਿਚ ਪੂਜਾ ਕਰਨ ਅਤੇ ਮਸਜਿਦ ਵਿਚ ਨਮਾਜ਼ ਪੜ੍ਹਨ ਵਿਚ ਕੋਈ ਫਰਕ ਹੈ। ਸਾਰੇ ਮਨੁੱਖ ਇਕੋ ਹੀ ਹਨ। ਬਾਕੀ ਦੇ ਸਾਰੇ ਐਵੇਂ ਦੇ ਭਰਮ-ਭੁਲੇਖੇ ਹਨ। ਸੁਰ ਅਸੁਰ ਨਰ ਅੱਡ ਅੱਡ ਤਰ੍ਹਾਂ ਦੇ ਦੇਵਤੇ ਤੇ ਹੋਰਨਾਂ ਦੇਵਤਿਆਂ ਦੇ ਪੈਰੋਕਾਰਾਂ, ਤੁਰਕਾਂ ਤੇ ਹਿੰਦੂਆਂ ਦਾ ਵਖਰੇਵਾਂ ਅੱਡ ਅੱਡ ਦੇਸ਼ਾਂ ਵਿਚਲੇ ਭੇਖਾਂ ਦੇ ਫਰਕ ਕਰਕੇ ਹੈ। ਸਾਰਿਆਂ ਦੀਆਂ ਇਕੋ ਜਿਹੀਆ ਅੱਖਾਂ ਹਨ। ਸਾਰਿਆਂ ਦੇ ਇਕੋ ਜਿਹੇ ਕੰਨ ਹਨ। ਸਾਰਿਆਂ ਦੇ ਇਕੋ ਜਿਹੇ ਸਰੀਰ ਹਨ। ਸਾਰੇ ਇਕੋ ਜਿਹੇ ਤੱਤਾਂ ਭਾਵ ਮਿੱਟੀ, ਹਵਾ, ਪਾਣੀ, ਅਗਨੀ ਤੇ ਅਕਾਸ਼ ਦੇ ਬਣੇ ਹੋਏ ਹਨ। ਅਲਹ ਵੀ ਓਹੀ ਹੈ। ਭੇਖ ਰਹਿਤ (ਹਿੰਦੂ ਰੱਬ) ਵੀ ਓਹੀ ਹੈ। ਪੁਰਾਨ ਅਤੇ ਕੁਰਾਨ ਵਿਚ ਕੋਈ ਫਰਕ ਨਹੀਂ। ਸਾਰੇ ਮਨੁੱਖਾਂ ਦਾ ਰੂਪ ਵੀ ਇਕੋ ਜਿਹਾ ਹੈ ਅਤੇ ਉਨ੍ਹਾਂ ਦੀ ਬਣਤਰ ਵੀ ਇਕੋ ਜਿਹੀ ਹੈ। ਫਿਰ ਇਕ-ਦੂਜੇ ਵਿਚ ਭੇਦ ਕਿਉਂ ਕਰਨਾ।

ਇਸਲਾਮ ਵਿਚ ਅਲਹ ਦੀ ਹਸਤੀ ਨੂੰ ਸਿਰਜਕ ਦੇ ਰੂਪ ਵਿਚ ਪ੍ਰਗਟ ਕੀਤਾ ਗਿਆ ਹੈ। ਅਲਹ ਮਹਾਨ ਹੈ। ਅਲਹ ਸਰਬ-ਵਿਆਪਕ ਹੈ। ਅਲਹ ਦੀ ਇਹੀ ਹਸਤੀ ਗੁਰਮਤਿ ਵਿਚ ਅਕਾਲ ਪੁਰਖ ਕਰਤਾ ਰਾਮ ਸ਼ਿਆਮ ਬੀਠਲ ਮੁਰਾਰੀ ਹਰਿ ਰਬ ਪਰਮਾਤਮਾ (ਏਕੋ) ਦੇ ਰੂਪ ਵਿਚ ਪ੍ਰਗਟ ਹੁੰਦੀ ਹੈ। ਗੁਰਮਤਿ ਅਲਹ ਦੀ ਹਸਤੀ ਨੂੰ ਏਕੋ (੧ਓ) ਦੇ ਇਕ ਨਾਮ ਵਜੋਂ ਆਪਣੇ ਵਿਚ ਆਤਮਸਾਤ ਕਰ ਲੈਂਦੀ ਹੈ। ਗੁਰਮਤਿ ਨੇ ਅਲਹ ਦੇ ਸੰਕਲਪ ਨੂੰ ਇਸੇ ਰੂਪ ਵਿਚ ਹੀ ਅਪਣਾ ਲਿਆ ਹੈ।

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ (ਪੰਨਾ 1349)

ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨ ਦੀ ਵਿਆਖਿਆ ਵੀ ਕੀਤੀ ਹੋਈ ਹੈ :

ਮੁਸਲਮਾਣੁ ਕਹਾਵਣੁ ਮੁਸਕਲੁ ਜਾ ਹੋਇ ਤਾ ਮੁਸਲਮਾਣੁ ਕਹਾਵੈ॥
ਅਵਲਿ ਅਉਲਿ ਦੀਨੁ ਕਰਿ ਮਿਠਾ ਮਸਕਲ ਮਾਨਾ ਮਾਲੁ ਮੁਸਾਵੈ॥
ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥
ਰਬ ਕੀ ਰਜਾਇ ਮੰਨੇ ਸਿਰ ਉਪਰਿ ਕਰਤਾ ਮੰਨੇ ਆਪੁ ਗਵਾਵੈ॥
ਤਉ ਨਾਨਕ ਸਰਬ ਜੀਆ ਮਿਹਰੰਮਤਿ ਹੋਇ ਤ ਮੁਸਲਮਾਣੁ ਕਹਾਵੈ॥ (ਪੰਨਾ 141)

ਯਥਾ ਮੁਸਲਮਾਨ ਬਣਨਾ ਬੜਾ ਔਖਾ ਹੈ। ਪਰ ਜੇ ਕੋਈ ਸੱਚੇ ਅਰਥਾਂ ਵਿਚ ਮੁਸਲਮਾਨ ਹੋਵੇ ਤਾਂ ਹੀ ਉਹ ਆਪਣੇ-ਆਪ ਨੂੰ ਮੁਸਲਮਾਨ ਕਹਾਵੇ। ਫਿਰ ਉਹ ਮੁਸਲਮਾਨ ਬਣ ਕੇ ਇਸਲਾਮ ਦੇ ਸਾਰੇ ਚੰਗੇ ਗੁਣ ਧਾਰਨ ਕਰੇ। ਆਪਣੇ ਦੀਨ ਭਾਵ ਆਪਣੇ ਧਰਮ ਨੂੰ ਮਿੱਠਾ ਕਰਕੇ ਮੰਨੇ। ਉਸ ਉਤੇ ਪੂਰਨ ਯਕੀਨ ਲਿਆਵੇ। ਫਿਰ ਜਿਵੇਂ ਲੋਹੇ ਦਾ ਜੰਗਾਲ ਲਾਹੁਣ ਲਈ ਉਸ ਨੂੰ ਵਾਰ-ਵਾਰ ਰਗੜਨਾ ਪੈਂਦਾ ਹੈ, ਇਸ ਤਰ੍ਹਾਂ ਉਹ ਆਪਣੇ ਮਨ ਉਤੇ ਜੰਮੀ ਹੋਈ ਭਰਮਾਂ ਦੀ ਮੈਲ ਲਾਹੁਣ ਦੇ ਯਤਨ ਕਰੇ। ਧਰਮੀ ਮੁਸਲਮਾਨ ਬਣ ਕੇ ਜੰਮਣ-ਮਰਨ ਦੇ ਭਰਮ ਨੂੰ ਸਦਾ ਲਈ ਮਨ ਵਿਚੋਂ ਕੱਢ ਦੇਵੇ। ਮੌਤ ਦੇ ਡਰ ਨੂੰ ਹਮੇਸ਼ਾ ਲਈ ਮਨੋ ਭੁਲਾ ਦੇਵੇ। ਸੱਚਾ ਮੁਸਲਮਾਨ ਬਣ ਕੇ ਉਹ ਕਰਤਾ ਦੀ ਰਜ਼ਾ ਨੂੰ ਮੰਨੇ। ਕਾਦਰ ਦੇ ਹੁਕਮ ਨੂੰ ਮੰਨ ਕੇ ਆਪਣੀ ਝੂਠੀ ਹਉਮੈਗ੍ਰਸਤ ਹੋਂਦ ਗੁਆ ਦੇਵੇ। ਆਪਣੀ ਨਾਸਵੰਤ ਹੋਂਦ ਨੂੰ ਪਛਾਣੇ। ਗੁਰੂ ਨਾਨਕ ਸਾਹਿਬ ਦੇ ਬਚਨ ਹਨ ਕਿ ਇਹ ਸਾਰਾ ਕੁਝ ਕਰਨ ਤੋਂ ਬਾਅਦ ਉਹ ਸਾਰੇ ਜੀਆਂ ਉਤੇ ਦਇਆ ਕਰੇ। ਭਾਵ ਸਰਬ-ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦਾ ਪੈਰੋਕਾਰ ਬਣੇ। ਫਿਰ ਹੀ ਉਹ ਆਪਣੇ ਮੁਸਲਮਾਨ ਹੋਣ ਦਾ ਦਾਅਵਾ ਕਰੇ।

ਫਿਲਾਸਫਰ ਕਵੀ ਅਲਾਮਾ ਇਕਬਾਲ ਨੇ ਇਸਲਾਮ ਦੀ ਵਿਆਖਿਆ ਕਰਦਿਆਂ ਲਿਖਿਆ ਹੈ, ''ਇਸਲਾਮ ਦਾ ਅੰਤਿਮ ਨਿਸ਼ਾਨਾ ਆਤਮਿਕ ਜਮਹੂਰੀਅਤ ਹੈ। ਅਜੋਕੀ ਯੂਰਪੀਨ ਸਭਿਅਤਾ ਮਨੁੱਖ ਦੇ ਸਦਾਚਾਰਕ ਤੇ ਸਭਿਆਚਾਰਕ ਵਿਕਾਸ ਦੇ ਰਾਹ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਕੁਰਾਨ ਇਕ ਕਿਤਾਬ ਹੈ, ਜਿਹੜੀ ਕਹਿਣੀ ਨਾਲੋਂ ਕਰਨੀ ਉਤੇ ਜ਼ੋਰ ਦੇਂਦੀ ਹੈ।''(The Quran is a book which emphasizes 'deed' rather than 'idea') ਗੁਰੂ ਨਾਨਕ ਸਾਹਿਬ ਦੀ ਫਿਲਾਸਫੀ ਦਾ ਸਾਰਾ ਤੱਤ-ਨਿਚੋੜ ਇਹੀ ਹੈ

ਸਚਹੁ ਓਰੈ ਸਭ ਕੋ ਉਪਰਿ ਸਚੁ ਆਚਾਰੁ॥

ਮੱਕੇ ਦੀ ਜ਼ਿਆਰਤ ਦੌਰਾਨ ਜਦੋਂ ਗੁਰੂ ਨਾਨਕ ਸਾਹਿਬ ਨੂੰ ਹਾਜੀਆਂ ਨੇ ਪੁੱਛਿਆ ਕਿ 'ਹਿੰਦੂ ਚੰਗੇ ਹਨ ਜਾਂ ਮੁਸਲਮਾਨ?

ਤਾਂ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ ਜੁਆਬ ਨੂੰ ਇੰਝ ਬਿਆਨ ਕੀਤਾ ਹੈ:

ਪੁਛਨ ਖੋਲ ਕਿਤਾਬ ਨੋ ਬਾਬਾ ਹਿੰਦੂ ਵਡਾ ਕਿ ਮੁਸਲਮਾਨੋਈ॥
ਬਾਬਾ ਆਖੇ ਹਾਜੀਆ ਸੁਭ ਅਮਲਾਂ ਬਾਝਹੁ ਦੋਵੇਂ ਰੋਈ॥

ਭਾਵ ਸ਼ੁੱਭ ਅਮਲ ਹੀ ਕਿਸੇ ਬੰਦੇ ਦੀ ਚੰਗਿਆਈ ਦਾ ਪੈਮਾਨਾ ਬਣਦੇ ਹਨ। ਨਵੀਂ ਸੋਚ ਦੇ ਰੂਪ ਵਿਚ ਅਜੋਕੀ ਮਨੁੱਖਤਾ ਨੂੰ ਗੁਰੂ ਨਾਨਕ ਸਾਹਿਬ ਦੀ ਇਹੀ ਮਹਾਨ ਦੇਣ ਹੈ, ਜਿਹੜੀ ਸਰਬ-ਸਾਂਝੀਵਾਲਤਾ ਤੇ ਸਰਬੱਤ ਦੇ ਭਲੇ ਦੀ ਜਨਕ ਹੈ।

## ਨਿੱਕੇ ਅੰਬਰ ਤੇ ਵੱਡੀ ਉਡਾਰੀ

**(ਪਿਛਲੇ ਸਫੇ ਦਾ ਬਾਕੀ)**

ਰਿਹਾ ਹੈ।''

''ਵੌਂਗ ਨੂੰ ਤੇਰੇ ਇਸ ਧੰਦੇ ਬਾਰੇ ਪਤਾ ਹੈ?''

''ਉਸੇ ਲਈ ਤਾਂ ਪੈਸੇ ਜੋੜ ਰਹੀ ਹਾਂ। ਸਾਲ ਕੁ ਤੱਕ ਮੇਰੇ ਕੋਲ ਚੰਗੀ ਮਾਤਰਾ 'ਚ ਸੇਵਿੰਗ ਹੋ ਜਾਵੇਗੀ। ਫਿਰ ਮੈਂ ਵੌਂਗ ਕੋਲ ਚਲੀ ਜਾਵਾਂਗੀ। ਅਸੀਂ ਆਪਣੇ ਲਈ ਜ਼ਮੀਨ ਦਾ ਕੁੱਝ ਟੁਕੜਾ ਖਰੀਦ ਕੇ ਖੇਤੀ ਕਰਾਂਗੇ।''

''ਵੌਂਗ ਇਤਰਾਜ਼ ਤਾਂ ਕਰਦਾ ਹੀ ਹੋਊ—ਆਪਣਾ ਆਪ ਦੂਜਿਆਂ ਨੂੰ ਸੌਂਪ ਦਿੰਦੀ ਏਂ?''

''ਵੌਂਗ ਜਾਣਦਾ-ਜੋ ਮੈਂ ਉਸਨੂੰ ਸੌਂਪਣਾ ਹੈ, ਉਹ ਹੋਰ ਕਿਸੇ ਨੂੰ ਨਹੀਂ ਸੌਂਪਦੀ। ਉਹ ਮੈਂ ਆਪਣੇ ਅੰਦਰ ਸੰਭਾਲ ਰੱਖਿਆ ਹੈ।''

ਜੈਸਿਕਾ ਦੇ ਜਵਾਬ ਨਾਲ ਮੈਂ ਅੰਦਰ ਤੱਕ ਹਿੱਲ ਗਿਆ।

''ਜੇ ਕੋਈ ਦੂਰ ਦੇਸ਼ ਦਾ ਬਹੁਤ ਅਮੀਰ ਬੰਦਾ ਮਿਲ ਜਾਵੇ? ਉਹ ਦੇਸ਼ ਵੀ ਬਹੁਤ ਖੂਬਸੂਰਤ ਹੋਵੇ। ਉਸ ਦੇਸ਼ ਦਾ ਅੰਬਰ ਵੀ ਬਹੁਤ ਵੱਡਾ ਹੋਵੇ ਜਿੱਥੇ ਤੂੰ ਬਹੁਤ ਵੱਡੀ ਉਡਾਰੀ ਭਰ ਸਕੇਂ। ਕੀ ਫੇਰ ਵੀ ਨਹੀਂ ਜਾਵੇਂਗੀ ਉਸ ਨਾਲ?''

''ਵੌਂਗ ਨਾਲੋਂ ਵੱਧ ਅਮੀਰ ਕੌਣ ਹੋਵੇਗਾ? ਵੌਂਗ ਮੇਰੇ ਲਈ ਸਭ ਕੁੱਝ ਹੈ। ਦੁਨੀਆ ਦਾ ਸਭ ਤੋਂ ਅਮੀਰ ਵੀ ਤੇ ਦੁਨੀਆਂ ਦਾ ਸਭ ਤੋਂ ਖੂਬਸੂਰਤ ਮਨੁੱਖ ਵੀ। ਅੰਬਰ ਨਿੱਕਾ ਹੋਵੇ ਜਾਂ ਵੱਡਾ, ਕੋਈ ਫਰਕ ਨਹੀਂ ਪੈਂਦਾ-ਵੌਂਗ ਨਾਲ ਮੈਂ ਬਹੁਤ ਉੱਚੀ ਉਡਾਰੀ ਭਰਾਂਗੀ।'' ਜੈਸਿਕਾ ਪੂਰੇ ਮਾਣ ਨਾਲ ਬੋਲੀ।

''ਐਮਰ, ਅਹਿ ਵੇਖੋ ਸਾਡੀ ਫੋਟੋ!'' ਉਸਨੇ ਆਪਣੇ ਮੋਬਾਈਲ ਦੀ ਗੈਲਰੀ 'ਚੋਂ ਆਪਣੀ ਅਤੇ ਵੌਂਗ ਦੀ ਫੋਟੋ ਕੱਢ ਕੇ ਮੇਰੇ ਮੂਹਰੇ ਕਰ ਦਿੱਤੀ।

ਜੈਸਿਕਾ ਅਤੇ ਵੌਂਗ ਫੁੱਲਾਂ ਲੱਦੇ ਕਿਸੇ ਪਾਰਕ 'ਚ ਖੜ੍ਹੇ। ਇੱਕ ਦੂਜੇ ਨਾਲ ਲਿਪਟੇ ਹੋਏ। ਜੈਸਿਕਾ ਨੇ ਵੌਂਗ ਦੇ ਮੋਢੇ 'ਤੇ ਬਿਲਕੁੱਲ ਉਵੇਂ ਹੱਥ ਰੱਖਿਆ ਹੋਇਆ ਜਿਵੇਂ ਹਰਜੀਤ ਨੇ ਹਿਮਾਚਲ ਦੀਆਂ ਰੰਗੀਨ ਵਾਦੀਆਂ 'ਚ ਫੋਟੋ ਖਿਚਵਾਉਣ ਸਮੇਂ ਮੇਰੇ ਮੋਢੇ 'ਤੇ ਰੱਖਿਆ ਸੀ। ਮੇਰੀਆਂ ਅੱਖਾਂ ਭਰ ਆਈਆਂ। ਮੇਰਾ ਜੀਅ ਕੀਤਾ ਜੈਸਿਕਾ ਦੇ ਗਲ ਲੱਗ ਕੇ ਉੱਚੀ ਉੱਚੀ ਰੋਵਾਂ।

''ਵਾਹ ! ਵੌਂਗ ਸੱਚਮੁੱਚ ਬਹੁਤ ਖੂਬਸੂਰਤ ਹੈ। ਜੈਸਿਕਾ, ਤੂੰ ਵੀ ਬਹੁਤ ਖੂਬਸੂਰਤ ਏਂ। ਤੁਹਾਡੀ ਜੋੜੀ ਦੁਨੀਆ ਦੀ ਸਭ ਤੋਂ ਖੂਬਸੂਰਤ ਜੋੜੀ ਹੋਵੇਗੀ।'' ਜੈਸਿਕਾ ਨੇ ਖੁਸ਼ੀ ਨਾਲ ਵਾਲਾਂ ਨੂੰ ਪਿੱਛੇ ਵੱਲ ਝਟਕਿਆ ਤਾਂ ਕਮਰਾ ਮਹਿਕ ਉੱਠਿਆ।

''ਜੈਸਿਕਾ! ਆਪਣੀ ਇਹ ਗੱਲ ਕਦੇ ਨਾ ਭੁੱਲੀਂ ਕਿ ਅੰਬਰ ਨਿੱਕਾ ਹੋਵੇ ਜਾਂ ਵੱਡਾ, ਕੋਈ ਫਰਕ ਨਹੀਂ ਪੈਂਦਾ। ਕਿ ਜੇ ਮਨ 'ਚ ਉੱਡਣ ਦਾ ਚਾਅ ਹੋਵੇ-ਨਿੱਕੇ ਅੰਬਰ 'ਤੇ ਵੀ ਵੱਡੀ ਉਡਾਰੀ ਭਰੀ ਜਾ ਸਕਦੀ ਹੈ।''

ਮੈਂ ਮੂੰਹ ਦੂਜੇ ਪਾਸੇ ਕਰ ਕੇ ਅੱਖਾਂ ਸਾਫ਼ ਕੀਤੀਆਂ। ਆਪਣੇ ਮੋਬਾਈਲ 'ਚੋਂ ਜੈਸਿਕਾ ਨਾਲ ਖਿੱਚੀ ਫੋਟੋ ਡਿਲੀਟ ਕਰ ਦਿੱਤੀ। ਪਰਸ 'ਚੋਂ ਸਾਰੇ ਬਾਟ ਕੱਢੇ ਤੇ ਜੈਸਿਕਾ ਦੇ ਨਾਂਹ-ਨੁੱਕਰ ਕਰਦਿਆਂ ਵੀ ਉਸਦੇ ਪਰਸ ਵਿੱਚ ਪਾ ਦਿੱਤੇ।

# ਵਿਰਾਸਤ ਨੂੰ ਬਚਾਓ ਲੰਪੀ ਸਕਿਨ ਤੋਂ !

ਸੁਣਿਐਂ ਦੇਸ ਅੰਦਰ ਇਕ ਨਵੀਂ ਬਿਮਾਰੀ ਚੱਲੀ ਹੈ। ਪਸ਼ੂਆਂ ਨੂੰ ਹੋਈ ਇਹ ਬਿਮਾਰੀ ਵਬਾ ਬਣ ਕੇ ਫੈਲ ਰਹੀ ਐ...ਨਾਂਅ ਹੈ ਲੰਪੀ ਸਕਿਨ ਡਿਜੀਜ਼! ਪਸ਼ੂਆਂ 'ਚ ਇਹ ਮੱਖੀ-ਮੱਛਰ ਤੋਂ ਫੈਲਦੀ ਹੈ ਤੇ ਤੇਜ਼ੀ ਨਾਲ ਹੋਰਨਾਂ ਪਸ਼ੂਆਂ ਨੂੰ ਲਪੇਟ ਵਿਚ ਲੈਂਦੀ ਹੈ। ਪਾਲਤੂ ਪਸ਼ੂਆਂ ਨੂੰ ਤਾਂ ਭਾਰੀ ਦੇਖ-ਭਾਲ ਰਾਹੀਂ ਬਚਾਇਆ ਜਾ ਸਕਦਾ ਹੈ ਪਰ ਆਵਾਰਾ ਪਸ਼ੂਆਂ ਦੀ ਦੇਖ-ਭਾਲ ਨਾ ਹੋਣ ਕਾਰਨ ਮੁਸ਼ਕਲ ਹੋ ਜਾਂਦੀ ਹੈ। ਪਸ਼ੂਆਂ ਦੀ ਚਮੜੀ 'ਚ ਗੱਠਾਂ ਬਣ ਜਾਂਦੀਆਂ ਹਨ ਜੋ ਥੋੜ੍ਹੇ ਦਿਨਾਂ ਬਾਅਦ ਫਟ ਜਾਂਦੀਆਂ ਹਨ। ਖੁੱਲ੍ਹਾ ਜ਼ਖ਼ਮ ਇਸ ਬਿਮਾਰੀ ਨੂੰ ਹੋਰ ਤੇਜ਼ ਕਰਨ ਲਈ ਸੱਦਾ ਦਿੰਦਾ ਹੈ। ਮਰੇ ਪਸ਼ੂਆਂ ਦੀ ਚਮੜੀ ਵੀ ਵਰਤੋਂ 'ਚ ਨਹੀਂ ਲਿਆਂਦੀ

ਇੰਦਰਜੀਤ ਚੁਗਾਵਾਂ

ਜਾ ਸਕਦੀ, ਉਨ੍ਹਾਂ ਨੂੰ ਡੂੰਘਾ ਦਫ਼ਨਾਉਣਾ ਪੈਂਦਾ ਹੈ ਤਾਂ ਕਿ ਇਸ ਬਿਮਾਰੀ ਦੇ ਫੈਲਾਅ ਨੂੰ ਰੋਕਿਆ ਜਾ ਸਕੇ। ਪੰਜਾਬ-ਹਰਿਆਣਾ 'ਚ ਆਮ ਕਰਕੇ ਲੋਕ ਫੰਡਰ ਗਊਆਂ ਨੂੰ ਆਵਾਰਾ ਛੱਡ ਦਿੰਦੇ ਹਨ ਤੇ ਇਹ ਗਊਆਂ ਹੁਣ ਇਸ ਬਿਮਾਰੀ ਨੂੰ ਫੈਲਾਉਣ ਦਾ ਵਾਹਕ ਬਣੀਆਂ ਹਨ।

ਇਹ ਬਿਮਾਰੀ ਮਨੁੱਖਾਂ ਨੂੰ ਵੀ ਲਪੇਟ ਲੈਂਦੀ ਹੈ। ਮਨੁੱਖਾਂ 'ਚ ਇਹ ਮੱਖੀ-ਮੱਛਰ ਤੋਂ ਇਲਾਵਾ ਹਵਾ ਰਾਹੀਂ ਵੀ ਫੈਲਦੀ ਹੈ, ਮਤਲਬ ਕਿ ਸਾਹ ਲੈਣਾ ਵੀ ਖਤਰੇ ਤੋਂ ਖਾਲੀ ਨਹੀਂ। ਇਸਦਾ ਅਰਥ ਇਹ ਵੀ ਹੈ ਕਿ ਕਿਸੇ ਇਕ ਪਰਿਵਾਰ ਦੇ ਪਸ਼ੂਆਂ ਦੀ ਬਿਮਾਰੀ ਦੀ ਸਮੱਸਿਆ ਪੂਰੇ ਸਮਾਜ ਦੀ ਸਮੱਸਿਆ ਬਣ ਜਾਂਦੀ ਹੈ ਤੇ ਇਸ ਨਾਲ ਨਜਿੱਠਣ ਲਈ ਸਮੂਹਿਕ ਉਪਰਾਲੇ ਲਾਜ਼ਮੀ ਬਣ ਜਾਂਦੇ ਹਨ। ਸਮੂਹਿਕ ਉਪਰਾਲਿਆਂ ਲਈ ਸਮਾਜੀ ਸਰੋਕਾਰਾਂ ਦੀ ਸੋਝੀ ਇਕ ਮੁਢਲੀ ਸ਼ਰਤ ਹੈ ਪਰ ਹੋ ਕੀ ਰਿਹੈ..?

ਸਰਹਿੰਦ ਨਹਿਰ ਦੇ ਕੋਟ ਭਾਈ ਰਜਵਾਹੇ 'ਚ ਕੁੱਝ ਲੋਕਾਂ ਨੇ ਆਪਣੀਆਂ ਮਰੀਆਂ ਗਊਆਂ ਸੁੱਟ ਦਿੱਤੀਆਂ। ਪਤਾ ਉਦੋਂ ਲੱਗਾ ਜਦ ਮਹਿਮਾ ਭਗਵਾਨਾਂ ਪਿੰਡ ਦੇ ਲੋਕਾਂ ਦੇ ਨਜ਼ਰੀਂ ਪਈਆਂ। ਜਿਨ੍ਹਾਂ ਸੁੱਟੀਆਂ ਸਨ, ਉਨ੍ਹਾਂ ਤਾਂ ਆਪਣੇ ਗਲੋਂ ਲਾਹ ਦਿੱਤੀਆਂ ਪਰ ਹੋਰ ਕਿੰਨਿਆਂ ਦੇ ਗਲ਼ ਪਾ ਦਿੱਤੀਆਂ ਇਸ ਬਾਰੇ ਉਨ੍ਹਾਂ ਨੂੰ ਕੋਈ ਇਲਮ ਨਹੀਂ। ਇਸ ਰਜਵਾਹੇ ਦਾ ਪਾਣੀ ਜਿਸ ਇਲਾਕੇ ਵਿਚ ਵੀ ਜਾਂਦਾ ਹੋਵੇਗਾ, ਉਹ ਇਸ ਆਫ਼ਤ ਤੋਂ ਆਪਣੇ ਆਪ ਨੂੰ ਮਹਿਫ਼ੂਜ਼ ਕਿਵੇਂ ਸਮਝਣਗੇ?

ਗੱਲ ਸਮੂਹਿਕ ਉਪਰਾਲਿਆਂ ਤੇ ਸਮਾਜੀ ਸਰੋਕਾਰਾਂ ਦੀ ਕੀਤੀ ਹੈ ਤਾਂ ਇਸ ਵਾਸਤੇ ਭਾਈਚਾਰਕ ਸਾਂਝਾਂ-ਸੰਬੰਧਾਂ ਨੂੰ ਦਰਕਿਨਾਰ ਕਿਵੇਂ ਕੀਤਾ ਜਾ ਸਕਦਾ ਹੈ? ਇਨ੍ਹਾਂ ਸਾਂਝਾਂ ਦੇ ਸਿਰ 'ਤੇ ਵੱਡੀ ਤੋਂ ਵੱਡੀ ਮੁਸ਼ਕਲ ਨੂੰ ਪਾਰ ਕੀਤਾ ਜਾ ਸਕਦਾ ਹੈ। ਹਾਲ ਹੀ ਵਿਚ ਲੜਿਆ ਗਿਆ "ਇਤਿਹਾਸਕ ਕਿਸਾਨ ਅੰਦੋਲਨ" ਇਸ ਦੀ ਉੱਘੜਵੀਂ ਮਿਸਾਲ ਹੈ। ਤਿੰਨ ਕਾਲੇ ਕਾਨੂੰਨ ਰੱਦ ਕਰਵਾਉਣ ਲਈ ਸ਼ੁਰੂ ਕੀਤਾ ਇਹ ਅੰਦੋਲਨ ਕਦੇ ਵੀ ਸਫਲ ਨਾ ਹੁੰਦਾ, ਜੇ ਇਸਨੂੰ ਸਮਾਜ ਦੇ ਹਰ ਹਿੱਸੇ ਦਾ ਸਮਰਥਨ ਹਾਸਲ ਨਾ ਹੁੰਦਾ। ਇਸ ਮੋਰਚੇ 'ਚ ਹਰ ਪੇਸ਼ੇ, ਧਰਮ-ਜਾਤ ਦੇ ਲੋਕ ਜਦ ਆਪ-ਮੁਹਾਰੇ ਸ਼ਾਮਲ ਹੋਏ ਤਾਂ ਇਹ ਅੰਦੋਲਨ, ਕਿਸਾਨ ਅੰਦੋਲਨ ਨਾ ਰਹਿ ਕੇ ਲੋਕ ਅੰਦੋਲਨ ਦਾ ਰੂਪ ਧਾਰਨ ਕਰ ਗਿਆ। ਇਸ ਅੰਦੋਲਨ ਨੂੰ ਸਿੱਖ ਸੰਸਥਾਵਾਂ ਤੇ ਅਵਾਮ ਦੇ ਸਮਰਥਨ ਨੂੰ ਕਿਸੇ ਵੀ ਤਰ੍ਹਾਂ ਅਣਡਿੱਠ ਨਹੀਂ ਕੀਤਾ ਜਾ ਸਕਦਾ ਪਰ ਏਥੇ ਜ਼ਿਕਰ ਮੁਸਲਿਮ ਭਾਈਚਾਰੇ ਦੇ ਸਮਰਥਨ ਦਾ ਕਰਾਂਗੇ, ਜਿਸ ਦੀ ਇਕ ਖਾਸ ਵਜ੍ਹਾ ਹੈ।



ਦਿੱਲੀ ਦੇ ਗ਼ਾਜ਼ੀਪੁਰ ਬਾਰਡਰ ਵਾਲੇ ਮੋਰਚੇ 'ਤੇ ਪੂਰਬੀ ਯੂ.ਪੀ. ਦੇ ਮੁਸਲਿਮ ਭਾਈਚਾਰੇ ਦੀ ਵੱਡੀ ਭੂਮਿਕਾ ਰਹੀ। ਯਾਦ ਕਰੋ 26 ਜਨਵਰੀ ਨੂੰ ਗ਼ਾਜ਼ੀਪੁਰ ਬਾਰਡਰ 'ਤੇ ਕਿਸਾਨ ਆਗੂ ਰਾਕੇਸ਼ ਟਿਕੈਤ ਵਲੋਂ ਵਹਾਏ ਗਏ ਹੰਝੂਆਂ ਨੂੰ, ਜਿਨ੍ਹਾਂ ਨੇ ਮੋਰਚੇ 'ਚ ਨਵੀਂ ਰੂਹ ਫੂਕ ਦਿੱਤੀ ਸੀ! ਇਹ ਹੰਝੂ ਬੇਕਾਰ ਜਾਂਦੇ, ਜੇ ਪੂਰਬੀ ਯੂ.ਪੀ. ਦੀ ਗੰਨਾ ਬੈਲਟ ਦੇ ਮੁਸਲਮਾਨ ਆਪਣੀਆਂ ਤਲ਼ੀਆਂ ਅੱਗੇ ਕਰ ਕੇ ਇਨ੍ਹਾਂ ਨੂੰ ਹੰਝੂਆਂ ਨੂੰ ਜ਼ਮੀਨ 'ਤੇ ਡਿੱਗਣੋਂ ਨਾ ਬਚਾਉਂਦੇ।

ਸਿੰਘੂ-ਟਿਕਰੀ ਬਾਰਡਰ ਵਾਲੇ ਮੋਰਚੇ 'ਚ ਜਿਸ ਤਰ੍ਹਾਂ ਪੰਜਾਬ-ਹਰਿਆਣਾ-ਰਾਜਸਥਾਨ ਦੇ ਮੁਸਲਮਾਨ ਧਾਹ ਕੇ ਸ਼ਾਮਲ ਹੋਏ, ਉਹ ਵੀ ਲਾਮਿਸਾਲ ਸੀ। ਮਲੇਰਕੋਟਲਾ, ਲੁਧਿਆਣਾ, ਹਰਿਆਣਾ ਦੇ ਮੇਵਾਤ ਇਲਾਕੇ ਤੇ ਦਿੱਲੀ ਦੀਆਂ ਬਸਤੀਆਂ ਤੋਂ ਮੁਸਲਿਮ ਭਾਈਚਾਰੇ ਵਲੋਂ ਇਸ ਮੋਰਚੇ 'ਚ ਪਾਏ ਗਏ ਯੋਗਦਾਨ ਨੂੰ ਨਜ਼ਰ-ਅੰਦਾਜ਼ ਕੀਤਾ ਜਾ ਸਕਦੈ ਭਲਾ? ਇਸ ਤੋਂ ਇਲਾਵਾ ਸਥਾਨਕ ਟੌਲ਼-ਪਲਾਜ਼ਿਆਂ ਤੇ ਮਾਲਜ਼ ਮੂਹਰੇ ਧਰਨਿਆਂ 'ਚ ਵੀ ਇਹ ਭਾਈਚਾਰਾ ਅੱਗੇ ਰਿਹਾ।

ਕੀ ਇਹ ਸਾਂਝ ਸਿਰਫ਼ ਮੋਰਚੇ ਤਕ ਈ ਸੀ? ਏਨੇ ਹੀ ਸਵਾਰਥੀ, ਅਹਿਸਾਨ ਫ਼ਰਾਮੋਸ਼ ਹੋ ਗਏ ਹਾਂ ਅਸੀਂ? ਲੰਪੀ ਸਕਿਨ ਦੀ ਬਿਮਾਰੀ ਨੇ ਸਾਡਾ ਨੰਗ ਜੱਗ ਜ਼ਾਹਰ ਕਰ ਦਿੱਤੈ! ਦੁਨੀਆ ਨੂੰ ਅਸੀਂ ਦੱਸ ਦਿੱਤੈ ਕਿ ਪਸ਼ੂਆਂ ਨੂੰ ਤਾਂ ਇਹ ਬਿਮਾਰੀ ਹੁਣ ਹੋਈ ਐ, ਅਸੀਂ ਤਾਂ ਚਿਰਾਂ ਤੋਂ ਇਸ ਦੀ ਮਾਰ ਹੇਠ ਹਾਂ।

ਗੱਲ ਜ਼ਿਲ੍ਹਾ ਬਰਨਾਲ਼ਾ ਦੇ ਪਿੰਡ ਰਾਏਸਰ ਦੀ ਹੈ। ਇੱਥੋਂ ਦੇ ਮੁਸਲਿਮ ਭਾਈਚਾਰੇ ਨੂੰ ਪਹਿਲਾਂ ਤਾਂ ਆਪਣੇ ਕਬਰਸਤਾਨ ਤੋਂ ਧਨਾਢਾਂ ਦਾ ਕਬਜ਼ਾ ਛੁਡਵਾਉਣ ਲਈ ਸੰਘਰਸ਼ ਕਰਨਾ ਪਿਆ ਤੇ ਹੁਣ ਇਸ ਕਬਰਸਤਾਨ 'ਤੇ ਲੰਪੀ ਸਕਿਨ ਦੀ ਆਫ਼ਤ ਆਣ ਪਈ ਹੈ।

ਆਪਣੇ ਮ੍ਰਿਤਕ ਸੰਬੰਧੀਆਂ ਨੂੰ ਕਬਰ 'ਚ ਦਫ਼ਨਾਉਣਾ ਮੁਸਲਿਮ ਭਾਈਚਾਰੇ ਦੀ ਰਵਾਇਤ ਹੈ। ਹਿੰਦੂ-ਸਿੱਖ ਆਪਣੇ ਮ੍ਰਿਤਕ ਸੰਬੰਧੀਆਂ ਨੂੰ ਅਗਨ ਭੇਟ ਕਰਦੇ ਹਨ, ਇਹ ਉਨ੍ਹਾਂ ਦੀ ਰਵਾਇਤ ਹੈ। ਜਿਸ ਜਗ੍ਹਾ ਤੁਸੀਂ ਆਪਣੇ ਕਿਸੇ ਨਜ਼ਦੀਕੀ ਦਾ ਅੰਤਮ ਸੰਸਕਾਰ (ਅਗਨ ਭੇਟ ਜਾਂ ਦਫਨਾਉਣਾ) ਕਰਦੇ ਓ, ਉਸ ਨਾਲ ਤੁਹਾਡੀਆਂ ਸੰਵੇਦਨਾਵਾਂ ਜੁੜ ਜਾਂਦੀਆਂ ਹਨ। ਤੁਹਾਡੇ ਸਾਹਮਣੇ ਕੋਈ ਉਸ ਜਗ੍ਹਾ ਦੀ ਬੇਅਦਬੀ ਕਰੇ ਤਾਂ ਕਿਸ ਤਰ੍ਹਾਂ ਮਹਿਸੂਸ ਕਰੋਗੇ ਤੁਸੀਂ?

ਮੁਸਲਿਮ ਭਾਈਚਾਰਾ ਪਿੰਡ ਰਾਏਸਰ ਦਾ ਅਹਿਮ ਹਿੱਸਾ ਹੈ। ਪਿੰਡ ਦੇ ਰਸੂਖਦਾਰਾਂ ਨੇ ਲੰਪੀ ਸਕਿਨ ਬਿਮਾਰੀ ਕਾਰਨ ਮਰੀਆਂ ਗਊਆਂ ਮੁਸਲਿਮ ਭਾਈਚਾਰੇ ਦੇ ਕਬਰਸਤਾਨ 'ਚ ਦਫ਼ਨਾਉਣੀਆਂ ਸ਼ੁਰੂ ਕਰ ਦਿੱਤੀਆਂ। ਜਦ ਗਊਆਂ ਦਫ਼ਨਾਉਣ ਲਈ ਟੋਏ ਪੁੱਟੇ ਜਾ ਰਹੇ ਸਨ ਤਾਂ ਵਿਚੋਂ ਕਬਰਾਂ 'ਚ ਦਫ਼ਨਾਏ ਮੁਸਲਿਮ ਭਾਈਚਾਰੇ ਦੇ ਸਕੇ ਸੰਬੰਧੀਆਂ ਦੇ ਪਿੰਜਰ ਵੀ ਬਾਹਰ ਆ ਗਏ ਪਰ ਪੁੱਟ-ਪੁਟਾਈ ਦਾ ਕੰਮ ਫੇਰ ਵੀ ਨਹੀਂ ਰੁਕਿਆ। ਮਨੁੱਖੀ ਸੰਵੇਦਨਹੀਣਤਾ ਦੀ ਸਿਖਰ ਨਹੀਂ ਤਾਂ ਹੋਰ ਕੀ ਐ?

ਜਦ ਉਨ੍ਹਾਂ ਵਿਰੋਧ ਕੀਤਾ ਤਾਂ ਉਨ੍ਹਾਂ ਉੱਪਰ ਹੱਲਾ ਬੋਲ ਦਿੱਤਾ ਗਿਆ। ਦਾਅਵਾ ਇਹ ਕੀਤਾ ਗਿਆ ਕਿ ਕਬਰਸਤਾਨ ਵਾਲੀ ਥਾਂ ਹੱਡਾਰੋੜੀ ਦੀ ਹੈ, ਇਸ ਲਈ ਮਰੇ ਪਸ਼ੂ ਇੱਥੇ ਈ ਦਫ਼ਨਾਏ ਜਾਣਗੇ ਪਰ ਜਦੋਂ ਪੁਲਿਸ ਦੀ ਹਾਜ਼ਰੀ ਵਿਚ ਤਹਿਸੀਲਦਾਰ, ਕਾਨੂੰਗੋ, ਪਟਵਾਰੀ ਅਤੇ ਪਿੰਡ ਦੀਆਂ ਦੋਨਾਂ ਪੰਚਾਇਤਾਂ ਦੀ ਮੌਜੂਦਗੀ ਵਿਚ ਗਿਣਤੀ-ਮਿਣਤੀ ਕੀਤੀ ਗਈ ਤਾਂ ਇਕ ਧਨਾਢ ਕਿਸਾਨ ਦੇ ਖੇਤ ਵਿਚ ਹੱਡਾਰੋੜੀ ਦੀ ਜ਼ਮੀਨ ਦੀ ਨਿਸ਼ਾਨਦੇਹੀ ਹੋ ਗਈ। ਜੋ ਕਿ ਉਸ ਨੇ ਹੁਣ ਵੀ ਧੱਕੇ ਨਾਲ ਦੱਬੀ ਹੋਈ ਹੈ। ਉਸ ਕਿਸਾਨ ਤੋਂ ਹੱਡਾਰੋੜੀ ਦਾ ਕਬਜ਼ਾ ਛਡਵਾਉਣ ਦੀ ਥਾਂ 10 ਅਗਸਤ ਨੂੰ ਮੁਸਲਿਮ ਭਾਈਚਾਰੇ ਦੇ ਸਮਾਜਿਕ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ।

ਹਾਲਾਤ ਇਹ ਬਣ ਚੁੱਕੇ ਹਨ ਕਿ ਮੁਸਲਿਮ ਭਾਈਚਾਰੇ ਦੇ ਬੱਚਿਆਂ ਨੂੰ ਸਕੂਲਾਂ ਵਿਚੋਂ ਵਾਪਸ ਭੇਜ ਦਿੱਤਾ ਗਿਐ। ਉਨ੍ਹਾਂ ਦੀਆਂ ਮਜ਼ਦੂਰ ਔਰਤਾਂ ਨੂੰ ਮਨਰੇਗਾ ਦੇ ਕੰਮ ਤੋਂ ਵਾਪਸ ਭੇਜ ਦਿੱਤਾ ਗਿਐ। ਉਨ੍ਹਾਂ ਧਨਾਢ ਵਿਅਕਤੀਆਂ ਨੇ ਸਾਰੇ ਦੁਕਾਨਦਾਰਾਂ ਨੂੰ ਧਮਕੀ ਦਿੱਤੀ ਹੈ ਕਿ ਜੇ ਤੁਸੀਂ ਇਨ੍ਹਾਂ ਨੂੰ ਰਾਸ਼ਨ ਪਾਣੀ ਦਾ ਸਾਮਾਨ ਦਿੱਤਾ ਤਾਂ ਤੁਹਾਡਾ ਵੀ ਬਾਈਕਾਟ ਕਰ ਦਿੱਤਾ ਜਾਵੇਗਾ। ਇਸ ਬਾਈਕਾਟ ਦੇ ਮਤੇ 'ਤੇ ਸਰਪੰਚ, ਪੰਚਾਇਤ ਮੈਂਬਰਾਂ ਤੋਂ ਇਲਾਵਾ ਬਹੁਤ ਸਾਰੇ ਅਖੌਤੀ ਮੁਹਤਬਰਾਂ ਦੇ ਹਸਤਾਖਰ ਵੀ ਹਨ।

ਨਮੋਸ਼ੀ ਵਾਲੀ ਗੱਲ ਇਹ ਹੈ ਕਿ ਪਿੰਡ ਰਾਏਸਰ ਉੱਘੇ ਇਨਕਲਾਬੀ ਸ਼ਾਇਰ (ਮਰਹੂਮ) ਸੰਤ ਰਾਮ ਉਦਾਸੀ ਦਾ ਪਿੰਡ ਹੈ। ਉਹ ਸੰਤ ਰਾਮ ਉਦਾਸੀ ਜਿਸ ਦੇ ਗੀਤ ਅੱਜ ਵੀ ਫਿਜ਼ਾਵਾਂ 'ਚ ਗੂੰਜਦੇ ਹਨ। "ਮਘਦਾ ਰਹੀਂ ਵੇ ਸੂਰਜਾ, ਕੰਮੀਆਂ ਦੇ ਵਿਹੜੇ" ਗੀਤ ਨੂੰ ਸੁਣ ਕੇ ਅੱਜ ਵੀ ਉਦਾਸੀ ਸਾਹਮਣੇ ਖੜ੍ਹਾ ਪ੍ਰਤੀਤ ਹੁੰਦਾ ਹੈ। ਸਾਰੇ ਸੰਸਾਰ ਵਿਚ ਬੈਠੇ ਪੰਜਾਬੀ ਤਾਂ ਉਦਾਸੀ ਨੂੰ ਬੜੇ ਮਾਣ ਨਾਲ ਯਾਦ ਕਰਦੇ ਹਨ ਪਰ ਉਸਦੇ ਪਿੰਡ 'ਚ ਕੋਈ ਇਕ ਵੀ ਜਗਦੇ ਮੱਥੇ ਵਾਲਾ ਨਹੀਂ ਬਚਿਆ? ਕੋਈ ਵੀ ਅਜਿਹਾ ਨਹੀਂ ਨਿਕਲਿਆ ਜੋ ਕਬਰਾਂ ਪੁੱਟ ਰਹੀ ਜੇਸੀਬੀ ਅੱਗੇ ਹਿੱਕ ਤਾਣ ਕੇ ਖੜ ਸਕਦਾ।

ਯਾਦ ਕਰਿਓ ਉਹ ਦਿਨ ਜਦ ਕਿਸਾਨ ਮੋਰਚੇ ਤੋਂ ਬਾਅਦ ਝੋਨੇ ਦੀ ਲਵਾਈ ਸ਼ੁਰੂ ਹੋਈ ਤਾਂ ਖੇਤ ਮਜ਼ਦੂਰਾਂ ਦੀ ਮਜ਼ਦੂਰੀ ਦੇ ਮਾਮਲੇ 'ਤੇ ਪੰਚਾਇਤੀ ਮਤੇ ਪਾ ਦਿੱਤੇ ਗਏ ਕਿ ਜੋ ਵੱਧ ਮਜ਼ਦੂਰੀ ਦੇਵੇਗਾ, ਉਸਦਾ ਬਾਈਕਾਟ ਕੀਤਾ ਜਾਵੇਗਾ। ਇਸ ਫੈਸਲੇ ਦਾ ਐਲਾਨ ਕਰਨ ਲਈ ਗੁਰੂ ਘਰਾਂ ਦੀ ਵਰਤੋਂ ਕੀਤੀ ਗਈ। ਅਜਿਹੇ ਫੈਸਲੇ ਕਰਵਾਉਣ 'ਚ ਦੋ-ਤਿੰਨ ਕਿਸਾਨ ਜਥੇਬੰਦੀਆਂ ਦੇ ਸਥਾਨਕ ਆਗੂ ਵੀ ਸ਼ਾਮਲ ਸਨ। ਚੰਗੀ ਗੱਲ ਇਹ ਹੋਈ ਕਿ ਉਨ੍ਹਾਂ ਜਥੇਬੰਦੀਆਂ ਨੇ ਅਜਿਹੇ ਫੈਸਲਿਆਂ ਦਾ ਵਿਰੋਧ ਕੀਤਾ ਤੇ ਇਸ ਬਿਮਾਰੀ ਨੂੰ ਜਲਦੀ ਹੀ ਕਾਬੂ ਕਰ ਲਿਆ ਗਿਆ ਸੀ।

ਰਾਏਸਰ ਦੇ ਮਾਮਲੇ 'ਚ ਇਹ ਸਤਰਾਂ ਲਿਖਣ ਵੇਲੇ ਤਕ ਕੋਈ ਵੀ ਕਿਸਾਨ ਜਥੇਬੰਦੀ ਅੱਗੇ ਨਹੀਂ ਆਈ, ਜਿਸ ਵੀ ਜਥੇਬੰਦੀ ਦਾ ਆਧਾਰ ਇਸ ਇਲਾਕੇ 'ਚ ਹੈ, ਉਸ ਨੂੰ ਅੱਗੇ ਆਉਣਾ ਚਾਹੀਦਾ ਸੀ ਪਰ ਅਜਿਹਾ ਵਾਪਰਿਆ ਨਹੀਂ। ਜਥੇਬੰਦੀ ਕੋਈ ਵੀ ਹੋਵੇ, ਕਿਸਾਨ-ਮਜ਼ਦੂਰ-ਮੁਲਾਜ਼ਮ-ਵਿਦਿਆਰਥੀ-ਆੜ੍ਹਤੀ, ਉਹ ਆਪਣੇ ਆਪ ਨੂੰ ਸਮਾਜਿਕ ਸਰੋਕਾਰਾਂ ਤੋਂ ਸੁਰਖਰੂ ਨਹੀਂ ਕਰ ਸਕਦੀ। ਉਨ੍ਹਾਂ ਦਾ ਕੰਮ ਕੇਵਲ ਆਰਥਿਕ ਮੰਗਾਂ-ਸਮੱਸਿਆਵਾਂ ਨਹੀਂ ਹੋਣਾ ਚਾਹੀਦਾ। ਜਿਸ ਸਮਾਜ ਵਿਚ ਉਹ ਵਿਚਰ ਰਹੇ ਹੋਣ, ਉਸ ਵਿਚਲੀ ਬੇਚੈਨੀ ਤੋਂ ਅਣਭਿੱਜ ਨਹੀਂ ਰਹਿ ਸਕਦੇ। ਪਿੰਡ ਰਾਏਸਰ ਦਾ ਮਾਮਲਾ ਤਾਂ ਇਹੋ ਕਹਿ ਰਿਹੈ ਕਿ ਜਥੇਬੰਦਕ ਮੋਰਚਿਆਂ ਵਾਲੇ ਅਸਲੋਂ ਅਣਭਿੱਜ ਹਨ..!

ਇਹ ਕਿਹੋ ਜਿਹਾ ਪੰਜਾਬ ਹੈ?

ਕੀ ਅਸੀਂ ਗ਼ਨੀ ਖਾਂ-ਨਬੀ ਖਾਂ ਨੂੰ ਭੁਲਾ ਦਿੱਤੈ?

ਕੀ ਮਾਲੇਰਕੋਟਲੇ ਦੇ ਨਵਾਬ ਵਾਂਗ ਹਾਅ ਦਾ ਨਾਅਰਾ ਮਾਰਨ ਲਈ ਕੋਈ ਨਹੀਂ ਅੱਗੇ ਆਏਗਾ?

ਕੀ ਲੰਪੀ ਸਕਿਨ ਦੀ ਬਿਮਾਰੀ ਸਾਡੀ ਵਿਰਾਸਤ ਨੂੰ ਨਿਗਲ਼ ਗਈ ਐ?

## 'ਸੀਤੇ ਬੁੱਲ੍ਹਾਂ ਦਾ ਸੁਨੇਹਾ'

(ਸਫਾ 24 ਦਾ ਬਾਕੀ)

ਜਿਊਣ ਦੇ ਢੰਗ ਪ੍ਰਤਿ ਰਾਏ ਬਦਲਣ ਦੀ ਤੌਫੀਕ ਵੀ ਰੱਖਦੇ ਹਨ। 'ਉਸ ਦਾ ਨਾਂ', 'ਲਿਜ਼ਾ', 'ਫੈਸਲਾ', 'ਅਰਥ ਗੁਆ ਚੁੱਕੇ ਬੋਲ', 'ਰਜਨੀ', 'ਕਰਜ਼' ਕਹਾਣੀਆਂ ਵਿਚ ਪੰਜਾਬੀ ਪਾਤਰ ਦੇ ਸੰਪਰਕ ਵਿਚ ਆਏ ਵਿਦੇਸ਼ੀ ਪਾਤਰ ਆਪਣੇ ਜ਼ਿੰਦਗੀ ਜਿਊਣ ਦੇ ਸਲੀਕੇ ਰਾਹੀਂ ਕਹਾਣੀ ਵਿਚਲੇ ਪਾਤਰਾਂ ਦਾ ਦ੍ਰਿਸ਼ਟੀਕੋਣ ਹੀ ਨਹੀਂ ਬਦਲਦੇ, ਪਾਠਕ ਨੂੰ ਵੀ ਸੁਹਿਰਦ, ਵੱਡੇ, ਖੁੱਲ੍ਹੇ ਤੇ ਮਾਨਵੀ ਹੋਣ ਲਈ ਪ੍ਰੇਰਦੇ ਹਨ।

ਗਰੇਵਾਲ ਦੀ ਸਾਹਿਤ ਸੰਵੇਦਨਾ ਮਨੁੱਖੀ ਰਿਸ਼ਤਿਆਂ ਵਿਚਲੇ ਮੋਹ-ਮਾਣ, ਭਰੋਸਗੀ, ਰਵਾਦਾਰੀ ਅਤੇ ਪ੍ਰਤਿਬੱਧਤਾ ਦੀ ਸ਼ੈਦਾਈ ਹੈ। ਰਿਸ਼ਤਿਆਂ ਵਿਚ ਨਿਭਣ-ਨਿਭਾਉਣ ਦਾ ਸੁਹਜ ਸਲੀਕਾ, ਰਿਸ਼ਤਿਆਂ ਵਿਚਲੀ ਪਾਕੀਜ਼ਗੀ ਦਾ ਮਹਾਤਮ ਉਸ ਦੀਆਂ ਕਹਾਣੀਆਂ ਵਿਚ ਆਦਰਸ਼ ਗ੍ਰਹਿਣ ਕਰਦਾ ਵੀ ਜਾਪਦਾ ਹੈ। 'ਮੁਕਲਾਵਾ' ਕਹਾਣੀ ਵਿਚ ਨਿਆਜ਼ ਤੇ ਨਾਮੋ, 'ਬੱਟੂਆ' ਕਹਾਣੀ ਵਿਚਲੀ ਮਾਸੀ, 'ਝੂਠ' ਕਹਾਣੀ ਵਿਚ ਰਮਤਾ ਬਣੇ ਚਰਨ, 'ਸੂਹਾ ਸਾਲੂ' ਵਿਚਲੀ ਸੀਤੋ ਜਾਂ 'ਫ਼ੈਸਲਾ' ਕਹਾਣੀ ਦੀ ਪਾਤਰ ਪੰਮੀ ਦਾ ਪਿਆਰ ਵੀ, ਕਿਰਦਾਰ ਵੀ ਆਦਰਸ਼ਕ ਹੀ ਜਾਪਦਾ ਹੈ। ਇਨ੍ਹਾਂ ਤੋਂ ਇਲਾਵਾ ਵੀ ਹੋਰ ਕਈ ਕਹਾਣੀਆਂ ਵਿਚ ਆਪਣੇ ਪਾਤਰਾਂ ਨੂੰ ਚਰਿੱਤਰ ਪ੍ਰਦਾਨ ਕਰਨ ਲਈ ਉਸਨੇ ਮਰਦ-ਔਰਤ ਸੰਬੰਧ ਪਿਆਰ ਦਾ ਉਚ ਪ੍ਰਤਿਮਾਨ ਪਾ ਕੇ ਘੜੇ ਹਨ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਗਰੇਵਾਲ ਨੇ ਆਪਣੀਆਂ ਕਹਾਣੀਆਂ ਵਿਚ ਮੋਹ ਪਿਆਰ ਦੇ ਥੀਮ ਨੂੰ ਇਨਸਾਨ ਹੋਣ ਦੀ ਜਾਮਨੀ ਵੱਜੋਂ ਐਨਕੋਡ ਕੀਤਾ ਹੈ। ਏਸੇ ਲਈ ਇਸ ਸੰਗ੍ਰਹਿ ਦੀਆਂ 16 ਕਹਾਣੀਆਂ ਵਿਚ ਦੁਹਰਾਈ ਪਹਿਲੇ ਪਿਆਰ ਦੀ ਕਥਾ ਰੂੜੀ ਉਸਦੀ ਕਥਾ ਚੇਤਨਾ ਨੂੰ ਵੱਖਰੇ ਤੌਰ 'ਤੇ ਡੀਕੋਡ ਕਰਨ ਦਾ ਸਬੱਬ ਵੀ ਪ੍ਰਦਾਨ ਕਰਦੀ ਹੈ। ਪਹਿਲੇ ਪਿਆਰ ਦੀ ਰੂੜੀ ਨੂੰ ਉਸਦੀ ਕਥਾ ਚੇਤਨਾ ਆਪਣੇ ਪਾਤਰਾਂ ਦੀ ਸਾਫ਼-ਸ਼ਫ਼ਾਫ਼ ਪਾਰਗਾਮੀ ਚੇਤਨਾ ਦੇ ਲਿਸ਼ਕਾਰੇ ਹੁੰਗਾਰੇ ਵਜੋਂ ਹੀ ਨਹੀਂ ਨਿਹਾਰਦੀ, ਚੇਤਨਾ ਦੇ ਇਸ ਪਲ ਨੂੰ ਉਸਦੀ ਸਜਿੰਦਤਾ ਤੇ ਅਮਰਤਾ ਸਮੇਤ ਸਾਂਭਣ ਦਾ ਉਪਰਾਲਾ ਵੀ ਕਰਦੀ ਹੈ। ਇਸੇ ਕਰਕੇ ਸਿਮਰਤੀਆਂ ਉਸਦੀ ਕਹਾਣੀ ਦੀ ਸੰਚਾਰ ਜੁਗਤ ਦਾ ਅਹਿਮ ਹਿੱਸਾ ਬਣਦੀਆਂ ਹਨ। ਇਨ੍ਹਾਂ ਕਹਾਣੀਆਂ ਵਿਚਲੇ ਪਿਆਰ ਅਤੇ ਕਿਰਦਾਰ ਆਦਰਸ਼ਕ ਵੀ ਇਸੇ ਕਰਕੇ ਲਗਦੇ ਹਨ ਕਿ ਫਰੀਜ਼ ਹੋਈਆਂ ਯਾਦਾਂ ਚਿਤਵਣ ਦੀ ਕੁਠਾਲੀ ਵਿਚ ਪੈ ਕੇ ਹੋਰ ਨਿੱਜੀ, ਹੋਰ ਸਾਫ਼-ਸ਼ਫਾਫ ਅਤੇ ਹੋਰ ਪਾਕ-ਪਵਿੱਤਰ ਹੋ ਗਈਆਂ ਹਨ।

ਦ੍ਰਿਸ਼ਟੀ ਅਤੇ ਸੰਚਾਰ ਦੇ ਹਵਾਲੇ ਨਾਲ ਹੀ ਗਰੇਵਾਲ ਦੀ ਕਹਾਣੀ ਕਲਾ ਦਾ ਇਕ ਹੋਰ ਨਿਖੜਵਾਂ ਪਹਿਲੂ ਉਸਦਾ ਨਾਰੀ ਪਾਤਰਾਂ ਨੂੰ ਬਿਰਤਾਂਤਕ ਕਰਿੰਦੇ ਬਣਾਉਣਾ ਹੈ। ਇਸ ਸੰਗ੍ਰਹਿ ਵਿਚ ਸ਼ਾਮਿਲ 28 ਕਹਾਣੀਆਂ ਵਿਚੋਂ 22 ਕਹਾਣੀਆਂ ਦਾ ਨਾਇਕਤਵ ਨਾਰੀ ਪਾਤਰਾਂ ਕੋਲ ਹੈ। ਅੱਠ ਕਹਾਣੀਆਂ (ਸੀਤੇ ਬੁੱਲਾਂ ਦਾ ਸੁਨੇਹਾ, ਰਜਨੀ, ਉਨਾਭੀ ਕੋਟ, ਲਿਜ਼ਾ, ਇਕ ਵਾਰ ਫਿਰ, ਯੈਲੋ ਕੈਬ, ਦੇਸ ਪਰਾਏ, ਝੂਠ) ਵਿਚ ਕਹਾਣੀ ਦਾ ਵਕਤਾ ਵੀ ਅਤੇ ਕਹਾਣੀ ਦਾ ਮੁੱਖ ਪਾਤਰ ਵੀ ਨਾਰੀ ਹੈ। 14 ਕਹਾਣੀਆਂ (ਮਹਿਕ ਦੀ ਮੌਤ, ਰਖਵਾਲਾ, ਤੋਚੀ, ਦੇਸ਼ ਭਗਤ, ਗੰਢ, ਮੁੱਲ ਦੀ ਤੀਮੀਂ, ਮੂਰਖਤਾ, ਮੁਕਲਾਵਾ, ਇਨਸਾਫ਼, ਬਟੂਆ, ਐਕਸੀਡੈਂਟ, ਸੂਹਾ ਸਾਲੂ, ਫ਼ੈਸਲਾ, ਅਰਥ ਗੁਆ ਚੁੱਕੇ ਬੋਲ) ਵਿਚ ਕਹਾਣੀ ਦਾ ਵਕਤਾ ਭਾਵੇਂ ਮਰਦ ਹੈ ਪਰ ਨਾਇਕਤਵ ਨਾਰੀ ਕੋਲ ਹੈ। 'ਸੀਤੇ ਬੁੱਲਾਂ' ਦੇ ਸੁਨੇਹਿਆਂ ਦੀ ਸੰਭਵਤਾ ਅਤੇ ਸੰਭਾਵਨਾ ਨੂੰ ਗਾਖਦਿਆਂ ਸ਼ਾਇਦ ਇਹ ਕਹਾਣੀਕਾਰ ਦੀ ਸੁਚੇਤ ਜੁਗਤ ਵੀ ਹੈ। ਪਿਤਰਕੀ ਦੁਆਰਾ ਘੜੀਆਂ ਮਰਿਆਦਾਵਾਂ, ਬੰਦਿਸ਼ਾਂ, ਮਨਾਹੀਆਂ, ਤਾਕੀਦਾਂ, ਧੋਖੇ, ਜ਼ਬਰ ਜਨਾਹ ਵਰਗੀਆਂ ਸਾਰੀਆਂ ਸਮਾਜਿਕ ਸਭਿਆਚਾਰਕ ਪ੍ਰੈਕਟਿਸਾਂ, ਜਿਹੜੀਆਂ ਨਾਰੀ ਨੂੰ ਆਪਣੇ ਆਪ ਨੂੰ ਨਿਸਹੋਂਦ ਤਸਲੀਮ ਕਰ ਖਾਮੋਸ਼ ਰਹਿਣ ਦਾ ਸਬਕ ਪੜ੍ਹਾਉਂਦੀਆਂ ਹਨ, ਇਨ੍ਹਾਂ ਕਹਾਣੀਆਂ ਦੇ ਕਥਾਨਕੀ ਵੇਰਵਿਆਂ ਦਾ ਵੀ ਹਿੱਸਾ ਹਨ ਪਰ ਗਰੇਵਾਲ ਆਪਣੀਆਂ ਕਹਾਣੀਆਂ ਵਿਚਲੇ ਨਾਰੀ ਪਾਤਰਾਂ ਨੂੰ ਨਿਗਰ ਅਸਤਿਤਵ ਬਖ਼ਸ਼ਦਾ ਹੈ, ਉਨ੍ਹਾਂ ਨੂੰ ਹੋਂਦਵਾਨ ਬਣਾਉਂਦਾ ਹੈ। ਬਿਨਾ ਲਾਊਡ ਹੋਏ ਉਸਦੀ ਕਹਾਣੀ ਨਾਰੀ ਪਾਤਰਾਂ ਦੇ ਸਵੈਮਾਣ ਅਤੇ ਸਵੈਪ੍ਰਕਾਸ਼ ਦੀ ਸਾਖੀ ਭਰਦੀ ਹੈ। ਸਬਰ, ਸਿਦਕ, ਦ੍ਰਿੜਤਾ, ਦਲੇਰੀ ਦੇ ਪ੍ਰਤਿਮਾਨ ਪਾ ਕੇ ਘੜੀਆਂ ਉਸਦੀਆਂ ਨਾਇਕਾਵਾਂ ਅਟੰਕ, ਅਡੋਲ ਰਹਿ ਕੇ ਆਪਣੇ ਸੁਨੇਹੇ ਦਰਜ ਕਰਾਉਣ ਵਿਚ ਸਫ਼ਲ ਹੁੰਦੀਆਂ ਹਨ। ਬਦਮਾਸ਼ਾਂ ਦੇ ਖਰਾਬਿਆਂ ਦਾ ਸ਼ਿਕਾਰ ਹੋਈ 'ਮੁੱਲ ਦੀ ਤੀਮੀਂ' ਕਹਾਣੀ ਦੀ ਕਥਾਨਾਇਕਾ ਦੇ ਅਸਲ ਤੇ ਪ੍ਰਮਾਣਿਕ ਅਸਤਿਤਵ ਨੂੰ ਹੋਂਦਵਾਦ ਬਣਾਉਣ ਲਈ ਕਹਾਣੀਕਾਰ ਨੇ ਨਾ ਸਮਾਜ ਦੀਆਂ ਉਨ੍ਹਾਂ ਪ੍ਰਭਾਵੀ ਆਵਾਜ਼ਾਂ ਨੂੰ ਅੱਖੋਂ-ਪਰੋਖੇ ਕੀਤਾ ਹੈ, ਜੋ ਬੇਕਸੂਰ ਹੋਣ ਦੇ ਬਾਵਜਦ ਉਸਨੂੰ ਦੂਸ਼ਿਤ ਤੇ ਦੰਡਿਤ ਕਰਨ ਦਾ ਮੌਕਾ ਨਹੀਂ ਗੰਵਾਉਂਦੀਆਂ ਤੇ ਨਾ ਹੀ ਉਸਨੂੰ ਕਾਤਲ ਵਜੋਂ ਪੇਸ਼ ਕਰਕੇ ਕਹਾਣੀ ਨੂੰ ਲਾਊਡ ਹੋਣ ਦਿੱਤਾ ਹੈ। ਪਰ ਉਸਨੂੰ ਖ਼ਰੀਦ ਕੇ ਵਹੁਟੀ ਬਣਾਉਣ ਵਾਲੇ ਪਿਆਰੇ ਦੀ ਕਦਰ ਰਾਹੀਂ ਕਹਾਣੀਕਾਰ ਆਪਣੀ ਕਥਾ ਨਾਇਕਾ ਦੇ ਪ੍ਰਮਾਣਿਕ ਆਪੇ ਨੂੰ, ਉਸਦੇ ਮੁੱਲ ਮਹੱਤਵ ਨੂੰ ਪਾਠਕ ਮਨ 'ਤੇ ਉਕਰਨ ਵਿਚ ਕਾਮਯਾਬ ਰਹਿੰਦਾ ਹੈ।

ਗਰੇਵਾਲ ਦੀ ਕਹਾਣੀ 'ਸੀਤੇ ਬੁੱਲ੍ਹਾਂ' ਪਿਛੇ ਡਰੀ, ਦਹਿਲੀ, ਸਹਿਮੀ, ਜੰਮ ਗਈ ਚੁੱਪ ਨੂੰ ਆਨੇ-ਬਹਾਨੇ ਚੁਰਾ ਲੈਂਦੀ ਹੈ। 'ਆਜ਼ਾਦ ਲੋਕ' ਕਹਾਣੀ ਦਾ ਗਰੀਬੂ ਚੌਧਰੀ ਦੇ ਇੱਕ ਸੁਨੇਹੇ ਕਿ 'ਬੋਟ ਜ਼ਰਾ ਸੋਚ ਸਮਝ ਕੇ ਪਾਵੇ' ਨਾਲ ਦਾਬੇ ਵਿਚ ਆ ਗਿਆ ਹੈ। ਚੌਧਰੀ ਦੇ ਦਾਬੇ ਦੀ ਭਿਅੰਕਰਤਾ ਨੂੰ ਹੰਢਾ ਰਿਹਾ ਹੈ। ਗਰੀਬੂ ਵਰਗੇ ਸਾਰੇ ਉਸਦੇ ਅਸਤਿਤਵੀ ਆਵੇਸ਼ ਵਿਚੋਂ ਨਿਕਲੀ ਗੱਲ ਕਿ 'ਅਸੀਂ ਆਜ਼ਾਦ ਹੋਏ, ਜਿਹਨੂੰ ਮਰਜ਼ੀ ਬੋਟ ਦਈਏ,' ਨੂੰ ਅਣਭੋਲ ਹੀ ਦ੍ਰਿੜਤਾ ਨਾਲ ਦੁਹਰਾ ਰਹੇ ਹਨ। ਪਰ ਗਰੀਬੂ ਨੂੰ ਲਗਦਾ ਹੈ ਕਿ ਜਿਵੇਂ ਇਹ ਗੱਲ ਉਸਦੇ ਮੂੰਹੋਂ ਨਾ ਨਿਕਲੀ ਹੋਵੇ। ਅਹਿਸਾਸਾਂ ਦਾ ਸੰਘਣਾ ਪਰਿਵੇਸ਼ ਕਹਾਣੀ ਨੂੰ ਗਹਿਰਾਈ ਦਿੰਦਾ ਹੈ। ਉਸਦੀ ਕਹਾਣੀ ਸਾਡੀ ਬੌਧਿਕਤਾ ਨੂੰ ਨਹੀਂ, ਸਾਡੇ ਭਾਵਾਂ ਨੂੰ, ਸਾਡੀ ਕਲਪਨਾ ਨੂੰ ਪੋਂਹਦੀ ਹੈ ਅਤੇ ਜਜ਼ਬਾਤੀ ਪ੍ਰਭਾਵ ਬਣਾਉਂਦੀ ਹੈ। ਗਰੇਵਾਲ ਦੀ ਕਿਸੇ ਵੀ ਕਹਾਣੀ ਅੱਗੇ ਇਹ ਸਵਾਲ ਪਾਉਣਾ ਕਿ ਇਹ ਕਹਾਣੀ ਸਿਖਿਆ ਕੀ ਦਿੰਦੀ ਹੈ? ਮੇਰੀ ਜਾਚੇ ਗਲਤ ਹੋਵੇਗਾ। ਉਸਦੀ ਕਹਾਣੀ ਨੂੰ ਆਤਮਸਾਤ ਕਰਨਾ ਕਿਤੇ ਵੱਧ ਸੌਖਾ ਤੇ ਸਹਿਜ ਹੈ, ਉਸਦੀ ਵਿਆਖਿਆ ਕਰਨ ਨਾਲੋਂ। 'ਦੇਸ਼ ਭਗਤ' ਕਹਾਣੀ ਵਿਚਲੀ ਚਿੰਤੀ ਦੀ ਨਿਰਮਲ, ਨਿਰਛਲ ਮਾਸੂਮੀਅਤ ਅਤੇ ਪਥਰਾਟ ਬਣੀ ਚੁੱਪ ਸਾਡੇ ਮਨਾਂ 'ਤੇ ਜਿਹੜਾ ਜਜ਼ਬਾਤੀ ਪ੍ਰਭਾਵ ਬਣਾਉਂਦੀ ਹੈ, ਉਸਦੀ ਵਿਆਖਿਆ ਕਰਨੀ ਸੌਖੀ ਨਹੀਂ।

ਗਰੇਵਾਲ ਦੀ ਕਹਾਣੀ ਦਾ ਦਾਰੋਮਦਾਰ ਆਪਣੇ ਕਥਾ ਨਾਇਕ ਦੇ ਉੱਤਮ ਉਦਾਤ ਚਰਿੱਤਰ ਨੂੰ ਘੜਣ ਤੇ ਜ਼ਾਹਰ ਕਰਨ ਉੱਪਰ ਹੈ। ਆਪਣੇ ਕਥਾ ਨਾਇਕ ਦੇ ਚਰਿੱਤਰ ਦੀ ਉੱਦਾਤਤਾ ਨੂੰ ਪ੍ਰਗਟ ਕਰਨ ਲਈ ਉਹ ਸੰਜੀਦਾ ਬਿੰਬ ਹੀ ਨਹੀਂ ਘੜ੍ਹਦਾ, ਸੱਜਰੀ ਗਲਪੀ ਭਾਸ਼ਾ ਵੀ ਸਿਰਜਦਾ ਹੈ। ਉਸਦਾ ਕਥਾ ਮਾਡਲ ਹੁਨਰੀ ਕਹਾਣੀ ਵਾਲਾ ਹੈ, ਸੰਖੇਪਤਾ ਉਸਦਾ ਮੀਰੀ ਗੁਣ ਹੈ। ਉਸਦੀ ਕਹਾਣੀ ਦਾ ਹਰ ਸ਼ਬਦ, ਹਰ ਵੇਰਵਾ ਚਰਿੱਤਰ ਦੀ ਹੀ ਨਹੀਂ, ਥੀਮ ਦੀ ਉਸਾਰੀ ਵਿਚ ਯੋਗਦਾਨ ਪਾਉਂਦਾ ਹੈ। ਭਾਸ਼ਾ ਦੇ ਜਿਸ ਸੰਜਮ ਤੇ ਸੁਹਜ ਨਾਲ ਉਹ ਆਪਣੇ ਪਾਤਰਾਂ ਦੇ ਇਖ਼ਲਾਕ ਦਾ ਤੁਆਰਫ਼ ਕਰਵਾਉਂਦਾ ਹੈ, ਉਹ ਉਸਦੀ ਭਾਸ਼ਾਈ ਸਮਰੱਥਾ ਦਾ ਅਕੱਟ ਪ੍ਰਮਾਣ ਬਣਦਾ ਹੈ। ਉਸਦੀ ਕਹਾਣੀ ਨੈਤਿਕਤਾ ਦਾ ਪਾਠ ਨਹੀਂ ਪੜ੍ਹਾਉਂਦੀ, ਪਰ ਨੈਤਿਕਤਾ ਦੀਆਂ ਜਿਹੜੀਆਂ ਸਾਖੀਆਂ ਇਨ੍ਹਾਂ ਗਲਪੀ ਬਿੰਬਾਂ ਦਾ ਹਾਸਿਲ ਬਣਦੀਆਂ ਹਨ, ਉਹ ਮਨੁੱਖ ਦੇ ਮਨੁੱਖ ਹੋਣ ਦੀਆਂ, ਮਨੁੱਖੀ ਇਖ਼ਲਾਕ ਦੀਆਂ, ਮਨੁੱਖ ਦੇ ਇਕ-ਦੂਜੇ ਨਾਲ ਨਿਭਣ-ਨਿਭਾਉਣ ਦੀਆਂ ਜਾਂ ਮਨੁੱਖੀ ਨਿਆਂ ਦੀਆਂ ਅਦੁੱਤੀ ਪੇਸ਼ਕਾਰੀਆਂ ਹਨ। ਮਨੁੱਖੀ ਸ਼ਨਾਖ਼ਤਾਂ ਨੂੰ ਰੰਗਾਂ-ਨਸਲਾਂ ਦੀ ਥਾਂ ਮਨੁੱਖੀ ਹੋਂਦ ਦੀਆਂ ਜ਼ਾਮਨੀਆਂ ਨਾਲ ਬਿੰਬਤ ਕਰਦੀਆਂ 'ਉਸ ਦਾ ਨਾਂ', 'ਲਿਜ਼ਾ', 'ਕਰਜ਼' ਵਰਗੀਆਂ ਕਹਾਣੀਆਂ ਜਾਂ ਮਨੁੱਖੀ ਨਿਆਂ ਦੀ ਉੱਦਾਤਤਾ ਦਾ ਪ੍ਰਮਾਣ ਬਣਦੀਆਂ 'ਇਨਸਾਫ਼', 'ਮੂਰਖ਼ਤਾ', 'ਫ਼ੈਸਲਾ' ਵਰਗੀਆਂ ਕਹਾਣੀਆਂ ਪਾਠਕ ਨੂੰ ਅਚੰਭੇ ਵਿਚ ਨਹੀਂ ਪਾਉਂਦੀਆਂ ਬਲਕਿ ਉਸਨੂੰ ਜਜ਼ਬਾਤੀ ਤੌਰ 'ਤੇ ਅਮੀਰ ਕਰਦੀਆਂ ਹਨ, ਉਸਦੇ ਜਿਊਣ ਦੇ ਮਿਆਰਾਂ ਵਿਚ ਇਜ਼ਾਫ਼ਾ ਕਰਦੀਆਂ ਹਨ। ਪੱਤਰਕਾਰਿਤਾ ਦੇ ਲੰਮੇ ਅਨੁਭਵ ਕਰਕੇ ਬਲਦੇਵ ਸਿੰਘ ਗਰੇਵਾਲ ਕੋਲ ਪਾਠਕ ਦੀ ਤਵੱਕੋ, ਕਾਹਲ, ਉਤਕੰਠਾ ਦੀ ਸੂਝ ਹੈ, ਇਨ੍ਹਾਂ ਸੋਝੀਆਂ ਨੇ ਨਿਸ਼ਚੇ ਹੀ ਉਸਦੀ ਕਹਾਣੀ ਕਲਾ ਅਤੇ ਵਿਸ਼ੇਸ਼ਕਰ ਗਲਪੀ ਭਾਸ਼ਾ ਨੂੰ ਸਮਰੱਥ ਕੀਤਾ ਹੈ।

# ਚੰਗੇ ਕਰਮ ਕਮਾਉਣ ਵਿਚ ਵਾਧਾ ਕਿਵੇਂ ਕਰੀਏ?

ਜਦੋਂ ਕੋਈ ਇਨਸਾਨ ਗਲਤੀ ਕਰਦਾ ਹੈ ਤਾਂ ਉਸ ਨੂੰ ਖ਼ੁਦ ਨੂੰ ਵੀ ਪਤਾ ਹੁੰਦਾ ਹੈ ਕਿ ਉਸ ਨੇ ਗਲਤੀ ਕੀਤੀ ਹੈ, ਉਸ ਦੇ ਅੰਦਰ ਦੀ ਹਊਮੈ ਭਾਵ ਮੈਂ ਇਸ ਗੱਲ ਤੋਂ ਭਾਵੇਂ ਇਨਕਾਰ ਕਰੀ ਜਾਵੇ। ਸਾਡੇ ਸਭ ਦੇ ਅੰਦਰ ਇਨਸਾਫ਼ ਦੀ ਇਕ ਤੱਕੜੀ ਹੈ, ਜਿਸ ਵਿਚ ਸਾਡੇ ਕਰਮ ਤੁਲਦੇ ਹਨ। ਅਸੀਂ ਆਪ ਹੀ ਇਨ੍ਹਾਂ ਦਾ ਲੇਖਾ-ਜੋਖਾ ਕਰ ਸਕਦੇ ਹਾਂ ਤੇ ਕਰਦੇ ਵੀ ਹਾਂ। ਸਾਨੂੰ ਮਹਾਂ ਪੁਰਸ਼ ਹਮੇਸ਼ਾ ਇਹ ਗੱਲ ਸਮਝਾਉਂਦੇ ਹਨ ਕਿ ਮਨ ਮੈਲਾ ਕਿਵੇਂ ਸਾਫ਼ ਕਰਨਾ, ਮਨ 'ਤੇ ਪਹਿਰਾ ਕਿਵੇਂ ਦੇਣਾ। ਮਨ ਦੇ ਬੂਹੇ 'ਤੇ ਦਰਬਾਨ ਨੂੰ ਖੜ੍ਹਾ ਰੱਖਣਾ



**ਦੇਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆ**

ਜੋ ਤੁਹਾਡੇ ਮਨ ਅੰਦਰ ਮਾੜੀ ਸੋਚ ਨੂੰ ਲੰਘ ਆਉਣ ਦੀ ਇਜਾਜ਼ਤ ਨਾ ਦੇਵੇ। ਸਾਨੂੰ ਖ਼ੁਦ ਨੂੰ ਹੀ ਖਿਆਲ ਰੱਖਣਾ ਪੈਂਦਾ ਹੈ ਕਿ ਕਿਵੇਂ ਹਰ ਮਾੜੀ ਸੋਚ ਤੋਂ ਮਨ ਨੂੰ ਮੈਲਾ ਹੋਣ ਤੋਂ ਬਚਾਉਣਾ ਹੈ। ਇਹ ਸਾਡੇ 'ਤੇ ਨਿਰਭਰ ਹੈ ਕਿ ਅਸੀਂ ਕਿੰਜ ਦੇ ਕਰਮ ਕਰਨੇ ਹਨ। ਹਰ ਐਕਸ਼ਨ ਹੀ ਕਰਮ ਹੈ। ਅਸੀਂ ਬਹੁਤੇ ਲੋਕਾਂ ਨੂੰ ਅੱਜ-ਕੱਲ੍ਹ ਇਹ ਕਹਿੰਦੇ ਸੁਣਿਆ ਹੈ ਕਿ ਮੈਂ ਧਾਰਮਿਕ ਨਹੀਂ ਹਾਂ ਪਰ ਮੈਂ ਰੂਹਾਨੀਅਤ ਦੇ ਗਿਆਨ ਵਿਚ ਵਿਸ਼ਵਾਸ ਕਰਦਾ ਜਾਂ ਕਰਦੀ ਹਾਂ। ਹਰ ਪਾਇਆ ਕੱਪੜਾ ਗੰਦਾ ਜ਼ਰੂਰ ਹੁੰਦਾ ਹੈ ਕਿਉਂਕਿ ਧੂੜ ਹੀ ਐਨੀ ਹੈ। ਜੇ ਇਹ ਕਹੀਏ ਤਾਂ ਅਤਿਕਥਨੀ ਨਹੀਂ ਹੋਵੇਗੀ ਕਿ ਜਿਹੜਾ ਕੱਪੜਾ ਗੰਦਾ ਹੈ ਉਹਨੂੰ ਸਾਬਣ ਨਾਲ ਧੋ ਲਈਦਾ। ਜਿਹੜਾ ਜ਼ਿਆਦਾ ਹੀ ਗੰਦਾ ਉਸ ਨੂੰ ਬਲੀਚ ਪਾ ਕੇ ਵੀ ਸਾਫ਼ ਕਰਨਾ ਪੈਂਦਾ ਹੈ। ਇਹ ਸਭ ਉਦਾਹਰਨਾਂ ਹੀ ਦਿੱਤੀਆਂ ਹਨ ਕਿ ਮਨ ਨੂੰ ਸਾਫ਼ ਕਿਵੇਂ ਰੱਖਣਾ ਹੈ। ਸ਼ੁਧ ਸੋਚ ਤੇ ਚੰਗੇ ਫੁਰਨੇ ਹੀ ਮਨ ਨੂੰ ਸਾਫ਼ ਰੱਖਦੇ ਹਨ। ਇਕ ਮਾੜੀ ਸੋਚ, ਕਿਸੇ ਪ੍ਰਤੀ ਮਾੜਾ ਫੁਰਨਾ ਵੀ ਤੁਹਾਡੇ ਚੰਗੇ ਕਰਮ ਨੂੰ ਮਨਫੀ ਕਰ ਦਿੰਦਾ ਹੈ। ਚੰਗੇ ਫੁਰਨੇ ਤੇ ਨਰੋਈ ਸੋਚ ਹੀ ਇਨਸਾਨ ਨੂੰ ਬੇਹਤਰ ਬਣਾਉਂਦੇ ਹਨ। ਕਈ ਵਾਰ ਜੋ ਸਾਡੇ ਮਨ 'ਚ ਗੱਲ ਹੁੰਦੀ ਹੈ ਉਹੀ ਦੂਸਰੇ ਦੇ ਵੀ ਹੁੰਦੀ ਹੈ ਇਹ ਮਨ ਦੀ ਮਨ ਨਾਲ ਭਾਸ਼ਾ ਹੈ।

ਦਿਲ ਤੋਂ ਬੇਹਤਰ ਬੰਦੇ ਕੋਲ ਕੋਈ ਹੋਰ ਕਿਤਾਬ ਨਹੀਂ। ਬੰਦੇ ਨੂੰ ਜਦੋਂ ਆਪਣਾ ਦਿਲ ਪੜ੍ਹਨਾ ਆ ਗਿਆ। ਆਪਣੇ ਆਪ ਨਾਲ ਜਾਂ ਦੂਜਿਆਂ ਨਾਲ ਇਨਸਾਫ਼ ਕਰਨਾ ਆ ਗਿਆ ਫਿਰ ਗਲਤੀ ਹੋਣਾ ਮੁਮਕਿਨ ਨਹੀਂ ਹੋਵੇਗਾ। ਧਰਮ ਵੀ ਸਾਨੂੰ ਸਿਖਾਉਂਦਾ ਹੈ ਕਿ ਕਰਮ ਕਿਵੇਂ ਬਣਦੇ ਤੇ ਵਿਗੜਦੇ ਹਨ। ਇਨ੍ਹਾਂ ਬਾਰੇ ਸਾਨੂੰ ਸਾਡੇ ਗੁਰੂ ਸਾਹਿਬਾਨ ਦੱਸਦੇ ਹਨ ਕਿ ਮਨ ਵਿਚ ਹਮੇਸ਼ਾ ਗਰੀਬੀ ਰੱਖਣੀ ਹੈ ਸੁਭਾਅ ਵਿਚ ਹਲੀਮੀ ਰੱਖਣੀ ਹੈ। ਕਈ ਵਾਰ ਚੰਗੇ ਕਰਮ ਕਰਨ ਦੀ ਬਜਾਏ ਅਸੀਂ ਆਪਣੇ ਕਰਮਾਂ 'ਤੇ ਵਾਧੂ ਭਾਰ ਪਾ ਲੈਂਦੇ ਹਾਂ। ਅਸੀਂ ਜੋ ਕਰਮ ਕਮਾਏ ਹੁੰਦੇ ਹਨ ਉਹ ਵੀ ਘਟਾ ਲੈਂਦੇ ਹਾਂ। ਜੇ ਚੰਗੇ ਕਰਮ ਕਮਾਉਣ 'ਤੇ ਵਿਚਾਰ ਕਰੀਏ



ਤਾਂ ਇਕ ਰੁਝਾਨ ਜੋ ਸੰਗਤਾਂ ਦਾ ਗੁਰੂ ਘਰਾਂ ਵਿਚ ਵੇਖਿਆ ਉਹ ਇਹ ਕਿ ਜਦੋਂ ਗੁਰਪੁਰਬ ਜਾਂ ਨਗਰ ਕੀਰਤਨ ਹੁੰਦਾ ਹੈ ਤਾਂ ਸੰਗਤਾਂ ਦਾ ਵਾਹਵਾ ਇਕੱਠ ਹੁੰਦਾ ਹੈ। ਕਈ ਗੁਰੂ ਪ੍ਰੇਮੀ ਸੰਗਤਾਂ ਲਈ ਵਧੀਆ ਤੋਂ ਵਧੀਆ ਪਕਵਾਨਾਂ ਦੀ ਸੇਵਾ ਵੀ ਕਰਦੇ ਹਨ। ਕਈ ਵਾਰ ਤਾਜ਼ੇ ਗੰਨੇ ਦਾ ਰਸ ਵੀ ਸ਼ਾਮਿਲ ਹੁੰਦਾ ਹੈ। ਪਿਛਲੇ ਤੋਂ ਪਿਛਲੇ ਨਗਰ ਕੀਰਤਨ ਸਮੇਂ ਇਕ ਗੁਰੂ ਘਰ ਵਿਚ ਮੱਕੀ ਦੀਆਂ ਛੱਲੀਆਂ ਦਾ ਲੰਗਰ ਲਾਇਆ ਗਿਆ ਸੀ। ਇਹ ਰੁਝਾਨ ਠੀਕ ਨਹੀਂ ਲੱਗਾ। ਸੰਗਤਾਂ ਨੇ ਛੱਲੀਆਂ ਚੱਬ ਕੇ ਜਾਂ ਖਾ ਕੇ ਉਨ੍ਹਾਂ ਦੇ ਗੁੱਲ ਜ਼ਮੀਨ 'ਤੇ ਸੁੱਟੇ ਹੋਏ ਸਨ, ਜਿਨ੍ਹਾਂ ਦੇ ਪੈਰਾਂ ਹੇਠ ਆਉਣ ਨਾਲ ਕਿਸੇ ਵੀ ਬਜ਼ੁਰਗ ਦੀ ਲੱਤ, ਬਾਂਹ, ਰੀੜ੍ਹ ਦੀ ਹੱਡੀ ਆਦਿ ਅਸਾਨੀ ਨਾਲ ਟੁੱਟ ਸਕਦੀ ਸੀ। ਛੱਲੀਆਂ ਦੇ ਲੰਗਰ ਜਾਂ ਪੀਜ਼ੇ ਦਾ ਕੋਈ ਅਰਥ ਨਹੀਂ ਬਣਦਾ ਜਦਕਿ ਗੁਰੂ ਘਰਾਂ ਵਿਚ ਵੱਡੇ ਸਮਾਗਮਾਂ ਸਮੇਂ ਬਹੁਤ ਪ੍ਰਕਾਰ ਦੇ ਪਕਵਾਨ ਤੇ ਦਾਲਾਂ ਸਬਜ਼ੀਆਂ ਹੁੰਦੀਆਂ ਹਨ। ਪੀਜ਼ਾ ਕਿਸੇ ਹੱਦ ਤਕ ਜੋ ਬੱਚੇ ਜ਼ਿਆਦਾ ਰੋਟੀ ਖਾ ਕੇ ਖੁਸ਼ ਨਹੀਂ ਉਨ੍ਹਾਂ ਲਈ ਠੀਕ ਹੈ। ਪੀਜ਼ੇ ਦੀ ਵੀ ਬਹੁਤ ਬਰਬਾਦੀ ਕੀਤੀ ਗਈ ਸੀ। ਜ਼ਮੀਨ 'ਤੇ ਪੀਜ਼ੇ ਦੇ ਸਾਬਤ ਪੀਸ ਰੁਲ ਰਹੇ ਸਨ। ਟੇਬਲਾਂ 'ਤੇ ਸੰਗਤਾਂ ਨੇ ਜੂਠੇ ਬਰਤਨ ਪੀਜ਼ੇ ਦੇ ਪੀਸ ਕੁਝ ਖਾਧੇ ਤੇ ਕੁਝ ਸਾਬਤ ਨਾਲ ਟੇਬਲ ਭਰੇ ਪਏ ਸਨ। ਸੰਗਤਾਂ ਇਹ ਵੀ ਨਹੀਂ ਵੇਖਦੀਆਂ ਕਿ ਇਹ ਗੁਰੂ ਘਰ ਹੈ ਇੱਥੇ ਆ ਕੇ ਗੰਦ ਨਹੀਂ ਪਾਉਣਾ ਸਗੋਂ ਸਫਾਈ ਕਰਨੀ ਹੈ। ਗੁਰੂ ਘਰ 'ਚ ਆ ਕੇ ਸੇਵਾ ਕਰ ਕੇ ਖੁਸ਼ੀਆਂ ਵਾਹਿਗੁਰੂ ਜੀ ਤੋਂ ਲੈਣੀਆਂ ਹਨ ਨਾ ਕਿ ਅਸੀਂ ਦੂਸਰਿਆਂ ਤੋਂ ਆਪਣੇ ਜੂਠੇ ਬਰਤਨ ਚੁਕਵਾਉਣੇ ਹਨ। ਇਹ ਇਕ ਅੱਖੀਂ ਵੇਖਿਆ ਹਾਲ ਜੋ ਬਿਆਨ ਕੀਤਾ ਹੈ। ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਉਹ ਛੱਲੀਆਂ ਦੇ ਲੰਗਰ ਨਾ ਲਾਉਣ ਜੇ ਲਾਉਣੇ ਹਨ ਤਾਂ ਗੁੱਲ ਧਰਤੀ 'ਤੇ ਸੁੱਟਣ ਨਾ ਦਿੱਤੇ ਜਾਣ।

ਸਾਡਾ ਸਭ ਦਾ ਫਰਜ਼ ਹੈ ਕਿ ਗੁਰੂ ਘਰਾਂ ਵਿਚ ਸਫਾਈ ਵੱਲ ਉਚੇਚਾ ਧਿਆਨ ਦਿੱਤਾ ਜਾਵੇ। ਜੇ ਅਸੀਂ ਸਾਰੇ ਹੀ ਆਪੋ ਆਪਣੀ ਸਫਾਈ ਲਈ ਪਹਿਰੇਦਾਰ ਰਹੀਏ ਤਾਂ ਅਸੀਂ ਸਫਾਈ ਪਖੋਂ ਮਿਸਾਲ ਕਾਇਮ ਕਰ ਸਕਦੇ ਹਾਂ। ਸੰਗਤਾਂ ਨੂੰ ਜਿੱਥੇ ਵੀ ਉਨ੍ਹਾਂ ਦੀ ਸ਼ਰਧਾ ਹੈ ਗੁਰੂ ਘਰਾਂ ਵਿਚ ਇਕ ਦਿਨ ਮਿਲ ਕੇ ਰਸੋਈ ਦੇ ਬਰਤਨਾਂ ਦੀ ਪੂਰੀ ਸਫਾਈ ਕਰਨੀ ਚਾਹੀਦੀ ਹੈ। ਲੰਗਰ ਦੇ ਰਾਸ਼ਨ ਨੂੰ ਤਰਤੀਬ ਨਾਲ ਰੱਖਣਾ ਚਾਹੀਦਾ ਹੈ। ਕਈ ਗੁਰੂ ਘਰਾਂ ਵਿਚ ਲੰਗਰ ਬਹੁਤ ਤਿਆਰ ਹੁੰਦਾ ਹੈ ਪਰ ਰਸੋਈ ਵਿਚ ਸਫਾਈ ਨਹੀਂ ਹੁੰਦੀ। ਉੱਥੇ ਇਕ ਵਾਰ ਸਟੀਮ ਕਲੀਨਿੰਗ ਜ਼ਰੂਰ ਕਰਵਾ ਲੈਣੀ ਚਾਹੀਦੀ ਹੈ। ਗਰਮੀ ਦਾ ਮੌਸਮ ਹੈ ਜਿੱਥੇ ਅੰਨ ਹੈ, ਉੱਥੇ ਕਈ ਵਾਰ ਛੋਟੇ ਕੀੜੇ ਮਕੌੜੇ ਵੀ ਆ ਜਾਂਦੇ ਹਨ। ਜਿਹੜੇ ਵੀ ਗੁਰੂਘਰ ਦੇ ਸੇਵਾਦਾਰ ਹਨ ਉਨ੍ਹਾਂ ਨੂੰ ਇਸ ਗੱਲ ਦਾ ਉਚੇਚਾ ਧਿਆਨ ਰੱਖਣਾ ਚਾਹੀਦਾ ਹੈ। ਆਓ! ਸਾਰੇ ਰਲ ਕੇ ਹੰਭਲਾ ਮਾਰੀਏ ਤੇ ਆਪੋ ਆਪਣੇ ਗੁਰੂ ਘਰਾਂ ਦੀ ਸਫਾਈ 'ਚ ਆਪਣਾ ਬਣਦਾ ਯੋਗਦਾਨ ਪਾ ਕੇ ਆਪਣਾ ਜੀਵਨ ਸਫਲ ਕਰੀਏ ਤੇ ਚੰਗੇ ਕਰਮ ਕਮਾਉਣ ਵਿਚ ਵਾਧਾ ਕਰੀਏ।

# ਜ਼ਿੰਦਗੀ ਪ੍ਰਤੀ ਉਤਸ਼ਾਹਿਤ ਕਰੇਗੀ ਪੰਜਾਬੀ ਫ਼ਿਲਮ 'ਬੈਚ 2013'

ਫ਼ਿਲਮ 'ਤੁਣਕਾ ਤੁਣਕਾ' ਨਾਲ ਗਾਇਕੀ ਤੋਂ ਫ਼ਿਲਮਾਂ ਵੱਲ ਆਏ ਹਰਦੀਪ ਗਰੇਵਾਲ ਦੀ ਸੋਚ ਹਮੇਸ਼ਾ ਆਮ ਸਿਨੇਮਾ ਤੋਂ ਹਟ ਕੇ ਰਹੀ ਹੈ। ਉਸ ਦੀਆਂ ਫ਼ਿਲਮਾਂ ਵਿਆਹ ਕਲਚਰ ਜਾਂ ਹਾਸੇ ਮਜ਼ਾਕ ਵਾਲੀਆਂ ਨਹੀਂ ਹੁੰਦੀਆਂ ਬਲਕਿ ਜ਼ਿੰਦਗੀ ਤੋਂ ਉੱਖੜੇ ਮਨੁੱਖ 'ਚ ਹੌਸਲਾ, ਜਜ਼ਬਾ ਤੇ ਮਨੋਬਲ ਭਰਨ ਵਾਲੀਆਂ ਹੁੰਦੀਆਂ ਹਨ। ਉਸ ਦੀ ਪਹਿਲੀ ਫ਼ਿਲਮ 'ਤੁਣਕਾ ਤੁਣਕਾ' ਨੇ ਕਰੋਨਾ ਦੇ ਸਾਏ ਕਰਕੇ ਸਿਨੇਮਿਆਂ ਵਿਚ ਪਸਰੀ ਚੁੱਪ ਨੂੰ ਤੋੜ ਕੇ ਦਰਸ਼ਕਾਂ ਨੂੰ ਪੰਜਾਬੀ ਸਿਨਮੇ ਨਾਲ ਮੁੜ ਜੋੜਿਆ ਸੀ। ਬਦਲਵੇਂ ਹਾਲਾਤ ਵਿਚ ਆਈ ਇਸ ਫ਼ਿਲਮ ਨੂੰ ਮਿਲੇ ਹੁੰਗਾਰੇ ਨੇ ਹਰਦੀਪ ਗਰੇਵਾਲ ਦੇ ਹੌਸਲੇ ਨੂੰ ਮਜ਼ਬੂਤ ਕੀਤਾ ਸੀ। ਇਨ੍ਹੀਂ ਦਿਨੀਂ ਹੁਣ ਉਹ ਆਪਣੀ ਨਵੀਂ ਫ਼ਿਲਮ 'ਬੈਚ 2013' ਨਾਲ ਮੁੜ ਸਰਗਰਮ ਹੋਇਆ ਹੈ। 9 ਸਤੰਬਰ ਨੂੰ ਰਿਲੀਜ਼ ਹੋਣ ਵਾਲੀ ਇਹ ਫ਼ਿਲਮ ਅਜਿਹੇ ਨੌਜਵਾਨ 'ਤੇ ਆਧਾਰਤ ਹੈ ਜਿਸਦੀ ਜ਼ਿੰਦਗੀ ਵਿਚ ਅਜਿਹੀਆਂ ਬਹੁਤ ਘਟਨਾਵਾਂ ਵਾਪਰਦੀਆਂ ਹਨ ਜਿਸ ਕਰਕੇ ਉਹ ਵਾਰ ਵਾਰ ਹਾਰਦਾ ਹੈ, ਫ਼ਿਰ ਉੱਠਦਾ ਹੈ ਫ਼ਿਰ ਹਾਰਦਾ ਹੈ ਫ਼ਿਰ ਉਠਦਾ ਹੈ। ਨੌਜਵਾਨਾਂ ਦੇ ਜਜ਼ਬੇ, ਹੌਸਲੇ ਤੇ ਮਨੋਬਲ ਨੂੰ ਮਜ਼ਬੂਤ ਕਰਦੀ ਇਹ ਫ਼ਿਲਮ ਆਮ ਫ਼ਿਲਮਾਂ ਤੋਂ ਬਹੁਤ ਹਟ ਕੇ ਹੈ। ਇਸ ਗੱਲ ਦਾ ਸਬੂਤ ਫ਼ਿਲਮ ਦਾ ਟਰੇਲਰ ਦੇ ਚੁੱਕਾ ਹੈ।

ਫ਼ਿਲਮ 'ਬੈਚ 2013' ਦੀ ਕਹਾਣੀ ਇਕ ਅਜਿਹੇ ਨੌਜਵਾਨ ਦੀ ਹੈ ਜਿਸਨੂੰ ਆਪਣੀ ਜਵਾਨੀ ਵਿਚ ਇਹ ਨਹੀਂ ਪਤਾ ਕਿ ਉਸਦੀ ਜ਼ਿੰਦਗੀ ਦਾ ਟੀਚਾ ਕੀ ਹੈ, ਉਸਨੇ ਕਿਹੜੇ ਖੇਤਰ ਵਿਚ ਆਪਣਾ ਭਵਿੱਖ ਬਣਾਉਣਾ ਹੈ? ਉਸ ਨੇ ਆਪਣੀ ਜ਼ਿੰਦਗੀ



ਬਾਰੇ ਕਦੇ ਫੋਕਸ ਨਹੀਂ ਕੀਤਾ। ਉਸ ਦਾ ਪਿਤਾ ਪੁਲਿਸ ਅਫ਼ਸਰ ਹੈ ਪਰ ਉਸ ਦਾ ਪੁਲਿਸ ਮਹਿਕਮੇ ਵਿਚ ਜਾਣ ਦਾ ਕੋਈ ਮਨ ਨਹੀਂ ਪ੍ਰੰਤੂ ਅਚਾਨਕ ਹਾਲਾਤ ਅਜਿਹੇ ਬਣਦੇ ਹਨ ਕਿ ਨਾ ਸਿਰਫ਼ ਉਹ ਆਪਣੇ ਦਮ 'ਤੇ ਪੁਲਿਸ ਵਿਚ ਭਰਤੀ ਹੁੰਦਾ ਹੈ ਬਲਕਿ ਉਸਨੂੰ ਇਕ ਅਜਿਹੀ ਸਪੈਸ਼ਲ ਟੀਮ ਦੀ ਜ਼ਿੰਮੇਵਾਰੀ ਸੌਂਪੀ ਜਾਂਦੀ ਹੈ ਜੋ ਕਿਸੇ ਵੀ ਅਣਸੁਖਾਵੇਂ ਹਾਲਾਤ ਨੂੰ ਕੰਟਰੋਲ ਕਰ ਸਕੇ। ਜਿਸ ਦਾ ਨਾਂ ਬੈਚ 2013 ਰੱਖਿਆ ਜਾਂਦਾ ਹੈ। ਇਸ ਤਰ੍ਹਾਂ ਇਹ ਇਕ ਨੌਜਵਾਨ ਦੇ ਪ੍ਰੇਰਣਾਦਾਇਕ ਸਫ਼ਰ ਦੀ ਕਹਾਣੀ ਹੈ।

ਆਪਣੇ ਕਿਰਦਾਰ ਬਾਰੇ ਹਰਦੀਪ ਗਰੇਵਾਲ ਨੇ ਦੱਸਿਆ, 'ਬੈਚ 2013 ਵਿਚ ਮੇਰੇ ਦੋ ਤਰ੍ਹਾਂ ਦੇ ਕਿਰਦਾਰ ਸੀ। ਪਹਿਲੇ ਵਿਚ ਮੈਨੂੰ ਆਪਣਾ ਵਜ਼ਨ 70 ਤੋਂ 90 ਤੱਕ ਵਧਾਉਣਾ ਪਿਆ ਜਦਕਿ ਦੂਜੇ ਕਿਰਦਾਰ ਲਈ 90 ਤੋਂ 80 ਤਕ ਘਟਾਉਣਾ ਪਿਆ। ਜਿਸ ਕਰਕੇ ਫ਼ਿਲਮ ਦੋ ਸ਼ਡਿਊਲ ਵਿਚ ਸ਼ੂਟ ਕਰਨੀ ਪਈ। 'ਤੁਣਕਾ ਤੁਣਕਾ' ਨਾਲੋਂ ਇਹ ਕਹਾਣੀ ਵਧੇਰੇ ਇਮੋਸ਼ਨਲ ਬਣਾਉਣ ਲਈ ਸਾਰੀ ਹੀ ਟੀਮ ਨੇ ਬਹੁਤ ਮਿਹਨਤ ਕੀਤੀ ਹੈ। ਫ਼ਿਲਮ ਦੇ ਐਕਸ਼ਨ ਦੀ ਗੱਲ ਕਰੀਏ ਤਾਂ ਇਹ ਆਮ ਫ਼ਿਲਮਾਂ ਵਾਂਗ ਨਕਲੀ ਜਿਹਾ, ਹੀਰੋ ਸਟਾਈਲ ਨਹੀਂ ਹੈ। ਇਸ ਲਈ ਅਸੀਂ ਅਜਿਹੇ ਐਕਸ਼ਨ ਡਾਇਰੈਕਟਰ ਨੂੰ ਚੁਣਿਆ ਜੋ ਸਪੈਸ਼ਲ ਫੋਰਸ ਜਾਂ ਆਰਮੀ ਨਾਲ ਜੁੜਿਆ ਹੋਇਆ ਸੀ। ਇਸ ਫ਼ਿਲਮ ਦਾ ਐਕਸ਼ਨ ਵੀ ਵੱਖਰਾ ਹੈ ਤੇ ਕਹਾਣੀ ਤਾਂ ਵੱਖਰੀ ਹੈ ਹੀ'।

ਹਰਦੀਪ ਗਰੇਵਾਲ ਪ੍ਰੋਡਕਸ਼ਨ ਦੇ ਬੈਨਰ ਹੇਠ ਬਣੀ ਇਸ ਫ਼ਿਲਮ ਵਿਚ ਹਰਦੀਪ ਗਰੇਵਾਲ, ਹਸ਼ਨੀਨ ਚੌਹਾਨ, ਡਾ. ਸਾਹਿਬ ਸਿੰਘ, ਨੀਤਾ ਮਹਿੰਦਰਾ, ਮਨਜੀਤ ਸਿੰਘ, ਹਰਿੰਦਰ ਭੁੱਲਰ, ਪ੍ਰੀਤ ਭੁੱਲਰ ਤੇ ਪਰਮਵੀਰ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ, ਸਕਰੀਨ ਪਲੇਅ ਤੇ ਡਾਇਲਾਗ ਹਰਦੀਪ ਗਰੇਵਾਲ ਨੇ ਲਿਖੇ ਹਨ। ਫ਼ਿਲਮ ਦਾ ਨਿਰਮਾਤਾ ਹਰਦੀਪ ਗਰੇਵਾਲ ਹੈ ਅਤੇ ਨਿਰਦੇਸ਼ਕ ਗੈਰੀ ਖਟਰਾਓ ਹੈ। ਫ਼ਿਲਮ ਦਾ ਸੰਗੀਤ ਗੁਰਮੋਹ ਨੇ ਤਿਆਰ ਕੀਤਾ ਹੈ। ਗੀਤ ਹਰਮਨਜੀਤ ਸਿੰਘ ਤੇ ਹਰਦੀਪ ਗਰੇਵਾਲ ਨੇ ਲਿਖੇ ਹਨ ਜਿਨ੍ਹਾਂ ਨੂੰ ਕੰਵਰ ਗਰੇਵਾਲ, ਦੇਵੀ, ਅਕਸ਼ ਤੇ ਹਰਦੀਪ ਗਰੇਵਾਲ ਨੇ ਗਾਇਆ ਹੈ। ਹਰਦੀਪ ਗਰੇਵਾਲ ਦੇ ਗੀਤਾਂ ਵਾਂਗ ਹੀ ਨਿਰਾਸ਼ ਤੇ ਉਦਾਸ ਨੌਜਵਾਨਾਂ ਨੂੰ ਮਿਹਨਤ ਅਤੇ ਜ਼ਿੰਦਗੀ ਪ੍ਰਤੀ ਉਤਸ਼ਾਹਿਤ ਕਰਦੀ ਇਹ ਫ਼ਿਲਮ ਦਰਸ਼ਕਾਂ ਦੀ ਕਸਵੱਟੀ 'ਤੇ ਖਰੀ ਉਤਰੇਗੀ।

***-ਸੁਰਜੀਤ ਜੱਸਲ***

## ਗ਼ਜ਼ਲ

ਕੌਣ ਹਨ ਇਹ ਲੋਕ
ਜੋ ਨਵੀਆਂ ਹੀ ਪਿਰਤਾਂ ਪਾ ਰਹੇ।
ਮੋਢਿਆਂ 'ਤੇ ਧਰ ਸਲੀਬਾਂ
ਮਕਤਲਾਂ ਵੱਲ ਜਾ ਰਹੇ।
ਹੇ, ਖ਼ੁਦਾ ਦਿਸਦਾ ਰਹੇ
ਮੰਜ਼ਰ ਇਹ ਮੈਨੂੰ ਉਮਰ ਭਰ,
ਬਿਰਖ ਪਤਝੜ ਵਿਚ ਵੀ
ਨਗ਼ਮੇ ਖੁਸ਼ੀ ਦੇ ਗਾ ਰਹੇ।
ਮੁਲਕ ਸਾਡਾ ਵੇਖ ਲੈ
ਕਿੰਨੀ ਤਰੱਕੀ ਕਰ ਗਿਆ,
ਲੋਕ ਬੂਟਾਂ ਦੀ ਜਗ੍ਹਾ
ਚੱਪਲਾਂ 'ਚ ਤਸਮੇ ਪਾ ਰਹੇ।
ਰਾਤ ਪੈਂਦੇ ਸਾਰ ਹੀ
ਸਾਡੀ ਚੁਰਾਉਂਦੇ ਰੌਸ਼ਨੀ,
ਜੁਗਨੂੰਆਂ 'ਤੇ ਬਲਬ ਇਹ
ਇਲਜ਼ਾਮ ਕੈਸਾ ਲਾ ਰਹੇ।
ਹੈ ਇਨ੍ਹਾਂ ਦੇ ਨਾਲ ਮੇਰੀ
ਸਾਂਝ ਤਾਂ ਕੋਈ ਜ਼ਰੂਰ,
ਇਸ ਤਰ੍ਹਾਂ ਦੇ ਦੌਰ ਵਿਚ
ਮੈਨੂੰ ਮਿਲਣ ਜੋ ਆ ਰਹੇ।
ਉਹ ਕਿਵੇਂ ਕਵਿਤਾ 'ਚ
ਕਰਦੇ ਗੱਲ ਰਿਸ਼ੀ ਸ਼ੰਭੂਕ ਦੀ,
ਜੋ ਦੁਸ਼ਾਲੇ ਲੈਣ ਲਈ
ਹਾਕਮ ਦੇ ਸੋਹਿਲੇ ਗਾ ਰਹੇ।

***- ਅਜੈ ਤਨਵੀਰ***

---

## ਸ੍ਰੀ ਗੁਰੂ ਗਰੰਥ ਸਾਹਿਬ ਜੀ

*******************

ਰਚੀ ਸ੍ਰਿਸ਼ਟੀ ਸੱਚੇ ਕਰਤਾਰ,
ਭੇਜੇ ਸੀ ਗੁਰੂ ਧੰਨ ਨਿਰੰਕਾਰ
ਭੋਏ ਤਲਵੰਡੀ ਲਏ ਅਵਤਾਰ,
ਪਾਪ ਦਾ ਉਹ ਕਰਨੇ ਉਧਾਰ

ਮਿਟੀ ਧੁੰਦ ਜੱਗ ਚਾਨਣ ਹੋਏ,
ਗੁਰੂ ਨਾਨਕ ਜੋਤ ਪ੍ਰਗਟ ਹੋਏ
ਘਟ ਘਟ ਵਿਚ ਵਸੇ ਰੱਬ ਸੋਏ,
ਕਰ ਕੇ ਕੀਰਤਨ ਸਦਾ ਵੈਸੋਏ

ਨਿੰਦ ਕੇ ਜੋਗੀ, ਪੰਡਿਤ ਦੇ ਵੇਸ਼
ਭੰਡ ਕੇ ਕਰਮ-ਕਾਂਡ ਦੇ ਸੰਦੇਸ਼
ਉੱਤਮ ਗ੍ਰਹਿਸਥੀ ਦੇ ਉਪਦੇਸ਼,
ਵਿਚਰੇ ਜੱਗ 'ਤੇ ਬਣ ਦਰਵੇਸ਼

ਤੁਰ ਪਏ ਫੇਰ ਜੱਗ ਨੂੰ ਤਾਰਨ,
ਸਗਲ ਸ੍ਰਿਸ਼ਟੀ ਨੂੰ ਉਬਾਰਨ
ਉਦਾਸੀਆਂ ਦੇ ਰਾਹ ਸੰਵਾਰਨ,
ਸਮਾਜ ਮੱਥੋਂ ਕਲੰਕ ਉਤਾਰਨ

ਗੋਰਖਨਾਥ, ਬਨਾਰਸ, ਅਸਾਮ,
ਸ੍ਰੀਨਗਰ, ਨੇਪਾਲ, ਸਿੱਕਮ ਧਾਮ
ਮੱਕੇ, ਬਗਦਾਦ, ਤਹਿਰਾਨ ਆਮ,
ਜਗਨਨਾਥ ਤੇ ਸ੍ਰੀਲੰਕਾ ਤਮਾਮ

'ਕੱਠੀ ਕਰ ਕੇ ਭਗਤਾਂ ਦੀ ਬਾਣੀ,
ਪੋਥੀ ਅੰਦਰ ਲਿਖੀ ਸਭ ਜਾਣੀ
ਅਮਰਦਾਸ ਨੇ 'ਅਨੰਦ' ਬਿਖਾਣੀ,
'ਸੁਖਮਨੀ' ਅਰਜਨ ਨੇ ਲਿਖਾਣੀ

ਪੰਜਵੇਂ ਗੁਰਾਂ ਸੰਪਾਦਿਤ ਗਿਆਨ,
ਪੋਥੀ ਤੋਂ ਗਰੰਥ ਜੀ ਬਣੇ ਮਹਾਨ
ਗੁਰਦਾਸ ਜੀ ਲਿਖੇ ਨਾਲ਼ ਸ਼ਾਨ,
ਮੋਤੀ ਪਰੋਏ ਕਰੇ ਬਿਨ ਗੁਮਾਨ
ਛੇ ਗੁਰੂ, ਚਾਰ ਸਿੱਖ, ਪੰਦਰਾਂ ਸੰਤ,
ਗਿਆਰਾਂ ਭੱਟਾਂ ਦੀ ਸੋਚ ਬੇਅੰਤ
ਆਦਿ ਜਪੁ, ਰਾਗ ਮਾਲਾ ਹੈ ਅੰਤ,
ਜੋ ਪੜ੍ਹੇ, ਸੁਣੇ, ਗਾਵਿਹ ਮਨ ਬਸੰਤ

ਦਸਵੇਂ ਗੁਰਾਂ ਹੁਕਮ ਸੁਣਾ ਕੇ ਪੰਥ,
ਗੁਰਗੱਦੀ 'ਤੇ ਬੈਠਾਏ ਗੁਰੂ ਗ੍ਰੰਥ
ਮਾਨਵਤਾ ਦਾ ਦੇਵੇ ਉਪਦੇਸ਼ ਗ੍ਰੰਥ,
ਸਰਬੱਤ ਦੇ ਭਲੇ ਲੋੜੇ ਸਦਾ ਪੰਥ।

***-ਸੇਵਾ ਸਿੰਘ ਨੂਰਪੁਰੀ***

---

## ਅਰਦਾਸ

ਸੁਣ ਮੇਰੀ ਅਰਦਾਸ ਪ੍ਰਭੂ ਜੀ
ਕਰ ਪੂਰੀ ਮੇਰੀ ਆਸ ਪ੍ਰਭੂ ਜੀ
ਨਜ਼ਰ ਮਿਹਰ ਦੀ ਕਰ ਮੇਰੇ 'ਤੇ
ਸਦਾ ਕਰਾਂ ਵਿਸ਼ਵਾਸ ਤੇਰੇ 'ਤੇ।
ਆਪਣੇ ਚਰਨਾਂ ਵਿਚ ਮਨ ਜੋੜੋ
ਨਾ ਮੈਨੂੰ ਹੁਣ ਕੱਲਿਆਂ ਛੋੜੋ
ਦੁਸ਼ਮਨ ਸਿਰ 'ਤੇ ਚੜ੍ਹ ਆਏ ਨੇ
ਪੀੜਾਂ ਦੇ ਹੁਣ ਹੜ੍ਹ ਆਏ ਨੇ।
ਬਿਨ ਤੇਰੇ ਮੇਰਾ ਨਈਂ ਕੋਈ
ਬਿਨ ਤੇਰੇ ਮੈਨੂੰ ਕਿਤੇ ਨਾ ਢੋਈ
ਬਾਂਹ ਫੜੀ ਦੀ ਲਾਜ ਨਿਭਾਵੋ
ਆਪ ਹਾਥ ਦੇ ਮੋਹਿ ਬਚਾਵੋ।
ਸੁਣੋ ਪ੍ਰਭੂ ਕੁਦਰਤ ਦੇ ਕਾਦਰ
ਸੱਚ ਦਾ ਹੋਵੇ ਕਿਉਂ ਨਿਰਾਦਰ
ਹਰ ਥਾਂ ਸੱਚ ਪਿਆ ਕੁਰਲਾਵੇ
ਫਿਰ ਵੀ ਤੈਨੂੰ ਦਰਦ ਨਾ ਆਵੇ।
ਸੱਚ ਨੂੰ ਹਰ ਥਾਂ ਪੈਂਦੀਆਂ ਮਾਰਾਂ
ਸੱਚ 'ਤੇ ਲਟਕਦੀਆਂ ਤਲਵਾਰਾਂ
ਲਾਉਂਦਾ ਫਿਰਦਾ ਸੱਚ ਗੁਹਾਰਾਂ
ਪਰ ਕੋਈ ਨਾ ਸੁਣੇ ਪੁਕਾਰਾਂ।
ਜਾਂ ਦੁਨੀਆਂ ਤੋਂ ਸੱਚ ਮੁਕਾ ਦੇ
ਜਾਂ ਝੂਠ ਦਾ ਨਾਮ ਮਿਟਾ ਦੇ
ਨਾ ਖ਼ਲਕਤ ਨੂੰ ਏਦਾਂ ਰੋਲੋ
ਪ੍ਰਭ ਜੀ ਕੁਝ ਤਾਂ ਮੁੱਖ 'ਚੋਂ ਬੋਲੋ।
ਝੂਠ ਸਦਾ ਸੱਚ ਨੂੰ ਲਲਕਾਰੇ
ਹਰ ਥਾਂ ਝੂਠ ਹੀ ਸੱਚ ਨੂੰ ਮਾਰੇ
ਕਿਤੇ ਸਲੀਬਾਂ ਕਿਧਰੇ ਤਵੀਆਂ
ਹਰ ਥਾਂ ਚੱਲਣ ਬਰਛੇ ਛਵੀਆਂ।
ਸ਼ਰਮ ਤੇ ਧਰਮ ਰਿਹਾ ਨਾ ਕੋਈ
ਸੱਚ ਦੀ ਹਾਲਤ ਮਾੜੀ ਹੋਈ
ਇਹ ਜ਼ਿੰਦਗੀ ਨਾ ਜੀਵੀ ਜਾਂਦੀ
ਹੋਰ ਜ਼ਹਿਰ ਨਾ ਪੀਵੀ ਜਾਂਦੀ।
ਆਵੋ ਆਪ ਬਚਾਵੋ ਮੈਨੂੰ
ਤੇਰੇ ਬਿਨਾਂ ਪੁਕਾਰਾਂ ਕੈਂ ਨੂੰ
ਮੈਨੂੰ ਦੇ ਕੇ ਹੱਥ ਬਚਾਵੋ
ਦੁਸ਼ਮਨ ਸਾਰੇ ਮਾਰ ਮੁਕਾਵੋ।
ਮੈਂ ਨਾ ਕਦੀ ਵੀ ਮੰਗਾਂ ਦੌਲਤ
ਨਹੀਂ ਚਾਹੀਦੀ ਮੈਨੂੰ ਸ਼ੋਹਰਤ
ਪ੍ਰਭ ਜੀ ਮੇਰਾ ਸਾਥ ਨਿਭਾਵੀਂ
ਕਦੀ ਵੀ ਮੈਥੋਂ ਦੂਰ ਨਾ ਜਾਵੀਂ।
ਸਾਸ ਸਾਸ ਤੇਰਾ ਨਾਮ ਚਿਤਾਰਾਂ
ਪਲ ਪਲ ਤੇਰਾ ਨਾਮ ਪੁਕਾਰਾਂ
ਔਰਤ ਦੀ ਏਥੇ ਜ਼ਿੰਦਗੀ ਮਾੜੀ
ਕਿਧਰੇ ਮਾਰੀ ਕਿਧਰੇ ਸਾੜੀ।
ਔਰਤ ਪੀੜਾਂ ਪਈ ਹੈ ਜਰਦੀ
ਫਿਰ ਵੀ ਮੂੰਹ 'ਚੋਂ ਸੀ ਨਾ ਕਰਦੀ
ਸੁਣ ਅਰਦਾਸ ਤੇ ਛੇਤੀ ਆਵੀਂ
ਲੰਮੀ ਹੋਰ ਤਰੀਕ ਨਾ ਪਾਵੀਂ।
ਦੀਦ ਤੇਰੀ ਨੂੰ ਤਰਸਣ ਅੱਖੀਆਂ
ਹਰ ਵੇਲੇ ਹੀ ਵਰਸਣ ਅੱਖੀਆਂ
ਮਿਹਰਾਂ ਦਾ ਕੋਈ ਗੀਤ ਬਣਾ ਲੈ
ਚਰਨੀਂ ਲਾ 'ਸੁਰਜੀਤ' ਬਣਾ ਲੈ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

# ਬਲਕੀਸ ਬਾਨੋ ਨਾਲ ਵਧੀਕੀ ਅਤੇ ਅਦਾਕਾਰਾ ਸ਼ਬਾਨਾ ਆਜ਼ਮੀ ਦੇ ਹੰਝੂ

ਬਿਲਕੀਸ ਬਾਨੋ ਨਾਲ ਹੋਈ ਵਧੀਕੀ ਖਿਲਾਫ ਨਵੀਂ ਦਿੱਲੀ ਵਿਚ ਹੋਏ ਇਕ ਰੋਸ ਸਮਾਗਮ ਵਿਚ ਹਿੱਸਾ ਲੈਣ ਆਈ ਉਘੀ ਅਦਾਕਾਰਾ ਸ਼ਬਾਨਾ ਆਜ਼ਮੀ ਦਾ ਰੋਣ ਨਿੱਕਲ ਗਿਆ। ਬਿਲਕੀਸ ਬਾਨੋ ਦੇ ਜਬਰ-ਜਨਾਹ ਨਾਲ ਸਬੰਧਿਤ ਅਪਰਾਧ 2002 ਵਿਚ ਹੋਇਆ ਸੀ। ਉਸ ਵੇਲੇ ਗੁਜਰਾਤ ਵਿਚ ਇਕ ਤੋਂ ਬਾਅਦ ਇਕ ਹੋ ਰਹੇ ਅਪਰਾਧਾਂ ਦੀ ਲੜੀ ਵਿਚ ਹੋਣ ਵਾਲਾ ਇਹ ਅਜਿਹਾ ਘਿਨਾਉਣਾ ਅਪਰਾਧ ਸੀ ਜਿਸ ਨੇ ਸਾਰੇ ਦੇਸ਼ ਦਾ ਧਿਆਨ ਆਪਣੇ ਵੱਲ

**ਆਮਨਾ ਕੌਰ**

ਖਿੱਚਿਆ ਸੀ। 27 ਫਰਵਰੀ 2002 ਨੂੰ ਅਯੁੱਧਿਆ ਤੋਂ ਕਾਰ-ਸੇਵਕਾਂ ਨੂੰ ਵਾਪਸ ਲਿਆ ਰਹੀ ਸਾਬਰਮਤੀ ਐਕਸਪ੍ਰੈੱਸ ਨੂੰ ਗੋਧਰਾ ਸਟੇਸ਼ਨ 'ਤੇ ਅੱਗ ਲਗਾ ਦਿੱਤੀ ਗਈ ਜਿਸ ਵਿਚ 89 ਲੋਕ ਜਿਊਂਦਾ ਸੜ ਗਏ ਸਨ। ਇਸ ਤੋਂ ਬਾਅਦ ਗੁਜਰਾਤ ਵਿਚ ਹਿੰਸਾ ਸ਼ੁਰੂ ਹੋਈ ਜਿਸ ਵਿਚ ਮੁਸਲਮਾਨ ਭਾਈਚਾਰੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ ਇਸ ਹਿੰਸਾ ਵਿਚ 1250 ਤੋਂ ਜ਼ਿਆਦਾ ਲੋਕਾਂ ਦੀ ਮੌਤ ਹੋਈ। ਨਾਨਾਵਤੀ ਕਮਿਸ਼ਨ ਦੀ ਰਿਪੋਰਟ ਅਨੁਸਾਰ ਸਾਬਰਮਤੀ ਐਕਸਪ੍ਰੈੱਸ ਵਿਚ ਲੱਗੀ ਅੱਗ ਸੋਚੀ-ਸਮਝੀ ਸਾਜ਼ਿਸ਼ ਦਾ ਸਿੱਟਾ ਸੀ।

ਬਿਲਕੀਸ ਬਾਨੋ ਤੇ ਉਸ ਦਾ ਪਰਿਵਾਰ ਖੇਤਾਂ ਵਿਚ ਜਾ ਲੁਕੇ ਸਨ। ਦੰਗਈ ਭੀੜ 3 ਮਾਰਚ 2002 ਨੂੰ ਉੱਥੇ ਪਹੁੰਚੀ ਅਤੇ ਉਨ੍ਹਾਂ ਨੇ ਉਸ ਦੇ ਪਰਿਵਾਰ ਦੇ 7 ਜੀਆਂ ਦੀ ਹੱਤਿਆ ਕੀਤੀ ਅਤੇ ਗਰਭਵਤੀ ਬਿਲਕੀਸ ਬਾਨੋ ਨਾਲ ਜਬਰ-ਜਨਾਹ ਕੀਤਾ। ਸੁਪਰੀਮ ਕੋਰਟ ਨੇ ਕੇਸ ਸੀ.ਬੀ.ਆਈ. ਨੂੰ ਸੌਂਪਿਆ ਜਿਸ ਨੇ 2004 ਵਿਚ ਅਪਰਾਧੀਆਂ ਨੂੰ ਗ੍ਰਿਫ਼ਤਾਰ ਕੀਤਾ। ਮੁਕੱਦਮਾ ਮਹਾਰਾਸ਼ਟਰ ਵਿਚ ਸੀ.ਬੀ.ਆਈ. ਦੀ ਅਦਾਲਤ ਵਿਚ ਪੇਸ਼ ਹੋਇਆ ਅਤੇ ਅਦਾਲਤ ਨੇ 11 ਅਪਰਾਧੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ। ਇਸ ਸਾਲ 75ਵੇਂ ਆਜ਼ਾਦੀ ਦਿਵਸ 'ਤੇ ਇਨ੍ਹਾਂ ਅਪਰਾਧੀਆਂ ਨੂੰ ਗੋਧਰਾ ਜੇਲ੍ਹ ਤੋਂ ਰਿਹਾ ਕਰ ਦਿੱਤਾ ਗਿਆ। ਗੁਜਰਾਤ ਸਰਕਾਰ







*ਨਵੀਂ ਦਿੱਲੀ ਵਿਚ ਰੋਸ ਵਿਖਾਵੇ ਵਿਚ ਸ਼ਿਰਕਤ ਕਰ ਰਹੀ ਅਦਾਕਾਰਾ ਸ਼ਬਾਨਾ ਆਜ਼ਮੀ ਦੀਆਂ ਦੋ ਤਸਵੀਰਾਂ।*

ਦਾ ਕਹਿਣਾ ਹੈ ਕਿ ਇਹ ਅਪਰਾਧੀ 14 ਸਾਲ ਦੀ ਕੈਦ ਭੁਗਤ ਚੁੱਕੇ ਹਨ ਅਤੇ ਸਰਕਾਰ ਉਨ੍ਹਾਂ ਨੂੰ ਮੁਆਫ਼ ਕਰ ਸਕਦੀ ਹੈ।

ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਦੁਆਰਾ 'ਆਜ਼ਾਦੀ ਕਾ ਅਮ੍ਰਿਤ ਮਹਾਉਤਸਵ' ਦੇ ਮੌਕੇ 'ਤੇ 10 ਜੂਨ 2022 ਨੂੰ ਕੈਦੀਆਂ ਨੂੰ ਰਿਹਾ ਕਰਨ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ ਹਨ ਪਰ ਇਨ੍ਹਾਂ ਅਨੁਸਾਰ ਜਬਰ-ਜਨਾਹ, ਨਸ਼ਾ ਵੇਚਣ ਅਤੇ ਬੱਚਿਆਂ ਨੂੰ ਉਧਾਲਣ ਦਾ ਅਪਰਾਧ ਕਰਨ ਵਾਲੇ ਦੋਸ਼ੀਆਂ ਨੂੰ ਰਿਹਾ ਨਹੀਂ ਕੀਤਾ ਜਾ ਸਕਦਾ। ਕਾਨੂੰਨੀ ਮਾਹਿਰਾਂ ਅਨੁਸਾਰ ਗੁਜਰਾਤ ਸਰਕਾਰ ਦੇ ਇਹ ਆਦੇਸ਼ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ ਹਨ। ਕੇਂਦਰ ਸਰਕਾਰ ਦੀ ਸਲਾਹ ਦੀ ਉਲੰਘਣਾ ਵੱਖਰਾ ਵਿਸ਼ਾ ਹੈ ਪਰ ਪ੍ਰਮੁੱਖ ਸਵਾਲ ਸਮਾਜ ਅਤੇ ਰਿਆਸਤ/ਸਟੇਟ ਨਾਲ ਜੁੜੀਆਂ ਨੈਤਿਕ ਕਦਰਾਂ-ਕੀਮਤਾਂ ਦਾ ਹੈ। ਜਦੋਂ ਵੀ ਜਬਰ-ਜਨਾਹ ਦੀ ਕੋਈ ਘਟਨਾ ਹੁੰਦੀ ਹੈ ਤਾਂ ਬਹੁਤ ਸਾਰੇ ਲੋਕ ਉੱਚੀ ਆਵਾਜ਼ ਵਿਚ ਕਹਿੰਦੇ ਹਨ ਕਿ ਅਜਿਹੇ ਅਪਰਾਧੀਆਂ ਨੂੰ ਫਾਂਸੀ ਦੀ ਸਜ਼ਾ ਦਿੱਤੀ ਜਾਣੀ



ਚਾਹੀਦੀ ਹੈ ਜਾਂ ਉਨ੍ਹਾਂ ਨੂੰ ਜਨਤਕ ਤੌਰ 'ਤੇ ਫਾਹੇ ਲਾਇਆ ਜਾਣਾ ਚਾਹੀਦਾ ਹੈ; ਇੱਥੇ ਮਾਮਲਾ ਜਬਰ-ਜਨਾਹ ਦਾ ਹੀ ਨਹੀਂ ਸਗੋਂ ਸਮੂਹਿਕ ਕਤਲ ਤੇ ਸਮੂਹਿਕ ਜਬਰ-ਜਨਾਹ ਦਾ ਹੈ; ਅਜਿਹੇ ਘਿਨਾਉਣੇ ਅਪਰਾਧ ਦੇ ਦੋਸ਼ੀਆਂ ਨੂੰ ਰਾਹਤ ਦਿੱਤੀ ਗਈ ਹੈ। ਸੁਪਰੀਮ ਕੋਰਟ ਦੇ ਫ਼ੈਸਲਿਆਂ ਅਨੁਸਾਰ ਉਮਰ ਕੈਦ ਦਾ ਮਤਲਬ ਸਾਰੀ ਉਮਰ ਲਈ ਕੈਦ ਹੁੰਦਾ ਹੈ ਪਰ ਰਾਜ ਸਰਕਾਰ ਸੀ.ਆਰ.ਪੀ.ਸੀ. ਅਨੁਸਾਰ ਕਿਸੇ ਵੀ ਸਜ਼ਾ ਨੂੰ ਘੱਟ ਸਜ਼ਾ ਵਿਚ ਬਦਲ ਸਕਦੀ ਹੈ ਅਤੇ ਉਮਰ ਕੈਦ ਭੁਗਤ ਰਹੇ ਕੈਦੀਆਂ ਨੂੰ 14 ਸਾਲ ਜੇਲ੍ਹ ਵਿਚ ਬਿਤਾਉਣ ਤੋਂ ਬਾਅਦ ਰਿਹਾ ਕਰ ਸਕਦੀ ਹੈ।

ਇਸ ਮਾਮਲੇ ਵਿਚ ਹੁਣ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਤੋਂ ਜਵਾਬ ਮੰਗਿਆ ਹੈ। ਯਾਦ ਰਹੇ ਕਿ ਅਪਰਾਧਿਕ ਮਾਮਲੇ ਵਿਚ ਸ਼ਾਮਿਲ 11 ਵਿਅਕਤੀਆਂ ਨੂੰ ਸਜ਼ਾ ਪੂਰੀ ਹੋਣ ਤੋਂ ਪਹਿਲਾਂ ਰਿਹਾ ਕਰਨ ਤੋਂ ਪਿੱਛੋਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਸ ਨਾਲ ਇਹ ਬਹਿਸ ਸ਼ੁਰੂ ਹੋ ਗਈ ਹੈ ਕਿ ਗੰਭੀਰ ਕਿਸਮ ਦੇ ਅਪਰਾਧਾਂ ਵਿਚ ਸ਼ਾਮਿਲ ਲੋਕਾਂ ਨੂੰ ਰਿਹਾਅ ਕਰ ਕੇ ਗੁਜਰਾਤ ਸਰਕਾਰ ਕੀ ਸੁਨੇਹਾ ਦੇਣ ਦੀ ਕੋਸ਼ਿਸ਼ ਕਰ ਰਹੀ ਹੈ। ਬਿਲਕੀਸ ਨੇ ਲੰਮੇ ਸਮੇਂ ਲਈ ਬੇਮਿਸਾਲ ਹੌਸਲੇ ਨਾਲ ਇਨਸਾਫ਼ ਦੀ ਜੰਗ ਜਾਰੀ ਰੱਖ ਕੇ ਦੋਸ਼ੀਆਂ ਨੂੰ ਸਜ਼ਾ ਕਰਵਾਈ ਸੀ। ਇਨ੍ਹਾਂ ਅਪਰਾਧੀਆਂ ਨੂੰ ਪੈਰੋਲ ਮਿਲਦੀ ਰਹੀ ਹੈ ਅਤੇ ਸਮੇਂ ਤੋਂ ਪਹਿਲਾਂ ਰਿਹਾਈ ਸਮੇਂ ਵੀ ਸਰਕਾਰੀ ਨਿਯਮਾਂ ਦਾ ਉਲੰਘਣ ਕੀਤਾ ਹੋਇਆ ਹੈ।

ਕਾਨੂੰਨੀ ਮਾਹਿਰਾਂ ਅਨੁਸਾਰ ਸਰਕਾਰ ਨੂੰ ਅਜਿਹੇ ਕੇਸ ਵਿਚ ਕਿਸੇ ਨੂੰ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਸਮੇਂ ਪੀੜਤ ਧਿਰ ਨਾਲ ਸੰਪਰਕ ਕਰ ਕੇ ਉਸ ਦੀ ਰਾਇ ਜਾਣਨੀ ਹੁੰਦੀ ਹੈ। ਬਿਲਕੀਸ ਦੀ ਵਕੀਲ ਦਾ ਕਹਿਣਾ ਹੈ ਕਿ ਕਿਸੇ ਨੇ ਫ਼ੈਸਲਾ ਸੁਣਾਉਣ ਤੱਕ ਪਰਿਵਾਰ ਨਾਲ ਕੋਈ ਗੱਲ ਨਹੀਂ ਕੀਤੀ। ਹੋਰ ਤਾਂ ਹੋਰ, ਰਿਹਾਈ ਦਾ ਮੂਲ ਦਸਤਾਵੇਜ਼ ਹਾਸਿਲ ਕਰਨ ਲਈ ਵੀ ਬਿਲਕੀਸ ਨੂੰ ਸੂਚਨਾ ਦਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਦਾ ਸਹਾਰਾ ਲੈਣਾ ਪਿਆ ਹੈ। ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਗੁਜਰਾਤ ਸਰਕਾਰ ਨੇ ਆਪਣੇ ਫ਼ੈਸਲੇ ਨੂੰ ਜਨਤਕ ਨਹੀਂ ਕੀਤਾ। ਇਹ ਮਾਮਲਾ ਇਨਸਾਫ਼ ਅਤੇ ਖ਼ਾਸ ਤੌਰ ਉੱਤੇ ਔਰਤਾਂ ਦੀ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਗੁਜਰਾਤ ਸਰਕਾਰ ਦਾ ਅੱਜ ਤੱਕ ਕੋਈ ਠੋਸ ਸਪੱਸ਼ਟੀਕਰਨ ਨਹੀਂ ਆਇਆ।

ਇਸ ਵਕਤ ਸਭ ਨੂੰ ਸ਼ਬਾਨਾ ਆਜ਼ਮੀ ਵਾਂਗ ਹੰਝੂ ਵਹਾਉਣ ਅਤੇ ਅਨਿਆਂ ਖਿਲਾਫ ਆਵਾਜ਼ ਬੁਲੰਦ ਕਰਨ ਦੀ ਲੋੜ ਹੈ। ਯਾਦ ਰਹੇ ਕਿ ਸ਼ਬਾਨਾ ਆਜ਼ਮੀ ਪਹਿਲਾਂ ਵੀ ਅਜਿਹੇ ਮਾਮਲਿਆਂ 'ਤੇ ਆਪਣੀ ਆਵਾਜ਼ ਬੁਲੰਦ ਕਰਦੀ ਰਹੀ ਹੈ। ਇਸ ਬਾਰੇ ਉਸ ਦਾ ਕਹਿਣਾ ਹੈ ਕਿ ਉਹ ਸਾਰੀ ਉਮਰ ਆਪਣੀਆਂ ਫਿਲਮਾਂ ਵਿਚ ਅਨਿਆਂ ਖਿਲਾਫ ਆਵਾਜ਼ ਉਠਾਉਂਦੀ ਰਹੀ ਹੈ, ਹੁਣ ਜਦੋਂ ਅਸਲੀ ਜ਼ਿੰਦਗੀ ਵਿਚ ਖਲਨਾਇਕ ਭਾਰੂ ਪੈ ਰਹੇ ਹਨ ਤਾਂ ਇਨ੍ਹਾਂ ਖਿਲਾਫ ਆਵਾਜ਼ ਬੁਲੰਦ ਕਰਨੀ ਹੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਪੈਰ-ਪੈਰ 'ਤੇ ਆਮ ਲੋਕਾਂ ਨਾਲ ਅਨਿਆਂ ਕਰ ਰਹੀ ਹੈ। ਇਸ ਲਈ ਸਭ ਨੂੰ ਰਲ ਕੇ ਇਸ ਅਨਿਆਂ ਖਿਲਾਫ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

# ਅਦਾਕਾਰ ਨਵਾਜ਼ੂਦੀਨ ਸਿੱਦੀਕੀ ਦਾ ਨਵਾਂ ਰੂਪ

ਫਿਲਮ ਅਦਾਕਾਰ ਨਵਾਜ਼ੂਦੀਨ ਸਿੱਦੀਕੀ ਆਪਣੀ ਨਵੀਂ ਫਿਲਮ 'ਹੱਡੀ' ਵਿਚ ਔਰਤ ਦੇ ਰੂਪ ਵਿਚ ਨਜ਼ਰ ਆਵੇਗਾ। ਅੱਜ ਕੱਲ੍ਹ ਉਸ ਦੇ ਇਸ ਨਵੇਂ ਰੂਪ ਬਾਰੇ ਹੀ ਚਰਚਾ ਚੱਲ ਰਹੀ ਹੈ। ਇਸ ਫਿਲਮ ਵਿਚ ਅਦਾਕਾਰੀ ਲਈ ਉਸ ਨੂੰ ਪਹਿਲਾਂ ਤਿੰਨ-ਤਿੰਨ ਘੰਟੇ ਮੇਕਅੱਪ ਕਰਵਾਉਣਾ

**ਗੁਰਜੰਟ ਸਿੰਘ**

ਪੈਂਦਾ ਸੀ। ਇਸ ਫਿਲਮ ਵਿਚ ਨਵਾਜ਼ੂਦੀਨ ਸਿੱਦੀਕੀ ਤੋਂ ਇਲਾਵਾ ਸੌਰਭ ਸਚਦੇਵਾ, ਰਾਜੇਸ਼ ਕੁਮਾਰ, ਸ੍ਰੀਧਰ ਦੂਬੇ ਆਦਿ ਅਦਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਇਸ ਫਿਲਮ ਦੇ ਨਿਰਦੇਸ਼ਕ ਅਕਸ਼ਤ ਅਜੈ ਸ਼ਰਮਾ ਹਨ, ਇਹ ਉਸ ਦੀ ਪਲੇਠੀ ਫਿਲਮ ਹੈ। ਇਸ ਫਿਲਮ ਲਈ ਸੰਗੀਤ ਰਵੀ ਭਾਸਕਰ ਨੇ ਤਿਆਰ ਕੀਤਾ ਹੈ ਅਤੇ ਸਿਨੇਮਾਟੋਗ੍ਰਾਫੀ ਜੈ ਓਜ਼ਾ ਦੀ ਹੈ।

ਨਵਾਜ਼ੂਦੀਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਨੈਸ਼ਨਲ ਸਕੂਲ ਆਫ ਡਰਾਮਾ, ਨਵੀਂ ਦਿੱਲੀ ਤੋਂ ਕੀਤੀ ਸੀ। ਉਥੋਂ ਗਰੈਜੂਏਟ ਹੋਣ ਤੋਂ ਬਾਅਦ ਉਹ ਮੁੰਬਈ ਚਲਾ ਗਿਆ। ਪਹਿਲਾਂ-ਪਹਿਲ ਉਸ ਨੂੰ 1999 ਵਿਚ ਆਮਿਰ ਖਾਨ ਦੀ ਫਿਲਮ 'ਸਰਫਰੋਸ਼' ਵਿਚ ਬਹੁਤ ਛੋਟਾ ਜਿਹਾ ਰੋਲ ਮਿਲਿਆ। ਫਿਰ ਉਹ 1999 ਵਿਚ ਹੀ ਰਾਮ ਗੋਪਾਲ ਵਰਮਾ ਦੀ ਫਿਲਮ 'ਸ਼ੂਲ' ਵਿਚ ਨਜ਼ਰ ਆਇਆ ਅਤੇ ਫਿਰ ਸਾਲ 2000 ਵਿਚ ਉਹ ਫਿਲਮ 'ਜੰਗਲ' ਅਤੇ 'ਮੁੰਨਾਭਾਈ ਐਮ.ਬੀ.ਬੀ.ਐਸ.' ਵਿਚ ਨਜ਼ਰੀਂ ਪਿਆ। ਇਸੇ ਦੌਰਾਨ ਉਸ ਨੇ ਟੈਲੀਵਿਜ਼ਨ ਲਈ ਵੀ ਕੁਝ ਕੰਮ ਕੀਤਾ। ਉਸ ਦੀ ਅਦਾਕਾਰੀ ਦੀ ਭਾਵੇਂ ਸਭ ਤਾਰੀਫ ਕਰਦੇ ਸਨ ਪਰ ਉਸ ਨੂੰ ਫਿਲਮੀ ਦੁਨੀਆ ਵਿਚ ਵੱਡਾ ਮੌਕਾ ਨਹੀਂ ਸੀ ਮਿਲ ਰਿਹਾ। ਫਿਰ ਜਦੋਂ 2010 ਵਿਚ ਫਿਲਮ 'ਪੀਪਲੀ ਅਲਾਈਵ' ਆਈ ਤਾਂ ਉਸ ਵੱਲ ਖਾਸ ਧਿਆਨ ਗਿਆ। ਇਸ ਫਿਲਮ ਵਿਚ ਉਸ ਨੇ ਪੱਤਰਕਾਰ ਦਾ ਕਿਰਦਾਰ ਨਿਭਾਇਆ ਸੀ। ਫਿਰ ਤਾਂ ਚੱਲ ਸੋ ਚੱਲ। ਹੌਲੀ-ਹੌਲੀ ਉਸ ਨੂੰ ਫਿਲਮਾਂ ਮਿਲਦੀਆਂ ਰਹੀਆਂ।

ਫਿਰ ਜਦੋਂ 2015 ਵਿਚ 'ਬਜਰੰਗੀ ਭਾਈਜਾਨ' ਅਤੇ 'ਮਾਂਝੀ' ਰਿਲੀਜ਼ ਹੋਈਆਂ ਤਾਂ ਉਸ ਦੀ ਬੱਲੇ-ਬੱਲੇ ਹੋ ਗਈ। 'ਫਿਲਮ 'ਮਾਂਝੀ' ਵਿਚ ਤਾਂ ਉਸ ਦਾ ਲੀਡ ਰੋਲ ਸੀ।

2013 ਵਿਚ ਆਈ ਫਿਲਮ 'ਲੰਚ ਬਾਕਸ' ਅਤੇ 2018 ਵਿਚ ਆਈ ਫਿਲਮ 'ਮੰਟੋ' ਨਾਲ ਉਸ ਦੀ ਮਹਿਮਾ ਦੂਣ-ਸਵਾਈ ਹੋ ਗਈ।

ਨਵਾਜ਼ੂਦੀਨ ਸਿੱਦੀਕੀ ਦੱਸਦਾ ਹੈ ਕਿ ਉਸ ਦਾ ਰੰਗ ਕਾਲਾ ਹੋਣ ਕਰਕੇ ਕਈ ਵਾਰ ਨਿਰਮਾਤਾ ਉਸ ਵੱਲ ਝਾਕਦੇ ਵੀ ਨਹੀਂ ਸਨ ਪਰ ਜਦੋਂ ਮੈਂ ਅਦਾਕਾਰੀ ਕਰਦਾ ਤਾਂ ਤਾਰੀਫ ਕਰਦੇ ਪਰ ਇਸ ਮੁਕਾਮ ਤੱਕ ਪਹੁੰਚਣ ਲਈ ਮੈਨੂੰ ਬਹੁਤ ਤਰੱਦਦ ਕਰਨਾ ਪਿਆ। ਮੈਨੂੰ ਉਨ੍ਹਾਂ ਹਾਲਾਤ ਦਾ ਵੀ ਸਾਹਮਣਾ ਕਰਨਾ ਪਿਆ ਜਦੋਂ ਆਮ ਬੰਦਾ ਥੱਕ-ਟੁੱਟ ਕੇ ਮੈਦਾਨ ਛੱਡ ਜਾਂਦਾ ਹੈ ਪਰ ਮੈਂ ਆਪਣੇ ਸਿਰੜ ਦੇ ਸਿਰ 'ਤੇ ਲੱਗਿਆ ਰਿਹਾ ਅਤੇ ਅੱਜ ਮੈਂ 'ਹੱਡੀ' ਵਰਗੀ ਫਿਲਮ ਵਿਚ ਔਰਤ ਦਾ ਕਿਰਦਾਰ ਨਿਭਾਅ ਰਿਹਾ ਹੈ।





*ਆਪਣੀ ਨਵੀਂ ਫਿਲਮ 'ਹੱਡੀ' ਵਿਚ ਨਵਾਜ਼ੂਦੀਨ ਸਿੱਦੀਕੀ ਅਤੇ (ਸੱਜੇ) ਕੋਟ-ਪੈਂਟ ਵਿਚ ਸਜਿਆ ਨਵਾਜ਼ੂਦੀਨ ਸਿੱਦੀਕੀ।*

ਇਸ ਫਿਲਮ ਵਿਚ ਔਰਤ ਦਾ ਕਿਰਦਾਰ ਨਿਭਾਉਣਾ ਉਸ ਲਈ ਬਹੁਤ ਵੱਡੀ ਚੁਣੌਤੀ ਸੀ ਪਰ ਉਸ ਨੇ ਇਹ ਕਿਰਦਾਰ ਨਿਭਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। ਇਸ ਵਿਸ਼ੇ ਨਾਲ ਜੁੜੀਆਂ ਕਈ ਕਿਤਾਬਾਂ ਪੜ੍ਹੀਆਂ ਅਤੇ ਉਸ ਤੋਂ ਪਹਿਲਾਂ ਵੱਖ-ਵੱਖ ਅਦਾਕਾਰਾਂ ਵੱਲੋਂ ਨਿਭਾਏ ਔਰਤਾਂ ਦੇ ਕਿਰਦਾਰ ਵਾਲੀਆਂ ਫਿਲਮਾਂ ਵੀ ਦੇਖੀਆਂ। ਇਸ ਸਾਰੇ ਅਮਲ ਤੋਂ ਉਸ ਨੂੰ ਬਹੁਤ ਕੁਝ ਸਿੱਖਣ ਨੂੰ ਵੀ ਮਿਲਿਆ। ਉਸ ਮੁਤਾਬਿਕ, ਉਸ ਨੂੰ ਪਹਿਲੀ ਵਾਰ ਮਹਿਸੂਸ ਹੋਇਆ ਕਿ ਉਹ ਜ਼ਿੰਦਗੀ ਨੂੰ ਕਿੰਨਾ ਨੇੜਿਉਂ ਦੇਖ ਰਿਹਾ ਹੈ।

ਫਿਲਮਾਂ ਦੇ ਬਾਈਕਾਟ ਦੇ ਪ੍ਰਚਾਰ ਬਾਰੇ ਉਹ ਆਖਦਾ ਹੈ ਕਿ ਫਿਲਮੀ ਦੁਨੀਆ ਲਈ ਇਹ ਕੋਈ ਸ਼ੁਭ ਸ਼ਗਨ ਨਹੀਂ ਹੈ। ਅਜਿਹੀਆਂ ਮੁਹਿੰਮਾਂ ਨਾਲ ਫਿਲਮ ਸਨਅਤ ਦਾ ਹੀ ਨੁਕਸਾਨ ਹੋਵੇਗਾ। ਇਸ ਲਈ ਅਜਿਹੀਆਂ ਮੁਹਿੰਮਾਂ ਦਾ ਹਰ ਹੀਲੇ ਵਿਰੋਧ ਹੋਣਾ ਚਾਹੀਦਾ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਥਮ ਪ੍ਰਕਾਸ਼ ਦਿਵਸ ਮੌਕੇ

# ਪੰਜਵਾਂ ਸਾਲਾਨਾ ਨਗਰ ਕੀਰਤਨ

## 4 ਸਤੰਬਰ 2022 (ਐਤਵਾਰ) ਸਵੇਰੇ 11:30 ਵਜੇ ਤੋਂ 2:30 ਵਜੇ ਤੱਕ

(ਲੇਬਰ ਡੇਅ ਵੀਕਐਂਡ)






## ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ

ਭਾਈ ਧਰਮ ਸਿੰਘ ਹਜ਼ੂਰੀ ਅਰਦਾਸੀਆ ਦਰਬਾਰ ਸਾਹਿਬ ਵਾਲੇ ਨਗਰ ਕੀਰਤਨ ਵਿਚ ਹਾਜ਼ਰੀ ਭਰਨਗੇ

**25 ਅਗਸਤ ਤੋਂ 27 ਅਗਸਤ 2022 ਤੱਕ**
**ਸ਼ਾਮ 7:30 ਵਜੇ ਤੋਂ ਰਾਤ 8:30 ਵਜੇ ਤੱਕ**
**28 ਅਗਸਤ 2022 (ਐਤਵਾਰ)**
**ਸਵੇਰੇ 12:00 ਤੋਂ 1:00 ਵਜੇ ਤੱਕ**

ਰਾਜਾ ਸਵੀਟਸ ਵਲੋਂ ਛੋਲੇ ਭਟੂਰਿਆਂ ਦੇ ਲੰਗਰ ਦੀ ਸੇਵਾ

**ਨਗਰ ਕੀਰਤਨ ਦਾ ਰੂਟ:** ਗੁਰਦੁਆਰਾ ਸਾਹਿਬ ਤੋਂ ਚੱਲ ਕੇ ਗੁਰਦੁਆਰਾ ਐਵੇਨਿਊ ਤੋਂ ਖੱਬੇ, ਅਬੌਰਨ ਰੋਡ ਤੋਂ ਸੱਜੇ, ਰੂਬੀ ਐਵੇਨਿਊ ਤੋਂ ਸੱਜੇ, ਕੁਇੰਬੀ ਰੋਡ ਤੋਂ ਸੱਜੇ ਅਤੇ ਗੁਰਦੁਆਰਾ ਐਵੇਨਿਊ ਤੋਂ ਸੱਜੇ।

**ਹੋਰ ਪਾਰਕਿੰਗ:** ਐਵਰਗਰੀਨ ਵੈਲੀ ਹਾਈ ਸਕੂਲ, ਛਬੋਇਆ ਮਿਡਲ ਸਕੂਲ, ਕੈਰੋਲਿਨ ਕਲਾਰਕ ਐਲੀਮੈਂਟਰੀ ਸਕੂਲ ਅਤੇ ਉਥੋਂ ਫਰੀ ਸ਼ਟਲ ਸਰਵਿਸ

ਪ੍ਰੋਗਰਾਮਾਂ ਦੇ ਇੰਚਾਰਜ: ਸੁਰਜੀਤ ਸਿੰਘ ਬੈਂਸ, ਫੋਨ: 408-394-3595
ਪ੍ਰੋਗਰਾਮਾਂ ਦੇ ਕੋਆਰਡੀਨੇਟਰ: ਜਸਵੀਰ ਸਿੰਘ ਪੁਆਰ, ਫੋਨ: 408-416-7200 ਅਤੇ ਗੁਰਜੰਟ ਸਿੰਘ ਸੰਘਾ, ਫੋਨ: 408-219-6532
ਧਾਰਮਿਕ ਮਾਮਲਿਆਂ ਦੇ ਇੰਚਾਰਜ: ਸੁਖਦੇਵ ਸਿੰਘ ਬੈਨੀਵਾਲ, ਫੋਨ: 408-421-9463
ਸਿਆਸੀ ਮਾਮਲਿਆਂ ਦੇ ਇੰਚਾਰਜ: ਭੁਪਿੰਦਰ (ਬਾਬ) ਸਿੰਘ ਢਿੱਲੋਂ, ਫੋਨ: 408-568-0034, ਨਰਿੰਦਰ ਪਾਲ ਸਿੰਘ, ਫੋਨ: 408-623-4977
ਆਮ ਜਾਣਕਾਰੀ: ਅਮਰਿੰਦਰ ਸਿੰਘ ਝੱਜ, ਫੋਨ: 408-600-7857 ਅਤੇ ਕਿਰਪਾਲ ਸਿੰਘ ਅਟਵਾਲ, ਫੋਨ: 408-835-7712
ਹੈਡ ਗ੍ਰੰਥੀ: ਭਾਈ ਮਹਿੰਦਰ ਸਿੰਘ ਬਾਜਵਾ, ਫੋਨ: 408-274-9373
ਬੁਥ ਰਿਜ਼ਰਵੇਸ਼ਨ: ਖੁਸ਼ਵਿੰਦਰਪਾਲ ਸਿੰਘ, ਫੋਨ: 408-507-1290
ਲੰਗਰ ਸੇਵਾ: ਹਰਜਿੰਦਰ ਸਿੰਘ ਲੱਧੜ, ਫੋਨ: 408-904-9158 ਅਤੇ ਕੁਲਦੀਪ ਸਿੰਘ ਸ਼ੇਰਗਿੱਲ, ਫੋਨ: 408-230-8319

# ਸਿੱਖ ਗੁਰਦੁਆਰਾ ਸੈਨ ਹੋਜ਼ੇ, ਕੈਲੀਫੋਰਨੀਆ

**3636 Gurdwara Ave, San Jose, CA 95148 Gurdwara website: www.sanjosegurdwara.org**

**Donation to Gurdwara Sahib: You can now donate on-line as well using Credit/Debit card or Paypal.**

Visit: www.sanjosegurdwara.org and touch "Donate" tab and enter information. You can also enter a message like Ardas etc and listen it on Gurdwara website radio same day after Rehras Sahib Path at 6pm.